# ਪੂਰੀ ਹੋਈ ਕਰਾਮਾਤਿ

| ਧਾਰਮਿਕ ਤੇ ਇਤਿਹਾਸਕ ਰਚਨਾਵਾਂ ਪ੍ਰਿੰ: ਸਤਿਬੀਰ ਸਿੰਘ ਰਚਿਤ | |
|---|---|
| ਸਾਡਾ ਇਤਿਹਾਸ (ਭਾਗ ੧) | (ਦਸ ਪਾਤਸ਼ਾਹੀਆਂ) |
| ਸਾਡਾ ਇਤਿਹਾਸ (ਭਾਗ ੨) | (ਬਾਬਾ ਬੰਦਾ ਸਿੰਘ ਤੋਂ ਸਿੱਖ ਰਾਜ ਤੱਕ) |
| ਬਲਿਓ ਚਿਰਾਗ | (ਜੀਵਨੀ ਗੁਰੂ ਨਾਨਕ ਦੇਵ ਜੀ) |
| ਕੁਦਰਤੀ ਨੂਰ | (ਜੀਵਨੀ ਗੁਰੂ ਅੰਗਦ ਦੇਵ ਜੀ) |
| ਪਰਬਤ ਮੇਰਾਣੁ | (ਜੀਵਨੀ ਗੁਰੂ ਅਮਰਦਾਸ ਜੀ) |
| ਪੂਰੀ ਹੋਈ ਕਰਾਮਾਤਿ | (ਜੀਵਨੀ ਗੁਰੂ ਰਾਮਦਾਸ ਜੀ) |
| ਪਰਤਖੁ ਹਰਿ | (ਜੀਵਨੀ ਗੁਰੂ ਅਰਜਨ ਦੇਵ ਜੀ) |
| ਗੁਰ ਭਾਰੀ | (ਜੀਵਨੀ ਗੁਰੂ ਹਰਿਗੋਬਿੰਦ ਜੀ) |
| ਨਿਰਭਉ ਨਿਰਵੈਰੁ | (ਜੀਵਨੀ ਗੁਰੂ ਹਰਿ ਰਾਇ ਜੀ) |
| ਅਸ਼ਟਮ ਬਲਬੀਰਾ | (ਜੀਵਨੀ ਗੁਰੂ ਹਰਿ ਕ੍ਰਿਸ਼ਨ ਜੀ) |
| ਇਤਿ ਜਿਨਿ ਕਰੀ | (ਜੀਵਨੀ ਗੁਰੂ ਤੇਗ਼ ਬਹਾਦਰ ਜੀ) |
| ਪੁਰਖ ਭਗਵੰਤ | (ਜੀਵਨੀ ਗੁਰੂ ਗੋਬਿੰਦ ਸਿੰਘ ਜੀ) |
| ਕਥਾ ਪੁਰਾਤਨ ਇਉਂ ਸੁਣੀ (ਭਾਗ ੧) | (ਪੁਰਾਤਨ ਦੁਰਲੱਭ ਗ੍ਰੰਥਾਂ ਦਾ ਭਾਵ-ਪ੍ਰਕਾਸ਼) |
| ਕਥਾ ਪੁਰਾਤਨ ਇਉਂ ਸੁਣੀ (ਭਾਗ ੨) | (ਪੁਰਾਤਨ ਦੁਰਲੱਭ ਗ੍ਰੰਥਾਂ ਦਾ ਭਾਵ-ਪ੍ਰਕਾਸ਼) |
| ਪੁਰਾਤਨ ਇਤਿਹਾਸਕ ਜੀਵਨੀਆਂ | (ਜਿਨ੍ਹਾਂ ਬਾਰੇ ਅਸੀਂ ਕੁਝ ਨਹੀਂ ਜਾਣਦੇ) |
| ਰਛਿਆ ਰਹਿਤ | (ਰਹਿਤ ਦੀ ਮਹੱਤਤਾ ਸਬੰਧੀ) |
| ਖ਼ਾਲਸੇ ਦੀ ਵਾਸੀ | (ਧਾਰਮਿਕ ਲੇਖ) |
| ਸੌ ਸਵਾਲ | (ਗੁਰਮਤਿ ਸਬੰਧੀ ਸਵਾਲ-ਜਵਾਬ) |
| ਆਦਿ ਸਿੱਖ ਤੇ ਆਦਿ ਸਾਖੀਆਂ | (ਸਿੱਖਾਂ ਪ੍ਰਤੀ ਗੁਰੂ ਸਾਹਿਬ ਦੇ ਬਚਨ) |
| ਅਨਾਦਿ ਅਨਾਹਤਿ | (ਜਪੁ ਤੇ ਉਹਦੇ ਪੱਖ) |
| ਰਬਾਬ ਤੋਂ ਨਗਾਰਾ | (ਇੱਕਤ੍ਰ ਢੁੱਕਤ) |
| ਮਨਿ ਬਿਸ੍ਰਾਮੁ | (ਸੁਖਮਨੀ ਸਾਹਿਬ ਬਾਰੇ) |
| ਦਰਵੇਸ਼ੀ ਗਾਖੜੀ | (ਦਰਵੇਸ਼ਾਂ ਦੀਆਂ ਜੀਵਨੀਆਂ) |
| ਬਾਰਹ ਮਾਹਾ ਤਿਨੇ | (ਪਾਤਸ਼ਾਹੀ ੧, ੫ ਤੇ ੧੦ ਵਲੋਂ ਉਚਾਰੇ ਬਾਰਾਮਾਹ) |
| ਪੂਰਨ ਸਚਿ ਭਰੇ | (ਮੰਨੇ ਭਾਵੇਂ ਨਾਹ) |
| ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਰ-ਵਿਸਥਾਰ | (ਪ੍ਰਸਤਾਵਨਾ, ਜਪੁ, ਸੋਦਰ, ਸੋ ਪੁਰਖ ਤੇ ਸੋਹਿਲਾ) (ਸੈਂਚੀ ੧) |
| ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਰ-ਵਿਸਥਾਰ | O ਸਿਰੀ ਰਾਗ ਮੁਕੰਮਲ ਸੈਂਚੀ ਦੂਜੀ, ਤੀਜੀ<br>O ਮਾਝ ਰਾਗ ਸੰਪੂਰਨ ਮੁਕੰਮਲ ਸੈਂਚੀ ਚੌਥੀ |

# ਪੂਰੀ ਹੋਈ ਕਰਾਮਾਤ

(ਜੀਵਨੀ ਸ੍ਰੀ ਗੁਰੂ ਰਾਮਦਾਸ ਜੀ)

ਸਤਿਬੀਰ ਸਿੰਘ

ਨਿਊ ਬੁੱਕ ਕੰਪਨੀ
ਮਾਈ ਹੀਰਾਂ ਗੇਟ ਜਲੰਧਰ

**POORI HOI KARAMAT**
*(A Biography of Guru Ram Dass Ji)*
*by* SATBIR SINGH

Published by :
New Book Co.,Mai Hiran Gate, Jalandhar. Ph. : 2280045, 3293190, 2284325
E-mail : contact@newbookcompany.com

ISBN-81-87476-22-2

ਪਹਿਲੀ ਵਾਰ : 1981 ; ਦੂਜੀ ਵਾਰ : 1984 ; ਤੀਜੀ ਵਾਰ : 1990,
ਚੌਥੀ ਵਾਰ : 1997 ; ਪੰਜਵੀਂ ਵਾਰ : 2003 ; ਛੇਵੀਂ ਵਾਰ : 2008

ਮੁੱਲ : 90 ਰੁਪਏ

ਪ੍ਰਕਾਸ਼ਕ : ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ।
Ph. : 2280045, 3293190, 2284325
Telefax : 0181-2234081
E-mail : contact@newbookcompany.com
Website : www.newbookcompany.com

ਛਾਪਕ : ਸਰਤਾਜ ਪ੍ਰਿੰਟਿੰਗ ਪ੍ਰੈਸ, ਜੋਸ਼ੀ ਅਸਟੇਟ, ਸੋਢਲ ਰੋਡ, ਜਲੰਧਰ।

ਟਾਈਪ ਸੈਟਿੰਗ : ਸੁਰਜੀਤ ਕੰਪਿਊਟਰਜ਼, ਬਸਤੀ ਸ਼ੇਖ, ਜਲੰਧਰ।

# ਤਤਕਰਾ


ਧੁਰ ਯਾਦ ਦੀ ਗਲੀ (ਭੂਮਿਕਾ) 7—24

1. ਲਾਹੌਰ
(ਵੰਸ਼, ਪ੍ਰਕਾਸ਼ ਤੇ ਬਾਲਪਣ) 25—30
ਚੂਨਾ ਮੰਡੀ-25; ਧੰਨ ਸੁ ਵੰਸ-26; ਧੰਨ ਸੋ ਪਿਤਾ ਧੰਨ ਸੋ ਮਾਤਾ-28; ਪ੍ਰਕਾਸ਼-28; ਹੁਹਾਰ-29; ਸੁਭਾਅ ਕਰਮ-29; ਮਾਂ ਬਾਪ ਦਾ ਚੜ੍ਹਾਈ ਕਰ ਜਾਣਾ-30; ਉਦਮ ਉਪਰਾਲਾ-30 ।

2. ਬਾਸਰਕੇ ਵਿਖੇ ਦਸ ਸਾਲ : 31—37
ਬਾਸਰਕੇ-31; ਮੇਲ ਜੇਠਾ ਜੀ; ਕੋਈ ਬਾਤ ਨ ਪੁਛਤਾ-32; ਬਾਬਾ ਅਮਰ ਦਾਸ ਜੀ ਦੀ ਬਾਸਰਕੇ ਫੇਰੀ-33; ਗੁਰ ਸਤਿਗੁਰ ਸੰਗ-33; ਬੀਬੀ ਭਾਨੀ ਨਾਲ ਵਿਆਹ-34; ਬੀਬੀ ਭਾਨੀ-35 ।

3. ਗੋਇੰਦਵਾਲ
(ਘਾਲ, ਕਮਾਈ ਤੇ ਜ਼ਿੰਮੇਵਾਰੀਆਂ) : 38—65
ਘਾਲ ਦਾ ਸਰੂਪ-38; ਗੁਰੂ ਰਾਮ ਦਾਸ ਜੀ ਦੀ ਆਪਣੀ ਜ਼ਬਾਨੀ-41; ਮਨਿ ਚਾਉ ਨਾ ਹਟੇ-48; ਬੇ-ਪ੍ਰਵਾਹੀ-49; ਸਲੋਕਾਂ ਤੇ ਪਉੜੀਆਂ ਵਿਚ ਤਿੰਨ ਇਤਿਹਾਸਕ ਘਟਨਾਵਾਂ-50; ਖੋਜਿਆਂ ਦਾ ਖੋਰੂ ਤੇ ਮਰਵਾਹੇ ਦੇ ਪੁੱਤਰ ਦਾ ਹਸ਼ਰ-53; ਜਨਵਰੀ ੧੪; ੧੫੫੩ ਨੂੰ ਕੁਰੂਕਸ਼ੇਤਰ ਪੁਰਬ ਅਭੀਚੁ-54; ਬੇਮੁੱਖਾਂ ਦਾ ਮੂੰਹ ਕਾਲਾ-59; ਵੱਡੀ ਜ਼ਿੰਮੇਵਾਰੀ ਨਿਭਾਈ-61; ਪ੍ਰੇਮ ਪਿਆਰ ਦੀਆਂ ਝਾਕੀਆਂ-65 ।

4. ਜਨ ਦੀਪਕ ਤੇ ਦੀਪ ਜਗਾਯੋ
(ਘਾਲਿ ਥਾਇ ਪਈ ) : 66—88
ਇਹ ਦਸ ਜਾਮੇ ਬਾਬੇ ਨੇ ਹੀ ਹਨ ਧਾਰੇ-66; ਇਹ ਪਰਖ ਪ੍ਰੀਖਿਆ ਕਿਉਂ-69; ਉਕਾਈ ਕਿਉਂ-69; ਦਾਅਵੇਦਾਰ-74; ਨਿਰਾਲੀ ਖੇਡ-80; ਗੁਰ ਅਮਰੁ ਗੁਰ ਰਾਮ ਦਾਸ ਗੁਰ ਸੇਵਾ ਗੁਰ ਹੋਇਆ ਸਮਾਇਆ-81; ਮੋਹਰੀ ਪੁੱਤਰ ਸਨਮੁਖ ਹੋਇਆ-84; ਅੰਤਮ ਬਚਨ-86; ਜੋਤੀ ਜੋਤ ਰਲੀ 87 ।

5. ਗੁਰਿਆਈ ਦੇ ਮੁੱਢਲੇ ਸਾਲ : 89—116
ਪੜਦਾਦੇ ਪ੍ਰਵਾਣ ਪੜੋਤਾ-89; ਇਕਾਂਤ ਚਲੇ ਗਏ-95; ਸਿੱਖਾਂ ਦੀਆਂ ਜੋਦੜੀਆਂ ਤੇ ਸੰਗਤਾਂ ਨੂੰ ਦਰਸ਼ਨ-106; ਦਰਬਾਰ ਦੀ ਦੱਖ-107; ਪਹਿਲਾ ਉਪਦੇਸ਼-108; ਸਿੱਧ ਦਰਸ਼ਨਾਂ ਨੂੰ ਆਏ-110; ਕਿੰਙਰੀ ਵਜਾਂਦੇ ਜੋਗੀ ਆਏ-112; ਤਪਾ ਤਜ ਪਖੰਡ ਗੁਰੂ ਕੇ ਸਿੱਖ ਹੋਇਓ-113; ਅੰਮ੍ਰਿਤਸਰ ਜਾਣ ਦਾ ਨਿਰਣਾ-115 ।

6. **ਅੰਮ੍ਰਿਤਸਰ**
(ਵਸੇਬਾ, ਉਸਾਰੀ, ਇਤਿਹਾਸ, ਮਹਿਮਾ ਤੇ ਮਹੱਤਾ) : 117—130
ਅੰਮ੍ਰਿਤਸਰ : ਹੁਕਮ ਗੁਰੂ ਅਮਰ ਦਾਸ ਵਸਾਉਣਾ ਗੁਰੂ ਰਾਮ ਦਾਸ ਜੀ ਦਾ-117; ਸ਼ਹਿਰ ਵੱਸਿਆ-119; ਮਹੱਤਾ 122 ।

7. **ਆਪਣੀ ਜਨਮ ਭੁਇੰ ਤੇ :** 131—138
ਠਿੱਤ ਕਰਮ-131; ਲਾਹੌਰ ਪਿਯਾਨਾ-135; ਆਸਾ ਦੀ ਵਾਰ ਦੀ ਮਰਯਾਦਾ-135; ਲਾਹੌਰ ਸ਼ਹਿਰ, ਅੰਮ੍ਰਿਤਸਰ ਸਿਫ਼ਤੀ ਦਾ ਘਰ-136; ਅਕਬਰ ਸ੍ਰੀ ਅੰਮ੍ਰਿਤਸਰ-136; ਬਾਬਾ ਸ੍ਰੀ ਚੰਦ ਜੀ ਅੰਮ੍ਰਿਤਸਰ ਆਏ 137 ।

8. **ਉਪਦੇਸ਼ ਗੁਰਸਿੱਖਾਂ :** 139—152
ਸਿੱਖੀ ਅਤੇ ਸੰਗਤੀ ਪਾਰਬ੍ਰਹਮ ਕਰ ਨਮਸਕਾਰਿਆ-139; ਜਗ ਜਸ ਤੂਰ ਬਜਾਇਅਉ-142; ਸਨਮੁਖ ਭਾਈ ਤੀਰਥਾ-143; ਬੇੜੀ ਦਾ ਮੇਲਾ ਮਾਨੋ-144; ਧਰਹੁ ਸਿਦਕ ਉਰ ਡੋਲਹੁ ਨਾਹੀ-145; ਅਪਨੋ ਸਰੂਪ ਪਛਾਨਹੁ-146; ਸਿੱਖ ਕੋ ਕਾਰਜ ਦੀਜੈ ਸਾਰ-147; ਅੰਮ੍ਰਿਤ ਵੇਲਾ ਪੁੰਨ ਮਹਾਨ-148; ਭਾਈ ਭਿਖਾਰੀ-149; ਭਾਈ ਸੇਮਾ ਸ਼ਾਹ-150; ਭਾਈ ਉਦਮੂ-150; ਮੁਲਤਾਨ ਦਾ ਰਾਜਾ ਚਰਨ ਸ਼ਾਹ-151; ਦੇ ਕੇ ਨਸ਼ਰ ਨ ਕਰੋ 151 ।

9. **ਕੀਆ ਪੂਰਨ ਪਾਰਬ੍ਰਹਮ ਦਾ ਪੰਥ :** 153—160
ਪਾਰਬ੍ਰਹਮ ਕਾ ਪੰਥ ਕਰਨਾ-153; ਵਿਰਸਾ ਸੰਭਾਲਿਆ-154; ਇਕ ਦਾ ਸਿਮਰਨ-154; ਪੇਡੁ ਮੁੰਢਾਹੂ ਕਟਿਆ ਤਿਸ ਡਾਲ ਸੁਕੰਦੇ-155; ਮਰਯਾਦਾ ਪੱਕੀਆਂ ਕੀਤੀਆਂ-155; ਪੀੜ੍ਹੀ ਦੀ ਗੱਲ ਕਰਨੀ-157; ਦਸਵੰਧ-157; ਆਪੇ ਗੁਰ ਚੇਲਾ ਦੀ ਨੀਂਹ-158; ਸਭ ਡਰ ਕੱਢ ਘਤੇ-158; ਪੰਥ ਦੇ ਰਾਹ ਆਉਂਦੀਆਂ ਰੁਕਾਵਟਾਂ ਵੀ ਹਟਾਈਆਂ 159 ।

10. **ਛਤ੍ਰ ਸਿੰਘਾਸਨੁ ਪਿਰਥਮੀ ਗੁਰ ਅਰਜਨੁ ਕਉ :** 161—177
ਬਾਬਾ ਪ੍ਰਿਥੀ ਚੰਦ-161; ਬਾਬਾ ਮਹਾਂਦੇਵ ਜੀ-164; ਗੁਰੂ ਅਰਜਨ ਦੇਵ ਜੀ-165; ਲਾਹੌਰ ਜਾਣ ਦਾ ਹੁਕਮ-167; ਲਾਹੌਰ ਵਿਖੇ-171; ਛਤਰ ਸਿੰਘਾਸਨੁ ਪਿਰਥਮੀ ਗੁਰ ਅਰਜਨ ਕਉ ਦੇ ਆਇਅਉ-173; ਗੁਰੂ ਰਾਮ ਦਾਸ ਜੀ ਦਾ ਜੋਤੀ ਜੋਤ ਸਮਾਉਣਾ 174 ।

11. **ਪੂਰੀ ਹੋਈ ਕਰਾਮਾਤਿ**
(ਸਮੁੱਚੇ ਜੀਵਨ ਤੇ ਇਕ ਝਾਤ) : 178—191

# ਧੁਰ ਯਾਦ ਦੀ ਗਲੀ

'ਪੂਰੀ ਹੋਈ ਕਰਾਮਾਤਿ' ਦੀ ਪੁਸਤਕ ਜਦ ਛਪ ਕੇ ਆਈ ਤਾਂ ਪਹਿਲੀ ਤੁਕ ਜੋ ਮੂੰਹ ਵਿਚੋਂ ਨਿਕਲੀ, ਉਹ ਦੀਨ-ਦੁਨੀ ਦੇ ਥੰਮ੍ਹ ਗੁਰੂ ਰਾਮ ਦਾਸ ਜੀ ਦੀ ਹੀ ਸੀ ਕਿ :

*ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ,*
*ਸਾ ਬਿਧਿ ਤੁਮ ਹਰਿ ਜਾਣਹੁ ਆਪੇ ।*
*ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ,*
*ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ।* (ਪੰਨਾ ੧੬੭)

ਇਹ ਅਕਾਲ ਪੁਰਖ ਦੀ ਰਹਿਮਤ ਦਾ ਹੀ ਸਦਕਾ ਹੈ ਕਿ ਸਾਰਾ ਗੁਰ-ਜੀਵਨ ਇਤਿਹਾਸ ਦਸ ਜਿਲਦਾਂ ਵਿਚ ਸੰਪੂਰਨ ਹੋਇਆ, ਜਿਸ ਨੂੰ ਨਿਮਰਤਾ ਸਹਿਤ ਪੰਥ ਨੂੰ ਭੇਟਾ ਕਰ ਕੇ ਖ਼ੁਸ਼ੀ ਲੈ ਰਿਹਾ ਹਾਂ ।

ਸ਼ੁਕਰ ਸ਼ੁਕਰ ਕਰਦਿਆਂ ਯਾਦ ਦੀ ਗਲੀ ਵਿਰਨ ਲੱਗਾ । ਸਭ ਤੋਂ ਪਹਿਲਾਂ ਪੂਜ ਮਾਤਾ ਰਣਜੀਤ ਕੌਰ ਜੀ ਅਤੇ ਪੂਜ ਪਿਤਾ ਭਾਈ ਹਰਨਾਮ ਸਿੰਘ ਜੀ ਦੀ ਕਮਾਈ ਨੂੰ ਡਿੱਠਾ । ਕਿਤਨੀ ਸਖ਼ਤੀ ਕਰਦੇ ਸਨ ਮਾਤਾ ਜੀ ਸਾਡੇ ਸਾਰਿਆਂ 'ਤੇ । ਕਿਸੇ ਨੂੰ, ਭਾਵੇਂ ਕੋਈ ਘਰ ਪ੍ਰਾਹੁਣਾ ਵੀ ਆਇਆ ਹੋਵੇ, ਉਸ ਨੂੰ ਨਾਸ਼ਤਾ ਨਹੀਂ ਸੀ ਮਿਲਦਾ ਜਦ ਤਕ ਉਹ ਜਪੁਜੀ ਦਾ ਪਾਠ ਨਹੀਂ ਸੀ ਕਰ ਲੈਂਦਾ । ਮਾਤਾ ਜੀ ਕਿਹਾ ਕਰਦੇ ਸਨ ਕਿ ਦੋ ਬੰਦਿਆਂ ਨੂੰ ਸਵੇਰੇ ਸੌਣ ਦਾ ਹੱਕ ਹੈ । ਇਕ ਰੋਗੀ ਨੂੰ ਤੇ ਦੂਜੇ ਨਾਸਤਕ ਨੂੰ । 'ਅੰਮ੍ਰਿਤ ਵੇਲਾ ਕਦੇ ਨਹੀਂ ਖੁੰਝਾਉਣਾ', ਉਹਨਾਂ ਹੀ ਸਾਨੂੰ ਸਿਖਾਇਆ ਸਮਝਾਇਆ ਸੀ । ਮੈਂ ਭੁਲਦਾ ਹੀ ਨਹੀਂ ਉਹ ਅੰਮ੍ਰਿਤ ਵੇਲਾ ਜਦ ਇਕ ਵਾਰੀ ਬਾਣੀ ਪੜ੍ਹਦੇ-ਪੜ੍ਹਦੇ ਅੱਥਰੂ ਵਹਾਂਦੇ ਉੱਚੀ-ਉੱਚੀ ਮਾਤਾ ਜੀ ਕਹਿਣ ਲੱਗ ਪਏ ਕਿ ''ਮੇਰਾ ਚਿੱਤ ਕਰਦਾ ਹੈ ਕਿ ਗਲ ਵਿਚ ਪਾ ਲਵਾਂ ਢੋਲ ਤੇ ਗਲੀ ਗਲੀ, ਨਗਰ ਨਗਰ ਕਹਿੰਦੀ ਫਿਰਾਂ : ''ਗੁਰੂ ਨਾਨਕ ਤੋਂ ਵੱਡਾ ਕੋਈ ਨਹੀਂ ਜੇ ਲੋਕੋ ।'' ਕੋਈ ਨੂਰ ਡਿੱਠਾ ਸੀ, ਉਹਨਾਂ ਨੇ ਉਸ ਦਿਨ ।

ਪੂਜ ਪਿਤਾ ਜੀ ਦੀ ਕਰਣੀ ਤੇ ਕਰਤੱਵ ਦਾ ਪ੍ਰਭਾਵ ਸੁੱਤੇ ਸਿੱਧ ਸਾਡੇ 'ਤੇ

ਪੈਂਦਾ ਰਹਿੰਦਾ ਸੀ । ਸਾਰੇ ਸੰਸਾਰ ਦੇ ਸੁੱਖ ਉਹਨਾਂ ਪਾਸ ਸਨ ਪਰ ਪਿਤਾ ਜੀ ਰੋਜ਼ ਆਪਣੀ ਹੱਥੀਂ ਰੇਲ ਗੱਡੀ 'ਤੇ ਮੁਸਾਫ਼ਰਾਂ ਨੂੰ ਬਾਲਟੀ ਫੜ ਪਾਣੀ ਪਿਲਾਉਣ ਜਾਂਦੇ । ਸਿਹਾਲੇ ਸਟੇਸ਼ਨ 'ਤੇ ਗੱਡੀ ਉਚੇਚੀ ਰੁਕਦੀ ਹੀ ਇਸ ਲਈ ਸੀ ਕਿ ਮੁਸਾਫ਼ਰ ਉਹਨਾਂ ਦੇ ਹੱਥੋਂ ਜਲ ਛਕ ਕੇ ਜਾਣ ।

ਜਿਹਲਮ ਵਿਚ ਇਕ ਬਹੁਤ ਹੀ ਸੁਖਾਵਾਂ ਮਾਹੌਲ ਸੀ । ਗੁਰਦੁਆਰਾ ਨਿੱਤ ਲੱਗਦਾ, ਪੂਰੀ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਅਤੇ ਕਥਾ ਲਈ ਉਚੇਰੇ ਪ੍ਰਬੰਧ ਕੀਤੇ ਜਾਂਦੇ । ਦਰਿਆ ਦੇ ਕੰਢੇ ਨਹੀਂ ; ਦਰਿਆ ਵਿਚ ਹੀ ਬੰਨ੍ਹ ਮਾਰ, ਗੁਰਦੁਆਰਾ ਬਣਾਇਆ ਸੀ । ਇਕ ਅਲਾਹੀ ਛਬਿ ਸੀ ਗੁਰਦੁਆਰਾ ਸਾਹਿਬ ਦੀ । ਸ਼ਾਮ ਨੂੰ ਜਦ ਰਹਿਰਾਸ ਸਾਹਿਬ ਦਾ ਪਾਠ ਹੁੰਦਾ ਤਾਂ 'ਗਾਵਨਿ ਤੁਧੁਨੋ ਪਵਣੁ ਪਾਣੀ' ਦਾ ਪਰਤੱਖ ਨਜ਼ਾਰਾ ਦਿਸ ਆਉਂਦਾ । ਸਾਡੀ ਖ਼ੁਸ਼ਕਿਸਮਤੀ ਨੂੰ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਐਸੇ ਸਨ ਜਿਨ੍ਹਾਂ ਜਿਹਾ ਮੈਂ ਕਦੇ ਘੱਟ ਹੀ ਡਿੱਠਾ ਹੈ । ਪਹਿਲਗਾਮ ਵਿਚ ਇਕ ਭਾਈ ਕ੍ਰਿਪਾਲ ਸਿੰਘ ਜੀ ਸੇਵਾ ਸੰਭਾਲ ਕਰਨ ਵਾਲੇ ਅਤੇ ਬੰਕਾਕ ਵਿਚ ਗਿਆਨੀ ਅਰਜਨ ਸਿੰਘ ਜੀ ਸਭ ਦੇ ਸਤਿਕਾਰ ਦੇ ਪਾਤਰ ਮੈਂ ਦੇਖੇ ਸਨ ਪਰ ਭਾਈ ਸ਼ੇਰ ਸਿੰਘ ਜੀ ਵਿਦਵਾਨ ਵੀ ਅਜਿਹੇ ਕਿ ਸਾਰਾ ਸੂਰਜ ਪ੍ਰਕਾਸ਼ ਬਰ ਜ਼ਬਾਨਿ ਨੋਕ । ਭਾਈ ਸ਼ੇਰ ਸਿੰਘ ਜੀ ਸੰਜਮੀ ਜੀਉੜੇ, ਬਾਣੀ ਦੇ ਰਸੀਏ ਤੇ ਵਿਦਵਾਨ ਉੱਚ-ਕੋਟੀ ਦੇ । ਉਹਨਾਂ ਹੀ ਸਾਨੂੰ ਸਾਰਾ ਸੂਰਜ ਪ੍ਰਕਾਸ਼ ਕੋਲ ਬੇਠ ਪੜ੍ਹਾਇਆ ਸੀ । ਉਹ ਹੀ ਪਿਛੋਂ ਸਾਡੇ ਧਾਰਮਿਕ ਟੀਚਰ ਵੀ ਬਣੇ ।

ਜਿਹਲਮ ਵਿਚ ਹੀ ਜਿਨ੍ਹਾਂ ਦੀ ਕਥਾ ਨੇ ਹਰ ਹਿਰਦਾ ਵਿੰਨ੍ਹੀ ਰਖਿਆ, ਉਹ ਗਿਆਨੀ ਤੇਜਾ ਸਿੰਘ ਜੀ ਹੈਡ ਗ੍ਰੰਥੀ ਨਨਕਾਣਾ ਸਾਹਿਬ ਸਨ । ਹਰ ਸਾਲ ਭਾਦੋਂ ਦੇ ਮਹੀਨੇ ਉਹ ਜਿਹਲਮ ਆਉਂਦੇ ਤੇ ਗੁਹਜ ਗੱਲਾਂ ਖੋਲ੍ਹ ਸੁਣਾਉਂਦੇ । ਇਕ ਹੋਰ ਵਿਅਕਤੀ ਜਿਸ ਨੇ ਸਾਡੇ 'ਤੇ ਅਮਿਟ ਛਾਪ ਪਾਈ ਉਹ ਸੰਤ ਨਿਸਚਲ ਸਿੰਘ ਜੀ ਸਨ । ਜਦ ਵੀ ਉਹ ਜਿਹਲਮ ਆਉਂਦੇ, ਅਸੀਂ ਦਰਸ਼ਨਾਂ ਨੂੰ ਜਾਂਦੇ ਤਾਂ ਪਹਿਲੀ ਗੱਲ ਉਹ ਇਹ ਪੁੱਛਦੇ ਕਿ ਜਪੁਜੀ ਕਿਤਨੀ ਯਾਦ ਹੈ ? ਰਹਿਰਾਸ ਸਾਹਿਬ ਕੰਠ ਹੈ ਜਾਂ ਨਹੀਂ ? ਇਸੇ ਚਾਅ ਵਿਚ ਜਪੁਜੀ, ਜਾਪੁ ਸਾਹਿਬ, ਸਵੱਈਏ ਅਤੇ ਰਹਿਰਾਸ ਸਾਹਿਬ ਯਾਦ ਕੀਤੀ । ਐਬਟਾਬਾਦ ਜਦ ਗਰਮੀਆਂ ਦੀਆਂ ਛੁੱਟੀਆਂ ਚਾਚੀ ਜੀ ਨਾਲ ਗਏ ਤਾਂ ਉਥੇ ਭਾਈ ਮਨੋਹਰ ਸਿੰਘ ਜੀ ਨੇ ਬਾਣੀਆਂ ਸ਼ੁੱਧ ਕਰਵਾਈਆਂ ।

ਜਿਹਲਮ ਵਿਚ ਹੀ ਇਕ ਸੰਗਮ ਨਿਆਈਂ ਦ੍ਰਿਸ਼ ਤਿੰਨ ਸੱਜਣਾਂ ਦਾ ਸੀ । ਇਕ ਪੂਜ ਪਿਤਾ ਜੀ, ਦੂਜੇ ਭਾਈ ਸਰਦਾਰ ਸਿੰਘ ਜੀ ਤੇ ਤੀਜੇ ਸਰਦਾਰ ਜੈਮਲ ਸਿੰਘ ਜੀ । ਤਿੰਨਾਂ ਦਾ ਸੁਭਾਅ ਗੰਗਾ, ਜਮਨਾ ਅਤੇ ਸਰਸਵਤੀ ਵਾਂਗੂੰ ਅਲੱਗ ਅਲੱਗ ਸੀ ਪਰ ਤ੍ਰਿਬੇਣੀ ਵਾਂਗੂੰ ਵਗਦੇ ਇਕੱਠੇ ਸਨ । ਸਰਸਵਤੀ ਵਾਂਗ ਅਲੋਪ ਰਹਿ ਸੇਵਾ ਕਰਨ ਵਾਲੇ ਪਿਤਾ ਜੀ, ਗੰਗਾ ਵਾਂਗ ਸਵੱਛ ਭਾਈ ਸਰਦਾਰ ਸਿੰਘ

ਜੀ ਅਤੇ ਜਮਨਾ ਵਾਂਗੂ ਜੋਸ਼ ਭਰੇ ਸਰਦਾਰ ਜੈਮਲ ਸਿੰਘ ਜੀ । ਕੋਈ ਗੱਲ ਤਿੰਨੇ ਰਲ ਫ਼ੈਸਲਾ ਕਰਦੇ, ਪੂਰਿਆਂ ਹੁੰਦੀ ਢਿੱਲ ਨਾਂ ਲੱਗਦੀ । ਖ਼ਾਲਸਾ ਹਾਈ ਸਕੂਲ ਬਣਾਉਣਾ ਸੀ, ਪਤਾ ਤਦ ਲੱਗਾ ਜਦ ਅਗਲੇ ਦਿਨ ਬੋਰਡ ਵੀ ਲੱਗ ਗਿਆ ਤੇ ਦਾਖ਼ਲੇ ਵੀ ਸ਼ੁਰੂ ਹੋ ਗਏ ।

ਸਰਦਾਰ ਈਸ਼ਰ ਸਿੰਘ ਜੀ ਮਝੈਲ ਦਾ ਸਾਡੇ ਘਰ ਆਉਣ ਜਾਣ ਆਪਣਿਆਂ ਵਾਲਾ ਸੀ । ਮਾਸਟਰ ਤਾਰਾ ਸਿੰਘ ਜੀ ਜਿਹਲਮ ਅਤੇ ਸਾਡੇ ਘਰ ਨੂੰ ਆਪਣਾ ਹੀ ਜਾਣਦੇ ਸਨ । ਪੂਜ ਪਿਤਾ ਜੀ ਨੂੰ ਪੁਸਤਕਾਂ ਖ਼ਰੀਦ ਵੰਡਣ ਦਾ ਬਹੁਤ ਸ਼ੌਕ ਸੀ ਅਤੇ ਇਸੇ ਕਾਰਨ ਇਕ ਚੰਗੀ ਲਾਇਬਰੇਰੀ ਘਰ ਹੀ ਬਣ ਗਈ ਸੀ । ਬੜੀ ਖ਼ਾਹਿਸ਼ ਸੀ ਪੂਜ ਪਿਤਾ ਜੀ ਦੀ ਕਿ ਕੋਈ ਉਹਨਾਂ ਦੇ ਘਰ ਐਸਾ ਸਿੱਖ ਡਾਕਟਰ ਹੋਵੇ ਜੋ ਦਾਰੂ ਦੇ ਨਾਲ ਨਾਮ-ਦਾਰੂ ਵੀ ਵੰਡੇ । ਵੱਡੇ ਭਰਾ ਸਰਦਾਰ ਇੰਦਰਪਾਲ ਸਿੰਘ ਜੀ ਨੇ ਜਦ ਮੈਟਰਿਕ ਵਿਚ ਅੱਸੀ ਫ਼ੀ ਸਦੀ ਨੰਬਰ ਲਏ ਤਾਂ ਫ਼ੈਸਲਾ ਕੀਤਾ ਗਿਆ ਕਿ ਉਹਨਾਂ ਨੂੰ ਐਫ. ਸੀ. ਕਾਲਜ ਲਾਹੌਰ ਪੜ੍ਹਾਇਆ ਜਾਵੇ । ਚਾਚਾ ਅਜੀਤ ਸਿੰਘ ਜੀ ਭਾਵੇਂ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਵਿਦਿਆ ਪ੍ਰਾਪਤ ਕਰ ਕੇ ਆਏ ਸਨ ਪਰ ਉਹਨਾਂ ਦੀ ਇਹ ਖ਼ਾਹਿਸ਼ ਸੀ ਕਿ ਭਰਾ ਜੀ ਐਫ਼. ਸੀ. ਕਾਲਜ ਹੀ ਪੜ੍ਹਨ । ਇਸ ਨਾਲ ਘਰ ਦਾ ਵਾਤਾਵਰਣ ਹੀ ਹੋਰ ਦਾ ਹੋਰ ਹੋ ਗਿਆ । ਭਰਾ ਜੀ ਜਿੱਥੇ ਉੱਚ ਵਿਦਿਆ ਪ੍ਰਾਪਤ ਕਰ ਰਹੇ ਸਨ ਉਥੇ ਉਹਨਾਂ ਨੇ ਚੋਢਾਂ ਹੋਰ ਵਿਦਿਆਰਥੀਆਂ ਨਾਲ ਮਿਲ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦਾ ਮੁੱਢ ਬੱਧਾ । ਉਹ ਫ਼ੈਡਰੇਸ਼ਨ ਦੇ ਫ਼ਾਊਂਡਰ ਮੈਂਬਰ ਸਨ ।

ਮੈਂ ਆਪਣੀ ਮੁੱਢਲੀ ਪੜ੍ਹਾਈ ਗੌਰਮਿੰਟ ਸਕੂਲ ਕੀਤੀ । ਖ਼ਾਲਸਾ ਹਾਈ ਸਕੂਲ ਬਣ ਜਾਣ 'ਤੇ ਛੇਵੀਂ ਜਮਾਤੇ ਗੌਰਮਿੰਟ ਸਕੂਲ ਛੱਡ ਦਿੱਤਾ । ਸਾਡੀ ਖ਼ੁਸ਼ਕਿਸਮਤੀ ਨੂੰ ਟੀਚਰਾਂ ਦਾ ਅਜਿਹਾ ਗੁਲਦਸਤਾ ਮਿਲਿਆ ਜਿਸ ਜਿਹਾ ਕਿਧਰੇ ਹੋਣਾ ਨਹੀਂ । ਹੈੱਡਮਾਸਟਰ ਜਗਤ ਪ੍ਰਸਿੱਧ ਸਰਦਾਰ ਅਭੈ ਸਿੰਘ ਜੀ ਸਨ । ਉਹਨਾਂ ਦੀ ਹਰ ਆਖੀ ਗੱਲ ਹਿਰਦੇ ਦੀ ਪੱਟੀ 'ਤੇ ਉਕਰੀ ਜਾਂਦੀ ਸੀ । ਅੰਗਰੇਜ਼ੀ ਦੇ ਉਹ ਮਾਹਿਰ ਉਸਤਾਦ ਸਨ । ਟਾਲਸਟਾਇ ਦੀਆਂ ਕਹਾਣੀਆਂ ਦੇ ਤਰਜਮੇ ਉਹਨਾਂ ਕੀਤੇ ਸਨ । 'ਕੰਵਲ' ਰਸਾਲਾ ਉਹਨਾਂ ਦੀ ਅਗਵਾਈ ਵਿਚ ਹੀ ਨਿਕਲਦਾ ਸੀ । ਰਸਾਏ ਪੜ੍ਹਨ ਦੀ ਰੁਚੀ ਉਹਨਾਂ ਹੀ ਉਪਜਾਈ ਸੀ । ਉਹਨਾਂ ਦੇ ਨਾਲ ਹੀ ਸਨ ਮਾਸਟਰ ਤੇਜਾ ਸਿੰਘ ਜੀ ਜੋ ਅਮਲੀ ਜੀਵਨ ਦਾ ਇਕ ਨਮੂਨਾ ਸਨ । ਲਾਇਬਰੇਰੀ ਜਾਣ ਤੇ ਫਿਰ ਪੜ੍ਹਨ ਦਾ ਸ਼ੌਕ ਉਹਨਾਂ ਹੀ ਸਾਡੇ ਵਿਚ ਭਰਿਆ । 'ਮੈਂ ਕਾਬਲੇ–ਇਤਬਾਰ ਹੂੰ' ਦੀ ਲਹਿਰ ਉਹਨਾਂ ਸਾਡੇ ਸਕੂਲ ਚਲਾਈ ਜਿਸ ਅਨੁਸਾਰ ਇਮਤਿਹਾਨ ਦੇਣ ਵਾਲੇ ਵਿਦਿਆਰਥੀ 'ਤੇ ਕੋਈ ਨਿਗਾਹਬਾਨ ਨਹੀਂ ਸੀ ਹੁੰਦਾ । ਸਕੂਲ ਦਾ ਤਿਮਾਹੀ ਵਾਲ-ਪੇਪਰ ਉਹਨਾਂ ਹੀ ਜਾਰੀ ਕਰਵਾਇਆ । ਅਸਾਂ ਵਿਦਿਆਰਥੀਆਂ ਹੀ ਐਡਿਟ ਕੀਤਾ । ਮਾਸਟਰ ਆਸਾ ਸਿੰਘ ਜੀ ਦੇ ਹੈੱਡਮਾਸਟਰ ਬਣ ਜਾਣ ਉਪਰੰਤ ਸਖ਼ਤ

ਜ਼ਬਤ ਰੱਖਣ ਦੀ ਭਾਵਨਾ ਜਾਗੀ । ਮਾਸਟਰ ਸੋਹਣ ਸਿੰਘ ਜੀ ਨੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਜਿਹਲਮ ਵਿਖੇ ਬਣਾਉਣ ਵਿਚ ਸਾਡੀ ਅਗਵਾਈ ਕੀਤੀ । ਕਵਿਤਾ ਮੈਂ ਸੱਤਵੀਂ ਵਿਚ ਲਿਖਣੀ ਆਰੰਭ ਕਰ ਦਿੱਤੀ ਸੀ ਅਤੇ ਦੀਵਾਨਾਂ ਵਿਚ ਬੋਲਣ ਵੇਲੇ ਉਤਸ਼ਾਹ ਮਿਲਣ ਲੱਗ ਪਿਆ ਸੀ । ਸੋਧ ਸੁਧਾਈ ਮਾਸਟਰ ਸਰਦਾਰ ਸਿੰਘ ਜੀ ਕਰਦੇ ਸਨ । ਬੜਾ ਖ਼ੁਸ਼ਖ਼ੱਤ ਸੀ ਉਹਨਾਂ ਦਾ ਜਿਵੇਂ ਮੋਤੀ ਪਰੋਏ ਹੋਣ ।

ਗਰਮੀਆਂ ਦੀਆਂ ਛੁੱਟੀਆਂ ਅਸੀਂ ਪਿਤਾ ਜੀ ਕੋਲ ਰਾਵਲਪਿੰਡੀ ਆ ਜਾਂਦੇ ਸਾਂ । ਉਥੇ ਗਿਆਨੀ ਹਰਜੀਤ ਸਿੰਘ ਜੀ ਦਾ ਮੇਲ ਮੈਨੂੰ ਦਾਤ ਵਾਂਗੂੰ ਮਿਲਿਆ । ਰਾਮਾਇਣ, ਮਹਾਂਭਾਰਤ ਦੀ ਸਾਰੀ ਗਾਥਾ ਅਤੇ ਇਸਲਾਮ ਦੀ ਤਾਲੀਮ ਬਾਰੇ ਵਾਕਫ਼ੀ ਉਹਨਾਂ ਹੀ ਦਿੱਤੀ । ਕਵਿਤਾ ਲਈ ਤਰਹ ਮਿਸਰਾ ਉਹ ਹੀ ਬਣਾ ਕੇ ਦੇਂਦੇ ਸਨ । ਅਜੇ ਤੱਕ ਮੈਨੂੰ ਨਹੀਂ ਭੁਲਿਆ ਇਕ ਤਰਹ-ਮਿਸਰਾ :

*ਪਲੇ ਹਾਂ ਤਲਵਾਰਾਂ ਦੀ ਛਾਂ ਹੇਠਾਂ,*
*ਨਾਂਹ ਚੁੰਝ ਤਲਵਾਰ ਦੀ ਛੇੜ ਬੀਬਾ ।*

ਜੇ ਮੈਂ ਭੁਲਦਾ ਨਹੀਂ ਤਾਂ ਪਹਿਲਾ ਮਜ਼ਮੂਨ ਮੈਂ 'ਖ਼ੂਨ ਕੇ ਆਂਸੂ' ਤੇ ਦੂਜਾ 'ਖ਼ਤਰੇ ਦਾ ਬਿਗਲ' ਲਿਖਿਆ ਸੀ । ਅਫ਼ਸੋਸ ਹੈ ਕਿ 'ਬਿਗਲ' ਉਸ ਸਮੇਂ ਦੇ ਆਗੂਆਂ ਸੁਣਿਆ ਨਾਂਹ ਅਤੇ 'ਖ਼ੂਨ ਕੇ ਆਂਸੂ' ਸਾਰੀ ਕੌਮ ਅੱਜ ਤੱਕ ਵਗਾ ਰਹੀ ਹੈ ।

ਦਸਵੀਂ ਦਾ ਇਮਤਿਹਾਨ ਦੇ ਕੇ ਛੁੱਟੀਆਂ ਮਾਣਨ ਹੀ ਲੱਗੇ ਸਾਂ ਕਿ ੧੯੪੭ ਨੂੰ ਸਾਡੇ ਇਲਾਕੇ ਵਿਚ ਫ਼ਸਾਦ ਸ਼ੁਰੂ ਹੋ ਗਏ । ਸ਼ਰੋਮਣੀ ਕਮੇਟੀ ਨੇ ਫ਼ਸਾਦਾਂ ਦੀ ਪੂਰੀ ਰਿਪੋਰਟ ਤਿਆਰ ਕਰਨ ਲਈ ਨਾਵਲਕਾਰ ਸਰਦਾਰ ਜਸਵੰਤ ਸਿੰਘ 'ਕੰਵਲ' ਨੂੰ ਭੇਜਿਆ । ਉਹਨਾਂ ਦੀ ਨਵੀਂ ਪੁਸਤਕ 'ਪਾਲੀ' ਛਪੀ ਸੀ । ਉਹਨਾਂ ਮੈਨੂੰ ਆਪਣੇ ਦਸਤਖ਼ਤ ਕਰ ਕੇ ਦਿੱਤੀ ।

ਪੂਜ ਪਿਤਾ ਜੀ ਕਿਉਂਕਿ ਲੱਗੇ ਕੈਂਪਾਂ ਵਿਚ ਸੇਵਾ ਕਰਦੇ ਸਨ, ਸੋ ਮੈਂ ਵੀ ਰੋਜ਼ ਉਹਨਾਂ ਨਾਲ ਜਾਣਾ ਸ਼ੁਰੂ ਕਰ ਦਿੱਤਾ । ਸੁਭਾਵਕ ਹੀ ਮੈਂ ਹਰ ਕੈਂਪ ਵਿਚ ਜਾ ਕੇ ਪਿੰਡਾਂ 'ਤੇ ਹੋਏ ਅਤਿਆਚਾਰਾਂ ਦੀ ਰਿਪੋਰਟ ਲੈਣ ਲੱਗ ਪਿਆ । ਬੜਾ ਮਸਾਲਾ ਇਕੱਠਾ ਹੋ ਗਿਆ । 'ਕੰਵਲ' ਜੀ ਨੂੰ ਉਸ ਰਿਪੋਰਟ ਦੀ ਕਾਪੀ ਕਰ ਕੇ ਦਿੱਤੀ । ਇਹ ਸੀ ਸ਼ੁਰੂਆਤ ਲੇਖ ਲਿਖਣ ਤੇ ਪਿਛੋਂ ਛਾਪਣ ਦੀ ।

ਲਾਹੌਰ, ਗੋਲ ਬਾਗ਼ ਵਿਖੇ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੀ ਸਾਲਾਨਾ ਕਾਨਫ਼ਰੰਸ ਸੀ । ਮੈਂ ਡੈਲੀਗੇਟ ਦੇ ਤੌਰ 'ਤੇ ਪੁੱਜਾ । ਭਾਈ ਹਰਬੰਸ ਲਾਲ ਜੀ ਸਰਹੱਦ ਤੋਂ ਆਏ । ਉਥੇ ਸਰਦਾਰ ਸਰੂਪ ਸਿੰਘ ਜੀ ਦਾ ਤੇਜਮਈ ਚਿਹਰਾ ਐਸਾ ਡਿੱਠਾ ਕਿ ਉਹਨਾਂ ਦੇ ਹੀ ਹੋ ਗਏ । ਐਸੀ ਸਨੇਹ ਦੀ ਤੰਦ ਪਈ ਕਿ ਸਮੇਂ ਨਾਲ ਪੀਡੀ ਹੁੰਦੀ ਗਈ ਅਤੇ ਇਤਨੀ ਮਜ਼ਬੂਤ ਕਿ ਕਿਸੇ ਦੇ ਖਿਚਿਆਂ ਵੀ ਨਾ ਟੁੱਟੇ ।

ਪਾਕਿਸਤਾਨ ਬਣਨ ਵੇਲੇ ਮੇਰੇ ਸਭ ਤੋਂ ਵੱਡੇ ਵੀਰਾ ਜੀ ਸਰਦਾਰ ਬਲਦੇਵ ਸਿੰਘ ਜੀ ਮੋਗਾ ਵਿਖੇ ਵਪਾਰ ਕਰਦੇ ਸਨ, ਸੋ ਉਹਨਾਂ ਪਾਸ ਆ ਗਏ । ਉਥੇ ਡਾਕਟਰ ਸੰਤ ਸਿੰਘ ਜੀ ਦੇ ਸੰਪਰਕ ਵਿਚ ਆਏ । ਉਹ ਰੋਜ਼ ਕਥਾ ਕਰਦੇ ਸਨ । ਮੋਗੇ ਹੀ ਇਕ ਅਖ਼ਬਾਰ ਸਰਦਾਰ ਨਿਰੰਜਨ ਸਿੰਘ ਜੀ ਮੀਠਾ ਕੱਢਦੇ ਸਨ । ਉਹਨਾਂ ਨੂੰ ਮੈਂ ਸਾਰੀਆਂ ਰਿਪੋਰਟਾਂ ਛਾਪਣ ਲਈ ਦਿੱਤੀਆਂ ਅਤੇ ਭਾਈ ਸਰਦਾਰ ਸਿੰਘ ਜੀ ਦੇ ਪਾਕਿਸਤਾਨ ਵਿਚ ਤਸੀਹੇ ਦਿੱਤੇ ਜਾਣ ਦੀ ਖ਼ਬਰ ਜਦ ਪਿਤਾ ਜੀ ਨੇ ਦੱਸੀ ਤਾਂ ਕਲਮ ਨੂੰ ਚਲਾਉਣਾ ਆਰੰਭਿਆ । ਬੜੀ ਚਰਚਾ ਹੋਈ ਸੀ ਉਸ ਲੇਖ ਦੀ ।

ਡੀ.ਐਮ. ਕਾਲਜ ਮੋਗਾ ਦਾਖ਼ਲਾ ਲਿਆ ਪਰ ਮਾਹੌਲ ਓਪਰਾ ਲੱਗਣ ਕਾਰਨ ਖ਼ਾਲਸਾ ਕਾਲਜ ਅੰਮ੍ਰਿਤਸਰ ਆ ਗਿਆ ।

ਖ਼ਾਲਸਾ ਕਾਲਜ ਦਾ ਵੱਡਾ ਵਾਧਾ ਸੀ ਕਿ ਰੋਜ਼ ਸਵੇਰੇ ਗੁਰਦੁਆਰਾ ਸਾਹਿਬ ਦੀਵਾਨ ਤੇ ਕਥਾ ਹੁੰਦੀ । ਇਕ ਦਿਨ ਭਾਈ ਜੋਧ ਸਿੰਘ ਜੀ ਕਰਦੇ ਤੇ ਦੂਜੇ ਦਿਨ ਬਹੁਤ ਵਾਰੀ ਉਸੇ ਸ਼ਬਦ ਦੀ ਪ੍ਰੋਫ਼ੈਸਰ ਸਾਹਿਬ ਸਿੰਘ ਜੀ । ਬਾਣੀ ਵਿਗਿਆਨਕ ਢੰਗ ਨਾਲ ਪੜ੍ਹਨ ਤੇ ਸੁਣਨ ਦੀ ਰੁਚੀ ਉਪਜੀ । ਫਿਰ ਸਭ ਤੋਂ ਵੱਡੀ ਖ਼ੁਸ਼ਕਿਸਮਤੀ ਇਹ ਕਿ ਡਿਵਿਨਟੀ ਦੀਆਂ ਕਲਾਸਾਂ ਡਾਕਟਰ ਗੰਡਾ ਸਿੰਘ ਜੀ ਲੈਂਦੇ ਸਨ । ਉਹਨਾਂ ਨੇ ਸਾਨੂੰ ਖੁਲ੍ਹ ਦੇ ਰੱਖੀ ਸੀ ਕਿ ਕੋਈ ਸਵਾਲ ਪੁੱਛੋ ਉੱਤਰ ਮਿਲੇਗਾ । ਕਦੇ ਕਾਹਲੇ ਨਾ ਪੈਂਦੇ ਭਾਵੇਂ ਕਿਤਨੇ ਕਿੰਤੂ ਕਰੀਏ । ਹਿਸਟਰੀ ਮੈਨੂੰ ਡਾਕਟਰ ਦਵੇਦੀ ਤੇ ਡਾਕਟਰ ਫ਼ੌਜਾ ਸਿੰਘ ਜੀ ਅਤੇ ਆਨਰਜ਼ ਪ੍ਰੋਫ਼ੈਸਰ ਕ੍ਰਿਪਾਲ ਸਿੰਘ ਜੀ ਪੜ੍ਹਾਂਦੇ ਸਨ । ਇਕਨਾਮਿਕਸ ਪ੍ਰੋਫ਼ੈਸਰ ਕਰਮ ਸਿੰਘ ਜੀ ਅਤੇ ਟਿਯੂਟਰ ਮੇਰੇ ਪ੍ਰੋਫ਼ੈਸਰ ਵਤਨ ਸਿੰਘ ਜੀ ਸਨ ।

ਡੀਬੇਟ ਇਤਨੇ ਉੱਚ-ਪੱਧਰੀ ਹੁੰਦੇ ਸਨ ਕਿ ਸੁਣਨ ਨਾਲ ਤੁਅੱਲਕ ਰੱਖਦੇ । ਤਿਆਰੀ ਇਤਨੀ ਕੀਤੀ ਜਾਂਦੀ ਜਿਵੇਂ ਪਾਰਲੀਮੈਂਟ ਦੀ ਕੋਈ ਤਕਰੀਰ ਹੋਵੇ । ਧੜੇ ਪੱਕੇ ਤੇ ਤਾੜੀਆਂ ਆਪਣੀ ਧਿਰ ਲਈ ਰਾਖਵੀਆਂ । ਮੈਨੂੰ ਹਰ ਡੀਬੇਟ ਵਿਚ ਹਿੱਸਾ ਲੈਣਾ ਪੈਂਦਾ ਕਿਉਂਕਿ ਟਾਕਰੇ 'ਤੇ ਕਮਿਊਨਿਸਟ ਜਥੇਬੰਦੀ ਦੇ ਸਿਧਾਏ ਹੋਏ ਵਿਦਿਆਰਥੀ ਤੇ ਵਿਦਿਆਰਥਣਾਂ ਸਨ । ਜਿੱਥੇ ਬੋਲੇ ਇਨਾਮ ਮਿਲੇ, ਵਾਹ ਵਾਹ ਖੱਟੀ । ਬੀ.ਏ. ਪੜ੍ਹਦਿਆਂ ਹੀ ਅਕਾਲੀ ਲਹਿਰ ਵਿਚ ਹਿੱਸਾ ਲੈਣ ਕਾਰਣ ਵਾਰੰਟ ਨਿਕਲ ਗਏ ਤੇ ਮੈਨੂੰ ਕਪੂਰਥਲਾ ਵੀਰ ਪ੍ਰੋਫ਼ੈਸਰ ਪ੍ਰਕਾਸ਼ ਸਿੰਘ ਜੀ ਦੇ ਘਰ ਪਨਾਹ ਲੈਣੀ ਪਈ । ਕਾਲਜ ਦੀ ਪੜ੍ਹਾਈ ਵਿਚ ਵਿਘਨ ਤਾਂ ਪਿਆ ਪਰ ਇਤਿਹਾਸ ਗੁਰਬਾਣੀ ਦਾ ਅਧਿਐਨ ਕਰਨ ਦਾ ਮੌਕਾ ਮਿਲ ਗਿਆ । ਮੇਰੀਆਂ ਹਾਜ਼ਰੀਆਂ ਘੱਟ ਗਈਆਂ ਪਰ ਪ੍ਰਿੰਸੀਪਲ ਜੋਧ ਸਿੰਘ ਜੀ ਨੇ ਆਪਣੇ ਅਧਿਕਾਰ ਵਰਤ ਕੇ ਪੂਰੀਆਂ ਕਰਵਾ ਦਿੱਤੀਆਂ । ਇਸ ਦੌਰਾਨ ਸੰਤ ਨਿਸਚਲ ਸਿੰਘ ਜੀ ਮਿਲੇ ਤੇ ਕਹਿਣ ਲੱਗੇ : ''ਬੱਚਿਆ, ਪੜ੍ਹਾਈ ਪੂਰੀ ਕਰ ਲੈ, ਫਿਰ ਭਾਵੇਂ ਰੋਜ਼ ਜੇਲ੍ਹ ਜਾਈਂ । ਬਗ਼ੈਰ ਪੂਰੀ ਪੜ੍ਹਾਈ ਖ਼ੁਆਰੀ

ਹੈ।'' ਸੋ ਬੀ.ਏ. ਕਰ ਕੇ ਅੱਗੋਂ ਪੜ੍ਹਨ ਲਈ ਮੈਂ ਐਮ.ਏ. ਦਾ ਦਾਖ਼ਲਾ ਕਾਨ੍ਹਪੁਰ ਡੀ.ਏ.ਵੀ. ਕਾਲਜ ਲੈ ਲਿਆ, ਕਿਉਂਕਿ ਪੰਜਾਬ ਮੇਰਾ ਦਾਖ਼ਲਾ ਬੰਦ ਸੀ। ਮੇਰੇ ਹਿਸਟਰੀ ਦੇ ਪ੍ਰੋਫ਼ੈਸਰ ਡਾਕਟਰ ਮੋਹਨ ਲਾਲ ਵਿਦਿਆਰਥੀ, ਸ੍ਰੀ ਵਾਸਤਵ, ਡਾਕਟਰ ਸ਼ਰਮਾ ਸਨ ਜੋ ਆਪਣੇ ਆਪਣੇ ਖੇਤਰ ਵਿਚ ਨਾਮਣਾ ਖੱਟ ਚੁੱਕੇ ਸਨ। ਆਗਰਾ ਯੂਨੀਵਰਸਿਟੀ ਤੋਂ ਐਮ.ਏ. ਹਿਸਟਰੀ ਕਰ ਕੇ ਮੈਂ ਲਾਇਲਪੁਰ ਖ਼ਾਲਸਾ ਕਾਲਜ ਲੈਕਚਰਾਰ ਆਣ ਲੱਗਾ, ਭਾਵੇਂ ਆਫ਼ਰ ਗੁਰਸਰ ਸਧਾਰ ਤੋਂ ਪ੍ਰਿੰਸੀਪਲ ਇਕਬਾਲ ਸਿੰਘ ਜੀ ਨੇ ਵੀ ਭੇਜੀ ਸੀ। ਇਹ ੧੯੫੩ ਦੀ ਗੱਲ ਹੈ। ਪ੍ਰੋਫ਼ੈਸਰ ਦਲੀਪ ਸਿਘ ਜੀ ਜੋ ਅੱਜ ਕੱਲ ਬੰਬਈ ਖ਼ਾਲਸਾ ਕਾਲਜ ਵਿਖੇ ਵਾਈਸ ਪ੍ਰਿੰਸੀਪਲ ਹਨ, ਦਾ ਪਿਆਰ ਬਚਪਨ ਵੇਲੇ ਤੋਂ ਹੀ ਸੀ ਪਰ ਇਥੇ ਕਾਨ੍ਹਪੁਰ ਆ ਖ਼ੂਬ ਗੂੜ੍ਹਾ ਹੋ ਗਿਆ। ਸੁਆਦ ਅੱਜ ਤੱਕ ਬਣਿਆ ਹੋਇਆ ਹੈ।

ਸੈਕੰਡ ਈਯਰ ਹੀ ਪੜ੍ਹਦਾ ਸਾਂ ਕਿ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦਾ ਪਹਿਲਾ ਕੈਂਪ ਪਾਉਂਟਾ ਸਾਹਿਬ ਲੱਗਾ। ਅਸੀਂ ਕੁੱਲ ੩੦ ਕੁ ਵਿਦਿਆਰਥੀ ਹੋਵਾਂਗੇ। ਅਸਾਂ ਜਦ ਕਥਾ ਕਰਨ ਲਈ ਉਚੇਚਾ ਕਿਸੇ ਵਿਦਵਾਨ ਨੂੰ ਬੁਲਾਉਣ ਦੀ ਗੱਲ ਕਹੀ ਤਾਂ ਸਰਦਾਰ ਸਰੂਪ ਸਿੰਘ ਜੀ, ਜੋ ਕੈਂਪ ਦੇ ਪ੍ਰਿੰਸੀਪਲ ਸਨ, ਕਹਿਣ ਲੱਗੇ ਫਿਰ ਕੈਂਪ ਤਾਂ ਭਾਈ ਇਕੋ ਹੀ ਲੱਗੇਗਾ ! ਹਰ ਵਾਰੀ ਕਿਸੇ ਨੂੰ ਉਡੀਕਣਾ ਪਵੇਗਾ। ਕੋਈ ਆਏ ਤੇ ਪੜ੍ਹਾਏ। ਮੈਨੂੰ ਕਹਿਣ ਲੱਗੇ ਕਿ ਸ਼ਬਦ ਦੀ ਚੋਣ ਕਰ ਕੇ ਪੰਦਰਾਂ ਮਿੰਟਾਂ ਲਈ ਕਥਾ ਰੋਜ਼ ਤੁਸਾਂ ਕਰਨੀ ਹੈ। ਬੜੀ ਅਜ਼ਮਾਇਸ਼ ਦੀ ਘੜੀ ਸੀ। ਸਾਰੀ ਰਾਤ ਤਿਆਰੀ ਕਰਦੇ ਰਹੇ ਅਤੇ ਸਵੇਰੇ ਜਦ ਕਥਾ ਕੀਤੀ ਤਾਂ ਪਿਰਤ ਨਵੀਂ ਪੈ ਗਈ। ਫਿਰ ਸਰਦਾਰ ਸਰੂਪ ਸਿੰਘ ਜੀ ਨੇ ਕੈਂਪ ਦੀ ਸਮਾਪਤੀ ਬਾਅਦ ਕਿਹਾ ਕਿ ਕੈਂਪ ਦੀ ਸਮੁੱਚੀ ਰਿਪੋਟਰ ਅਖ਼ਬਾਰਾਂ ਨੂੰ ਭੇਜੋ। ਅਖ਼ਬਾਰਾਂ ਵਿਚ ਛਪੀ ਤਾਂ ਤਸੱਲੀ ਹੋਈ ਕਿ ਕਹੀ ਗੱਲ ਪਹੁੰਚਾਈ ਵੀ ਜਾ ਸਕਦੀ ਹੈ। ਉਥੇ ਹੀ ਕਵੀ ਅਸਥਾਨ 'ਤੇ ਨਿਰਣਾ ਲਿਆ ਕਿ ਜੋ ਢਾਅ ਨਾਸਤਕ ਲਗਾ ਰਹੇ ਹਨ, ਅਸੀਂ ਸਾਰੇ ਰਲ ਕੇ ਰੋਕਾਂਗੇ।

ਅੰਮ੍ਰਿਤਸਰ ਤੋਂ ਹੀ ਡਾਕਟਰ ਹਰਨਾਮ ਸਿੰਘ 'ਵਹੁਰਾ' 'ਪੰਜਾਬ ਗਜ਼ਟ' ਨਾਮ ਦਾ ਹਫ਼ਤਾਵਾਰੀ ਪਰਚਾ ਉਰਦੂ ਵਿਚ ਕੱਢਦੇ ਸਨ। ਉਸ ਲਈ ਵੀ ਲਗਾਤਾਰ ਲਿਖਦਾ ਰਿਹਾ। ਅੰਮ੍ਰਿਤਸਰ ਹੀ ਮੰਜੀ ਸਾਹਿਬ ਗਿਆਨੀ ਭੂਪਿੰਦਰ ਸਿਘ ਜੀ ਹਰ ਹਫ਼ਤੇ ਲੈਕਚਰ ਕਰਦੇ ਸਨ। ਉਹਨਾਂ ਨੂੰ ਵੀ ਲਗਾਤਾਰ ਸੁਣ ਕੇ ਨੋਟ ਬਣਾਉਣ ਦੀ ਆਦਤ ਪੈ ਗਈ। ਪੰਥਕ ਅਖ਼ਬਾਰਾਂ ਨੂੰ ਮਜ਼ਮੂਨ ਤੇ ਕਈ ਵਾਰੀ ਐਡੀਟੋਰੀਅਲ ਵੀ ਲਿਖ ਕੇ ਭੇਜਦਾ ਰਿਹਾ।

ਲਾਇਲਪੁਰ ਖ਼ਾਲਸਾ ਕਾਲਜ ਹੀ ਸਾਂ ਕਿ ਇਕ ਐਕਸੀਡੈਂਟ ਵਿਚ ਰੀੜ੍ਹ ਦੀ ਹੱਡੀ ਨੂੰ ਚੋਟ ਆਈ ਤੇ ਡਿਸਕ ਹਿੱਲਣ ਨਾਲ ਇਕ ਸਾਲ ਮੰਜੇ 'ਤੇ ਪੈ ਗਿਆ। ਬੱਸ ਇਹ ਸਮਾਂ ਸੀ ਗੁਰਬਾਣੀ ਤੇ ਇਤਿਹਾਸ ਨੂੰ ਇਕ ਟਿਕ ਪੜ੍ਹਨ ਸਮਝਣ

ਦਾ । ਪ੍ਰੇਰਨਾ ਸਰੋਤ ਮਾਂ ਜੀ (ਬੀਬੀ ਸਵਿੰਦਰ ਕੌਰ ਜੀ) ਸਨ ਜੋ ਰੋਜ਼ ਉਤਸ਼ਾਹ ਬਣ ਆਉਂਦੇ, ਕੀਰਤਨ ਸੁਣਾਂਦੇ, ਗੁਰਬਾਣੀ ਦੇ ਅਰਥ ਸੁਣਾਂਦੇ ਤੇ ਲਿਖਤਾਂ ਨੂੰ ਪੜ੍ਹਨ ਉਪਰੰਤ ਅਖ਼ਬਾਰਾਂ ਵਿਚ ਵੀ ਭੇਜਦੇ । ਇਹ ਯਕੀਨ ਬੱਝ ਗਿਆ ਕਿ ਇਹ ਸਮ੍ਹਾਂ ਵੀ ਗੁਰੂ ਨੇ ਯਾਦ ਪਕਾਉਣ ਤੇ ਕੁਝ ਕਰ ਗੁਜ਼ਰਨ ਲਈ ਦਿੱਤਾ ਹੈ । ਮੈਨੂੰ ਕਲ੍ਹ ਵਾਂਗ ਯਾਦ ਹੈ ਕਿ ਮੈਂ ਅਪਾਹਜ ਵਾਂਗੂ ਸਾਂ ਪਰ ਭੈਣ ਗੁਰਦਿਆਲ ਕੌਰ ਜੀ ਨੇ ਮੇਰੀ ਇੰਝ ਸੰਭਾਲ ਕੀਤੀ ਜਿਵੇਂ ਮੈਂ ਉਹਨਾਂ ਦਾ ਨਿੱਕਾ ਵੀਰ ਹੋਵਾਂ । ਦਰਦ-ਦੁੱਖ ਸਭ ਭੁੱਲ ਗਏ । ਮੇਰੀ ਦੀਨ ਦਸ਼ਾ ਦੇਖਣ ਪਹਿਲਾਂ ਮਾਸਟਰ ਤਾਰਾ ਸਿੰਘ ਜੀ ਆਏ, ਉਹ ਤਕਰੀਬਨ ੭ ਦਿਨ ਘਰ ਰਹੇ । ਫਿਰ ਸਰਦਾਰ ਸਰੂਪ ਸਿੰਘ ਜੀ ਜ਼ੋਰ ਪਾ ਕੇ ਆਪਣੇ ਨਾਲ ਘਰ ਸ੍ਰੀ ਅੰਮ੍ਰਿਤਸਰ ਲੈ ਆਏ । ਉਸ ਸਮੇਂ ਭੈਣ ਦੀਪ ਕੌਰ ਜੀ ਨੇ ਜੋ ਖ਼ਿਆਲ ਰਖਿਆ ਉਹ ਹਕੀਕੀ ਭੈਣ ਵੀ ਕੀ ਰੱਖੇਗੀ ? ਡਾਕਟਰ ਕਰਮ ਸਿੰਘ ਜੀ ਦੇ ਆਸਟਰੀਆ ਤੋਂ ਮੁੜਨ 'ਤੇ ਮੇਰਾ ਅਪਰੇਸ਼ਨ ਹੋਇਆ । ਗੁਰੂ ਮਿਹਰ ਸਦਕਾ ਨੌ-ਬਰ-ਨੌ ਹੋ ਅਜੇ ਉੱਠਿਆ ਹੀ ਸਾਂ ਕਿ ਪੰਜਾਬੀ ਸੂਬਾ ਜ਼ਿੰਦਾਬਾਦ ਦਾ ਮੋਰਚਾ ਲੱਗ ਗਿਆ । ਇੱਥੇ ਇਹ ਦੱਸਣਾ ਵੀ ਕੁਥਾਂ ਨਹੀਂ ਹੋਵੇਗਾ ਕਿ ਮਾਸਟਰ ਤਾਰਾ ਸਿੰਘ ਜੀ ਨੇ ਮੈਨੂੰ ਯੂ.ਪੀ. ਵਲੋਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਵੀ ਨਾਮਜ਼ਦ ਕਰ ਦਿੱਤਾ ਸੀ । ਉਮਰ ਮੇਰੀ ਹੋਵੇਗੀ ਉਸ ਵੇਲੇ ੨੩ ਸਾਲ । ਇਹ ਇਕ ਨਵੇਕਲੀ ਇੱਜ਼ਤ ਸੀ । ਜੁਲਾਈ ੧੯੫੫ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਜੇਲ੍ਹ ਵਿਚ ਫਿਰ ਅਲੱਭ ਪੁਸਤਕਾਂ ਪੜ੍ਹਨ ਦਾ ਸਮਾਂ ਮਿਲਦਾ ਰਿਹਾ ।

ਮੋਰਚੇ ਦੀ ਕਾਮਯਾਬੀ ਉਪਰੰਤ ਜਲੰਧਰ ਖ਼ਾਲਸਾ ਕਾਲਜ ਦੀ ਨੌਕਰੀ 'ਤੇ ਫਿਰ ਚਲਾ ਗਿਆ । ਉਸ ਦੌਰਾਨ ਬੀ.ਏ. ਤੱਕ ਪੰਜਾਬ ਦਾ ਇਤਿਹਾਸ ਕੋਰਸ ਦਾ ਹਿੱਸਾ ਬਣ ਗਿਆ ਸੀ ਅਤੇ ਐਮ.ਏ. ਵਿਚ ਦੋ ਪੇਪਰ ਪੰਜਾਬ ਦੇ ਇਤਿਹਾਸ ਦੇ ਸਨ । ਫਗਵਾੜੇ ਐਮ.ਏ. ਹਿਸਟਰੀ ਦੀਆਂ ਕਲਾਸਾਂ ਸਨ । ਸਰਦਾਰ ਕ੍ਰਿਪਾਲ ਸਿੰਘ ਜੀ ਨਾਰੰਗ ਕਾਲਜ ਦੇ ਪ੍ਰਿੰਸੀਪਲ ਸਨ ਪਰ ਉਹਨਾਂ ਦੇ ਪੰਜਾਬ ਯੂਨੀਵਰਸਿਟੀ ਚਲੇ ਜਾਣ ਉਪਰੰਤ ਕਲਾਸਾਂ ਪੜ੍ਹਾਉਣ ਲਈ ਉਹਨਾਂ ਮੇਰੇ ਨਾਮ ਦੀ ਸਿਫ਼ਾਰਿਸ਼ ਕੀਤੀ । ਸਰਦਾਰ ਮੋਹਨ ਸਿੰਘ ਜੀ ਹਦੀਆਬਾਦੀ ਚਾਹੁੰਦੇ ਸਨ ਕਿ ਮੈਂ ਉਥੇ ਹੀ ਆ ਜਾਵਾਂ ਪਰ ਜਦ ਮਜਬੂਰੀ ਦੱਸੀ ਤਾਂ ਉਹਨਾਂ ਮੈਨੂੰ ਵਿਜ਼ਿਟਿੰਗ ਪ੍ਰੋਫ਼ੈਸਰ ਥਾਪ ਦਿੱਤਾ । ਉਚੇਚੀ ਮਨਜ਼ੂਰੀ ਸਰਦਾਰ ਕ੍ਰਿਪਾਲ ਸਿੰਘ ਜੀ ਨੇ ਵਾਈਸ ਚਾਂਸਲਰ ਕੋਲੋਂ ਲੈ ਦਿੱਤੀ ।

ਸਿੱਖ ਇਤਿਹਾਸ ਪੜ੍ਹਾਉਂਦਿਆਂ ਕਈ ਅੜਾਉਣੀਆਂ ਆਉਂਦੀਆਂ ਪਰ ਡਾਕਟਰ ਗੰਡਾ ਸਿੰਘ ਜੀ ਅਗਵਾਈ ਦੇ ਕੇ ਸੁਲਝਾ ਦੇਂਦੇ । ਕਾਲਜ ਦੀ ਲਾਇਬਰੇਰੀ ਵਿਚ ਬਹੁਤ ਅਲੱਭ ਪੁਸਤਕਾਂ ਸਨ । ਸਰਦਾਰ ਅਨੂਪ ਸਿੰਘ ਜੀ ਜਿਹੜੀ ਵੀ ਪੁਸਤਕ ਦੀ ਲੋੜ ਪਵੇ ਹੁਣ ਤਕ ਪੁਚਾਉਂਦੇ ਹਨ । ਸਾਰੇ ਸਿੱਖ ਇਤਿਹਾਸ ਨੂੰ ਮੈਂ ਦੋ

ਜਿਲਦਾਂ ਵਿਚ ੧੦ ਸਤੰਬਰ, ੧੯੫੭ ਨੂੰ ਲਿਖਿਆ। ਇਸ ਪੁਸਤਕ ਨੂੰ ਪਹਿਲੇ ਇਨਾਮ ਨਾਲ ਕਈ ਅਦਾਰਿਆਂ ਤੇ ਸੰਸਥਾਵਾਂ ਨੇ ਸਨਮਾਨਿਆ। ਇਹ ਲਿਖਣਾ ਉਚਿਤ ਹੋਵੇਗਾ ਕਿ ਪੁਸਤਕ ਦਾ ਖਰੜਾ ਲੈ ਕੇ ਸਰਦਾਰ ਭਾਨ ਸਿੰਘ ਜੀ ਮੈਨੂੰ ਇਕ ਨਾਂ ਵਾਲੇ ਪਬਲਿਸ਼ਰ ਪਾਸ ਲੈ ਗਏ ਪਰ ਉਹਨਾਂ ਦੇ ਵੱਡੇ ਭਾਈ ਸਰਦਾਰ ਹਰਨਾਮ ਸਿੰਘ ਜੀ ਮੁਸਾਫ਼ਰ ਕਹਿਣ ਲੱਗੇ ਇੱਥੇ ਨਹੀਂ, ਜਲੰਧਰ ਹੀ ਨਿਊ ਬੁੱਕ ਕੰਪਨੀ ਤੋਂ ਛਪਵਾ ਦੇਂਦੇ ਹਾਂ। ਇਹ ਸੀ ਸੰਪਰਕ ਜੋ ਸਰਦਾਰ ਮਹਿਤਾਬ ਸਿੰਘ ਜੀ ਨਾਲ ਬਣਿਆ ਜੋ ਐਸਾ ਬਣਿਆ ਕਿ ਫਿਰ ਪਿਛਾਂਹ ਕਿਸੇ ਨਹੀਂ ਤੌਕਿਆ। ਬੜੀ ਰੀਝ ਨਾਲ ਛਾਪੀਆਂ ਉਹਨਾਂ ਮੇਰੀਆਂ ਸਾਰੀਆਂ ਪੁਸਤਕਾਂ। ਆਰਟਿਸਟ ਸਾਡੇ ਸਰਦਾਰ ਦਲੀਪ ਸਿੰਘ ਜੀ ਸਨ।

ਇਸੇ ਸਾਲ ੧੯੫੭ ਵਿਚ 'ਗੁਰਮਤਿ ਪ੍ਰਕਾਸ਼' ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕੱਢਣ ਦਾ ਫ਼ੈਸਲਾ ਮੈਂ ਕਰਵਾਇਆ। ਲਗਾਤਾਰ ਹਰ ਮਹੀਨੇ ਲਿਖਣ ਦਾ ਜਿਵੇਂ ਪ੍ਰਣ ਹੀ ਕਰ ਲਿਆ ਹੋਵੇ। ਉਸੇ ਦੌਰਾਨ ਸੰਤ ਨਿਸਚਲ ਸਿੰਘ ਜੀ ਨੇ 'ਗੁਰ ਸੰਦੇਸ਼' ਯਮਨਾ ਨਗਰ ਤੋਂ ਕੱਢਿਆ, ਜਿਸ ਦੇ ਸੰਪਾਦਕ ਸਰਦਾਰ ਕਰਤਾਰ ਸਿੰਘ ਜੀ ਸਰਹੱਦੀ ਬਣੇ। ਉਹ ਵੀ ਹਰ ਮਹੀਨੇ ਮਜ਼ਮੂਨ ਭੇਜਣ ਲਈ ਖਿੱਚ ਨਾਲ ਲਿਖਦੇ ਤੇ ਮੈਨੂੰ ਪੂਰਤੀ ਕਰਨੀ ਪੈਂਦੀ। ਇਸ ਤਰ੍ਹਾਂ ਸੌ ਦੇ ਕਰੀਬ ਲੇਖ ਵੱਖ-ਵੱਖ ਵਿਸ਼ਿਆਂ ਦੇ ਹੋ ਗਏ। ਖਾਲਸੇ ਦੀ ਵਾਸੀ, ਗਿਆਨ ਕੀ ਆਂਧੀ, ਰਛਿਆ ਰਹਿਤ, ਪੁਰਾਤਨ ਇਤਿਹਾਸਕ ਜੀਵਨੀਆਂ, ਜਪ ਤੇ ਓਹਦੇ ਪੱਖ, ਸਿਧਾਂਤ· ਤੇ ਸ਼ਤਾਬਦੀਆਂ ਉਹਨਾਂ ਮਜ਼ਮੂਨਾਂ 'ਤੇ ਅਧਾਰਤ ਪੁਸਤਕਾਂ ਹਨ।

ਜਲੰਧਰ ਵਿਖੇ ਇਕ ਪਿਰਤ ਹੋਰ ਪਾਈ ਕਿ ਹਰ ਸ਼ੁੱਕਰਵਾਰ ਰਾਤ ਗੁਰਦੁਆਰਾ ਮਾਡਲ ਟਾਊਨ ਗੁਰਮਤਿ 'ਤੇ ਲੈਕਚਰ ਹੋਣ। ਸਨੇ-ਸਨੇ ਇਕ ਪੂਰੀ ਸੰਗਤ ਬਣ ਗਈ। ਇਥੇ ਲੈਕਚਰ ਮੈਂ ਮਜ਼ਮੂਨ ਰੱਖ ਕੇ ਦੇਂਦਾ ਸਾਂ। ਤਕਰੀਬਨ ਅੱਠ ਸਾਲ ਬਗ਼ੈਰ ਨਾਗਾ ਪਾਏ ਇਹ ਦੀਵਾਨ ਹੁੰਦੇ ਰਹੇ। ਇਥੇ ਹੀ ਸਰਦਾਰ ਸਾਧੂ ਸਿੰਘ ਜੀ ਹਮਦਰਦ ਦਾ ਨਿੱਘਾ ਪਿਆਰ ਮਿਲਦਾ ਰਿਹਾ। ਅਕਾਲੀ ਹੋਸਟਲ ਤੇ ਫਿਰ ਮਾਡਲ ਟਾਊਨ ਬਜ਼ਮਿ-ਅਦਬ ਦੀਆਂ ਮਹਿਫ਼ਲਾਂ ਹੁੰਦੀਆਂ। ਸਰਦਾਰ ਅਮਰ ਸਿੰਘ ਜੀ ਦੁਸਾਂਝ ਨਾਲ ਤਾਂ ਰੋਜ਼ ਹੀ ਮੁਲਾਕਾਤ ਹੁੰਦੀ ਜੋ ਪੰਥਕ ਵਿਚਾਰਾਂ ਨੂੰ ਸੇਧਾਂ ਦਿੰਦੇ। ਗਿਆਨੀ ਸ਼ਾਦੀ ਸਿੰਘ ਜੀ ਹਰ ਹਫ਼ਤੇ ਲਿਖਣ ਲਈ ਪ੍ਰੇਰਦੇ। ਪ੍ਰਿੰਸੀਪਲ ਗੁਰਬਚਨ ਸਿੰਘ ਜੀ ਤਾਲਿਬ, ਪ੍ਰੋਫ਼ੈਸਰ ਪ੍ਰੀਤਮ ਸਿੰਘ ਜੀ ਤੇ ਹੋਰ ਪ੍ਰੋਫ਼ੈਸਰ ਸਾਹਿਬਾਨ ਨੇ ਰਲ ਕੇ ਇਕ ਸਟੱਡੀ ਸਰਕਲ ਵੀ ਬਣਾਇਆ, ਜਿਸ ਵਿਚ ਸਿੱਖ ਵਿਚਾਰਧਾਰਾ ਉਘਾੜੀ ਜਾਂਦੀ। ਪ੍ਰੋਫ਼ੈਸਰ ਪ੍ਰੀਤਮ ਸਿੰਘ ਜੀ ਨੇ ਸਿੱਖ ਫ਼ਲਸਫ਼ੇ 'ਤੇ ਪਿਛੋਂ ਚੰਗੀਆਂ ਲਿਖਤਾਂ ਦਿੱਤੀਆਂ। ਇਸ ਸਮੇਂ ਨੂੰ ਸਿੱਖ ਖ਼ਿਆਲਾਂ ਦੀ ਉਠਾਣ ਦਾ ਸਮਾਂ ਵੀ ਕਹਿ ਸਕਦੇ ਹਾਂ। ਪੰਜਾਬੀ ਸੂਬਾ ਦੀ ਕਾਇਮੀ ਦੇ ਮੋਰਚੇ ਵੇਲੇ ਮੈਂ ਹਰ ਰੋਜ਼ ਇਕ ਲੈਕਚਰ ਮੰਜੀ ਸਾਹਿਬ ਕਰਦਾ ਸਾਂ। ਤਕਰੀਬਨ ੨੦੦ ਦੇ ਕਰੀਬ ਨਿੱਤ ਨਵੇਂ ਲੈਕਚਰ ਕੀਤੇ। ਲੈਕਚਰਾਂ ਦੀ ਡਾਇਰੀ ਵੀ ਨਾਲ-ਨਾਲ ਰੱਖਦਾ ਗਿਆ। ਉਸ ਸਮੇਂ ਭਾਈ

ਰਣਧੀਰ ਸਿੰਘ ਜੀ ਰੀਸਰਚ ਸਕਾਲਰ ਅਤੇ ਗਿਆਨੀ ਸ਼ਿੰਘਾਰਾ ਸਿੰਘ ਜੀ ਲਾਇਬ੍ਰੇਰੀਅਨ ਗੁਰੂ ਰਾਮ ਦਾਸ ਲਾਇਬਰੇਰੀ ਮੈਨੂੰ ਜ਼ਰੂਰੀ ਕਿਤਾਬਾਂ ਤੇ ਮਸਾਲਾ ਪਹੁੰਚਾਂਦੇ ਰਹਿੰਦੇ ਸਨ । ਪੰਜਾਬ ਸਰਕਾਰ ਨੇ ਵੀ ਮੇਰੇ ਲੈਕਚਰਾਂ ਨੂੰ ਆਪਣੇ ਢੰਗ ਨਾਲ 'ਵਿੰਡੋ ਐਨ ਅਕਾਲੀ ਮਾਈਂਡ' ਦੇ ਨਾਂ ਹੇਠਾਂ ਛਾਪਿਆ ।

ਮੋਰਚੇ ਪਿਛੋਂ ਮੈਨੂੰ ਗ੍ਰਿਫ਼ਤਾਰ ਕਰ ਲਿਆ ਗਿਆ । ਜ਼ਮਾਨਤ 'ਤੇ ਜਦ ਮੈਂ ਰਿਹਾਅ ਹੋਇਆ ਤਾਂ ਪੰਜਾਬ ਦੇ ਉਸ ਵੇਲੇ ਦੇ ਮੁੱਖ ਮੰਤਰੀ ਨੇ ਲਾਇਲਪੁਰ ਖ਼ਾਲਸਾ ਕਾਲਜ ਨੂੰ ਲਿਖਿਆ ਕਿ ਜਾਂ ਮੇਰੇ ਕੋਲੋਂ ਪਿਛਲੇ ਕੀਤੇ ਦੀ ਖਿਮਾਂ ਮੰਗਵਾਓ, ਜਾਂ ਕਾਲਜੋਂ ਕੱਢੋ ਤੇ ਜੇ ਐਸਾ ਨਹੀਂ ਕਰ ਸਕਦੇ ਤਾਂ ਗ੍ਰਾਂਟ ਬੰਦ ਕਰ ਦਿੱਤੀ ਜਾਏਗੀ । ਕਾਲਜ ਦੇ ਪ੍ਰਬੰਧਕ ਨੇ ਜਦ ਇਸ ਭਾਵ ਦੀ ਚਿੱਠੀ ਮੈਨੂੰ ਲਿਖੀ ਤਾਂ ਮੈਂ ਲਿਖਿਆ ਕਿ "ਜੋ ਕੁਝ ਵੀ ਪਿੱਛੇ ਕੀਤਾ ਹੈ, ਸੋਚ ਸਮਝ ਕੇ ਕੀਤਾ ਹੈ । ਜੇ ਅਜਿਹਾ ਸਮਾਂ ਫਿਰ ਆਇਆ ਤਾਂ ਅਜਿਹਾ ਹੀ ਕਰਾਂਗਾ ।" ਕਾਲਜੋਂ ਮੈਨੂੰ ਕੱਢ ਦਿੱਤਾ ਗਿਆ । ਵੀਰ ਕਾਨ੍ਹਪੁਰ ਲੈ ਆਏ । ਕੁਝ ਚਿਰ ਹੱਥ ਵਪਾਰ 'ਤੇ ਅਜ਼ਮਾਏ । ਉਸ ਦੌਰਾਨ ਪ੍ਰੋਫ਼ੈਸਰ ਸਾਹਿਬ ਸਿੰਘ ਜੀ ਨੇ ਲਿਖਿਆ 'ਵਪਾਰ ਤੇਰੇ ਵੱਸ ਦਾ ਰੋਗ ਨਹੀਂ । ਗੁਰਮਤਿ ਦੀ ਖੋਜ ਵਿਚ ਇਹ ਵਿਘਨਕਾਰੀ ਹੈ । ਮੇਰੀ ਤਾਂਘ ਇਹੀ ਹੈ ਕਿ ਤੁਸੀਂ ਗੁਰਮਤਿ ਦੇ ਅਕਾਸ਼ ਦਾ ਚਮਕਦਾ ਤਾਰਾ ਬਣੋ ।'

ਪਰ ਸਾਰੀ ਸੋਚ ਨੇ ਹੀ ਪਲਟਾ ਖਾਧਾ, ਜਦ ਮੇਰੇ ਵੱਡੇ ਵੀਰ ਸਰਦਾਰ ਦਰਸ਼ਨ ਸਿੰਘ ਜੀ ਨੂੰ ਆਪਣੇ ਹੀ ਇਕ ਰਿਸ਼ਤੇਦਾਰ ਨੇ ਕਤਲ ਕਰ ਦਿੱਤਾ । ਵਾਤਾਵਰਣ ਵਿਹੁਲਾ ਹੋ ਗਿਆ । ਵੱਡੇ ਵੀਰ ਸਰਦਾਰ ਇੰਦਰਪਾਲ ਸਿੰਘ ਜੀ, ਹਰਮਹਿੰਦਰ ਸਿੰਘ ਜੀ ਤੇ ਵੀਰ ਬਲਵਿੰਦਰ ਸਿੰਘ ਜੀ ਨੇ ਬਿਖੜੇ ਸਮੇਂ ਘਰ ਦੇ ਏਕੇ ਵਿਚ ਤ੍ਰੇੜ ਨਾ ਪੈਣ ਦਿੱਤੀ ।

ਪੜ੍ਹਾਈ, ਕੁਝ ਚਿਰ ਰੁਕੀ ਪਰ ਲਿਖਾਈ ਜਾਰੀ ਰਹੀ । 'ਗਰਜ' ਜਿਸ ਨੂੰ ਸਰਦਾਰ ਰਛਪਾਲ ਸਿੰਘ ਜੀ ਚਲਾ ਰਹੇ ਹਨ, ਲਈ ਹਰ ਹਫ਼ਤੇ ਇਕ ਕਾਲਮ 'ਮੁੱਕਦੀ ਗੱਲ' ਲਿਖਦਾ ਸਾਂ । ਉਸ ਨੇ ਸਿੱਖ ਜਗਤ ਨਾਲ ਸੰਪਰਕ ਬਣਾਈ ਰਖਿਆ । ਜਦ ਉਹ ਕਾਲਮ ਕਿਸੇ ਕਾਰਨ ਬੰਦ ਕਰ ਦਿੱਤਾ ਗਿਆ ਤਾਂ ਹਰ ਕੋਈ ਇਹ ਹੀ ਕਹਿੰਦਾ ਸੀ ਕਿ ਉਹੋ ਜਿਹਾ ਕਾਲਮ ਤੁਸੀਂ ਹੁਣ ਕਿਉਂ ਨਹੀਂ ਲਿਖਦੇ ?

ਕਾਨ੍ਹਪੁਰ ਜਦ ਸਰਦਾਰ ਸਰੂਪ ਸਿੰਘ ਜੀ ਪੂਜ ਮਾਤਾ ਜੀ ਦੇ ਅਕਾਲ ਚਲਾਣੇ 'ਤੇ ਆਏ ਤਾਂ ਬੜੇ ਜ਼ੋਰ ਨਾਲ ਕਹਿਣ ਲੱਗੇ ਕਿ ਪੰਜਾਬ ਮੁੜ ਚਲੋ । ਮਾਤਾ ਜੀ ਵੀ ਜਾਂਦੀ ਵਾਰ ਆਖ ਗਏ ਸਨ ਕਿ ਗੁਰ-ਇਤਿਹਾਸ ਮੁਕੰਮਲ ਕਰਨ ਦਾ ਨਿਸ਼ਾਨਾ ਇਥੇ ਪੂਰਾ ਨਹੀਂ ਹੋਣਾ । ਭਾਵੇਂ ਬੇਟੀ ਨਰਿੰਦਰਜੀਤ ਕੌਰ (ਡਾਕਟਰ) ਤੇ ਵੀਰ ਬਲਵਿੰਦਰ ਜੀ ਮੇਰੇ ਲਿਖਣ ਉਤਸ਼ਾਹ ਨੂੰ ਬਣਾਈ ਰੱਖਦੇ ਸਨ ਪਰ ਫਿਰ ਵੀ ਮੈਂ ਨਿਰਣਾ ਲੈ ਲਿਆ ਕਿ ਪੰਜਾਬ ਆ ਜਾਣਾ ਹੈ । ਗੁਰਮਤਿ ਕਾਲਜ ਦੇ ਪ੍ਰਿੰਸੀਪਲ ਦੀ ਪਦਵੀ ਸੰਭਾਲੀ ਹੀ ਸੀ ਕਿ ਯਮਨਾ ਨਗਰ ਤੋਂ ਖ਼ਾਲਸਾ ਕਾਲਜ ਬਣਾਉਣ ਲਈ ਸੱਦਾ ਆਇਆ । ਸਰਦਾਰ ਮੁਕੰਦ ਸਿੰਘ ਜੀ ਮੈਨੂੰ ਪ੍ਰੇਰ ਕੇ ਲੈ

ਗਏ । ਯਮਨਾ ਨਗਰ ਮੈਂ ਕਾਲਜ ਦੀ ਅਸਥਾਪਨਾ ਲਈ ਪੁੱਜ ਗਿਆ । ਹੁਣ ਫਿਰ ਵਿੱਦਿਆ ਦੇ ਖੇਤਰ ਵਿਚ ਸਾਂ । ਸਭ ਸਹੂਲਤਾਂ ਪਰ ਬੇੜੀਆਂ ਅਨੇਕ ।

੧੩ ਸਾਲ ਗੁਰਮਤਿ ਕਾਲਜ, ਖ਼ਾਲਸਾ ਕਾਲਜ ਯਮਨਾ ਨਗਰ, ਖ਼ਾਲਸਾ ਕਾਲਜ ਕਰਨਾਲ ਸੇਵਾ ਕਰਨ ਉਪਰੰਤ ਇਹ ਮਨ ਬਣਾ ਲਿਆ ਕਿ ਨੌਕਰੀ ਮੇਰੇ ਸੁਭਾਅ ਅਨੁਸਾਰ ਮੇਲ ਨਹੀਂ ਖਾਂਦੀ :

*'ਮੇਰੇ ਮੌਲਾ ਕੋ ਏਕ ਹੀ ਸਿਜਦਾ ਕਾਫ਼ੀ ਦੂਰ ਸੇ ਵੁਹ ਭੀ,*
*ਦਰ-ਇ-ਇਨਸਾਨ ਪੇ ਸੌ ਸੌ ਬਾਰ ਦਸਤਕ ਦੇਨੀ ਪੜਤੀ ਹੈ ।'*

'ਚਾਕਰੀ ਵਿਡਾਣੀ, ਖਰੀ ਦੁਹੇਲੀ ਆਪੁ ਵੇਚਿ ਧਰਮ ਗਵਾਉਣ' ਵਾਲੀ ਗੱਲ ਸੀ ।

ਹਾਂ ! ਇਹਨਾਂ ਕਾਲਜਾਂ ਵਿਚ ਪੜ੍ਹਾਉਂਦੇ ਕਈ ਵਿਦਿਆਰਥੀ ਤੇ ਪ੍ਰੋਫ਼ੈਸਰ ਅਜਿਹੇ ਮਿਲੇ ਜੋ ਗੁਰਮਤਿ ਖੇਤਰ ਵਿਚ ਤੇ ਹੋਰਨਾਂ ਖੇਤਰਾਂ ਵਿਚ ਮੈਨੂੰ ਪੂਰਨ ਵਿਸ਼ਵਾਸ਼ ਸੀ ਨਾਮਣਾ ਖੱਟਣਗੇ । ਕਈਆਂ ਦੇ ਨਾਂ ਯਾਦ ਆ ਰਹੇ ਹਨ ਪਰ ਸਰਦਾਰ ਸੁਰਿੰਦਰ ਸਿੰਘ, ਸਰਦਾਰ ਪਸ਼ੌਰਾ ਸਿੰਘ ਜੀ, ਸਰਦਾਰ ਮਨਿੰਦਰ ਸਿੰਘ, ਡਾਕਟਰ ਭੁਪਿੰਦਰ ਸਿੰਘ, ਡਾਕਟਰ ਜਾਗੀਰ ਸਿੰਘ ਅਨੇਕਾਂ ਵਿਚੋਂ ਕੁਝ ਹਨ ।

ਪੰਜਾਬੀ ਯੂਨੀਵਰਸਿਟੀ ਸਾਡੇ ਘੋਲ ਵਿਚੋਂ ਹੀ ਰੋਲ ਨਿਕਲੀ ਸੀ । ਪੰਜਾਬੀ ਤੇ ਪੰਜਾਬ ਦੇ ਇਤਿਹਾਸ ਨੂੰ ਉਜਾਗਰ ਕਰਨਾ, ਇਸ ਦਾ ਇਕ ਮੁੱਖ ਮੰਤਵ ਸੀ । ਯੂਨੀਵਰਸਿਟੀ ਨੇ ਮੈਨੂੰ ਗੁਰੂ ਹਰਿਗੋਬਿੰਦ ਜੀ ਦੀ ਜੀਵਨੀ ਲਿਖਣ ਲਈ ਕਿਹਾ । ਜਦ ਜੀਵਨੀ ਛਪ ਆਈ ਤਾਂ ਭਰਪੂਰ ਸਵਾਗਤ ਹੋਇਆ । ਪ੍ਰੋਫ਼ੈਸਰ ਹਰਬੰਸ ਸਿੰਘ ਜੀ ਜਿਨ੍ਹਾਂ ਦਾ ਪਿਆਰ ਮੈਂ ਪਿਛਲੇ ਕਈ ਸਾਲਾਂ ਤੋਂ ਲੈ ਰਿਹਾ ਸਾਂ, ਕਹਿਣ ਲੱਗੇ ਕਿ ਜੇ ਸਾਰੀਆਂ ਹੀ ਗੁਰ-ਜੀਵਨੀਆਂ ਇਤਨੇ ਹੀ ਆਕਾਰ ਦੀਆਂ ਲਿਖੀਆਂ ਜਾਣ ਤਾਂ ਕਈ ਗੱਲਾਂ ਨਜਿੱਠਣ ਵਿਚ ਬਹੁਤ ਅਸਾਨੀ ਹੋ ਸਕਦੀ ਹੈ ।

ਸੋ ਸਾਮੱਗਰੀ ਇਕੱਠੀ ਕਰਨ, ਪੁਰਾਤਨ ਲਿਖਤਾਂ ਪੜ੍ਹਨ ਤੇ ਨਵੀਆਂ ਨੂੰ ਵਾਚਣ ਲਈ ਉਚੇਰਾ ਸਮਾਂ ਦੇਣ ਲੱਗਾ । ਜਿਉਂ-ਜਿਉਂ ਪੜ੍ਹਾਂ, ਇਹ ਯਕੀਨ ਬੱਝੀ ਜਾਵੇ ਕਿ ਗੁਰੂ ਇਹ ਕਾਰਜ ਆਪ ਹੀ ਕਰਵਾ ਰਿਹਾ ਹੈ । ਨਹੀਂ ਤਾਂ ਕੋਈ ਅਸਾਨ ਕਾਰਜ ਨਹੀਂ ਸੀ, ਗੁਰੂ ਅੰਗਦ ਦੇਵ ਜੀ, ਗੁਰੂ ਰਾਮ ਦਾਸ ਜੀ, ਸ੍ਰੀ ਗੁਰੂ ਹਰਿ ਰਾਇ ਜੀ ਤੇ ਗੁਰੂ ਹਰਿ ਕ੍ਰਿਸ਼ਨ ਜੀ 'ਤੇ ਪੂਰੀ ਪੁਸਤਕ ਲਿਖਣੀ ।

ਕੁਦਰਤ ਦੀ ਖੇਡ ਕਿ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੀ ਤੀਜੀ ਸ਼ਤਾਬਦੀ ਪਟਨਾ ਸਾਹਿਬ ਮੇਰੇ ਕਹਿਣ 'ਤੇ ਜਦ ਮਨਾਈ ਗਈ ਤਾਂ ਉਸ ਉਪਰੰਤ ਐਸੀ ਪਿਰਤ ਪਈ ਕਿ ਕੌਮ ਵਿਚ ਲਹਿਰ ਹੀ ਚਲ ਪਈ । ਇਹ ਵੀ ਇਕ ਦੇਵ ਨੇਤ ਹੀ ਸੀ ਕਿ ਸਾਰੀਆਂ ਸ਼ਤਾਬਦੀਆਂ ਉਲੀਕਣ, ਮਨਾਉਣ ਤੇ ਸਿਰੇ ਚਾੜ੍ਹਣ ਦੇ ਫ਼ਰਾਇਜ਼ ਮੈਨੂੰ ਹੀ ਮਿਲਦੇ ਰਹੇ । ਸਰਦਾਰ ਗੁਰਚਰਨ ਸਿੰਘ ਟੌਹੜਾ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਥਾਪੇ ਜਾਣ 'ਤੇ ਤਾਂ ਵਿਖੇਵਾਂ ਹੀ ਮੁੱਕ ਗਿਆ । ਇਸੇ ਦੌਰਾਨ ਗੁਰੂ ਨਾਨਕ ਦੇਵ ਜੀ ਦਾ ਪੰਜ ਸੌ-ਸਾਲਾ ਪ੍ਰਕਾਸ਼ ਉਤਵਸ, ਗੁਰੂ ਤੇਗ

ਬਹਾਦਰ ਜੀ ਦੀ ਤੀਜੀ ਸ਼ਹੀਦੀ ਸ਼ਤਾਬਦੀ, ਸ੍ਰੀ ਅੰਮ੍ਰਿਤਸਰ ਦਾ ਚਾਰ ਸੌ ਸਾਲਾ ਅਸਥਾਪਨਾ ਦਿਵਸ, ਗੁਰੂ ਅਮਰ ਦਾਸ ਜੀ ਦੀ ਪੰਜਵੀਂ ਸ਼ਤਾਬਦੀ, ਮਹਾਰਾਜਾ ਰਣਜੀਤ ਸਿੰਘ ਜੀ ਦੀ ਸੌ-ਸਾਲਾ ਵਰ੍ਹੇ-ਗੰਢ ਤੇ ਬਾਬਾ ਦੀਪ ਸਿੰਘ ਜੀ ਦਾ ਦੋ ਸੌ-ਸਾਲਾ ਜਨਮ ਦਿਨ ਪਿਛਲੇ ਪੰਦਰਾਂ ਸਾਲਾਂ ਵਿਚ ਮਨਾਇਆ । ਜਿਥੇ ਉਚੇਚੇ ਸੁਵੀਨੀਯਰ ਸੰਪਾਦ ਕੀਤੇ ਉਥੇ ਬਲਿਓ-ਚਿਰਾਗ, ਪੁਰਖ-ਭਗਵੰਤ, ਇਤਿ-ਜਿਨ-ਕਰੀ, ਪਰਤਖੁ-ਹਰਿ, ਪਰਬਤੁ-ਮੇਰਾਣੁ ਦੀਆਂ ਜੀਵਨੀਆਂ ਲਿਖ ਪਾਠਕਾਂ ਹੱਥ ਦਿੱਤੀਆਂ ।

ਮੈਂ ਇਕ ਨੇਮ ਸੰਨ ੧੯੫੧ ਤੋਂ ਬਣਾ ਲਿਆ ਸੀ ਕਿ ਛੁੱਟੀਆਂ ਵਿਚ ਕਿਸੇ ਪਹਾੜੀ 'ਤੇ ਜਾ ਕੇ ਸਾਲ ਭਰ ਇਕੱਠੇ ਕੀਤੇ ਮਸਾਲੇ ਨੂੰ ਤਰਤੀਬ ਦੇ ਕੇ ਪੁਸਤਕ ਲਿਖ ਲੈਣੀ ਹੈ । ਪਹਿਲਾਂ ਕੁਝ ਸਾਲ ਮੈਂ ਵੀਰ ਸਰਦਾਰ ਦਲਬੀਰ ਸਿੰਘ ਜੀ ਪਾਸ ਡੇਹਰਾਦੂਨ ਚਲਾ ਜਾਂਦਾ ਸੀ ਪਰ ਜਦ ਉਹਨਾਂ ਆਪਣਾ ਵਸੇਬਾ ਅੰਮ੍ਰਿਤਸਰ ਕਰ ਲਿਆ ਤਾਂ ਮੈਂ ਪਹਿਲਗਾਮ ਜਾਣਾ ਅਰੰਭਿਆ । ਲਿਦਰ ਦੇ ਕਿਨਾਰੇ ਪਹਿਲਗਾਮ ਹੋਟਲ ਵਿਚ ਕਮਰਾ ਨੰਬਰ ਦਸ ਅਜਿਹਾ ਜਚਿਆ ਕਿ ਹਰ ਸਾਲ ਜੂਨ ਕੱਟਣ ਲਈ ਪੁੱਜ ਜਾਂਦਾ । ਜਦ ਇਸ ਹੋਟਲ ਦੀ ਮਾਲਕੀ ਸਰਦਾਰ ਜਗਤ ਸਿੰਘ ਜੀ ਦੀ ਹੋ ਗਈ ਤਾਂ ਵੀਰ ਨਰਿੰਦਰ ਜੀ ਨੇ ਅਜਿਹਾ ਪਿਆਰ ਜਤਲਾਇਆ ਕਿ ਕਦੇ ਮਹਿਸੂਸ ਹੀ ਨਾ ਹੋਇਆ ਕਿ ਮੈਂ ਕਿਸੇ ਓਪਰੀ ਥਾਂ ਬੈਠਾ ਹਾਂ । ਅੰਮੀ ਜੀ ਉਚੇਚਾ ਮੇਰਾ ਖ਼ਿਆਲ ਕਰਦੇ ਤੇ ਮਨਦੀਪ ਜੀ ਸੁੱਖ ਜੁਟਾਈ ਰੱਖਦੇ । ਪੁਸਤਕ **'ਪੂਰੀ ਹੋਈ ਕਰਾਮਾਤਿ'** ਦੀ ਇਹ ਭੂਮਿਕਾ 'ਪੁਰ ਯਾਦ ਦੀ ਗਲੀ' ਉਸੇ ਕਮਰੇ ਦੇ ਆਂਗਨ ਵਿਚ ਇਕ ਟਕ ਵਹਿੰਦੀ ਸ਼ੇਸ਼ਨਾਗ ਤੇ ਸਤੇ ਸੁਰਾਂ ਕੱਢਦੀ ਲਿਦਰ ਕਿਨਾਰੇ ਸੋਮਵਾਰ, ਅਗਸਤ ਦੀ ੩੧, ੧੯੮੧ ਨੂੰ ਲਿਖ ਰਿਹਾ ਹਾਂ । ਸੱਚੀ ਗੱਲ ਤਾਂ ਇਹ ਹੈ ਕਿ ਤਕਰੀਬਨ ਸਾਰੀਆਂ ਪੁਸਤਕਾਂ ਹੀ ਪਹਿਲਗਾਮ ਲਿਖੀਆਂ ਹਨ । ਇਹ ਸੰਕਲਪ ਵੀ ਇਥੇ ਹੀ ਬਣਿਆ ਹੈ ਕਿ ਆਉਂਦੇ ਸਾਲਾਂ ਵਿਚ ਜੇ ਗੁਰੂ ਪਾਤਸ਼ਾਹ ਦਾ ਹੱਥ ਇਸੇ ਤਰ੍ਹਾਂ ਪਿੱਠ 'ਤੇ ਰਿਹਾ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਆਖਿਆ ਦੀਆਂ ਵੀ ਗਿਆਰਾਂ ਜਿਲਦਾਂ ਮੁਕੰਮਲ ਕਰ ਕੇ ਪਾਠਕਾਂ ਹੱਥ ਦਿਆਂਗਾ ।

ਸਰਦਾਰ ਇੰਦਰਜੀਤ ਸਿੰਘ ਜੀ ਭਾਵੇਂ ਪੰਜਾਬ ਐਂਡ ਸਿੰਧ ਬੈਂਕ ਵਿਚ ੧੯੬੦ ਦੇ ਅਰੰਭ ਵਿਚ ਆ ਗਏ ਸਨ ਪਰ ਉਹਨਾਂ ਦਾ ੧੯੭੦ ਨੂੰ ਉਸ ਬੈਂਕ ਦੀ ਚੇਅਰਮੈਨਸ਼ਿਪ ਸੰਭਾਲਣਾ ਕੌਮ ਲਈ ਇਕ ਨੇਕ ਫ਼ਾਅਲ ਸੀ । ਉਹਨਾਂ ਜਿਥੇ ਬੈਂਕ ਦਾ ਮੂੰਹ ਮੁਹਾਂਦਰਾ ਨਿਖਾਰਿਆ, ਇਸ ਦੇ ਖਿਲਾਰ ਪਸਾਰ ਤੇ ਵੱਕਾਰ ਵਿਚ ਵਾਧਾ ਕੀਤਾ, ਉਥੇ ਕੌਮ ਦੀ ਵਿਗੜੀ ਬਣਾਉਣ ਦਾ ਬੀੜਾ ਚੁੱਕ ਲਿਆ । ਕੌਮ ਦਾ ਹਰ ਅੰਗ ਸੁਰਜੀਤ ਹੋਵੇ, ਸਾਹਿਤ ਨਰੋਆ ਹੋਵੇ, ਇਸ ਲਗਨ ਨੂੰ ਲੈ ਕੇ ਉਹ ਨਿਕਲ ਪਏ । ਵਿਚਾਰਾਂ ਰਾਹੀਂ ਕੌਮ ਦੇ ਖ਼ਜ਼ਾਨੇ ਨੂੰ ਭਰਿਆ । ਆਚਾਰ ਰਾਹੀਂ ਸਿੱਖੀ ਸਰੂਪ ਦੀ ਸੰਭਾਲ ਕੀਤੀ । ਉਦਾਰ ਚਿੱਤ ਹੋ ਕੀਰਤਨ ਤੇ ਕੀਰਤਨੀਆਂ ਨੂੰ ਸੰਭਾਲਿਆ । ਕੌਮ ਦੇ ਭਵਿੱਖ ਬੱਚਿਆਂ ਲਈ ਸਚਿਤ੍ਰ ਲਿਟਰੇਚਰ ਦਿੱਤਾ । ਉਹਨਾਂ ਦੀ ਜੋੜੀ ਨੂੰ ਮੈਂ ਨਲ-ਦਮਯੰਤ ਦੀ ਜੋੜੀ ਹੀ ਕਹਿੰਦਾ ਹਾਂ । ਸਰਕਾਰ ਨੂੰ ਇਹ ਕਾਮਯਾਬੀ ਇਕ ਅੱਖ

ਨਹੀਂ ਭਾਈ, ਸੋ ਬੈਂਕ 'ਤੇ ਹੀ ਕਬਜ਼ਾ ਕਰ ਲਿਆ ।

ਸਰਦਾਰ ਇੰਦਰਜੀਤ ਸਿੰਘ ਜੀ ਨਾਲ ਮੇਰਾ ਪਹਿਲਾ ਮੇਲ ਗਵਾਲੀਅਰ ਵਿਖੇ ੧੯੫੫ ਦੇ ਕਰੀਬ ਹੋਇਆ । ਡਾਕਟਰ ਸੰਤੋਖ ਸਿੰਘ ਜੀ ਦੇ ਸੱਦੇ 'ਤੇ ਮੈਂ ਉਥੇ ਗਿਆ ਤਾਂ ਉਹਨਾਂ ਮੇਰੇ ਵਿਚਾਰ ਸੁਣ ਕੇ ਪਿਆਰ ਦਾ ਹੁੰਗਾਰਾ ਭਰਿਆ । ਇਹ ਪਿਆਰ ਸਨੇਹ ਬਣਿਆ ਅਤੇ ਸਮੇਂ ਦੇ ਲੰਘਣ ਨਾਲ ਖਿੱਚ-ਪੀਡ ਵਾਲਾ ਹੋ ਗਿਆ । ਮੈਂ ਚਿਰਾਂ ਤੋਂ ਇਸ ਸੋਚ ਵਿਚ ਸਾਂ ਕਿ ਕਿਰਤ ਸੁਤੰਤਰ ਕੀਤੇ ਬਗ਼ੈਰ ਕਲਮ ਦੀ ਰਵਾਨੀ ਕਾਇਮ ਨਹੀਂ ਰੱਖੀ ਜਾ ਸਕਦੀ । ਸਰਦਾਰ ਇੰਦਰਜੀਤ ਸਿੰਘ ਜੀ ਨੇ ਪ੍ਰਬੰਧ ਕਰਵਾ ਦਿੱਤੇ ਕਿ ਕਿਰਤ ਸੁਤੰਤਰ ਹੋ ਗਈ । ਮੈਂ ਸੱਚੀ ਮੁੱਚੀ ਉੱਡਦਾ ਫਿਰਦਾ ਹਾਂ । ਘਰ ਦਾ ਭਾਰ 'ਘਰ ਗਿਹਿਨ' ਨੇਕ ਜਨ, ਜਸਪਾਲ ਜੀ ਨੇ ਉਠਾ ਲਿਆ ਹੈ । ਇਹ ਹੱਥ ਵਾਲੀ ਪੁਸਤਕ ''ਪੂਰੀ ਹੋਈ ਕਰਾਮਾਤਿ'' ਜਸਪਾਲ ਜੀ ਦੇ ਹੀ ਨਾਮ ਕਰ ਰਿਹਾ ਹਾਂ ।

ਕਿਤਨੇ ਹੀ ਐਸੇ ਵੀਰ ਹਨ ਜਿਨ੍ਹਾਂ ਦਾ ਰਿਣੀ ਕਹੇ ਬਗ਼ੈਰ ਯਾਦ ਮੁਕੰਮਲ ਨਹੀਂ ਕਹੀ ਜਾ ਸਕਦੀ । ਸਰਦਾਰ ਮੱਖਣ ਸਿੰਘ ਜੀ ਫ਼ੈਡਰੇਸ਼ਨ ਦੇ ਰਹਿ ਚੁੱਕੇ ਪ੍ਰਧਾਨ ਹਨ ਤੇ ਜਿਸ ਤਨ-ਦੇਹੀ ਨਾਲ ਸੌਂਪੇ ਕੰਮ ਨੂੰ ਸਿਰੇ ਚਾੜ੍ਹਦੇ ਹਨ ਉਹ ਉਹਨਾਂ ਦੇ ਹੀ ਹਿੱਸੇ ਆਇਆ ਹੈ । ਕਾਰਜ ਨੂੰ ਫ਼ਿਕਰ ਹੀ ਬਣਾ ਲੈਂਦੇ ਹਨ । ਵੀਰ ਸਰਦਾਰ ਸਰਬਜੀਤ ਸਿੰਘ ਜੀ ਅਜਿਹੇ ਮਿੱਤਰ ਹਨ, ਜਿਨ੍ਹਾਂ ਪਾਸ ਗਿਆਂ ਇਕ ਤਸੱਲੀ ਜਿਹੀ ਮਿਲ ਜਾਂਦੀ ਹੈ । ਸਰਦਾਰ ਅਬਿਨਾਸ਼ੀ ਸਿੰਘ ਨੂੰ ਦਿੱਤਾ ਕਾਰਜ ਕਦੇ ਰੁਕਿਆ ਨਹੀਂ । ਸਰਦਾਰ ਕੁਲਦੀਪ ਸਿੰਘ ਜੀ ਨੇ ਕਦੇ ਵਿਸਾਰਿਆ ਨਹੀਂ । ਪ੍ਰੋਫ਼ੈਸਰ ਜਗਦੀਸ਼ ਸਿੰਘ ਦੇ ਮਿਲੇ ਸਾਥ ਨੂੰ ਮੈਂ ਗੁਰੂ-ਦੇਣ ਹੀ ਕਹਿੰਦਾ ਹਾਂ । ਪ੍ਰੋਫ਼ੈਸਰ ਜੋਗਿੰਦਰ ਸਿੰਘ ਜੀ ਨਿਰੇ ਆਪੂੰ ਇਕ ਗੁਰਮਤਿ ਦੇ ਉੱਘੇ ਲਿਖਾਰੀ ਹੀ ਨਹੀਂ ਸਗੋਂ ਪਿਆਰ ਵਿਚ ਖੀਵੇ ਹੋ ਜਾਣ ਵਾਲੇ ਜੀਵ ਹਨ । ਜੋ ਸਾਨੂੰ ਫ਼ੈਡਰੇਸ਼ਨ ਵਿਚ ਸਿਖਾਇਆ ਗਿਆ ਕਿ ਇਕ ਦੂਜੇ ਨੂੰ ਦੇਖ ਚਾਅ ਚੜ੍ਹੇ, ਉਹ ਪ੍ਰੋਫ਼ੈਸਰ ਸਾਹਿਬ ਵਿਚ ਸੁਭਾਵਕ ਹੈ । ਵੀਰ ਜਗਜੀਤ ਸਿੰਘ ਦਰਦੀ ਨੇ ਕਦੇ ਕਿਹਾ ਮੋੜਿਆ ਨਹੀਂ । ਸਰਦਾਰ ਹਰਬੀਰ ਸਿੰਘ ਨੂੰ ਜਦ ਪਟਿਆਲੇ ਵਿਖੇ ਦੀਵਾਨਿਆਂ ਵਾਂਗ ਸੇਵਾ ਕਰਦਿਆਂ ਦੇਖਿਆ ਤਾਂ ਮੈਂ ਮੋਹਿਆ ਹੀ ਗਿਆ । ਮੈਨੂੰ ਯਾਦ ਨਹੀਂ ਕਿ ਕਦੇ ਪਿਛਲੇ ਦਸ ਸਾਲਾਂ ਵਿਚ ਉਹਨਾਂ ਨੇ ਮੇਰੇ ਮੂੰਹੋਂ ਨਿਕਲੀ ਗੱਲ ਟਾਲੀ ਹੋਵੇ । ਸਰਦਾਰ ਮੋਹਰ ਸਿੰਘ ਜੀ, ਸਰਦਾਰ ਕੁਲਵੰਤ ਸਿੰਘ ਜੀ ਤੇ ਸਰਦਾਰ ਪ੍ਰੀਤਮ ਸਿੰਘ ਜੀ ਨੂੰ ਮੈਂ ਕਈ ਵਾਰੀ ਕਿਹਾ ਹੈ ਕਿ ਪਟਿਆਲਾ ਮੇਰਾ ਪਹਿਲਾ ਘਰ ਹੈ । ਪਟਿਆਲੇ ਜੇ ਮੈਂ ਕੁਝ ਦਿਨ ਨਾ ਜਾਵਾਂ ਤਾਂ ਸੋਝ ਜਹੀ ਪੈਣ ਲੱਗ ਜਾਂਦੀ ਹੈ । ਸਰਦਾਰ ਸੁਰਜੀਤ ਸਿੰਘ ਜੀ ਜਿਹੇ ਨੇਕ ਇਨਸਾਨ ਦਾ ਮਿਲ ਜਾਣਾ ਵੀ ਖ਼ੁਸ਼ਕਿਸਮਤੀ ਹੀ ਸਮਝਦਾ ਹਾਂ । ਸਰਦਾਰ ਸਵਰਨਜੀਤ ਸਿੰਘ ਜੀ ਤੇ ਸਰਦਾਰ ਤੇਜਵੀਰ ਸਿੰਘ ਜੀ ਨੂੰ ਜਦੋਂ ਮਿਲੋ ਚਾਅ ਵਿਚ ਹੀ ਨਹੀਂ ਮਿਉਂਦੇ ।

ਸਰਦਾਰ ਕਿਰਪਾਲ ਸਿੰਘ ਜੀ ਨੂੰ ਮੈਂ ਆਪੂੰ ਅਜਾਇਬ ਘਰ ਬਣਾਉਣ ਵੇਲੇ ਸ੍ਰੀ ਅੰਮ੍ਰਿਤਸਰ ਲਿਆਂਦਾ ਸੀ । ਉਹਨਾਂ ਦੀ ਦੇਣ ਕੌਮ ਭੁੱਲ ਨਹੀਂ ਸਕਦੀ ਪਰ

ਸ੍ਰੀ ਬੋਧਰਾਜ, ਸਰਦਾਰ ਦਵਿੰਦਰ ਸਿੰਘ ਜੀ ਤੇ ਸਰਦਾਰ ਅਮੋਲਕ ਸਿੰਘ ਜੀ ਦੀਆਂ ਨਵੀਆਂ ਕਲਮਾਂ ਦਾ ਸਹਿਯੋਗ ਮਿਲਣਾ ਸਾਡੇ ਬਹੁਤੇ ਕਾਰਜਾਂ ਨੂੰ ਸਹਿਲਾ ਬਣਾ ਦੇਂਦਾ ਹੈ। ਕੀਰਤਨ ਸੁਣਨ ਦੀ ਲਾਗ ਸਾਨੂੰ ਭਾਈ ਸਮੁੰਦ ਸਿੰਘ ਜੀ ਨੇ ਲਗਾਈ ਸੀ। ਫਿਰ ਭਾਈ ਸੰਤਾ ਸਿੰਘ ਜੀ ਨੇ ਕੀਲੀ ਹੀ ਰੱਖਿਆ। ਭਾਈ ਸ਼ਮਸ਼ੇਰ ਸਿੰਘ ਜੀ ਨੂੰ ਸੁਣੇ ਬਗ਼ੈਰ ਅੰਮ੍ਰਿਤਸਰੋਂ ਮੁੜਦੇ ਨਹੀਂ ਸਾਂ। ਭਾਈ ਹਰਿਬੰਸ ਸਿੰਘ ਜੀ ਦਾ ਰਸ ਭਿੰਨਾ ਕੀਰਤਨ ਵਜਦ ਤਾਰੀ ਕਰਦਾ ਹੈ ਅਤੇ ਪ੍ਰੋਫ਼ੈਸਰ ਦਰਸ਼ਨ ਸਿੰਘ ਜੀ ਝੰਜੂੜ ਸੁੱਤੇ ਤੋਂ ਸੁੱਤਾ ਮਨ ਵੀ ਜਗਾ ਦੇਂਦੇ ਹਨ। ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਜੀ ਪਾਸ ਉਹ ਪੁਰਾਤਨ ਰੀਤਾਂ ਦਾ ਖ਼ਜ਼ਾਨਾ ਹੈ ਜਦ ਖੋਲ੍ਹਦੇ ਹਨ ਤਾਂ 'ਮਨ ਨਿਧਾਨਾ' ਹੋ ਜਾਂਦਾ ਹੈ। ਕਰਨਾਲ ਵਿਖੇ ਰਹਿੰਦਿਆਂ ਸ: ਮਨੋਹਰ ਸਿੰਘ ਜੀ ਤੇ ਭੈਣ ਦਰਸ਼ਨ ਕੌਰ ਜੀ ਦਾ ਪਿਆਰ ਰਿਸ਼ਤੇ ਵਿਚ ਹੀ ਬਦਲ ਗਿਆ। ਬੀਬੀ ਪ੍ਰਸੰਨ ਕੌਰ ਜੀ ਮੈਨੂੰ ਜਦ ਬੇਟੇ ਵਾਲਾ ਪਿਆਰ ਦੇਂਦੇ ਹਨ ਤਾਂ ਮੈਂ ਅਵਾਕ ਹੋ ਜਾਂਦਾ ਹਾਂ। ਮੈਨੂੰ ਇਹ ਲਿਖਣ ਵਿਚ ਖ਼ੁਸ਼ੀ ਹੈ ਕਿ ਸਰਦਾਰ ਕਰਤਾਰ ਸਿੰਘ ਜੀ ਮਾਨ ਮੇਰੇ ਭਾਵੇਂ ਪ੍ਰਧਾਨ ਸਨ ਪਰ ਉਹਨਾਂ ਕਦੇ ਆਪਾ ਨਹੀਂ ਜਤਾਇਆ। ਇਤਨਾ ਮਾਣ ਦਿੱਤਾ ਕਿ ਮਿੱਠੀ ਯਾਦ ਲੈ ਮੁੜਿਆ।

ਵਿਦੇਸ਼ਾਂ ਵਿਚ ਮੈਨੂੰ ਪਿਆਰ ਨਾਲ ਲੋਕਾਂ, ਸੰਗਤਾਂ, ਮਿੱਤਰਾਂ ਲੱਦ ਹੀ ਦਿੱਤਾ ਪਰ ਜੋ ਸਨੇਹ ਥਾਈਲੈਂਡ ਦੇ ਸਰਦਾਰ ਨਿਰੰਜਨ ਸਿੰਘ ਜੀ, ਉਹਨਾਂ ਦੇ ਬੇਟੇ ਜਸਪਾਲ ਸਿੰਘ ਜੀ, ਸਰਦਾਰ ਅਜੀਤ ਸਿੰਘ ਜੀ ਤੇ ਸ: ਕੁਲਦੀਪ ਸਿੰਘ ਜੀ ਨੇ ਦਰਸਾਇਆ ਉਹ ਮੇਰੀ ਯਾਦ ਹੈ। ਜੋ ਪਹਿਲੀ ਆਵਾਜ਼ੇ ਡਾਕਟਰ ਅਰਜਨ ਕਿਰਪਾਲ ਸਿੰਘ ਜੀ ਨਾਲ ਰਿਸ਼ਤਾ ਬਣਿਆ ਉਹ ਸ਼ਬਦ ਨਹੀਂ ਬਿਆਨ ਕਰ ਸਕਦੇ। ਜੋ ਵੀਰ ਹਰਚਰਨ ਸਿੰਘ ਜੀ ਨੂੰ ਮਿਲ ਖ਼ੁਸ਼ੀ ਹੋਈ ਉਹ ਮੈਨੂੰ ਕਦੇ ਭੁੱਲਣੀ ਨਹੀਂ। ਜੋ ਸਨੇਹ ਦੀ ਵਰਖਾ ਸਰਦਾਰ ਪ੍ਰਿਤਪਾਲ ਸਿੰਘ ਜੀ, ਭੈਣ ਦਰਸ਼ਨ ਕੌਰ, ਭੈਣ ਹਰਿਬੰਸ ਕੌਰ ਤੇ ਡਾਕਟਰ ਹਰਿਬੰਸ ਸਿੰਘ ਜੀ ਕਰਦੇ ਹਨ, ਉਹ ਕਦੇ ਮੈਨੂੰ ਭੁੱਲਣੀ ਨਹੀਂ।

ਬੱਚੀ ਰਾਜਿੰਦਰ ਕੌਰ ਨੇ ਕਦੇ ਮੈਨੂੰ ਰਤਾ ਭਰ ਵੀ ਉਕਤਾਇਆ ਤੱਕਿਆ ਤਾਂ ਬਉਰੀ ਹੋ ਗਈ। ਲੋਕਾਂ ਦੇ ਪੁੱਤਰ ਆਗਿਆਕਾਰੀ ਨਹੀਂ ਹੁੰਦੇ ਪਰ ਮੇਰੇ ਭਤੀਜੇ ਭਾਵੇਂ ਉਮਰਾਂ ਕਰ ਬਹੁਤ ਵੱਡੇ ਹੋ ਗਏ ਹਨ, ਇੰਝ ਲਾਡ ਲਡਾਂਦੇ ਹਨ ਜਿਵੇਂ ਕੱਲ੍ਹ ਦੇ ਜਾਏ ਹੋਣ। ਬੇਟੀ ਜਗਦੀਸ਼ ਮੈਨੂੰ ਦੱਸ ਰਹੀ ਸੀ ਕਿ ਮੋਹਣੀ ਕਹਿੰਦਾ ਹੈ ਕਿ ਚਾਚਾ ਜੀ ਦਾ ਝਿੜਕਣਾ ਵੀ ਸਾਨੂੰ ਮਿੱਠਾ ਲੱਗਦਾ ਹੈ। ਕਾਨ੍ਹਪੁਰ ਗਿਆ ਜੇ ਕੁਝ ਪਲਾਂ ਲਈ ਵੀ ਗੋਗੀ, ਬੁੱਧੂ, ਬਿੱਲਾ, ਬਬਲੀ ਓਹਲੇ ਹੋ ਜਾਣ ਤਾਂ ਸੱਚੀ ਮੁੱਚੀ ਵਾਜਾਂ ਮਾਰਨ ਲੱਗ ਪੈਂਦਾ ਹਾਂ। ਸਾਰੇ ਹੀ ਪਿਆਰੇ ਹਨ ਸੰਬੰਧੀ ਪਰ ਪ੍ਰਭਜੋਤ ਸਿੰਘ ਅੰਗੀ ਸੰਗੀ ਲੱਗਦਾ ਹੈ। ਸਰਦਾਰ ਰਣਬੀਰ ਸਿੰਘ ਜੀ ਦੇ ਜਦ ਦਰਸ਼ਨ ਹੁੰਦੇ ਸਨ ਇਕ ਉਤਸ਼ਾਹ ਭਰ ਦੇਂਦੇ ਸਨ। ਬੜੀ ਕਮਾਈ ਸੀ ਉਹਨਾਂ ਦੀ।

ਇਕ ਗੱਲ ਦਾ ਮੈਨੂੰ ਚੇਤਾ ਰਹਿ-ਰਹਿ ਕੇ ਆਉਂਦਾ ਹੈ ਕਿ ਜਿਤਨਾ ਵੀ ਸ਼ੁਕਰ ਕਰਾਂ ਥੋੜ੍ਹਾ ਹੈ। ਮਹਾਂਕਵੀ ਭਾਈ ਸੰਤੋਖ ਸਿੰਘ ਜੀ ਵਰਗੇ ਮਹਾਨ ਵਿਦਵਾਨ,

ਜੀਵਨ ਭਰ ਗੁਰੂ ਮਹਿਮਾ ਲਿਖਣ ਵਾਲੇ ਨੇ ਆਪਣੀ ਜੋ ਹਾਲਤ ਇਕ ਕਬਿਤ ਵਿਚ ਦਰਜ ਕੀਤੀ, ਉਸ ਨੂੰ ਪੜ੍ਹ ਹੌਆ ਤੜਪਦਾ ਤਾਂ ਹੈ ਹੀ ਪਰ ਤ੍ਰਭਕ ਵੀ ਪੈਂਦਾ ਹੈ। ਇਸ ਨੂੰ ਪੜ੍ਹ ਤਾਂ ਮੈਂ ਕਿਤਨਾ ਹੀ ਚਿਰ ਹੱਥ ਜੋੜੀ ਸ਼ੁਕਰ ਦੇ ਘਰ ਹੀ ਰਿਹਾ। ਐਸਾ ਕਦੇ ਨਾ ਹੋਵੇ ਫਿਰ ਇਹ, ਇਹੋ ਮੇਰੀ ਅਰਦਾਸ ਹੈ। ਉਹ ਲਿਖਦੇ ਹਨ ਕਿ ਇਹ ਹੈ ਮੇਰੀ ਦਸ਼ਾ ਗੁਰੂ ਮਹਿਮਾ ਲਿਖ-ਲਿਖ, ਗਾ-ਗਾ ਕੇ ਕਿ :

*ਘਰ ਕੋ ਰੁਸਾਨੇ, ਸਭ ਅਪਨੇ ਭਏ ਬਿਗਾਨੇ*
*ਨਾਰੀ ਦੇਤ ਤਾਨੇ ; ਸੁਨ ਸਿਰ ਨਚਾਈਅਤ ਹੈ।*
*ਮਿੱਤਰ ਹੂੰ ਛੁਪਾਇ ਨੈਨ, ਸੁਧੇ ਹੂੰ ਨ ਬੋਲਹਿ ਬੈਨ,*
*ਮਨ ਮੈ ਨ ਧਰੈ ਜਾ ਕੇ ਢਿਗ ਜਾਈਅਤ ਹੈ।*
*ਦਵਾਰ ਪੈ ਕਰਜ਼ਦਾਰ, ਠਾਢੇ ਮੁਖ ਦੇਤ ਗਾਰ*
*ਬਿਨਾਂ ਰੋਜ਼ਗਾਰ, ਰੋਜ਼ ਗਾਰ ਖਾਈਅਤ ਹੈ।*

ਯਾਦ ਦੀ ਗਲੀ ਇਤਨੀ ਲੰਮੀ ਹੈ ਕਿ ਚਲੀ ਜਾਵਾਂ ਤਾਂ ਠਉਰ ਹੀ ਨ ਮਿਲੇ। ਅੱਜ ਸਿਰਫ਼ ਇਹ ਹੀ ਕਹਿਣਾ ਹੈ ਕਿ ਮੇਰੀ ਜ਼ਿੰਦਗੀ ਦੀ ਇਹ ਨਿਸਫ਼ ਸਦੀ ਨਿਰੀ ਖ਼ੁਸ਼ਕਿਸਮਤੀ ਦੀ ਦਾਸਤਾਨ ਹੈ।

ਮਾਂ ਬਾਪ ਅਜਿਹੇ ਜਿਨ੍ਹਾਂ ਸਿੱਖੀ ਕਮਾਈ, ਬਜ਼ੁਰਗਵਾਰ ਐਸੇ ਜਿਨ੍ਹਾਂ ਗੋਦ ਵਿਚ ਬਿਠਲਾ ਸਿੱਖੀ ਸਮਝਾਈ, ਗੁਰਦੁਆਰਾ ਅਜਿਹਾ ਜੋ ਸਤਿਸੰਗ ਦਾ ਨਮੂਨਾ, ਸਕੂਲ ਅਜਿਹਾ ਜੋ ਸੱਚਮੁੱਚ ਆਸ਼ਰਮ, ਉਸਤਾਦ ਅਜਿਹੇ ਜਿਨ੍ਹਾਂ ਦੀ ਲਗਾਈ ਛਾਪ ਕਦੇ ਮਿਟੇ ਨਾ, ਕਾਲਜ ਐਸਾ ਜਿੱਥੋਂ ਮਿਲਿਆ ਉਤਸ਼ਾਹ ਕਦੇ ਮੁੱਕੇ ਨਾ, ਜਥੇਬੰਦੀ ਅਜਿਹੀ ਜਿੱਥੇ ਸਦਾ ਮਾਣ, ਦੋਸਤ ਅਜਿਹੇ ਜਿਨ੍ਹਾਂ ਨਾਲ ਕਦੇ ਜ਼ਬਾਨ ਸਾਂਝੀ ਨਹੀਂ ਹੋਈ, ਭਰਾ ਅਜਿਹੇ ਜਿਨ੍ਹਾਂ ਕਹਿਆ ਕਦੇ ਟਾਲਿਆ ਨਹੀਂ, ਭਤੀਜੇ ਬੇਟਿਆਂ ਨਾਲੋਂ ਵੱਧ ਪਿਆਰ ਦੇਣ ਵਾਲੇ, ਘਰਵਾਲੀ 'ਨੇਕਜਨ', ਸਨਬੰਧੀ ਸਦਾ ਸਨੇਹੀ, ਬੱਚੀਆਂ ਭਲੀਆਂ, ਬੇਟਾ ਹੋਨਹਾਰ, ਪਬਲਿਸ਼ਰ ਸਦਾ ਰੀਝ ਨਾਲ ਛਾਪਣ ਵਾਲੇ, ਵਾਤਾਵਰਨ ਐਸਾ ਜਿੱਥੇ ਕਦੇ ਅਕੇਵਾਂ ਥਕੇਵਾਂ ਨਹੀਂ, ਸੋ ਇਹੀ ਅਰਦਾਸ ਹੈ ਕਿ ਹਰ ਆਉਣ ਵਾਲਾ ਪਲ, ਉਸ ਦੀ ਯਾਦ ਵਿਚ ਗੁਰੂ ਮਹਿਮਾ ਗਾਂਦਿਆਂ, ਪੜ੍ਹਦਿਆਂ, ਸੁਣਦਿਆਂ ਅਤੇ ਲਿਖਦਿਆਂ ਹੀ ਗੁਜ਼ਰੇ :

ਗੁਣ ਗਾਵਾ ਦਿਨ ਰਾਤਿ ਨਾਨਕ ਚਾਉ ਏਹੁ।

ਪਹਿਲਗਾਮ
ਅਗਸਤ ੩੧, ੧੯੮੧.
(ਪਹਲ ਰਾਤ ਪਿਛਲ)

–ਸਤਿਬੀਰ ਸਿੰਘ

# ਦੂਜਾ ਐਡੀਸ਼ਨ ਛਪਣ 'ਤੇ

## (ਇਹ ਵੀ ਯਾਦ ਦਾ ਹਿੱਸਾ ਹੈ)

ਮੇਰੀ ਇਹ ਇੱਛਾ ਸੀ ਕਿ ਗੁਰੂ ਸਾਹਿਬਾਨ ਦੀਆਂ ਦਸੋਂ ਜੀਵਨੀਆਂ ਮੁਕੰਮਲ ਹੋ ਜਾਣ ਤਾਂ ਸਾਰੀਆਂ ਨੂੰ ਸੁਨਹਿਰੀ ਜਿਲਦਾਂ ਵਿਚ ਮੜ੍ਹ ਕੇ ਸੋਨੇ ਦੇ ਹੀ ਬਕਸੇ ਵਿਚ ਰੱਖ ਸ੍ਰੀ ਦਰਬਾਰ ਸਾਹਿਬ ਦੀ ਦਲ੍ਹੀਜ਼ ਤੇ ਰੱਖਾਂ ।

ਗੁਰੂ ਪਾਤਸ਼ਾਹ ਨੇ ਉਹ ਘੜੀ ੧੯ ਅਕਤੂਬਰ ੧੯੮੧ ਨੂੰ ਲੈ ਆਂਦੀ ਜਦ ''ਪੂਰੀ ਹੋਈ ਕਰਾਮਾਤਿ'' ਦੀ ਜੀਵਨੀ ਛਪ ਤਿਆਰ ਹੋ ਗਈ । ਮਿੱਤਰਾਂ, ਵੀਰਾਂ ਤੇ ਸਨੇਹੀਆਂ ਨੇ ਬੜਾ ਪਿਆਰ ਜਤਲਾਇਆ । ਟ੍ਰਿਬਿਊਨ ਅੰਗਰੇਜ਼ੀ, ਹਿੰਦੀ, ਪੰਜਾਬੀ, ਇੰਡੀਅਨ ਐਕਸਪ੍ਰੈਸ ਦਿੱਲੀ ਤੇ ਚੰਡੀਗੜ੍ਹ, ਅਜੀਤ, ਅਕਾਲੀ ਪੱਤ੍ਰਕਾ, ਚੜ੍ਹਦੀ ਕਲਾ ਮਾਰਗ, ਦੇਸ ਪ੍ਰਦੇਸ ਲੰਡਨ ਤੇ ਹੋਰ ਅਨੇਕਾਂ ਅਖ਼ਬਾਰਾਂ ਨੇ ਪੂਰੇ-ਪੂਰੇ ਸਫ਼ੇ 'ਤੇ ਉਚੇਚੇ ਐਡੀਸ਼ਨ ਕੱਢ ਕੇ ਅਸ਼ੀਰਵਾਦ ਤੇ ਅਸੀਸ ਦਿੱਤੀ ਅਤੇ ਖ਼ੁਸ਼ੀ ਪ੍ਰਗਟਾਈ । ਸਰਦਾਰ ਕਰਤਾਰ ਸਿੰਘ ਜੀ ਦੁੱਗਲ ਨੇ 'ਫ਼ਰਾਮ ਮਾਈ ਬੁੱਕ ਸ਼ੈਲਫ਼' ਦੇ ਸਿਰਲੇਖਾਂ ਹੇਠਾਂ ਖ਼ਾਸ ਮਜ਼ਮੂਨ ਲਿਖਿਆ । ਪ੍ਰੋਫ਼ੈਸਰ ਹਰਬੰਸ ਸਿੰਘ ਜੀ ਨੇ 'ਓਵਰ ਏਟੀਨ ਹੰਡਰਡ ਪੇਜਜ਼ ਲਯੂਮਿਨਸ ਵਿਦ ਫੇਥ ਐਂਡ ਲਰਨਿੰਗ' ਦੇ ਸਿਰਲੇਖ ਹੇਠਾਂ ਇਕ ਮਜ਼ਮੂਨ ਲਿਖਿਆ । ਸਰਦਾਰ ਸਰੂਪ ਸਿੰਘ ਨੇ ਇਹਨਾਂ ਲਿਖਤਾਂ ਨੂੰ ''ਸੀ ਚੇਂਜ'' ਦਾ ਨਾਮ ਦਿੱਤਾ । ਹਰਿ ਕੀ ਪਉੜੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਉਪਰੰਤ ਪਹਿਲੀ ਵਾਰ ਪ੍ਰੋਫ਼ੈਸਰ ਦਰਸ਼ਨ ਸਿੰਘ ਜੀ ਨੇ :

*ਗੁਰ ਸਾਖੀ ਕਾ ਉਜਿਆਰਾ,*
*ਤਾਂ ਮਿਟਿਆ ਸਗਰ ਅੰਧਿਆਰਾ ॥*

ਦੀ ਟੇਕ ਰੱਖ ਗੁਰਬਾਣੀ ਰਾਹੀਂ ਗੁਰ ਇਤਿਹਾਸ ਦੁਹਰਾ ਕੇ ਤ੍ਰੰਗਾਂ ਛੇੜ ਦਿੱਤੀਆਂ । ਜਦ ਪ੍ਰੋਫ਼ੈਸਰ ਸਾਹਿਬ ਨੇ ਇਹ

*ਗੁਰ ਸਾਖੀ ਅੰਤਰਿ ਜਾਗੀ,*
*ਤਾਂ ਚੰਚਲ ਮਤ ਤਿਆਗੀ ॥*

ਦੀ ਤੁੱਕ ਗਾਈ ਤਾਂ ਮੇਰੇ ਕੀ, ਸਭਨਾਂ ਦੇ ਨੈਣ ਛਲਕ ਪਏ । ਇਹ ਇਕ ਦ੍ਰਿਸ਼ ਸੀ । ਸ੍ਰੀ ਹਰਿਮੰਦਰ ਸਾਹਿਬ ਦੇ ਸਾਰੇ ਪੂਜ ਗ੍ਰੰਥੀ ਸਾਹਿਬਾਨ, ਹੈੱਡ ਗ੍ਰੰਥੀ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ ਸਮੇਤ ਦਰਸ਼ਨ ਦੇ ਰਹੇ ਸਨ । ਹਰਿ ਕੀ ਪਉੜੀ ਦੀ ਰੌਸ ਤੇ ਸੰਤ ਹਰਿਚੰਦ ਸਿੰਘ ਜੀ ਲੌਂਗੋਵਾਲ ਤੇ ਸਰਦਾਰ ਗੁਰਚਰਨ ਸਿੰਘ ਜੀ ਟੌਹੜਾ ਸਭ ਮਿੱਤਰਾਂ, ਵੀਰਾਂ, ਸਨੇਹੀਆਂ, ਸੰਬੰਧੀਆਂ ਨਾਲ ਬੈਠੇ ਸਨ ।

ਅਰਦਾਸ ਆਪੁੰ ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ ਜੀ ਅਜਨੋਹਾ, ਜਥੇਦਾਰ ਅਕਾਲ ਤਖ਼ਤ ਨੇ ਕੀਤੀ । ਬੜੇ ਭਾਵਕ ਹੋ ਕੇ ਉਹਨਾਂ ਜਦ ਇਹ

ਬਚਨ ਕਹੇ : ਤੁਸਾਂ ਹੀ ਆਪਣੇ ਬਾਲਕ ਸਤਿਬੀਰ ਸਿੰਘ ਕੋਲੋਂ ਇਹ ਕਾਰਜ ਕਰਵਾਇਆ ਹੈ, ਅੱਗੋਂ ਵੀ ਤੁਸਾਂ ਨੇ ਹੀ ਕਰਵਾਉਣਾ ਹੈ । ਤੇਰਾ ਸ਼ੁਕਰ ਕਰਨ ਲਈ ਆਏ ਹਨ, ਤਾਂ ਝੁਣਝੁਣੀ ਜਹੀ ਛਿੜੀ ਮਹਿਸੂਸ ਹੋਈ । ਆਪਣੀ ਹੱਥੀਂ ਹੀ ਅਕਾਲ ਤਖ਼ਤ ਦੇ ਜਥੇਦਾਰ ਜੀ ਨੇ ਸਿਰੋਪਾ ਵੀ ਪਹਿਨਾਇਆ । ਵਾਕ ਸਿੰਘ ਸਾਹਿਬ ਭਾਈ ਸਾਹਿਬ ਸਿੰਘ ਜੀ ਨੇ ਲਿਆ । ਵਾਕ ਕੀ ਸੀ ਜਿਵੇਂ ਆਪ ਗੁਰੂ ਅਰਜਨ ਦੇਵ ਜੀ ਪਿੱਠ 'ਤੇ ਹੱਥ ਫੇਰ ਰਹੇ ਹੋਣ ।

ਵਾਕ ਦੇ ਸ਼ਬਦ ਸਨ :

*ਬਿਲਾਵਲੁ ਮਹਲਾ ੫ ॥*
*ਗੋਬਿੰਦ ਗੋਬਿੰਦ ਮਈ ॥*
*ਜਬ ਤੇ ਭੇਟੇ ਸਾਧ ਦਇਆਰਾ,*
*ਤਬ ਤੇ ਦੁਰਮਤਿ ਦੂਰ ਭਈ ॥ ੧ ॥ ਰਹਾਉ ॥*
*ਪੂਰਨ ਪੂਰਿ ਰਹਿਓ ਸੰਪੂਰਨ,*
*ਸੀਤਲ ਸਾਂਤਿ ਦਇਆਲ ਦਈ ॥*
*ਕਾਮ ਕ੍ਰੋਧ ਤ੍ਰਿਸਨਾ, ਅਹੰਕਾਰਾ,*
*ਤਨ ਤੇ ਹੋਏ ਸਗਲ ਖਈ ।*
*ਸਤੁ ਸੰਤੋਖ ਦਇਆ ਧਰਮੁ ਸੁਚਿ,*
*ਸੰਤਨ ਤੇ ਇਹੁ ਮੰਤੁ ਲਈ ॥*
*ਕਹੁ ਨਾਨਕ ਜਿਨਿ ਮਨਹੁ ਪਛਾਨਿਆ,*
*ਤਿਨ ਕਉ ਸਗਲੀ ਸੋਝ ਪਈ ॥ ੨ ॥ ੪ ॥ ੯੦ ॥* (ਪੰਨਾ ੮੨੨)

ਤੇਜਾ ਸਿੰਘ ਸਮੁੰਦਰੀ ਹਾਲ ਸ਼ੁਕਰਾਨੇ ਦਾ ਸਮਾਗਮ ਹੋਇਆ, ਜਿਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਿਰੋਪਾ ਪਹਿਨਾਇਆ ਗਿਆ । ਅਥਾਹ ਪਿਆਰ ਸਭ ਨੇ ਦਰਸਾਇਆ । 'ਪੂਰੀ ਹੋਈ ਕਰਾਮਾਤਿ' ਦੀ ਦੂਜੀ ਐਡੀਸ਼ਨ ਛਪਣ 'ਤੇ ਇਹ ਇਤਿਹਾਸਕ ਯਾਦ ਲਿਖੀ ਹੈ ਤਾਂ ਕਿ ਧੁਰ ਯਾਦ ਦੀ ਗਲੀ ਦਾ ਹਿੱਸਾ ਬਣ ਜਾਵੇ ।

ਦੂਜੇ ਐਡੀਸ਼ਨ ਦੀ ਛਪਵਾਈ ਤੇ ਸੁਧਾਈ ਦੇ ਕਾਰਜ ਨੂੰ ਵੀਰ ਸਰਦਾਰ ਹਜ਼ਾਰਾ ਸਿੰਘ ਜੀ ਡਾਇਰੈਕਟਰ ਪਬਲੀਕੇਸ਼ਨ ਪੰਜਾਬੀ ਯੂਨੀਵਰਸਿਟੀ ਨੇ ਕਰ ਕੇ ਮੈਨੂੰ ਰਿਣੀ ਬਣਾਇਆ ਹੈ । ਹੁਣ ਤਾਂ ਮੈਂ ਉਸ ਉਡੀਕ ਵਿਚ ਹਾਂ ਕਦ ਗੁਰੂ ਗ੍ਰੰਥ ਸਾਹਿਬ ਦੇ ''ਸਾਰ ਵਿਸਥਾਰ'' ਦੀਆਂ ਜਿਲਦਾਂ ਛੱਪ ਪਾਠਕਾਂ ਦੇ ਹੱਥ ਦੇਖਾਂ ।

*ਗੁਰੂ ਉਹ ਘੜੀ ਵੀ ਛੇਤੀ ਲਿਆਵੇ ।*
*ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨ ਦੀਜੈ ॥*

ਪਹਿਲਗਾਮ
ਦਸੰਬਰ ੧੫, ੧੯੮੩, —ਸਤਿਬੀਰ ਸਿੰਘ

## ਸਮਝਾ ਸਾਖੀਐ

### (ਤੀਸਰਾ ਐਡੀਸ਼ਨ ਛਪ ਆਉਣ 'ਤੇ)

ਕਈ ਵਾਰ ਜਦ ਮੈਂ ਬਖ਼ਸ਼ਸ਼ ਦੇ ਘਰ ਹੁੰਦਾ ਹਾਂ ਤਾਂ ਮੈਨੂੰ ਮਹਿਸੂਸ ਹੁੰਦਾ ਹੈ ਕਿ ਕੋਈ ਵਿਰਲਾ ਹੀ ਹੋਵੇਗਾ ਲੇਖਕ ਜਿਸ ਦੀ ਪੁਸਤਕ ਨੂੰ ਪਾਠਕ ਵੀ ਮਿਲਣ ਤੇ ਪਿਆਰ ਵੀ। ਗੁਰੂ ਦੀ ਮੇਹਰ ਹੈ ਕਿ ਰਚੀ ਹਰ ਪੁਸਤਕ ਨੂੰ ਪਾਠਕ ਤੇ ਸਰੋਤੇ ਲਗਾਤਾਰ ਆਦਰ ਦੇ ਰਹੇ ਹਨ। 'ਪੂਰੀ ਹੋਈ ਕਰਾਮਾਤਿ' ਦੇ ਮੁੱਖਬੰਦ ਵਜੋਂ ਲਿਖੀ **'ਧੁਰ ਯਾਦ ਦੀ ਗਲੀ'** ਵਿਚ ਮੈਂ ਆਸ ਪ੍ਰਗਟਾਈ ਸੀ ਕਿ ਗੁਰੂ ਮਿਹਰ ਦਾ ਹੱਥ ਰੱਖੀ ਰਖਿਆ ਤਾਂ ਸਿੱਖ ਇਤਿਹਾਸ ਦੀਆਂ ਸਾਰੀਆਂ ਮੁੱਢਲੀਆਂ ਸਰੋਤਾਂ ਵਿਚ ਤਾਰੀ ਲਗਾ ਜੋ ਰਤਨ ਗੁੱਝੇ ਪਏ ਹਨ ਨਿਕਾਲ ਨਾਲੋ ਨਾਲ ਪ੍ਰਗਟ ਕਰੀ ਜਾਵਾਂਗਾ। ਇਸ ਸਿਲਸਿਲੇ ਦੀ ਪਹਿਲੀ ਕਿਤਾਬ **'ਆਦਿ ਸਿੱਖ ਤੇ ਆਦਿ ਸਾਖੀਆਂ'** ਲਿਖੀ ਸੀ ਜੋ ਨਾ ਸਿਰਫ ਪਸੰਦ ਕੀਤੀ ਗਈ ਸਗੋਂ ਅਨੇਕਾਂ ਪਾਠਕਾਂ ਨੇ ਲਿਖਿਆ ਕਿ ਇਸ ਸਿਲਸਿਲੇ ਨੂੰ ਜਾਰੀ ਰੱਖ ਕੇ ਬਾਕੀ ਪੁਸਤਕਾਂ ਵੀ ਨਾਲੋ ਨਾਲ ਦਈ ਚਲੋ। ਸੋ **'ਕਥਾ ਪੁਰਾਤਨ ਇਉਂ ਸੁਣੀ'** ਦੇ ਸਿਰਲੇਖ ਹੇਠ ਪਹਿਲੀ ਪੁਸਤਕ ਪਾਠਕਾਂ ਹੱਥ ਛੇਤੀ ਛਾਪ ਦੇ ਰਿਹਾ ਹਾਂ ਜਿਸ ਵਿਚ ਮੂਲ ਸਰੋਤਾਂ ਦਾ ਤੱਤ ਹੈ– ਇਕ ਹੀ ਦੇਖੋ।

ਹਰ ਕੋਈ ਦੁੱਖ ਭੰਜਨੀ ਦੀ ਸਾਖੀ ਸੁਣਾਉਣ ਵੇਲੇ ਕਹਿੰਦਾ ਹੈ ਕਿ ਪਿੰਗਲੇ ਨੂੰ ਦੁੱਖ ਭੰਜਨੀ ਲਾਗੇ ਛੱਡ ਜਦ ਰਜਨੀ ਪਿੰਡ ਕੁਝ ਕੁ ਆਹਾਰ ਇਕੱਠਾ ਕਰਨ ਗਈ ਤਾਂ ਪਿੰਗਲੇ ਕੀ ਡਿੱਠਾ ਕਿ ਦੋ ਕਾਂ ਦੁੱਖ ਭੰਜਨੀ ਵਿਚ ਤਾਰੀ ਮਾਰ ਬਾਹਰ ਨਿਕਲੇ ਤਾਂ ਹੰਸ ਹੋਏ ਪਰ ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿਚ ਲਿਖਿਆ ਹੈ ਕਿ ਵੈਸਾਖੀ ਵਾਲਾ ਦਿਨ ਸੀ। ਇਕ ਕਾਂ ਅੱਗੋਂ ਹੀ ਬੇਰੀ ਤੇ ਬੈਠਾ ਹੋਇਆ ਸੀ। ਕਾਂ ਨੂੰ ਕਿਥੇ ਸਾਰ ਹੈ ਅੰਮ੍ਰਿਤ ਦੇ ਸਰ ਦੀ। ਇਤਨੇ ਨੂੰ ਦੂਰੋਂ ਇਕ ਹੋਰ ਕਾਂ ਉੱਡਦਾ ਆਇਆ। ਉਸ ਦੀ ਚੁੰਝ ਵਿਚ ਰੋਟੀ ਦਾ ਇਕ ਟੁੱਕੜਾ ਸੀ। ਰੋਟੀ ਦੇ ਟੁੱਕੜੇ ਨੂੰ ਦੇਖ ਦੁੱਖ ਭੰਜਨੀ ਵਾਲਾ ਕਾਂ ਉਸ 'ਤੇ ਲਪਕਿਆ। ਖੋਹ ਖਿੰਜ ਝੱਪਟੀ ਵੇਲੇ ਦੋਵੇਂ ਹੀ ਦੁੱਖ ਭੰਜਨੀ ਵਿਚ ਜਾ ਡਿੱਗੇ ਤੇ ਜਦ ਬਾਹਰ ਖੰਭ ਝਾੜ ਉੱਡੇ ਤਾਂ ਉਹ ਹੰਸ ਬਣੇ ਹੋਏ ਸਨ। ਇਹ ਦ੍ਰਿਸ਼ ਦੇਖਿਆ ਸੀ ਪਿੰਗਲੇ ਨੇ। ਗੁਰ ਬਿਲਾਸ ਪਾਤਸ਼ਾਹੀ ਛੇਵੀਂ ਦੇ ਸ਼ਬਦਾਂ ਵਿਚ :

*ਵਿਸਾਖੀ ਪੁਰਬੀ ਦਿਨ ਤਬੈ ਕੋਤਕ ਭਯੋ ਮਹਾਇ । ੧੩੦ ।*
*ਯਾਹਿ ਠੋਰ ਛਪੜੀ ਤਬ ਜਾਨੋ ।*

*ਅੰਮ੍ਰਿਤ ਕੁੰਡ ਤਾਹਿ ਪਹਿਚਾਨੋਂ ।*
*ਉਪਰ ਬੇਰ ਕਾਗ ਇਕ ਸੋਹੈ ।*
*ਆਯੋ ਦੂਤੀ ਟੂਕ ਮੁਖ ਜੋਹੈ । ੧੩੧ ।*
*ਖੋਸਨ ਲਾਗਾ ਤਾਹਿ ਤੇ ਸੋਈ ।*
*ਲਰੇ ਪਰਸਪਰ ਆਤ ਰਿਸ ਹੋਈ ।*
*ਲਰਤ ਲਰਤ ਦੋਈ ਗਿਰ ਪਰੇ ।*
*ਛਪੜੀ ਮੱਧ ਡੂਬ ਤਿਸ ਤਰੇ । ੧੩੨ ।*

ਦੋਹਰਾ :-*ਉਜਲ ਹੰਸ ਸਰੂਪ ਧਰ, ਛਾਰ ਪੰਖ ਸੁਖ ਪਾਇ ।*
*ਮਾਨ ਸਰੋਵਰ ਕੋ ਚਲੇ ਦੋਊ ਹਰਖ ਗੁਣ ਗਾਇ । ੧੩੩ ।*

(ਅਸਟ ਦਸੋ ਧਿਆਇ)

ਤੱਤ ਇਹ ਲੁਕਿਆ ਸੀ ਜਿਸ ਵੱਲ ਸਾਡਾ ਧਿਆਨ ਨਹੀਂ ਗਿਆ ਕਿ ਝਗੜਾਲੂ, ਤ੍ਰਿਸ਼ਨਾਲੂ ਵੀ ਜੇ ਅੰਮ੍ਰਿਤਸਰ ਆਵੇ, ਨ੍ਹਾਵੇ ਤੇ ਫਿਰ ਕਮਾਵੇ ਤਾਂ ਹੰਸ ਹੋ ਆਤਮਿਕ ਦੇ ਮੰਡਲਾਂ ਵਿਚ ਉਡਾਰੀਆਂ ਲਗਾ ਸਕਦਾ ਹੈ ।

ਇਸ ਨਵੇਂ ਸੋਧੇ ਹੋਏ ਐਡੀਸ਼ਨ ਵਿਚ ਕੁਝ ਕੁ ਪੁਰਾਤਨ ਹਵਾਲੇ ਦੇ ਕੇ ਗੁਰੂ ਰਾਮਦਾਸ ਜੀ ਦੀ ਪਾਵਨ ਸ਼ਖ਼ਸੀਅਤ 'ਤੇ ਹੋਰ ਚਾਨਣਾ ਪਾਇਆ ਹੈ । ਬੂਟੇ ਸ਼ਾਹ ਦੀ ਤਾਰੀਖ਼-ਇ-ਪੰਜਾਬ ਦੇ ਕਈ ਜ਼ਰੂਰੀ ਹਵਾਲੇ ਵੀ ਦਿੱਤੇ ਹਨ । ਬੂਟੇ ਸ਼ਾਹ ਦਾ ਇਹ ਲਿਖਣਾ ਕਿ ਅਕਬਰ ਦੇ ਦਰਬਾਰ ਵਿਚ ਇਕ ਵਾਰੀ ਗੱਲ ਚੱਲੀ ਕਿ ਕੋਈ ਜਗਤ ਵਿਚ ਐਸਾ ਵੀ ਹੈ ਜਿਸ ਦਾ ਪੂਰਨ ਭਰੋਸਾ ਪ੍ਰਭੂ 'ਤੇ ਹੋਵੇ ਤਾਂ ਇਕ ਅਹਿਲਕਾਰ ਨੇ ਕਿਹਾ : ''ਹਾਂ ਐਸੇ ਇਕੋ ਗੁਰੂ ਰਾਮਦਾਸ ਜੀ ਹਨ ਜੋ ਰਿੱਜ ਲਈ ਕੁਝ ਵੀ ਕੱਲ੍ਹ ਲਈ ਬਚਾ ਕੇ ਨਹੀਂ ਰੱਖਦੇ ।'

ਮੈਨੂੰ ਇਹ ਦੱਸਣ ਵਿਚ ਵੀ ਖ਼ੁਸ਼ੀ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਸਾਰ-ਵਿਸਥਾਰ ਦੀ ਚੌਥੀ ਸੈਂਚੀ ਤਿਆਰ ਹੋ ਗਈ ਹੈ ਅਤੇ ਛੇਤੀ ਹੀ ਪਾਠਕਾਂ ਹੱਥ ਪਹੁੰਚਾ ਪ੍ਰਸੰਨਤਾ ਲਵਾਂਗਾ ।

*ਹਰਿ ਕੈ ਦਿਤੇ ਨਾਲਿ*
*ਕਿਸੈ ਜੋਰੁ ਬਖੀਰੀ ਨ ਚਲਈ*
*ਦਿਹੁ ਦਿਹੁ,*
*ਨਿਤ, ਨਿਤ*
*ਚੜੈ ਸਵਾਇਆ ।*

-ਸਤਿਬੀਰ ਸਿੰਘ

ਪਟਿਆਲਾ
ਵੈਸਾਖੀ, ੧੯੯੦ ।

# 1

## ਲਾਹੌਰ

## ਵੰਸ਼, ਪ੍ਰਕਾਸ਼ ਤੇ ਬਾਲਪਣ

ਚੂਨਾ ਮੰਡੀ — ਲਾਹੌਰ ਭਾਵੇਂ ਦਰਿਆ ਰਾਵੀ ਦੇ ਕਿਨਾਰੇ ਵਸਿਆ ਸ਼ਹਿਰ ਹੈ ਪਰ ਰਤਾ ਕੁ ਗਹੁ ਨਾਲ ਦੇਖਿਆਂ ਅਤੇ ਬਾਜ਼ਾਰਾਂ ਵਿਚ ਘੁੰਮਿਆਂ ਇਹ ਪ੍ਰਤੀਤ ਹੋਵੇਗਾ ਕਿ ਇਹ ਉੱਚੇ ਟਿਲਿਆਂ 'ਤੇ ਉਸਰਿਆ ਸ਼ਹਿਰ ਹੈ। ਕਿਤਨੇ ਹੀ ਅਜਿਹੇ ਥਾਂ ਹਨ ਜਿਨ੍ਹਾਂ 'ਤੇ ਪੌੜੀਆਂ ਚੜ੍ਹ ਕੇ ਜਾਣਾ ਪੈਂਦਾ ਹੈ। ਇਕ ਐਸੇ ਹੀ ਟਿੱਲੇ 'ਤੇ ਚੂਨਾ ਮੰਡੀ ਦਾ ਪ੍ਰਸਿੱਧ ਅਸਥਾਨ ਹੈ।

ਜਦ ਰੁਸ਼ਨਾਈ ਦਰਵਾਜ਼ੇ ਤੋਂ ਸ਼ੇਰਾਂ ਵਾਲਾ ਗੇਟ ਵੱਲ ਜਾਈਏ ਅਤੇ ਮਸਤੀ ਗੇਟ ਤੋਂ ਪਹਿਲੇ ਮੋੜ ਵੱਲ ਮੁੜੀਏ ਤਾਂ ਪਹਿਲਾਂ ਵੱਡਾ ਚੌਂਕ ਚੂਨਾ ਮੰਡੀ ਦਾ ਹੀ ਆਉਂਦਾ ਹੈ। ਫਿਰ ਚੂਨਾ ਮੰਡੀ ਦਾ ਬਾਜ਼ਾਰ ਅਤੇ ਮਹੱਲਾ ਹੈ। ਇਸ ਲਾਗੇ ਹੀ ਡੱਬੀ ਬਾਜ਼ਾਰ ਦੇ ਨਾਲ ਹੀ ਲੱਗਦਾ ਚੌਂਕ ਕੋਤਵਾਲੀ, ਚੌਂਕ ਵਜ਼ੀਰ ਖ਼ਾਨ ਤੇ ਚੋਹਟਾ ਬਾਜ਼ਾਰ ਦੀ ਉਹ ਦੁਨੀ ਚੰਦ ਦੀ ਪ੍ਰਸਿੱਧ ਹਵੇਲੀ ਹੈ ਜਿੱਥੇ ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਦੀਆਂ ਪਹਿਲੀਆਂ ੧੫ ਪਉੜੀਆਂ ਉਚਾਰ ਦੁਨੀ ਚੰਦ ਦਾ ਗੁਮਾਨ ਉਤਾਰਿਆ ਸੀ। ਲਾਹੌਰ ਸ਼ਹਿਰ ਬਾਰੇ ਬਚਨ ਵੀ ਕਹੇ ਸਨ ਕਿ ''ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ''। ਸ਼ਹਿਰੀ ਜ਼ਿੰਦਗੀ ਵਿਚ ਜ਼ਹਿਰ ਹੈ। ਹਰ ਚੀਜ਼ ਜ਼ਹਿਰੀਲੀ, ਹਰ ਸ਼ੈਅ ਮਿਲਾਵਟ ਵਾਲੀ ਤੇ ਹਰ ਕੋਈ ਇਕ ਦੂਜੇ 'ਤੇ ਕਹਿਰ ਢਾਹ ਕੇ ਆਪਣਾ ਨਿਰਬਾਹ ਕਰਦਾ ਹੈ। ਸਭ ਕੁਝ ਮਿਲ ਜਾਏਗਾ ਸ਼ਹਿਰ ਵਿਚ ਪਰ ਅੰਮ੍ਰਿਤ ਵੇਲਾ ਨਹੀਂ ਮਿਲੇਗਾ। ''ਸਵਾ ਪਹਰ'' ਸੁੱਤਿਆਂ ਹੀ ਗਵਾ ਦੇਂਦੇ ਹਨ ਸ਼ਹਿਰੀ। ਲਾਹੌਰ ਇਸ ਦਾ ਪ੍ਰਤੀਕ ਸੀ। ਘੂਕ ਸੁੱਤਿਆਂ ਨੂੰ ਗੁਰੂ ਨਾਨਕ ਦੇਵ ਜੀ ਨੇ ਆ ਜਗਾਇਆ ਸੀ।

ਇਸ ਲਾਗਲੀ ਚੂਨਾ ਮੰਡੀ ਵਿਚ ਮਾਣਕ ਦੀਆਂ ਕਣੀਆਂ ਤੇ ਲਾਲ ਰਤਨਾਂ ਦੇ ਨਿੱਕੇ-ਨਿੱਕੇ ਟੁੱਕੜਿਆਂ ਦਾ ਵਪਾਰ ਹੁੰਦਾ ਸੀ। ਚੂਨੀ ਦਾ ਅਰਥ ਹੀ 'ਮਾਣਕ

ਦੀ ਕਣੀ' ਜਾਂ 'ਲਾਲ ਰਤਨ ਦਾ ਛੋਟਾ ਟੁਕੜਾ' ਹੈ । ਏਥੇ ਵਸੇਬਾ ਉਹਨਾਂ ਲੋਕਾਂ ਦਾ ਸੀ ਜਿਨ੍ਹਾਂ ਦਾ ਕਿੱਤਾ ਜਾਂ ਸ਼ਾਹੂਕਾਰਾ ਸੀ ਜਾਂ ਵਪਾਰ । ਸੋਢੀ ਕੁਲ ਦੇ ਬਹੁਤੇ ਲੋਕੀਂ ਇਸੇ ਇਲਾਕੇ ਵਿਚ ਰਹਿੰਦੇ ਸਨ । ਕਈ ਪਾਸਿਆਂ ਤੋਂ ਘੁੰਮ ਫਿਰ ਸੋਢੀਆਂ ਨੇ ਆਪਣਾ ਪੱਕਾ ਵਸੇਬਾ ਇਥੇ ਬਣਾ ਲਿਆ ਸੀ । ਇਸੇ ਹੀ ਚੂਨਾ ਮੰਡੀ ਇਕ ਐਸੇ ਲਾਲ ਰਤਨ ਦਾ ਪ੍ਰਕਾਸ਼ ਹੋਇਆ ਜਿਸ ਦੇ ਚਾਨਣ ਦੀਆਂ ਕਿਰਨਾਂ ਨੇ ਜਗਤ ਨੂੰ ਰੁਸ਼ਨਾਇਆ ।

**ਧੰਨ ਸੁ ਵੰਸ** — ਬਚਿੱਤਰ ਨਾਟਕ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ 'ਕਵਿ ਵੰਸ ਵਰਨਣ' ਦੇ ਸਿਰਲੇਖ ਹੇਠਾਂ ਜ਼ਿਕਰ ਕੀਤਾ ਹੈ ਕਿ 'ਲਵ ਦੀ ਵੰਸ ਸੋਢੀਆਂ' ਤੇ 'ਕੁਸੀ' ਵਿਚਕਾਰ ਘਮਸਾਣ ਦਾ ਯੁੱਧ ਹੋਇਆ । ਕੁਸੀ ਹਾਰ ਗਏ, ਬਹੁਤ ਮਾਰੇ ਗਏ ਪਰ ਜੋ ਬਚ ਗਏ ਉਹ ਕਾਂਸ਼ੀ ਬਨਾਰਸ ਚਲੇ ਗਏ । ਉਥੇ ਉਹਨਾਂ ਨੇ ਸਾਲਾਂ ਬੱਧੀ ਮਿਹਨਤ ਕਰ ਕੇ ਵੇਦਾਂ ਦਾ ਅਧਿਐਨ ਕੀਤਾ । ਜੀਵਨ ਨੂੰ ਸੁਚੱਜੇ ਢੰਗ ਵਿਚ ਢਾਲਿਆ । ਵੇਦਾਂ ਦੇ ਗਯਾਤਾ ਹੋਣ ਕਾਰਨ ਉਹ ਬੇਦੀ ਕਹਿਲਾਏ । ਇਸੇ ਲਈ ਖ਼ਾਨਦਾਨ ਦੇ ਇਕ ਰੁਕਨ 'ਕਾਲ ਰਾਇ' ਨੇ ਜਦ ਸਨੌਢ ਦੇਸ਼ ਦੇ ਰਾਜੇ ਦੀ ਪੁੱਤਰੀ ਵਿਆਹੀ ਅਤੇ ਘਰ ਬੇਟਾ ਜਨਮਿਆ ਤਾਂ ਉਸ ਦਾ ਨਾਮ ਸਨੌਢ ਰਾਇ ਰਖਿਆ ਗਿਆ ।

ਬਚਿੱਤਰ ਨਾਟਕ ਵਿਚ ਆਏ ਸ਼ਬਦ ਅਨੁਸਾਰ :

*ਕਾਲ ਕੇਤੁ ਭਯੋ ਬਲੀ ਅਪਾਰਾ ।*
*ਕਾਲਰਾਇ ਜਿਨ ਨਗਰ ਨਿਕਾਰਾ ।*
*ਭਾਜਿ ਸਨੌਢ ਦੇਸ਼ਿ ਤੇ ਗਏ ।*
*ਤਹੀ ਭੂਪਜਾ ਬਿਆਹਤ ਭਏ । ੨੮ ।*
*ਤਿਹ ਤੇ ਪੁਤ੍ਰ ਭਯੋ ਜੋ ਧਾਮਾ ।*
*ਸੋਢੀ ਰਾਇ ਧਰਾ ਤਿਹਿ ਨਾਮਾ ।*
*ਬੰਸ ਸਨੌਢ ਤਦਿਨ ਤੇ ਥੀਆ ।*
*ਪਰਮ ਪਵਿੱਤਰ ਪੁਰਖੁ ਜੁ ਕੀਆ । ੨੯ ।*

ਜਦ 'ਲਵੀ' ਲੋਕਾਂ ਨੂੰ ਇਹ ਪਤਾ ਲੱਗਾ ਕਿ ਉਹਨਾਂ ਦੇ ਭਾਈ ਬੰਧ ਵਿੱਦਿਆ ਪ੍ਰਾਪਤ ਕਰ ਕੇ ਉੱਘੇ ਹੋ ਗਏ ਹਨ ਤਾਂ ਸੁਨੇਹੇ ਘੱਲੇ ਕਿ ਉਹ ਮੁੜ ਪੰਜਾਬ ਵਾਪਸ ਆਉਣ । ਜਦ ਕਈ ਵਾਰੀ ਪੱਤਰ ਲਿਖ ਭੇਜੇ ਤਾਂ ਬੇਦੀ ਲੋਕ ਪੰਜਾਬ ਆਏ ਤੇ ਉਹਨਾਂ ਕੋਲੋਂ 'ਲਵੀ ਸੋਢੀ' ਨੇ ਵੇਦ-ਪਾਠ ਸੁਣਨਾ ਚਾਹਿਆ । ਜਦ ਉਹਨਾਂ ਤਿੰਨ ਵੇਦਾਂ ਦਾ ਪਾਠ ਸੁਰ ਨਾਲ ਸੁਣਾਇਆ ਤਾਂ 'ਸੋਢੀ' ਨੇ ਰਾਜ ਸਿੰਘਾਸਨ ਉਹਨਾਂ

1. ਇਹ ਅਜੈ ਸਿੰਘ ਦੀ ਸੰਤਾਨ ਦਾ ਉਹ ਇਲਾਕਾ ਹੈ ਜੋ 'ਸਨੌਢਾਂ' ਨਾਂ ਦੀ ਇਕ ਔਰਤ ਦੇ ਕੁੱਖੋਂ ਜਨਮੇਜਾ ਦਾ ਪੁੱਤਰ ਸੀ ।

ਦੇ ਹਵਾਲੇ ਕਰ ਦਿੱਤਾ ਅਤੇ ਆਪ ਬਨਵਾਸੀ ਹੋ ਗਿਆ :

*ਰਹਾ ਗੀਤ ਰਾਜਾ । ੪ ।*
*ਦੀਆ ਸਰਬ ਸਾਜਾ ।*
*ਲਯੋ ਬਨ ਬਾਸੰ ।*

ਤਖ਼ਤ 'ਤੇ ਬੈਠਣ ਵਾਲੇ ਦਾ ਨਾਮ 'ਅੰਮ੍ਰਿਤ ਰਾਇ' ਸੀ ਅਤੇ ਬਨਬਾਸੀ ਰਾਜੇ ਦਾ ਨਾਮ 'ਜਗਤ ਰਾਇ' ਸੀ ।

ਬੇਦੀ ਵੀ ਸਰਬ ਸੁੱਖਾਂ ਦਾ ਸਮਾਨ ਦੇਖ ਆਪਾ ਭੁੱਲ ਗਏ । ਸੁਰਤਿ ਨਿਵਾਣ ਵੱਲ ਚਲੀ ਗਈ । ਕੁਕਰਮ ਕਰਨ ਲੱਗ ਪਏ । ਰਾਜ ਜਾਂਦਾ ਦਿੱਸਿਆ ਹੀ ਨਾ । ਕੇਵਲ ਵੀਹ ਪਿੰਡ ਰਹਿ ਗਏ ਜਿਨ੍ਹਾਂ ਵਿਚ ਇਸ ਅੰਸ ਦੇ ਲੋਕੀਂ ਕਿਰਸਾਣੀ ਕਰ ਕੇ ਨਿਰਬਾਹ ਕਰਦੇ ਸਨ ।

ਉਧਰ ਭਟਕ ਭਟਕ ਜਦ ਸੋਢੀਆਂ ਨੂੰ ਕਿਧਰੇ ਚੈਨ ਨਾ ਆਇਆ ਤਾਂ ਉਹ ਦਰਬਾਰ, ਕਾਰ-ਵਿਹਾਰ ਤੇ ਵਪਾਰਾਂ ਵਿਚ ਪੈ ਗਏ । ਕਈ ਲੇਖਾ ਜੋਖਾ ਤੇ ਮੁਨੀਮੀ ਕਰਨ ਲੱਗੇ ਅਤੇ ਕਈਆਂ ਨੇ ਸ਼ਾਹੂਕਾਰਾ ਧੰਦਾ ਅਪਣਾ ਲਿਆ । ਬੁੱਧੀ ਤੀਖਣ ਤੇ ਸੁਭਾਅ ਉਤਸ਼ਾਹੀ ਹੋਣ ਕਾਰਨ ਉਹ ਜਿੱਥੇ ਵੀ ਬੈਠੇ ਕਾਮਯਾਬ ਹੋਏ । ਸ਼ਾਹੂਕਾਰਾ ਕਰਨ ਵੇਲੇ, ਲੈਣ ਦੇਣ ਸਮੇਂ ਉਹ ਸੂਦ-ਖ਼ੋਰਾਂ ਵਾਂਗੂੰ ਸਖ਼ਤੀ ਨਹੀਂ ਸਨ ਕਰਦੇ ਸਗੋਂ ਬੜੀ ਸਹੂਲਤ ਦੇਂਦੇ ਸਨ । ਵਾਰ ਅੱਠਵੀਂ ਦੀ ਪਉੜੀ ਦੱਸਵੀਂ ਵਿਚ ਇਸ ਵੰਸ਼ ਦਾ ਹਾਲ ਦੱਸਦੇ ਹੋਏ ਬੜੀ ਭਾਵ ਪੂਰਤ ਗੱਲ ਭਾਈ ਗੁਰਦਾਸ ਜੀ ਨੇ ਲਿਖੀ ਹੈ ਕਿ ਉਹ ਸਭ ਜਾਤਾਂ ਦੇ ਗੇੜ ਵਿਚ ਫਸੇ ਹਨ ਪਰ ਕੁਝ ਐਸੇ ਹਨ ਜਿਨ੍ਹਾਂ 'ਤੇ ਅਕਾਲ ਪੁਰਖ ਦੀ ਮੇਹਰ ਹੋ ਗਈ, ਉਹ ਧਰਮ ਪਛਾਣ ਗਏ । ਐਸੇ ਲੋਕ ਦਾਨ ਦੇਣ, ਸੂਰਮਿਆਂ ਵਾਂਗ ਰਹਿਣ, ਭਗਤੀ ਨੂੰ ਮੰਤਰ ਜਾਣ ਸਾਰੀ ਜ਼ਿੰਦਗੀ ਸਿਫ਼ਤ ਸਲਾਹ ਵਿਚ ਗੁਜ਼ਾਰ ਰਹੇ ਹਨ :

*ਦਾਨ ਖੜਗ ਮੁਤੰ ਭਗਤਿ ਸਾਲਾਹੀ ।*

ਇਬਟਸਨ ਨੇ ਸਰ ਜਾਰਜ ਕੈਂਬਲ ਦੇ ਹਵਾਲੇ ਨਾਲ ਲਿਖਿਆ ਹੈ ਕਿ ਉਹ ਸ਼ਕਲ ਸੂਰਤ ਤੋਂ ਸੁਹਣੇ ਤੇ ਸੁਣੱਖੇ (ਫ਼ਾਈਨ ਐਂਡ ਫ਼ੇਅਰ) ਹੁੰਦੇ ਸਨ ।

ਇਸੇ ਹੀ ਵੰਸ਼ ਦੇ ਇਕ ਗੁਰਦਿਆਲ ਸੋਢੀ ਨੇ ਆਪਣਾ ਟਿਕਾਣਾ ਲਾਹੌਰ ਚੂਨਾ ਮੰਡੀ ਕੀਤਾ । ਉਸ ਦੇ ਘਰ ਦੋ ਲੜਕੇ ਹੋਏ ਅਤੇ ਦੂਜੇ ਦਾ ਨਾਮ ਠਾਕੁਰ ਦਾਸ ਰਖਿਆ ਗਿਆ । ਉਸ ਦੀ ਘਰਵਾਲੀ ਦਾ ਨਾਮ ਬੀਬੀ ਕਰਮੋ ਸੀ । ਮੈਕਾਲਫ਼ ਦਾ ਕਹਿਣਾ ਹੈ ਕਿ ਕਰਮੋ ਨੇ ਬਹੁਤ ਜਸ ਖੱਟਿਆ, ਇਸ ਕਰ ਕੇ 'ਜਸਵੰਤੀ' ਵੀ ਕਹਿਲਾਈ । ਬੰਸਾਵਲੀ-ਨਾਮਾ ਕ੍ਰਿਤ ਭਾਈ ਕੇਸਰ ਸਿੰਘ ਛਿਬਰ ਦੇ ਲਿਖੇ ਅਨੁਸਾਰ ਇਹ ਸੰਮਤ ੧੫੩੧ ਦਾ ਵਾਕਿਆ ਹੈ :

*ਸੰਮਤ ਪੰਦਰਾਂ ਸੈ ਇਕੱਤੀ ਤਬ ਥੇ ਗਏ ।*
*ਜਬ ਠਾਕੁਰ ਦਾਸ ਸੋਢੀ ਜਨਮ ਲਏ ।*

ਇਸ ਹਿਸਾਬ ਨਾਲ ਸੰਨ ੧੪੭੪ ਬਣਦਾ ਹੈ ।

**ਧੰਨ ਸੋ ਪਿਤਾ**
**ਧੰਨ ਸੋ ਮਾਤਾ**

ਬਾਬਾ ਠਾਕੁਰ ਦਾਸ ਜੀ ਦੇ ਘਰ ਸੰਨ ੧੫੦੦ ਨੂੰ ਹਰਿਦਾਸ ਜੀ ਦਾ ਜਨਮ ਹੋਇਆ । ਉਹਨਾਂ ਦੀ ਘਰਵਾਲੀ ਦਾ ਨਾਮ ਬੀਬੀ ਅਨੂਪੀ ਸੀ । ਉਹਨਾਂ ਨੂੰ ਹੀ ਦਯਾ ਕੌਰ ਕਰ ਕੇ ਜਾਣਿਆ ਜਾਂਦਾ ਸੀ । ਬਾਬਾ ਹਰਿਦਾਸ ਜੀ ਨਿਰੇ ਨਾਂ ਦੇ ਹੀ ਹਰਿਦਾਸ ਨਹੀਂ ਸਨ, ਸੱਚਮੁੱਚ ਹੀ ਪ੍ਰਭੂ ਦੇ ਦਾਸ ਸਨ । ਬੜਾ ਨਿੱਘਾ ਸੁਭਾਅ ਸੀ । ਦੇਵੀ ਦੇਵਤੇ ਨਹੀਂ ਸਨ ਮਨਾਂਦੇ । ਸੰਤੋਖੀ ਸੁਭਾਅ ਸੀ । ਕਿਰਤ ਵਿਚ ਹੀ ਸੰਤੁਸ਼ਟ ਸਨ । ਹਰ ਆਏ ਗਏ ਦੀ ਸੇਵਾ ਕਰ ਕੇ ਅਨੰਦ ਲੈਂਦੇ । ਅੰਮ੍ਰਿਤ ਵੇਲੇ ਉੱਠਦੇ, ਪ੍ਰਭੂ ਭਗਤੀ ਵਿਚ ਜੁੜ ਜਾਂਦੇ । ਉਹਨਾਂ ਦੀ ਇਹ ਹੀ ਅਰਦਾਸ ਸੀ ਕਿ ਘਰ ਅਜਿਹਾ ਬੇਟਾ ਪੈਦਾ ਹੋਵੇ ਜੋ ਕੁਲ ਦਾ ਨਾਂ ਰੌਸ਼ਨ ਕਰੇ । ਗਵਾਚਿਆ ਸਨਮਾਨ ਵਾਪਸ ਲਿਆਏ । ਪ੍ਰਭੂ ਦਾ ਪਿਆਰਾ ਹੋਵੇ ।

ਗੁਰ-ਪ੍ਰਣਾਲੀ[1] ਦੇ ਲਿਖੇ ਅਨੁਸਾਰ ਰਾਵੀ ਦੇ ਕਿਨਾਰੇ ਲਾਹੌਰ ਇਕ ਬਹੁਤ ਹੀ ਸੁੰਦਰ ਸ਼ਹਿਰ ਬਣ ਗਿਆ ਸੀ ਜਿਸ ਨੂੰ ਦੇਖ ਕੇ ਸੁਰਗ ਦੇ ਵੱਸੇ ਦੇਵਤੇ ਵੀ ਇਥੇ ਆਉਣਾ ਲੋਚਦੇ ਸਨ । ਇਸ ਸ਼ਹਿਰ ਵਿਖੇ ਥਾਂ-ਥਾਂ, ਬਾਜ਼ਾਰ-ਬਾਜ਼ਾਰ, ਗਲੀ-ਗਲੀ "ਬਣਕ" ਬੈਠੇ ਸਨ ਜੋ ਸ਼ਾਹੂਕਾਰਾ ਕਰਦੇ ਸਨ । ਉਥੇ ਹੀ ਸੋਢੀ ਕੁਲ ਵਿਚੋਂ ਇਕ ਉੱਚੇ ਮੁਰਾਤਬੇ ਵਾਲੇ ਭਾਈ ਹਰਿਦਾਸ ਜੀ ਵਸੇਬਾ ਕਰਦੇ ਸਨ :

*"ਐਰਾਵਤੀ ਤੀਰ ਪੁਰ,*
*ਸੁਭਗ ਲਹੌਰ ਬਨਿਓ ।*
*ਜਾ ਕੋ ਦੇਖ ਦੇਵੇ ਛੋਰੈਂ,*
*ਸੁਰਗ ਅਵਾਸ ਜੂ ।*
*ਬੀਥੀ ਬੀਥੀ ਬਗਰ ਬਜ਼ਾਰ ਮੈਂ ਬਨਕ ਬੈਠੇ,*
*ਬਸੈ ਬਰਨਾਮ ਤਹਾ "ਸੋਢੀ ਹਰਿਦਾਸ ਜੂ ।"*

ਇੰਝ ਪ੍ਰਤੀਤ ਹੁੰਦਾ ਹੈ ਕਿ ਇਹ ਸਭ ਪ੍ਰਭਾਵ ਗੁਰੂ ਨਾਨਕ ਦੇਵ ਜੀ ਦੇ ਲਾਹੌਰ ਚਹੁੱਟਾ ਵਿਚ ਆਉਣ ਕਾਰਨ ਸੀ । ਚੂਨਾ ਮੰਡੀ ਤੋਂ ਦੂਨੀ ਚੰਦ ਦਾ ਚਹੁੱਟਾ ਦੋ ਛਲਾਂਗ ਵੀ ਨਹੀਂ ।

ਪ੍ਰਕਾਸ਼ — ਸ਼ਾਦੀ ਤੋਂ ਬਾਰਾਂ ਸਾਲ ਪਿਛੋਂ ਦਾਤਾਰ ਪ੍ਰਭੂ ਨੇ ਅਰਦਾਸ ਸੁਣੀ ਤੇ ੨੫ ਸਤੰਬਰ ੧੫੩੪ ਨੂੰ ਇਸ ਰੱਬੀ ਜੋੜੇ ਘਰ (ਗੁਰੂ) ਰਾਮਦਾਸ ਜੀ ਦਾ ਪ੍ਰਕਾਸ਼ ਹੋਇਆ । ਐਸਾ ਨੂਰ ਹੋਇਆ ਚਾਰੇ ਪਾਸੇ ਕਿ ਚਾਂਦਨੀ ਜਹੀ ਹੋ ਗਈ ।

ਬਾਲਕ ਦਾ ਨਾਮ ਜੇਠਾ ਰਖਿਆ ਗਿਆ ਕਿਉਂਕਿ ਬਾਬਾ ਹਰਿਦਾਸ ਜੀ ਘਰ ਜਨਮੇ ਉਹ ਪਹਿਲੇ ਬਾਲਕ ਸਨ । ਫਿਰ ਦੋ ਸਾਲ ਪਿਛੋਂ ਦੂਜੇ ਭਾਈ ਹਰਿਦਿਆਲ

---

1. ਗੁਰ ਪ੍ਰਣਾਲੀਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਨਾ ੨੪੭ ।

ਦਾ ਜਨਮ ਹੋਇਆ ਤੇ ਫਿਰ ਇਕ ਭੈਣ ਜਿਸ ਨੂੰ 'ਰਮਦਾਸੀ' ਕਿਹਾ ਜਾਂਦਾ ਸੀ, ਦਾ ਜਨਮ ਹੋਇਆ :

*ਰਾਮ ਦਾਸ ਹਰਦਿਆਲ ਸੋਢੀ ਦੁਇ ਭਾਈ ।*
*ਇਕ ਬੀਬੀ ਰਮਦਾਸੀ ਸਕੀ ਭੈਣ ਕਹਾਈ ।*[1]

ਨੁਹਾਰ — ਗਿਆਨੀ ਗਿਆਨ ਸਿੰਘ ਨੇ ਤਵਾਰੀਖ਼ ਗੁਰ ਖ਼ਾਲਸਾ ਵਿਚ ਆਪ ਜੀ ਦੀ ਨੁਹਾਰ ਬਾਰੇ ਲਿਖਿਆ ਹੈ ਕਿ ਗੋਰਾ ਬਦਨ, ਅਤਿ ਸੁੰਦਰ, ਮੋਟੇ ਨਕਸ਼ ਤੇ ਚੌੜੇ ਮੱਥੇ ਵਾਲੇ ਸਨ । ਮੈਕਾਲਫ਼ ਨੇ ਸੋਹਣੇ, ਸੁਣੱਖੇ, ਮੁਸਕਰਾਂਦੇ ਤੇ ਕਦੇ ਕਿਸੇ ਨੂੰ ਰੋਂਦੇ ਨਾ ਦੇਖਣ ਦਾ ਜ਼ਿਕਰ ਖ਼ਾਸ ਕਰ ਕੇ ਕੀਤਾ ਹੈ ।[2]

ਰੱਬੀ ਭੱਟਾਂ ਨੇ ਗੁਰੂ ਗ੍ਰੰਥ ਸਾਹਿਬ ਵਿਚ ਉਚੇਚੇ ਤੌਰ 'ਤੇ ਲਿਖਿਆ ਹੈ ਕਿ ਠਾਕੁਰ ਹਰਿਦਾਸ ਜੀ ਦੇ ਪੁੱਤਰ ਨੂੰ ਜਸੋਧਾ ਮਾਂ ਵਾਂਗ ਮਾਪਿਆਂ ਬਹੁਤ ਲਾਡ ਲਡਾਏ । ਕੰਵਲ ਨੈਨ ਹਨ, ਅਤਿ ਸੁਹਣੇ ਹਨ ਅਤੇ ਜਦ ਤੋਤਲੀ ਜ਼ਬਾਨ ਵਿਚ ਗੱਲਾਂ ਕਰਦੇ ਹਨ ਤਾਂ ਬਹੁਤ ਹੀ ਮਿੱਠੇ ਲੱਗਦੇ ਹਨ । ਮੱਥਾ ਚੌੜਾ ਤੇ ਦੰਦ ਚਿੱਟੇ ਹਨ । 'ਕੁੰਦ ਦਸਨ' । "ਮਤਿ ਮਾਤਾ, ਪਿਤਾ ਸੰਤੋਖ" ਦਾ ਵੀ ਇਸ਼ਾਰਾ ਭੱਟਾਂ ਨੇ ਕੀਤਾ ਹੈ ਜਿਸ ਦਾ ਭਾਵ ਹੈ ਕਿ ਉੱਚੀ ਚੰਗੀ ਮਤਿ ਤੇ ਸੰਤੋਖੀ ਵਾਤਾਵਰਨ ਵਿਚ ਪਲੇ ਹਨ ।

**ਸੁਭਾਅ ਕਰਮ** — ਸਵੱਛ ਵਾਤਾਵਰਣ ਵਿਚ ਪਲਣ ਕਾਰਨ ਮਤਿ ਅਤਿ ਡੂੰਘੀ ਸੀ । ਪ੍ਰਭੂ ਨਾਲ ਨਿੱਕਿਆਂ ਹੁੰਦਿਆਂ ਤੋਂ ਪਿਆਰ ਸੀ । ਅਡੋਲ ਚਿੱਤ, ਧੀਰਜਵਾਨ ਧਰਮ ਸਰੂਪ ਸਨ । ਦੇਣ ਅਤੇ ਵੰਡਣ ਦੀ ਰੁਚੀ ਬਾਲਪਣ ਤੋਂ ਹੀ ਸੀ । ਆਇਆ ਗਿਆ ਸਾਧੂ ਸੰਤ ਮਹਾਤਮਾ ਜਾਂ ਫ਼ਕੀਰ ਜੋ ਵੀ ਦੇਖਦੇ ਤੱਕਦੇ ਘਰ ਲੈ ਆਉਂਦੇ ਜਾਂ ਉਸ ਦੀ ਲੋੜ ਪੂਰੀ ਕਰਨ ਲਈ ਪਿਤਾ ਨੂੰ ਕਹਿੰਦੇ । ਪੰਥ ਪ੍ਰਕਾਸ਼ ਵਿਚ 'ਬਾਲ ਉਮਰ ਬ੍ਰਿਧਨ ਸੀ ਚਾਲੈ' ਦੇ ਸ਼ਬਦ ਲਿਖੇ ਹਨ ।

ਜਦ ਬੱਚਿਆਂ ਨਾਲ ਖੇਡਦੇ ਤਾਂ ਵੀ ਭਗਤੀ ਭਾਵ ਦੀਆਂ ਗੱਲਾਂ ਕਰਦੇ ਤੇ ਪ੍ਰਭੂ ਨਾਲ ਚਿੱਤ ਲਗਾਉਣ ਲਈ ਪ੍ਰੇਰਦੇ :

*ਖੇਲਨ ਬੀਚ ਬਾਲਕਨ ਤਾਈ ।*
*ਉਪਦੇਸ਼ੈ ਭਗਤੀ ਜਗ ਸਾਈ ।*

ਭੱਟ ਕਲਸਹਾਰ ਨੇ ਉਸ ਸਮੇਂ ਬਾਰੇ ਹੀ ਲਿਖਿਆ ਹੈ ਕਿ ਉਹ ਨਾਮ ਦੇ ਰਸੀਏ,

---

1. ਬੰਸਾਵਲੀ ਨਾਮਾ : ਬ੍ਰਿਤਾਂਤ ਗੁਰੂ ਰਾਮਦਾਸ ਜੀ, ਚਰਨ ਚੌਥਾ ।
2. He (JETHA) is described as of fair complexion, handsome figure, pleasing and smiling face, and not disposed to weep to cry in the manner of ordinary children. (ਪੰਨਾ ੮੮, ਜਿਲਦ ਦੂਜੀ)

ਗੁਣਾਂ ਦੇ ਗਾਹਕ, ਪ੍ਰਭੂ ਦੇ ਪਿਆਰੇ ਅਤੇ ਹਰ ਇਕ ਨਾਲ ਇਕੋ ਜਿਹਾ ਵਰਤਾਉ ਕਰਨ ਵਾਲਾ ਸੁਭਾਅ ਰੱਖਦੇ ਸਨ। ਉਹਨਾਂ 'ਹਰਿਨਾਮ ਰਸਿਕ, ਗੁਬਿੰਦ ਗੁਣ ਗਾਹਕੁ, ਚਾਹਕੁ ਤਤ, ਸਮਤ ਸਰੇ' ਦੇ ਸ਼ਬਦ ਵਰਤੇ ਹਨ।

**ਮਾਂ ਬਾਪ ਦਾ ਚੜ੍ਹਾਈ ਕਰ ਜਾਣਾ** — ਸੱਤ ਸਾਲ ਦੀ ਉਮਰ ਵਿਚ ਪਹਿਲਾਂ ਮਾਂ ਤੇ ਫਿਰ ਪਿਤਾ ਜੀ ਗੁਜ਼ਰ ਗਏ। ਸੰਸਾਰੀ ਤੌਰ ਤੇ ਇਤਨੀ ਵੱਡੀ ਸੱਟ ਸੀ ਕਿ ਸਹਾਰਨੀ ਮੁਸ਼ਕਿਲ ਸੀ। ਇਕ ਛੋਟਾ ਭਰਾ ਤੇ ਛੋਟੀ ਭੈਣ ਦਾ ਭਾਰ ਵੀ ਸਿਰ 'ਤੇ ਸੀ ਪਰ ਆਪ ਜੀ ਜ਼ਰਾ ਨਾ ਡੋਲੇ। ਸ਼ਾਹੂਕਾਰਾ ਕਰਨ ਦੀ ਉਮਰ ਨਹੀਂ ਸੀ ਇਸ ਲਈ ਛਾਬੜੀ ਲਗਾਉਣ ਦਾ ਮਨ ਬਣਾਇਆ ਅਤੇ ਇਕ ਹਾਣੀ ਨੇ ਘੁੰਙਣੀਆਂ ਦਾ ਥਾਲ ਬਣਾ ਵੀ ਦਿੱਤਾ।

**ਉੱਦਮ ਉਪਰਾਲਾ** — ਥਾਲ ਲੈ ਕੇ ਉਹ ਰਾਵੀ ਕਿਨਾਰੇ ਆਏ। ਡਿੱਠਾ ਕਿ ਕੁਝ ਭਲੇ ਲੋਕ ਰਾਵੀ ਵਿਚੋਂ ਨਹਾ ਕੇ ਨਿਕਲੇ। ਭਾਈ ਜੇਠਾ ਨੇ ਹੋਕਾ ਦਿੱਤਾ ਹੀ ਸੀ ਕਿ ਉਹਨਾਂ ਵਿਚੋਂ ਇਕ ਨੇ ਕਿਹਾ, 'ਮੈਨੂੰ ਦੋ ਬੁੱਕਾਂ ਦੇਹ।' ਜੇਠਾ ਜੀ ਨੇ ਇਕ ਬੁੱਕ ਭਰ ਕੇ ਦਿੱਤੀ। ਉਸ ਕਿਹਾ ਹੋਰਨਾਂ ਨੂੰ ਵੀ ਦਿਓ ਤਾਂ ਆਪ ਜੀ ਨੇ "ਸਗਲ ਚੰਗੇਰ ਪਲਟ ਦੀ ਏਵੈ।" ਸੱਚੇ ਸੌਦੇ ਨੂੰ ਜਿਵੇਂ ਦਹੁਰਾ ਰਹੇ ਹੋਣ। ਕੁਝ ਚਿਰ ਕਿਰਤ ਕਾਰ ਕਰਦੇ ਰਹੇ ਪਰ ਜ਼ਿੰਮੇਵਾਰੀ ਵੱਡੀ ਸੀ।

ਆਪ ਜੀ ਦੇ ਨਾਨਕੇ ਬਾਸਰਕੇ ਸਨ ਤੇ ਨਾਨੀ ਆਪਣੀ ਬੇਟੀ ਤੇ ਜੁਆਈ ਦਾ ਗੁਜ਼ਰਨਾ ਸੁਣ ਕੇ ਲਾਹੌਰ ਹੀ ਆ ਗਈ ਸੀ ਪਰ ਜਦ ਉਸ ਨੇ ਡਿੱਠਾ ਕਿ ਇਤਨੇ ਵੱਡੇ ਸ਼ਰੀਕੇ ਵਿਚ ਰਹਿਣਾ ਤੇ ਫਿਰ ਗੁਜ਼ਾਰਾ ਕਰਨਾ ਕਠਨ ਹੈ ਤਾਂ ਉਹ ਆਪਣੇ ਪਾਸ ਹੀ ਬਾਸਰਕੇ ਲੈ ਆਈ। ਪੰਥ ਪ੍ਰਕਾਸ਼ ਦੇ ਸ਼ਬਦਾਂ ਵਿਚ :

*ਹੁਤੇ ਨਾਨਕੇ ਬਾਸਰ ਗਾਮੂੰ।*
*ਨਾਨੀ ਲੈ ਗਈ ਨਿਜ ਧਾਮੂੰ।*

ਇਹ ੧੫੪੧ ਈ. ਦੀ ਘਟਨਾ ਹੈ। ਲਾਹੌਰ ਛੱਡਣ ਦੀ ਯਾਦ, ਪਿਤਾ ਮਾਤਾ ਦੇ ਗੁਜ਼ਰਨ ਤੇ ਘਰ ਦੀਆਂ ਔਕੜਾਂ ਅਤੇ ਰੋਟੀ ਕਮਾਉਣ ਲਈ ਦਰ-ਦਰ ਭਟਕਣ ਦੀ ਬਾਤ ਨੂੰ ਗੁਰੂ ਰਾਮ ਦਾਸ ਜੀ ਨੇ 'ਹਮ ਰੁਲਤੇ ਫਿਰਤੇ ਕੋਈ ਬਾਤ ਨਾ ਪੂਛਤਾ' ਕਰ ਕੇ ਲਿਖਿਆ।

ਜਿੱਥੇ ਜੰਮੇ ਪਲੇ ਅਤੇ ਹਾਣੀਆਂ ਨਾਲ ਖੇਡ ਵੱਡੇ ਹੋਏ, ਉਸ ਗਲੀ ਨੂੰ ਛੱਡਣ ਵੇਲੇ ਬਾਲਕ ਜੇਠਾ ਜੀ ਨਾਲ ਜੋ ਗੁਜ਼ਰੀ ਹੋਵੇਗੀ, ਉਸ ਦਾ ਅਹਿਸਾਸ ਹੀ ਕੀਤਾ ਜਾ ਸਕਦਾ ਹੈ। ਮਾਪਿਆਂ ਦੇ ਘਰ, ਬਾਹਰ, ਹੱਟੀ ਤੇ ਵਪਾਰ ਨੂੰ ਜੰਦਰਾ ਵੱਜਾ ਦੇਖ, ਸ਼ਰੀਕਾਂ ਸਗੋਂ ਖ਼ੁਸ਼ੀ ਮਨਾਈ ਹੋਵੇਗੀ ਪਰ ਕਈਆਂ ਨੇ ਬੜੇ ਦੁੱਖ ਨਾਲ ਵਿਦਾ ਕੀਤਾ ਸੀ ਪਰ ਕੌਣ ਜਾਣਦਾ ਸੀ ਕਿ ਜਿਸ ਨੂੰ ਅੱਜ ਯਤੀਮ ਸਮਝਿਆ ਜਾ ਰਿਹਾ ਹੈ ਉਸੇ ਦੇ ਸਿਰ ਨਿਰੰਜਨੀ ਛਤਰ ਝੁੱਲਣਾ ਹੈ ਅਤੇ ਸੰਸਾਰ ਨੇ ਸਿਰ ਝੁਕਾ, ਧੂੜੀ ਮੱਥੇ ਲਗਾ ਮਾਨ ਮਿਲਿਆ ਸਮਝਣਾ ਹੈ।

2

## ਬਾਸਰਕੇ ਵਿਖੇ ਦਸ ਸਾਲ

ਬਾਸਰਕੇ — ਬਾਸਰਕੇ ਦਾ ਪਿੰਡ ਸ੍ਰੀ ਅੰਮ੍ਰਿਤਸਰ ਨੇੜੇ ਹੀ ਹੈ । ਛੇਹਰਟੇ ਤੋਂ ਦੱਖਣ-ਪੱਛਮ ਵਾਲੀ ਸੜਕ 'ਤੇ ਹੀ ਅੱਠ ਕੁ ਮੀਲ ਦੀ ਵਾਟ ਹੈ । ਸਮੇਂ ਦੇ ਗੇੜ ਨਾਲ ਅਸਲ ਬਾਸਰਕੇ ਦਾ ਪਿੰਡ ਉੱਜੜ ਗਿਆ ਲੱਗਦਾ ਹੈ । ਹੁਣ ਵਾਲੇ ਪਿੰਡ ਬਾਸਰਕੀ ਗਿਲਾਂ ਕੋਲ ਜਿਹੜਾ ਥੇਹ ਹੈ, ਉਹ ਹੀ ਬਾਸਰਕੇ ਸੀ । ਪਿੰਡ ਲਾਗੇ ਹੀ ਇਕ ਤਾਲ ਦਾ ਹੋਣਾ ਇਹ ਦਰਸਾ ਰਿਹਾ ਹੈ ਕਿ ਕਦੇ ਪਿੰਡ ਬਹੁਤ ਵੱਡਾ ਸੀ । ਫਿਰ ਕੁਝ ਦੂਰ ਬੀਬੀ ਅਮਰੋ ਜੀ ਦੀ ਸਮਾਧ ਦਾ ਬਣਿਆ ਹੋਣਾ ਵੀ ਇਹ ਹੀ ਦਰਸਾਂਦਾ ਹੈ ਕਿ ਪਿੰਡ ਦਾ ਖਿਲਾਰ ਵੱਡਾ ਸੀ । ਸੰਨ੍ਹ ਸਾਹਿਬ ਅਤੇ ਉਸ ਲਾਗੇ ਹੀ ਗੁਰੂ ਅਮਰਦਾਸ ਜੀ ਦੇ ਖੂਹ ਦਾ ਹੋਣਾ ਤੇ ਗਰਨਾ ਸਾਹਿਬ, ਜਿਸ ਪਿੱਪਲ ਹੇਠ ਬੈਠ ਗੁਰੂ ਅਮਰ ਦਾਸ ਜੀ ਪਿੰਡ ਵਾਸੀਆਂ ਨਾਲ ਅੰਮ੍ਰਿਤ ਵੇਲੇ ਵਿਚਾਰਾਂ ਕਰਦੇ ਸਨ, ਦਾ ਵੀ ਪਾਸ ਹੋਣਾ ਦੱਸਦਾ ਹੈ ਕਿ ਇਹ ਸਾਰਾ ਇਲਾਕਾ ਬਾਸਰਕੇ ਦੀ ਜੂਹ ਵਿਚ ਸੀ । ਇਹ ਖੂਹ ਤੇ ਤਾਲ ਗੁਰੂ ਅਮਰ ਦਾਸ ਜੀ ਨੇ ਗੁਰੂ ਜ਼ਿੰਮੇਵਾਰੀ ਸੰਭਾਲਣ ਤੋਂ ਬਹੁਤ ਚਿਰ ਪਹਿਲਾਂ ਲਗਵਾਏ ਤੇ ਉਸਾਰੇ ਸਨ ।

ਇਸ ਪਿੰਡ ਗੁਰੂ ਅਮਰਦਾਸ ਜੀ ਦਾ ਜਨਮ ਮਈ ਦੀ ਪੰਜ, ੧੪੭੯ ਈ. ਨੂੰ ਬਾਬਾ ਤੇਜ ਭਾਨ ਜੀ ਦੇ ਘਰ ਮਾਤਾ ਲੱਖੋ ਜੀ ਦੀ ਕੁੱਖੋਂ ਹੋਇਆ ਸੀ । ਬਾਬਾ ਜੇਠਾ ਜੀ ਦੇ ਨਾਨਕੇ ਇਸੇ ਪਿੰਡ ਸਨ । ਗੁਰੂ ਅਮਰਦਾਸ ਜੀ ਪਿੰਡ ਦੇ ਵੱਡੇ ਹੋਣ ਕਾਰਨ ਅਤੇ ਹਰ ਇਕ ਦਾ ਦੁੱਖ ਸੁੱਖ ਵੰਡਾਉਣ ਕਾਰਨ ਸਾਰੇ ਹੀ ਆਦਰ ਕਰਦੇ ਸਨ । ਬਾਬਾ ਤੇਜ ਭਾਨ ਜੀ ਅਕਤੂਬਰ ੧੫੩੩ ਈ. ਵਿਚ ਗੁਜ਼ਰ ਗਏ ਸਨ । ਘਰ ਦੀ ਸਾਰੀ ਜ਼ਿੰਮੇਵਾਰੀ ਆਪ ਜੀ 'ਤੇ ਆ ਪਈ ਸੀ । ਪਿਤਾ ਜੀ ਦੀਆਂ ਅਸਥੀਆਂ ਹਰਦੁਆਰ ਲੈ ਜਾਣ ਵੇਲੇ ਹੀ ਬਾਬਾ ਸ੍ਰੀ ਚੰਦ ਦੇ ਇਕ ਚੇਲੇ ਹਰੀ ਕੋਲੋਂ ਬਾਣੀ ਸੁਣ ਕੇ ਮਨ ਟਿਕਿਆ ਸੀ ਤੇ ਸੁਰਤਿ ਜਾਗੀ ਸੀ ਕਿ ਬਾਣੀ ਦੇ ਰਚਨਹਾਰ ਦੇ ਦੀਦਾਰ ਕਰਨਾ ਚਾਹੀਏ ਪਰ ਬੰਸਾਵਲੀਨਾਮੇ ਦੇ ਲੇਖਕ ਦੇ ਸ਼ਬਦਾਂ ਵਿਚ ਗ੍ਰਿਹਸਤ ਦੇ ਇਤਨੇ ਝਮੇਲੇ ਸਨ ਕਿ ਘਰੋਂ ਨਿਕਲਣ ਨਾ ਹੋਇਆ :

*ਉਠੀ ਚਾਹ ਜੋ ਕਰੀਏ ਉਸ ਪੁਰਸ਼ ਦਾ ਦੀਦਾਰ ।*
*ਜਿਸ ਕੀਤਾ ਹੈ ਇਸ ਬਾਣੀ ਦਾ ਉਚਾਰ ।*

*ਡੇਰੇ ਵਿਚ ਆਏ ਪਰ ਗ੍ਰਹਿਸਤ ਵਿਚ ਗਲਤਾਨ ।*
*ਗ੍ਰਹਿਸਤ ਵਿਚ ਨਿਕਲਣਾ ਅਊਖਾ ਜਾਨ ।*

ਭਰਾਵਾਂ ਨਾਲੋਂ ਅੱਡ ਹੋ ਗਏ । ਘਰ ਸੰਤਾਨ ਦੀ ਸੰਭਾਲ 'ਤੇ ਬਹੁਤ ਸਮਾਂ ਲੱਗਣ ਲੱਗਾ । ਸੰਨ ੧੫੩੪ ਈ: ਨੂੰ ਚੌਥੀ ਸੰਤਾਨ ਬੀਬੀ ਭਾਨੀ ਦਾ ਜਨਮ ਹੋਇਆ । ਬੀਬੀ ਭਾਨੀ ਦਾ ਨਾਮ ਹੀ ਲਤੀਫ਼ ਨੇ ਮੋਹਨੀ ਤੇ ਛੋਟੀ ਹੋਣ ਕਾਰਨ ਲਾਡਲੀ ਲਿਖਿਆ ਹੈ ਪਰ ਰਜ਼ਾ ਵਿਚ ਰਾਜ਼ੀ ਹੋਣ ਕਾਰਨ ਭਾਨੀ ਪ੍ਰਸਿੱਧ ਹੋਇਆ । ਬੀਬੀ ਨਿਧਾਨੀ ਜਿਸ ਨੂੰ ਸੁਲੱਖਣੀ ਕਰ ਕੇ ਮੈਕਾਲਫ਼ ਨੇ ਲਿਖਿਆ ਹੈ ਸਭ ਤੋਂ ਵੱਡੀ ਸੀ । ਸਿੱਖ ਇਤਿਹਾਸ ਵਿਚ ਉਹ "ਦਾਨੀ" ਕਰ ਕੇ ਜਾਣੀ ਜਾਂਦੀ ਹੈ । ਬਾਬਾ ਮੋਹਨ ਜੀ ਅਤੇ ਮੋਹਰੀ ਜੀ ਦੋ ਪੁੱਤਰ ਸਨ । ਮੋਹਣ ਜੀ 'ਮਨ ਮਸਤ' ਸਨ ਤੇ ਮੋਹਰੀ ਜੀ ਹੁਣ ਘਰ ਬਾਹਰ ਦੇ ਕਾਰਜਾਂ ਵਿਚ ਹੱਥ ਵਟਾਉਣ ਲੱਗ ਪਏ ਸਨ ।

**ਮੇਲ ਜੇਠਾ ਜੀ**

ਜਦ ਜੇਠਾ ਜੀ ਨੂੰ ਲੈ ਕੇ ਨਾਨੀ ਬਾਸਰਕੇ ਆਈ ਤਾਂ ਉਹ ਤਕਰੀਬਨ ਉਹ ਹੀ ਸਮਾਂ ਸੀ ਜਦ ਬ੍ਰਹਮਚਾਰੀ 'ਨਿਗੁਰੇ ਕਾ ਸੰਗ, ਜਨਮ ਗਿਆ ਤੇਰਾ' ਆਖ ਕੇ ਬਾਬਾ ਅਮਰਦਾਸ ਜੀ ਦੇ ਘਰੋਂ ਨਿਕਲ ਗਿਆ ਸੀ । ਇਤਨੀ ਭਟਕਣਾ ਵਧੀ ਸੀ ਕਿ ਰਾਤ ਦਿਨ ਟੋਲਦੇ ਰਹਿੰਦੇ ਸਨ ਕਿ ਗੁਰੂ ਕਿਹੜਾ ਹੈ ਅਤੇ ਉਸ ਦਾ ਸਾਥ ਕਿਥੋਂ ਮਿਲੇ ? ਪੁਰਾਣੀਆਂ ਯਾਦਾਂ ਜਾਗੀਆਂ ਸਨ ਤੇ ਜਿਸ ਬਾਣੀ ਨੇ ਧਰਵਾਸ ਦਿੱਤੀ ਸੀ ਉਸ ਦੇ ਰਚਨਹਾਰ ਵੱਲ ਧਿਆਨ ਗਿਆ ਸੀ । ਐਸੀ ਹੀ ਬਾਣੀ ਜਦ ਬੀਬੀ ਅਮਰੋ ਦੇ ਮੂੰਹੋਂ ਸੁਣੀ ਸੀ ਤਾਂ ਭਰਜਾਈ ਭਾਗੋ ਨੂੰ ਕਹਿ ਕੇ ਬੀਬੀ ਜੀ ਨੂੰ ਨਾਲ ਭੇਜਣਾ ਮਨਾਇਆ ਸੀ । ਦੇਵ ਨੇਤ ਉਸੇ ਦਿਨ ਬੀਬੀ ਅਮਰੋ ਖਡੂਰ ਸਾਹਿਬ ਗਏ ਸਨ ਸੋ ਉਡੀਕਣਾ ਅਵੱਸ਼ ਸੀ । ਇਹ ਯਾਦ ਰਹੇ ਕਿ ਬੀਬੀ ਅਮਰੋ ਜੀ (ਗੁਰੂ) ਅਮਰਦਾਸ ਜੀ ਦੇ ਛੋਟੇ ਭਾਈ ਮਾਣਕ ਚੰਦ ਦੇ ਲੜਕੇ ਜਸੂ ਜੀ ਨਾਲ ਵਿਆਹੇ ਹੋਏ ਸਨ ।

ਨਾਨੀ ਦਾ ਜੇਠਾ ਜੀ ਨਾਲ ਬਾਸਰਕੇ ਆਉਣ 'ਤੇ ਸਾਰੀ ਬਰਾਦਰੀ ਤੇ ਮੁਖੀਏ ਪ੍ਰਚਾਉਣੀ ਕਰਨ ਆਏ । ਬਾਬਾ ਅਮਰਦਾਸ ਜੀ ਵੀ ਆਏ । ਜੇਠਾ ਜੀ ਦਾ ਚਮਕਦਾ ਚਿਹਰਾ ਤੇ ਫਿਰ ਹੌਸਲੇ ਦੀ ਦਾਦ ਦਿੱਤੀ । ਹਰ ਪ੍ਰਕਾਰ ਦੀ ਸਹਾਇਤਾ ਕਰਨ ਦਾ ਯਕੀਨ ਦਿਲਵਾਇਆ ।

ਉਧਰ ਬੀਬੀ ਅਮਰੋ ਜੀ ਨਾਲ ਖਡੂਰ ਸਾਹਿਬ ਜਾ ਕੇ ਬਾਬਾ ਅਮਰਦਾਸ ਜੀ ਉਥੋਂ ਦੇ ਹੀ ਹੋ ਗਏ । ਭਾਈ ਜੇਠਾ ਜੀ ਸੱਚੀ ਮੁੱਚੀ ਰੁਲਣ ਲੱਗ ਗਏ ।

**ਕੋਈ ਬਾਤ ਨ ਪੂਛਤਾ** — ਇਤਨੀ ਛੋਟੀ ਉਮਰ ਵਿਚ ਘਰ ਦਾ ਭਾਰ ਚੁੱਕਣ ਲਈ ਨਾਨੀ ਨੇ ਤਿਆਰ ਕਰ ਦਿੱਤਾ । ਉਹੋ ਹੀ ਘੁੰਙਣੀਆਂ ਦੀ ਕਿਰਤ ਅਰੰਭ ਕਰ ਦਿੱਤੀ । ਆਪ ਜੀ ਤਾਲਾਬ ਕਿਨਾਰੇ ਛਾਬਾ ਲਗਾ ਕੇ ਬੈਠ ਜਾਂਦੇ । ਥੱਕੇ ਟੁੱਟੇ ਰਾਹੀ ਜਦ ਦਰੱਖ਼ਤਾਂ ਦੀ ਛਾਂ ਹੇਠ ਆਰਾਮ ਕਰ ਕੇ ਉੱਠਦੇ ਤਾਂ ਕੁਝ ਵਿੱਕਰੀ

ਹੋ ਜਾਂਦੀ । ਲੋੜਵੰਦ ਨੂੰ ਦੇਖ ਕੇ ਦੋ ਬੁੱਕਾਂ ਦੇ ਕੇ ਉਸ ਦੀ ਤ੍ਰਿਪਤੀ ਵੀ ਕਰਦੇ ।

ਭਾਵੇਂ ਕਈ ਵਾਰੀ ਜੇਠਾ ਜੀ ਨੇ ਬਾਹਰ ਫੇਰੀ ਲਗਾਉਣ ਲਈ ਤਰਲਾ ਪਾਇਆ ਪਰ ਨਾਨੀ ਅੱਖੀਆਂ ਤੋਂ ਉਹਲੇ ਹੋਣਾ ਨਹੀਂ ਸੀ ਦੇਖ ਸਕਦੀ । ਸੋ, ਸਮਾਂ ਤੰਗਦਸਤੀ ਵਿਚ ਕੱਟਿਆ ਜਾਣ ਲੱਗਾ ਪਰ ਵਿਹਾਰ ਵਿਚ ਸ਼ੁਕਰ-ਸ਼ੁਕਰ ਦੀ ਹੀ ਧੁਨੀ ਨਿਕਲਦੀ ਸੀ ।

**ਬਾਬਾ ਅਮਰਦਾਸ ਜੀ ਦੀ ਬਾਸਰਕੇ ਫੇਰੀ** — ਜਦ (ਗੁਰੂ) ਅਮਰਦਾਸ ਜੀ ਦੀ ਘਾਲ ਥਾਇ ਪਈ ਤਾਂ ਗੁਰੂ ਅੰਗਦ ਦੇਵ ਜੀ ਨੇ ਨਵਾਂ ਨਗਰ ਬਿਆਸਾ ਕਿਨਾਰੇ ਵਸਾਉਣ ਦੀ ਆਗਿਆ ਕੀਤੀ ।[1] ਨਗਰ ਵਸਾਉਣ ਤੋਂ ਪਹਿਲਾਂ ਇਹ ਹੁਕਮ ਵੀ ਕੀਤਾ ਕਿ ਬਾਸਰਕੇ ਹੋ ਆਓ ਤੇ ਪ੍ਰਵਾਰ ਨੂੰ ਵੀ ਹੁਣ ਗੋਇੰਦਵਾਲ ਹੀ ਲੈ ਆਓ :

*ਤਬ ਗੁਰੂ ਅੰਗਦ ਜੀ ਮੁੱਖ ਕਹਿਓ ।*
*ਗ੍ਰਹਿ ਲੋਕ ਬਲਾਇ ਪੁਰਖਾ ਤਹ ਰਹੋ ।*

ਬਾਸਰਕੇ ਆਉਣ ਵੇਲੇ ਜਦ ਪਿੰਡ ਵਾਸੀਆਂ ਨੂੰ ਪਤਾ ਲੱਗਾ ਕਿ ਬਾਬਾ ਅਮਰਦਾਸ ਜੀ ਪ੍ਰਵਾਰ ਸਮੇਤ ਹੁਣ ਗੋਇੰਦਵਾਲ ਜਾ ਰਹੇ ਹਨ ਤਾਂ ਸਾਰੇ ਵਿਦਾ ਕਰਨ ਲਈ ਪਿੰਡੋਂ ਬਾਹਰ ਤਕ ਆਏ । ਇੰਞ ਲੱਗਦਾ ਹੈ ਕਿ ਗੋਇੰਦਵਾਲ ਦੇ ਵੱਸਣ ਦੀ ਮਹਿਮਾ ਛੇਤੀ ਹੀ ਚਾਰੇ ਪਾਸੇ ਫੈਲ ਗਈ ਸੀ ਅਤੇ ਇਹ ਵੀ ਪ੍ਰਗਟ ਹੋ ਗਿਆ ਸੀ ਕਿ ਗੁਰੂ ਨਾਨਕ ਦੇਵ ਜੀ ਦੀ ਗੁਰ-ਗੱਦੀ ਦੀ ਜ਼ਿੰਮੇਵਾਰੀ ਵੀ ਇਹਨਾਂ ਦੇ ਹੀ ਸਿਰ ਰੱਖੀ ਜਾਣੀ ਹੈ ਤਾਂ ਪਿੰਡ ਵਾਸੀ ਖੀਵੇ ਨਹੀਂ ਸਨ ਸਮਾਏ । ਭਾਈ ਜੇਠਾ ਜੀ ਨੇ ਵੀ ਸੰਗ ਨਾਲ ਗੋਇੰਦਵਾਲ ਜਾਣ ਦਾ ਮਨ ਬਣਾ ਲਿਆ । ਉਮਰ ਵੀ ਸੋਲਾਂ ਸਾਲ ਦੀ ਹੋ ਗਈ ਸੀ ।

**ਗੁਰ ਸਤਿਗੁਰ ਸੰਗ** — ਗੁਰੂ ਅੰਗਦ ਦੇਵ ਜੀ ੨੯ ਮਾਰਚ, ਸੰਨ ੧੫੫੨ ਈ. ਨੂੰ ਜੋਤੀ ਜੋਤ ਸਮਾ ਗਏ ਸਨ ਤੇ ਗੁਰੂ ਅਮਰਦਾਸ ਜੀ ਨੇ ਹੁਣ ਪੱਕਾ ਵਸੇਬਾ ਗੋਇੰਦਵਾਲ ਕਰ ਲਿਆ । ਉਸਾਰੀ ਦੇ ਕੰਮ ਜਾਰੀ ਸਨ । ਬਾਬਾ ਜੇਠਾ ਜੀ ਵੀ ਬਹੁਤ ਚਿਰ ਸੇਵਾ ਵਿਚ ਹੀ ਜੁਟੇ ਰਹਿੰਦੇ ਸਨ । ਕਿਰਤ-ਕਾਰ ਉਹ ਹੀ ਛਾਬੜੀ ਲਗਾ ਘੁੰਙਣੀਆਂ ਵੇਚਣ ਵਾਲੀ ਰੱਖੀ । ਭਾਵੇਂ ਲੰਗਰ ਖੁੱਲ੍ਹਾ ਵਰਤੀਂਦਾ ਸੀ ਪਰ ਆਪ ਜੀ ਦੇਖ ਰਹੇ ਸਨ ਕਿ ਗੁਰੂ ਅਮਰਦਾਸ ਜੀ ਵੀ ਆਪੂੰ ਕਿਰਤਕਾਰ ਹੱਟੀ ਕਰ ਕੇ ਹੀ ਅਹਾਰ ਮੂੰਹ ਪਾਂਦੇ ਸਨ । ਸੋ ਕਿਰਤ ਨਾ ਛੱਡੀ ।

---

1. ਗੋਇੰਦਵਾਲ ਉਸਰਨ, ਵੱਸਣ ਬਾਰੇ ਮੇਰੀ ਹੀ ਕ੍ਰਿਤ 'ਪਰਬਤੁ ਮੇਰਾਣੁ', ਜੀਵਨ ਗੁਰੂ ਅਮਰਦਾਸ ਜੀ ਦੇਖੋ ।

ਗੁਰੂ ਅਮਰਦਾਸ ਜੀ ਨੇ ਇਕ ਸਮੇਂ ਜਦ ਭਾਈ ਜੇਠਾ ਜੀ ਨੂੰ ਡਿੱਠਾ ਕਿ ਉਹ ਰੋਜ਼ ਦੀਵਾਨ ਦੀ ਹਾਜ਼ਰੀ ਵੀ ਭਰਦੇ ਹਨ, ਸੇਵਾ ਵਿਚ ਵੀ ਜੁੱਟੇ ਦਿਖਾਈ ਦੇਂਦੇ ਹਨ ਤੇ ਕਿਰਤ ਵੀ ਕਰਦੇ ਹਨ ਤਾਂ ਪੁੱਛ ਬੈਠੇ : ਬਾਸਰਕੇ ਛੱਡ ਇਥੇ ਕਿਉਂ ਆਏ ਹੋ ? ਬੜੀ ਅਧੀਨਗੀ ਨਾਲ ਭਾਈ ਜੇਠਾ ਜੀ ਨੇ ਕਿਹਾ :

ਸੰਸਾਰਕ ਲੋੜਾਂ ਤੇ ਸਰੀਰਕ ਖ਼ਾਹਿਸ਼ਾਂ ਤਜ ਕੇ ਇਥੇ ਆਇਆ ਹਾਂ ।

ਉਸ ਸਮੇਂ ਗੁਰੂ ਅਮਰਦਾਸ ਜੀ ਨੇ ਅਸੀਸ ਵਜੋਂ ਕਿਹਾ ਸੀ – **ਜੇ ਸੰਸਾਰਕ ਇੱਛਾਵਾਂ, ਲਾਲਸਾਵਾਂ ਤੇ ਮੋਹ ਪਰ੍ਹੇ ਹਟਾ ਆਏ ਹੋ ਤਾਂ ਸੱਚੀ ਪਾਤਸ਼ਾਹੀ ਵੀ ਤੁਹਾਨੂੰ ਹੀ ਮਿਲੇਗੀ ।** ਸੱਚਾ ਤਖ਼ਤ ਤੇ ਸੱਚੀ ਪਾਤਸ਼ਾਹੀ ਉਸੇ ਨੂੰ ਮਿਲਦੀ ਹੈ ਜੋ ਕਿਰਤ ਤੇ ਸੇਵਾ ਵਿਚ ਮਨ ਲਗਾਉਂਦਾ ਹੈ ।[1]

**ਬੀਬੀ ਭਾਨੀ ਨਾਲ ਵਿਆਹ** — ਦਸੰਬਰ ੧੫੫੨ ਈ: ਦੀ ਵਾਰਤਾ ਹੈ ਕਿ ਬੀਬੀ ਮਨਸਾ ਦੇਵੀ ਨੇ ਗੁਰੂ ਅਮਰ ਦਾਸ ਜੀ ਨੂੰ ਕਿਹਾ ਕਿ ਹੁਣ ਭਾਨੀ ਸਿਆਣੀ ਉਮਰ ਦੀ ਹੋ ਗਈ ਹੈ, ਸੋ ਵਰ ਲੋੜਨਾ ਚਾਹੀਏ । ਮਹਾਰਾਜ ਨੇ ਸੁਭਾਵਕ ਪੁੱਛਿਆ ਕਿ ਲੜਕਾ ਕੇਸਾ ਹੋਵੇ ਤਾਂ ਮਾਤਾ ਜੀ ਨੇ ਕਿਹਾ ਕਿ ਵੈਸਾ ਜੋ ਸਦਾ 'ਸੇਵਾ ਵਿਚ ਜੁੱਟਿਆ ਰਹਿੰਦਾ ਹੈ' । ਉਸ ਸਮੇਂ ਗੁਰੂ ਪਾਤਸ਼ਾਹ ਨੇ ਕਿਹਾ ਕਿ ਉਸ ਵਰਗਾ ਤਾਂ ਉਹ ਹੀ ਹੈ । ਤਵਾਰੀਖ਼ ਗੁਰੂ ਖਾਲਸਾ ਵਿਚ ਵੀ ਲਿਖਿਆ ਹੈ ਕਿ ਆਪ ਜੀ ਨੇ ਕਿਹਾ ਸੀ : "ਮਨ ਇੱਛਤ ਲੜਕਾ ਮਿਲ ਗਿਆ ।"

ਇਹ ਬਚਨ ਕੋਈ ਅਚਨਚੇਤ ਜਾਂ ਸੁਭਾਵਕ ਨਹੀਂ ਸਨ ਆਖੇ ਗਏ । ਗੁਰੂ ਅਮਰ ਦਾਸ ਜੀ ਪਿਛਲੇ ਕਈ ਵਰ੍ਹਿਆਂ ਤੋਂ ਭਾਈ ਜੇਠਾ ਜੀ ਦਾ ਕਰਮ ਸੁਭਾਅ ਨੀਝ ਨਾਲ ਦੇਖ ਰਹੇ ਸਨ । ਗੋਇੰਦਵਾਲ ਦੀ ਸੇਵਾ ਕਰਦੇ ਦੇਖ ਵੀ ਉਹਨਾਂ ਅਸੀਸ ਦਿੱਤੀ ਸੀ । ਉਹਨਾਂ ਦੇਖ ਲਿਆ ਸੀ ਕਿ ਭਾਈ ਜੇਠਾ ਜੀ ਦਿਲ ਦੇ ਸਖ਼ੀ ਤੇ ਨਿਮ੍ਰਤਾ ਵਾਲੇ ਹਨ । ਸਤਾ ਤੇ ਬਲਵੰਡ ਜੀ ਨੇ 'ਜਿਨਿ ਸਿਰਿਆ ਤਿਨੈ ਸਵਾਰਿਆ' ਵਾਲੀ ਜੋ ਤੁਕ ਉਚਾਰੀ ਹੈ, ਉਸ ਦਾ ਵੀ ਇਹ ਹੀ ਭਾਵ ਸੀ ਕਿ ਆਪੂੰ ਹੀ ਗੁਰੂ ਅਮਰਦਾਸ ਜੀ ਨੇ ਢੂੰਡ ਲੱਭ ਕਰ ਕੇ ਸੋਹਣਾ ਬਣਾਇਆ । ਗੁਰੂ ਰਾਮ ਦਾਸ ਜੀ ਨੇ ਆਪ ਵੀ ਇਸ਼ਾਰੇ ਮਾਤਰ ਰਾਗ ਮਾਝ ਵਿਚ ਪਿਛੋਂ ਲਿਖਿਆ : **'ਸਤਿਗੁਰ ਮਿਤ੍ਰ ਮੇਰਾ ਬਾਲ ਸਖਾਈ ।'**

ਸਿੱਖ ਇਤਿਹਾਸ ਨੇ ਇਹ ਵੀ ਲਿਖਿਆ ਹੈ ਕਿ ਵਿਆਹ ਦੇ ਸਮੇਂ ਬੜੇ ਹੀ ਨਿਮਰਤਾ ਭਰੇ ਸ਼ਬਦ ਆਖੇ ਸਨ । ਉਹਨਾਂ ਹੀ ਭਾਵਾਂ ਨੂੰ ਪਿਛੋਂ ਗੁਰ ਗੱਦੀ ਦੀ ਜ਼ਿੰਮੇਵਾਰੀ ਸੰਭਾਲਣ ਵੇਲੇ ਗੁਰੂ ਰਾਮਦਾਸ ਜੀ ਨੇ ਰਾਗ ਗੂਜਰੀ ਦੇ 'ਹਰਿ ਕੇ ਜਨ ਸਤਿਗੁਰ ਸਤ ਪੁਰਖਾ ਬਿਨਉ ਕਰਉ ਗੁਰਪਾਸਿ' ਦੇ ਸ਼ਬਦਾਂ ਵਿਚ ਦੁਹਰਾਇਆ

---

1. ਮੈਕਾਲਫ਼, ਦੀ ਸਿੱਖ ਰਿਲੀਜਨ, ਪੰਨਾ ੮੯, ਜਿਲਦ ਦੂਜੀ ।

ਸੀ । ਉਸ ਸ਼ਬਦ ਵਿਚ ਜਿਹੜੀ ਮੁੱਖ ਬਾਤ ਗੁਰੂ ਰਾਮਦਾਸ ਜੀ ਨੇ ਕਹੀ ਉਹ 'ਮੇਰੇ ਮੀਤ ਗੁਰਦੇਵ' ਕਹਿ ਕੇ ਗੁਰੂ ਅਮਰਦਾਸ ਜੀ ਨੂੰ ਸੰਬੋਧਨ ਕਰਨਾ ਸੀ ।

ਬੀਬੀ ਭਾਨੀ ਜੀ ਨਾਲ ਵਿਆਹ ਦਸੰਬਰ ੧੫੫੨ ਦੇ ਮਹੀਨੇ ਹੀ ਹੋ ਗਿਆ ।

ਬੀਬੀ ਭਾਨੀ — ਬੀਬੀ ਭਾਨੀ ਗੁਰੂ ਅਮਰਦਾਸ ਜੀ ਦੀ ਸਭ ਤੋਂ ਛੋਟੀ ਬੇਟੀ ਸੀ । ਸਭ ਤੋਂ ਵੱਡੀ ਬੀਬੀ 'ਦਾਨੀ' ਭਾਈ ਰਾਮਾ ਜੀ ਨਾਲ ਜੋ 'ਬੇਦੀ' ਵੰਸ਼ ਵਿਚੋਂ ਸਨ, ਨਾਲ ਵਿਆਹੀ ਹੋਈ ਸੀ ।

ਬੀਬੀ ਭਾਨੀ ਬਾਰੇ ਸਾਡੇ ਇਤਿਹਾਸ ਵਿਚ ਲਿਖਿਆ ਹੈ ਕਿ ਉਹ ਬਾਲ ਉਮਰੇ ਹੀ ਪ੍ਰਭੂ-ਭਗਤੀ ਵਿਚ ਲੱਗ ਗਏ ਸਨ । ਭਾਉ ਭਗਤੀ ਦਾ ਰੂਪ ਹੀ ਸਨ ਭਾਨੀ ਜੀ । "ਭਾਉ ਭਗਤਿ ਕੋ ਤਨ ਜਨ ਭਾਨੀ ।" ਇਕਾਂਤ ਪਸੰਦ ਸਨ । ਇੰਝ ਜਾਨਹੁ ਕਿ ਕੀਰਤੀ ਨੇ ਹੀ ਰੂਪ ਭਾਨੀ ਦਾ ਧਾਰਿਆ ਸੀ । 'ਮਾਨਹੁ ਕੀਰਤੀ ਰੂਪ ਕਰਯੋ ਹੈ' ਜਾਂ ਲੱਛਮੀ ਸਨ । ਸੁਭਾਅ ਦੇ ਅਤਿ ਸੁਸ਼ੀਲ, ਸੰਜਮੀ, ਨਿਮਰਤਾ ਵਾਲੇ ਤੇ ਸ੍ਰੇਸ਼ਟ ਬੁੱਧੀ ਦੇ ਮਾਲਕ ਸਨ : "ਸੁਮਤਿ ਗਹੀਲਾ ।" ਬੀਬੀ ਭਾਨੀ ਜੀ ਦੀ ਸ੍ਰੇਸ਼ਟ ਬੁੱਧੀ ਦੀ ਇਕ ਉਦਾਹਰਣ ਦੇਣੀ ਇਥੇ ਹੀ ਠੀਕ ਰਹੇਗੀ । ਜਦ ਬਾਬਾ ਪ੍ਰਿਥੀ ਚੰਦ ਨੇ ਗੁਰ ਪਿਤਾ ਅੱਗੇ ਗੁਸਤਾਖ਼ੀ ਦੇ ਬੋਲ ਬੋਲੇ ਅਤੇ ਮਹਾਂਦੇਵ ਨੇ ਜਲੀਆਂ ਕਟੀਆਂ ਸੁਣਾਈਆਂ ਤਾਂ ਆਪ ਜੀ ਨੇ (ਗੁਰੂ) ਅਰਜਨ ਨੂੰ ਕੋਲ ਬਿਠਲਾ ਕੇ ਕਿਹਾ ਕਿ ਗੁਰੂ ਪਿਤਾ ਵਿਚ ਮੋਹ ਵਰਗੀ ਕੋਈ ਚੀਜ਼ ਨਹੀਂ । ਉਹਨਾਂ ਪੁੱਤਰ ਕਰ ਕੇ ਕਿਸੇ ਨੂੰ ਦਾਤ ਨਹੀਂ ਦੇਣੀ । ਉਹ ਤਾਂ ਸੇਵਕ 'ਤੇ ਹੀ ਰੀਝਣਗੇ :

*"ਨਹੀਂ ਗੁਰਨਿ ਕੈ ਮੋਹ ਕਦਾਈ ।*
*ਰੀਝਹਿ ਸੇਵਕ ਦੇਂਹ ਬਡਿਆਈ ।"*

"ਪੁੱਤਰ ! ਇਹ ਯਾਦ ਰੱਖਣਾ ਕਿ ਗੁਰੂ ਨਾਨਕ ਦੇਵ ਜੀ ਨੇ ਸੇਵਕ ਦੀ ਸੇਵਾ 'ਤੇ ਹੀ ਖ਼ੁਸ਼ ਹੋ ਕੇ ਇਹ ਦਾਤਿ ਇਲਾਹੀ ਦਿੱਤੀ ਸੀ । ਫਿਰ ਗੁਰੂ ਅੰਗਦ ਦੇਵ ਜੀ ਨੇ ਵੀ ਉਸੇ ਤਰ੍ਹਾਂ ਪਿਤਾ ਜੀ ਨੂੰ 'ਦੇਤਿ ਭਏ ਪਿਖਿ ਸੇਵ ਘਨੇਰੇ । ਤਿਨ ਕੇ ਸਮ ਤੁਮ ਘਾਲਹੁ ਘਾਲ ।' ਪ੍ਰਿਥੀ ਚੰਦ ਨੂੰ ਬਹੁਤ ਸਮਝਾਇਆ ਹੈ ਪਰ ਉਹ ਬਹੁਤ ਹੀ ਅਹੰਕਾਰੀ ਹੋ ਗਿਆ ਹੈ । ਇਤਨਾ ਮੂਰਖ ਹੰਕਾਰੀ ਹੋ ਗਿਆ ਹੈ ਕਿ ਇਹ ਹੀ ਕਹੀ ਟੁਰੀ ਜਾਂਦਾ ਹੈ ਕਿ ਗੁਰੂ ਦੀ ਮਹਿਮਾ ਉਸ ਕਰ ਕੇ ਹੈ । "ਹਮ ਤੇ ਮਹਿਮਾ ਕਹਿ ਗਰਬੰਤ ।" ਹੱਥ ਮਲਦਾ ਰਹਿ ਜਾਵੇਗਾ । ਤੁਸੀਂ ਹੁਕਮ ਮੰਨ, ਆਗਿਆ ਵਿਚ ਰਹਿ, ਸੇਵ ਕਮਾ ਇਹ ਮਰਾਤਬਾ ਪਾਉਣਾ ਹੈ ।"

ਇਹ ਸਭ ਕੁਝ ਕੋਈ ਬੀਬੀ ਭਾਨੀ ਵਰਗੀ ਹੀ ਕਹਿ ਸਕਦੀ ਸੀ ।

ਸਾਵਣ ਦੇ ਝੂਲੇ ਝੂਲਣ ਲਈ ਜਦ ਬਾਕੀ ਸਹੇਲੀਆਂ ਬਾਹਰ ਜਾਂਦੀਆਂ ਤਾਂ ਉਹ ਗੁਰ ਪਿਤਾ ਕੋਲੋਂ ਪੁੱਛ ਕੇ ਜਾਂਦੇ ਸਨ । ਜੇ ਪਿਤਾ ਜੀ ਉਸ ਸਮੇਂ ਉਪਦੇਸ਼

ਦੇਂਦੇ ਉਹ ਸਾਰੀਆਂ ਸਹੇਲੀਆਂ ਨੂੰ ਜਾ ਸੁਣਾਂਦੇ । ਪਿਤਾ ਜੀ ਆਮ ਤੌਰ ਤੇ ਇਹ ਸ਼ਬਦ ਸੁਣਾਂਦੇ ਸਨ :

*"ਇਹੁ ਜਗਤੁ ਮਮਤਾ ਮੁਆ ਜੀਵਣ ਕੀ ਬਿਧਿ ਨਾਹਿ ॥*
*ਗੁਰ ਕੈ ਭਾਣੈ ਜੋ ਚਲੈ ਤਾ ਜੀਵਣ ਪਦਵੀ ਪਾਹਿ ॥"* (ਪੰਨਾ ੫੦੮)

ਬੀਬੀ ਜੀ ਸਹੇਲੀਆਂ ਨੂੰ ਇਕੱਠਾ ਕਰ ਕੇ ਸਦਾ ਇਹ ਕਹਿੰਦੇ ਕਿ ਅਸੀਂ ਬੇ-ਸਮਝ ਜੀਵ ਲੇਲਿਆਂ ਵਾਂਗ ਖੇਡਦੇ ਪਏ ਹਾਂ ਪਰ ਕਿਸੇ ਨੂੰ ਪਤਾ ਨਹੀਂ ਕਿ ਮੌਤ ਉਪਰ ਗੱਜ ਰਹੀ ਹੈ । ਸਾਨੂੰ ਇਹ ਹੀ ਬਣ ਆਉਂਦਾ ਹੈ ਕਿ ਉਸ ਨੂੰ ਸਿਮਰੀਏ । ਫਿਰ ਗੁਰੂ ਨਾਨਕ ਸਾਹਿਬ ਦੀ ਤੁਕ ਸੁਣਾਂਦੇ :

*ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ ॥*
*ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ ॥* (ਪੰਨਾ ੧੨)

ਫਿਰ ਕਹਿੰਦੇ 'ਹੱਸਣਾ ਕੁੱਦਣਾ ਖੇਡਣਾ ਮਾੜਾ ਨਹੀਂ ਪਰ ਇਹ ਇਤਨਾ ਵੀ ਨਹੀਂ ਹੋਣਾ ਚਾਹੀਦਾ ਕਿ ਪ੍ਰਭੂ ਹੀ ਵਿਸਰ ਜਾਏ ।' ਮਾਤਾ ਜੀ ਵੀ ਇਹਨਾਂ ਨੂੰ ਇਹ ਉਪਦੇਸ਼ ਦੇਂਦੇ ਸਨ ਕਿ ਸਾਡਾ ਸਭ ਦਾ ਰਾਖਾ ਗੁਰੂ ਨਾਨਕ ਹੈ । ਉਹਨਾਂ ਮੌਤ ਦਾ ਡਰ ਲਾਹ ਦਿੱਤਾ ਹੈ । ਉਹਨਾਂ ਜਾਚ ਸਿਖਲਾ ਦਿੱਤੀ ਹੈ ਕਿ ਇਸ ਦੁਨੀਆਂ ਵਿਚ ਸੁੱਖ ਤੇ ਦਰਗਾਹ ਵਿਚ ਮੁਕਤੀ ਕਿਵੇਂ ਲੈਣੀ ਹੈ ? ਬੀਬੀ ਭਾਨੀ ਜੀ ਦੀ ਪੋਸ਼ਾਕ ਬਹੁਤ ਸਾਦਾ ਸੀ । ਕਦੇ ਗਹਿਣਾ ਤਕ ਨਾ ਪਹਿਨਦੇ । ਕਦੇ ਖ਼ਾਹਿਸ਼ ਵੀ ਨਹੀਂ ਉਪਜੀ ਸੀ ।

ਮੈਕਾਲਫ ਨੇ ਇਹ ਵਾਰਤਾ ਵੀ ਲਿਖੀ ਹੈ ਕਿ ਇਕ ਸਿੱਖ ਨੇ ਗੁਰੁ-ਆਗਿਆ ਮੰਗੀ ਕਿ ਉਹ ਬੀਬੀ ਭਾਨੀ ਨੂੰ ਰੇਸ਼ਮੀ ਬਸਤਰ ਤੇ ਗਹਿਣੇ ਬਣਾ ਕੇ ਦੇਣਾ ਚਾਹੁੰਦਾ ਹੈ । ਬਿਲਕੁਲ ਸਾਦੇ ਕੱਪੜੇ ਨਵ-ਵਿਆਹੀ ਨੂੰ ਸੋਭਦੇ ਨਹੀਂ ਤਾਂ ਉਸੇ ਸਮੇਂ ਬੀਬੀ ਭਾਨੀ ਜੀ ਨੇ ਆਸਾ ਦੀ ਵਾਰ ਦਾ ਸਲੋਕ ਪੜ੍ਹ ਸੁਣਾਇਆ :

*"ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ ॥*
*ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥"* (ਪੰਨਾ ੪੬੮)

ਉਸੇ ਸਿੱਖ ਨੂੰ ਸਮਝਾਇਆ ਕਿ 'ਧਨ ਦੀ ਠੀਕ ਵਰਤੋਂ ਇਹ ਹੈ ਕਿ ਲੰਗਰ ਵਿਚ ਕਦੇ ਤੋਟ ਨਾ ਆਵੇ । ਹਰ ਆਏ ਗਏ ਦੀ ਲੋੜ ਪੂਰੀ ਹੋਵੇ ।'

ਜੇ ਭਾਈ ਜੇਠਾ ਜੀ ਸੰਗਤਾਂ ਦੀ ਸੇਵਾ ਵਿਚ ਰੁੱਝੇ ਰਹਿੰਦੇ ਸਨ ਤਾਂ ਬੀਬੀ ਭਾਨੀ ਜੀ ਪਿਤਾ ਜੀ ਨੂੰ ਪਰਮੇਸ਼ਰ ਦਾ ਰੂਪ ਜਾਣ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਆਦਿ ਦੀ ਸੇਵਾ ਕਰਦੇ । ਮਹਿਮਾ ਪ੍ਰਕਾਸ਼ ਦੇ ਸ਼ਬਦ ਹਨ :

*ਜਬ ਪਹਰ ਰਾਤ ਰਹੈ ਅੰਮ੍ਰਿਤ ਵੇਲਾ ।*
*ਗੁਰ ਕਰੈ ਇਸ਼ਨਾਨ ਭਗਤ ਸੁਖ ਕੇਲਾ ।*

*ਤਿਸੀ ਸਮੈ ਬੀਬੀ ਜੀ ਦਰਸ਼ਨ ਕਰੈ ।*
*ਗੁਰ ਕੀ ਭਗਤ ਸਦ ਹਿਰਦੈ ਧਰੈ ।*[1]

ਸੂਰਜ ਪ੍ਰਕਾਸ਼ ਵਿਚ ਲਿਖਿਆ ਵੀ ਹੈ ਕਿ ਉਹ ਬੇਟੀ ਦੀ ਤਰ੍ਹਾਂ ਨਹੀਂ, ਸਿੱਖ ਨਿਆਈਂ ਸੇਵਾ ਕਰਦੇ ਸਨ :

*'ਰਹੈ ਨਿੰਮ੍ਰ ਬਹੁ ਸੇਵ ਕਮਾਵਹਿ ।*
*ਅਨੁਸਾਰੀ ਹੁਇ ਸਦਾ ਚਿਤਾਵਹਿ ।'*

ਮਨ ਨੂੰ ਦ੍ਰਿੜ੍ਹ ਕਰ ਕੇ ਸੁਰਤ ਨੂੰ ਟਿਕਾਂਦੇ ਸਨ । ਫਿਰ ਕਦੇ ਪ੍ਰਗਟਾਵਾ ਨਹੀਂ ਸੀ । ਢੰਡੋਰਾ ਨਹੀਂ । ਬੀਬੀ ਜੀ ਕਹਿੰਦੇ ਵੀ ਇਹ ਹੀ ਸਨ :

ਆਛੋ ਕਾਮ ਦਿਖਾਇ ਨ ਚਾਹੈ ।
ਲਾਭ ਘਟੈ ਪਾਖੰਡ ਇਸ ਮਾਹੈ ।

ਫਿਰ ਸਿਰਫ ਇਕ ਬੀਬੀ ਭਾਨੀ ਜੀ ਹੀ ਹੈ ਜੋ ਗੁਰੂ ਬੇਟੀ ਵੀ ਹੈ, ਗੁਰੂ ਪਤਨੀ ਵੀ ਹੈ ਅਤੇ ਗੁਰੂ ਜਨਣੀ ਵੀ । ਹੰਕਾਰ ਲੇਸ ਮਾਤ੍ਰ ਨਹੀਂ । ਜਦੋਂ ਗੁਰੂ ਪਿਤਾ ਨੇ ਕਿਹਾ ਸੀ ਕਿ ਸਮੇਂ ਭੀੜੇ ਆ ਰਹੇ ਹਨ । ਬੜੇ ਉਪੱਧਰ ਉਠਾਉਣਗੇ ਦੋਖੀ ਤੇ ਜ਼ੁਲਮਾਂ ਦਾ ਪਹਾੜ ਢਾਹੁਣਗੇ ਹਤਿਆਰੇ, ਤਾਂ ਰਜ਼ਾ ਦੀ ਮੂਰਤ ਭਾਨੀ ਨੇ ਬੜੇ ਵਿਸ਼ਵਾਸ਼ ਨਾਲ ਕਿਹਾ ਸੀ : 'ਹੋਰਸ ਅਜਰ ਨ ਜਰਿਆ ਜਾਈ ।'

ਬੂਟੇ ਸ਼ਾਹ ਨੇ ਤਾਰੀਖ਼-ਇ-ਪੰਜਾਬ ਵਿਚ ਬੀਬੀ ਭਾਨੀ ਦੀ ਜਰਨ ਸ਼ਕਤੀ ਦੀ ਇਕ ਉਦਾਹਰਣ ਦੇਂਦੇ ਲਿਖਿਆ ਹੈ ਕਿ ਬੀਬੀ ਭਾਨੀ ਜੀ ਦੇ ਨੰਗੇ ਪੈਰ ਦਾ ਅੰਗੂਠਾ ਉਸ ਚੌਂਕੀ ਹੇਠ ਆ ਗਿਆ ਜਿਸ 'ਤੇ ਬੈਠ ਗੁਰੂ ਅਮਰਦਾਸ ਜੀ ਇਸ਼ਨਾਨ ਕਰਦੇ ਪਏ ਸਨ । ਖ਼ੂਨ ਵਹਿ ਤੁਰਿਆ । ਅਤਿ ਦਰਦ ਉਠਣ ਦੇ ਬਾਵਜੂਦ ਵੀ ਪ੍ਰੇਸ਼ਾਨੀ ਪ੍ਰਗਟ ਨਾ ਹੋਣ ਦਿੱਤੀ । ਨਾਂਹ ਸੀ ਕੀਤੀ ਤੇ ਨ ਪੈਰ ਖਿੱਚਣ ਦੀ ਕੋਸ਼ਿਸ਼ ਕੀਤੀ । ਇਹ ਸਿਰਫ਼ ਉਸਦੀ ਸੰਤਾਨ ਹੀ ਜਰ ਸਕੇਗੀ ।

---

1. ਸਾਖੀ ੨੯, ਪਾਤਸ਼ਾਹੀ ਤੀਜੀ ।

# ਗੋਇੰਦਵਾਲ

## ਘਾਲ, ਕਮਾਈ ਤੇ ਜ਼ਿੰਮੇਵਾਰੀਆਂ

**ਘਾਲ ਦਾ ਸਰੂਪ**

ਜੋ ਘਾਲ ਭਾਈ ਜੇਠਾ ਜੀ ਨੇ ਗੋਇੰਦਵਾਲ ਵਿਖੇ ਤਕਰੀਬਨ ਬਾਈ ਸਾਲ ਘਾਲੀ ਉਸ ਦਾ ਵਿਸਥਾਰ ਭਾਵੇਂ ਸਿੱਖ ਇਤਿਹਾਸ, ਰੱਬੀ ਭੱਟਾਂ, ਸੱਤਾ ਤੇ ਬਲਵੰਡ ਜੀ ਅਤੇ ਭਾਈ ਗੁਰਦਾਸ ਜੀ ਨੇ ਦਿੱਤਾ ਹੈ ਪਰ ਇਸ ਆਪ ਬੀਤੀ ਨੂੰ ਜਿਵੇਂ ਗੁਰੂ ਰਾਮਦਾਸ ਜੀ ਨੇ ਗੁਰਬਾਣੀ ਵਿਚ ਸਮੋਇਆ ਹੈ, ਉਸ ਨੂੰ ਵਾਚਣ ਨਾਲ ਘਾਲ ਦੇ ਕਰੜੇ ਹੋਣ ਦੀ ਕੁਝ ਕੁ ਝਲਕ ਤਾਂ ਮਿਲੇਗੀ ਹੀ ਪਰ ਉਹ ਰਹੱਸ ਵੀ ਖੁੱਲ੍ਹ ਜਾਏਗਾ ਜਿਸ ਨੂੰ ਭਾਈ ਗੁਰਦਾਸ ਜੀ ਨੇ 'ਜਾਣ ਨ ਦੇਸਾ ਸੋਢੀਓ' ਕਿਹਾ ਹੈ ।

ਬੰਸਾਵਲੀ ਨਾਮੇ ਦੇ ਇਹ ਸ਼ਬਦ ਸਾਰੀ ਘਾਲ ਦਾ ਧੁਰਾ ਹਨ ਕਿ:

*''ਸਾਕ ਨ ਜਾਤਾ ਹਿਰਦੇ ਰਖਿਆ ਸੇਵਕੀ ਭਾਉ ॥*
*ਚਚਲਾਈ ਚਤ੍ਰਾਈ ਨ ਖੇਡਣ ਹਸਣ ਦਾ ਚਾਉ ॥*
*ਪ੍ਰੀਤ ਚਰਨਾਂ ਦੀ ਸੇਵਕੀ ਰਖੀ ॥*
*ਬਿਨਾ ਸਤਿਗੁਰ ਹੋਰ ਨਾ ਦੇਖਣ ਅੱਖੀਂ ॥*[1]

ਗੁਰੂ ਦੇ ਰਾਹ 'ਤੇ ਟੁਰਦਿਆਂ ਤਿੰਨ ਵਾਸ਼ਨਾਵਾਂ ਅਜਿਹੀਆਂ ਸਨ ਜੋ ਹਰ ਇਕ ਦਾ ਪੈਰ ਰੋਕ ਲੈਂਦੀਆਂ ਹਨ ਪਰ ਗੁਰੂ ਰਾਮਦਾਸ ਜੀ ਇਹਨਾਂ ਵਿਚ ਨਹੀਂ ਉਲਝੇ । ਪਹਿਲੀ ਵਾਸ਼ਨਾ : ਦੇਹ ਵਾਸਨਾ ਹੈ । ਕੁਲ ਵੱਡੀ ਹੈ, ਰਿਸ਼ਤਾ ਆਦਰ ਮੰਗਦਾ ਹੈ, ਅਗਲੇ ਦਾ ਫ਼ਰਜ਼ ਹੈ ਸੇਵਾ ਭਾਉ ਕਰੇ । ਭਾਈ ਜੇਠਾ ਜੀ ਨੇ ਇਸ ਗੱਲ ਦੀ ਰਤਾ ਭਰ ਪਰਵਾਹ ਨਾ ਕੀਤੀ । ਜਦ ਲਾਹੌਰ ਤੋਂ ਆਏ ਕੁਝ ਰਿਸ਼ਤੇਦਾਰ

---

1. ਬ੍ਰਿਤਾਂਤ ਗੁਰੂ ਰਾਮਦਾਸ ਜੀ, ਚਰਨ ਚਉਥਾ ।

ਅਤੇ ਮੁੱਖੀ ਮੰਗਲਾ ਨੇ ਮੂੰਹ ਚੜ੍ਹ ਕੇ (ਗੁਰੂ) ਰਾਮਦਾਸ ਜੀ ਨੂੰ ਕਿਹਾ ਕਿ ਤੂੰ ਤਾਂ ਸਾਡੀ ਕੁਲ ਨੂੰ ਲਾਜ ਲਵਾ ਦਿੱਤੀ ਹੈ, ਸਹੁਰੇ ਘਰ ਟਿਕ ਸਿਰ ਟੋਕਰੀ ਚੁੱਕ ਕੇ ।[1] ਤਾਂ ਆਪ ਜੀ ਨੇ ਕਿਹਾ ਸੀ ਕਿ ਇਹ ਨਹੀਂ ਜਾਣਦੇ ਇਹ ਕੀ ਆਖ ਰਹੇ ਹਨ ? ਜੋ ਸ਼ੈਅ ਯੋਗ ਸਾਧਨਾ ਨਾਲ ਨਹੀਂ ਮਿਲਦੀ ਇਥੇ ਇਕੋ ਨਦਰ ਨਾਲ ਪ੍ਰਾਪਤ ਹੋ ਜਾਂਦੀ ਹੈ । ਗੁਰੂ ਅਮਰਦਾਸ ਜੀ ਨੇ ਵੀ ਬਿਰਾਦਰੀ ਨੂੰ ਕਿਹਾ ਸੀ : ਭਲੇ ਲੋਕੋ ! ਇਹ ਮਿੱਟੀ ਦੀ ਟੋਕਰੀ ਨਹੀਂ, ਸਭ ਜਗ ਛਤ੍ਰ ਦੀਨਿ ਮੈਂ ਇਨਕੋ । ਇਹਨਾਂ ਸੇਵਾ ਰਾਹੀਂ ਮੈਨੂੰ ਵਸ ਕਰ ਲਿਆ ਹੈ । 'ਕਰਿ ਸੇਵਾ ਮੁਝਕੋ ਬਸਿ ਕੀਨਾ ।' ਗੁਰੂ ਜੀ ਨੇ ਜਦ ਉਸ ਸਮੇਂ ਰਤਾ ਕੁ ਜਾਂਚਣ ਲਈ ਭਾਈ ਜੇਠਾ ਜੀ ਵੱਲ ਡਿੱਠਾ ਤਾਂ ਉਹਨਾਂ ਦੇਖਿਆ ਕਿ ਪ੍ਰੇਮ ਦੀ ਨੈ ਨੈਣਾਂ ਵਿਚ ਵਹਿ ਰਹੀ ਹੈ । "ਨਦੀ ਪ੍ਰੇਮ ਮਮ ਮਨ ਇਸ ਬਹੇ ।" ਸਾਰੇ ਹੰਕਾਰਾਂ ਨੂੰ ਛੱਡ ਕੇ,[2] ਲੋਕ ਲਾਜ ਛੱਡ ਕੇ,[3] ਸਰੀਰ 'ਤੇ ਖੇਚਲਾਂ ਸਹਾਰ ਕੇ,[4] ਪ੍ਰੇਮ ਤੇ ਭਗਤੀ ਵਿਚ ਲੀਨ ਹੋ ਕੇ,[5] ਈਰਖਾ ਨੇੜੇ ਨਾ ਲਿਆ ਕੇ,[6] ਮਨ ਬਚਨ ਕਰਮ ਨਾਲ ਸੇਵਾ ਹੀ ਸੇਵਾ ਕੀਤੀ । ਤਵਾਰੀਖ਼ ਗੁਰੂ ਖਾਲਸਾ ਵਿਚ ਵੀ ਇਸੇ ਸਿਲਸਿਲੇ ਵਿਚ ਲਿਖਿਆ ਹੈ ਕਿ ਪਹਿਲਾਂ ਹੀ ਗੁਰੂ ਅਮਰਦਾਸ ਜੀ ਸੱਚਾ ਸਿਦਕੀ ਸੇਵਕ ਗੁਰੂ ਰਾਮਦਾਸ ਜੀ ਨੂੰ ਸਮਝੀ ਬੈਠੇ ਸਨ । (ਗੁਰੂ) ਰਾਮਦਾਸ ਜੀ ਨੇ ਭੀ ਸਹੁਰੇ ਜਵਾਈ ਵਾਲਾ ਸੰਬੰਧ ਛੱਡ ਕੇ ਮਨੋ ਤਨੋ ੨੪ ਸਾਲ ਸੇਵਾ ਕੀਤੀ । ਛੇ ਸਾਲ ਤਾਂ ਮੁੰਡਾਸਾ ਹੀ ਨਹੀਂ ਉਤਾਰਿਆ । ਰੱਬੀ ਭੱਟਾਂ ਨੇ ਜ਼ਰਾ ਵਿਸਥਾਰ ਨਾਲ ਇਸ ਸਾਰੀ ਘਾਲ ਨੂੰ ਲਿਖ ਪ੍ਰਗਟ ਕੀਤਾ ਹੈ । ਭੱਟ ਨਲ ਜੀ ਕਹਿੰਦੇ ਹਨ ਕਿ ਜਦ ਗੁਰੂ ਅਮਰਦਾਸ ਜੀ ਦਾ 'ਸਭ ਬਿਧਿ ਮਾਨਿਉ ਮਨ ਤਬ ਹੀ ਭਯਉ ਪ੍ਰਸੰਨ' ਤਾਂ ਫਿਰ 'ਰਾਜ ਜੋਗੁ ਤਖਤੁ ਦੀਅਨ ਗੁਰ ਰਾਮਦਾਸ' ਇਹ ਕਿਸੇ ਤ੍ਰਿਆ ਹੱਠ ਜਾਂ ਮਰਜ਼ੀ ਦੇ ਉਲਟ ਨਹੀਂ ਸੀ । ਕਲਸਹਾਰ ਜੀ ਕਹਿੰਦੇ ਹਨ ਕਿ ਇਹ ਹੋਇਆ ਇਸ ਤਰ੍ਹਾਂ ਕਿ ਜਦ ਭਾਈ ਜੇਠਾ ਜੀ ਗੁਰੂ ਚਰਨੀਂ ਆਏ ਤਾਂ ਉਹਨਾਂ ਨੂੰ ਗੁਰੂ ਅਮਰਦਾਸ ਜੀ ਨੇ ਵਿਚਾਰ

---

1. ਕੁਲ ਲਜਾਯਾ ਖਈ ।
   ਘਰ ਸੁਸਰਾਰਿ ਮ੍ਰਿਤਕਾ ਢੋਈ ।
2. ਸਰਸ ਗਰਭ ਤੇ ਹੋਹਿ ਨਿਰਾਲਾ ।
3. ਸਭ ਜਗੀ ਕੀ ਰਖੀ ਨਹਿ ਕਾਨ ਸੇਵਾ ਕੇ ਤਤਪਰ ਸਾਵਧਾਨ ।
4. ਖੇਦ ਸਰੀਰ ਸੁ ਨਹੀਂ ਬਿਚਾਰਤ ।
5. ਪ੍ਰੇਮ ਭਗਤ ਰਤਿ ਦਿਨ ਧਾਰਤ ।
6. ਅਪਰ ਸੰਗ ਨਹਿ ਈਰਖਾ ਠਾਨਹਿ ।

ਬਖ਼ਸ਼ੀ ਤੇ ਲਿਵ[1] ਲਗਾਉਣ ਦੀ ਜਾਚ ਸਿਖਲਾਈ,[2] ਭਗਤੀ ਦੇ ਪਿਆਰ ਵਿਚ ਪਾਇਆ[3] ਤਾਂ ਮਨ ਜਾਗ ਪਿਆ ।[4] ਮਨ ਜਾਗਣ ਨਾਲ ਹਿਰਦਾ ਰੂਪੀ ਕੰਵਲ ਖਿੜ ਪਿਆ । ਜੀਵਨ ਵਿਚ ਖ਼ੁਸ਼ਬੂਈ ਆਈ । ਘਰ ਗ੍ਰਿਹਿਸਤੀ ਹੋਏ ਪਰ ਉਹਨਾਂ ਗ੍ਰਿਹਿਸਤ ਵਿਚ ਹੀ ਰਹਿ ਕੇ "ਅੰਤੈ ਨਿਰੰਜਨ ਘਰਹਿ ਲਹਾ", ਪੰਜੇ ਵਸ ਹੋ ਗਏ । ਸੱਚੀ ਗੱਲ ਤਾਂ ਇਹ ਹੈ ਕਿ ਉਹਨਾਂ ਮੋਹ ਨੂੰ ਮਲ ਦਿੱਤਾ, ਕ੍ਰੋਧ ਦੇ ਟੋਟੇ ਕਰ ਦਿੱਤੇ, ਲੋਭ ਨੂੰ ਦੁਰਕਾਰ ਦਿੱਤਾ, ਐਸਾ ਜੀਵਨ ਨੂੰ ਬੰਨ੍ਹ ਮਾਰਿਆ ਕਿ ਇਹ ਸਦਾ ਪ੍ਰਸੰਨ ਚਿਤ ਵਿਚਰਨ ਲੱਗੇ । ਗੁਰੂ ਦੇ ਪਿਆਰ ਵਿਚ ਮਸਤ ਫਿਰਨ ਲੱਗੇ, ਮਾਨੋ ਪਿਆਰ ਭਰੀ ਭਗਤੀ ਦੇ ਚਸ਼ਮੇ ਹੀ ਚੱਲ ਪਏ :

*ਪ੍ਰੇਮ ਭਗਤਿ ਪਰਵਾਹ, ਪ੍ਰੀਤਿ ਪੁਬਲੀ ਨਾ ਹੁਟਇ ।*

ਪ੍ਰੇਮ ਦੀ ਨੈਂ ਨੂੰ ਵਧਾਉਣ ਲਈ ਕੀਰਤਨ ਕਰਦੇ, ਸ਼ਬਦ ਦਾ ਸੁਆਦ ਲੈਂਦੇ ਤੇ ਦਿੰਦੇ । ਇਹ ਪ੍ਰੇਮ ਰਸ ਪਾ ਕੇ ਉਹਨਾਂ ਸੇਵਾ ਨਹੀਂ ਛੱਡੀ । ਗ਼ਾਫ਼ਲ ਨਹੀਂ ਹੋਏ ਅਤੇ ਨਾ ਹੀ ਕਦੇ ਥੱਕੇ,[5] ਸਦਾ ਵਾਹ ਵਾਹ ਹੀ ਕਰਦੇ ਰਹੇ । ਉਸੇ ਤਰ੍ਹਾਂ ਜਿਵੇਂ ਗੁਰੂ ਅਮਰਦਾਸ ਜੀ ਨੂੰ ਕਰਦੇ ਹੋਏ ਆਪ ਜੀ ਨੇ ਡਿੱਠਾ ਸੀ ।

ਕਲਸਹਾਰ ਜੀ ਨੇ ਬੜੇ ਢੁਕਵੇਂ ਸੰਕੇਤ ਵਰਤ ਕੇ ਇਸ ਸਾਰੀ ਘਾਲ ਨੂੰ ਥੋੜ੍ਹੇ ਸ਼ਬਦਾਂ ਵਿਚ ਲਿਖਿਆ ਕਿ ਗੁਰੂ ਰਾਮ ਦਾਸ ਜੀ ਨੇ ਸ਼ਰਧਾ ਨੂੰ ਮੂਲ ਰਖਿਆ । ਹਿਰਦਾ ਐਸਾ ਟਿਕਾ ਲਿਆ ਕਿ ਉਸ 'ਤੇ ਗਰਮੀ ਸਰਦੀ ਦਾ ਅਸਰ ਨਾ ਹੋਇਆ । ਸੰਤੋਖ ਦੀ ਕਨਾਤ ਤਾਣ ਲਈ ਕਿ ਕੋਈ ਬਾਹਰਲਾ ਪ੍ਰਭਾਵ ਹੀ ਨਾ ਪਵੇ । ਮਿੱਠਾ ਸੁਭਾਉ ਐਸਾ ਬਣਾ ਲਿਆ ਕਿ ਉਸ ਨੇ ਸੰਜੋਅ ਦਾ ਕੰਮ ਕੀਤਾ । ਸ਼ਬਦ ਨੂੰ ਹਿਰਦੇ ਟਿਕਾਉਣ ਉਪਰੰਤ ਨਾਮ ਉਪਜਿਆ ਤੇ ਗੁਰੂ ਦੀ ਟੇਕ ਰੱਖੀ ਤੇ ਇਸ ਸਾਰੀ ਅਵੱਸਥਾ ਨੂੰ ਕਾਇਮ ਰੱਖਣ ਲਈ ਸਾਧ ਸੰਗਤ ਦੀ ਮਿੱਠੀ-ਮਿੱਠੀ ਖ਼ੁਸ਼ਬੋ ਨਿੱਤ ਲੈਂਦੇ ਰਹੇ :

*ਸੇਜ ਸਧਾ[7]*

*ਸਹਜ ਛਾਵਾਣ[8]*

---

1. ਅਨਭਉ ਉਨਮਾਨਿ, ਅਕਾਲ ਲਿਵ ਲਾਗੇ ।
2. ਭਗਤ ਭਾਇ ਭੰਡਾਰ ਭਰੇ ।
3. ਜਾਗਾ ਮਨ ਕੰਵਲ ਸਹਿਜ ਪ੍ਰਕਾਸ਼ ।
4. ਅਮਿਅ ਰਸ, ਰਸਨ੍ਹ ਪ੍ਰਕਾਸ਼ ਅਮਿਅ ਧਾਰਾ ਰਸੁ ਗੁਟਇ ।
6. ਹਰਿ ਮਗਿ ਨ ਹੁਟੇ; ਪਲਕ ਨ ਸੋਵੈ ਜੀਉ; ਸੇਵਾ ਕਰਤ ਨ ਛੋਡਿਉ ਪਾਸੁ ।
7. ਸ਼ਰਧਾ
8. ਸ਼ਾਮਿਆਨਾ

*ਸੰਤੋਖੁ ਸਰਾਇਚਉ[1]*
*ਸਦਾ ਸੀਲ*
*ਸੰਨਾਹੁ[2] ਸੋਹੈ ।*
*ਗੁਰ ਸਬਦਿ ਸਮਾਚਰਿਉ ਨਾਮੁ,*
*ਟੇਕ ਸੰਗਾਦਿ ਬੋਹੈ ।* (ਪੰਨਾ ੧੩੯੮)

ਗੱਲ ਕੀ :

ਨਿੰਮ੍ਰਤਾ ਭਗਤ ਕਰੀ ।
ਪਾਇਕੈ ਸ਼ਕਤੀ ਹਰੀ ॥
ਜਰ ਕੇ ਅਜਰ, ਗੁਰਿਆਈ ਘਰ ਲੈ ਗਏ ।

ਗੁਰੂ ਨਾਨਕ ਦੇਵ ਜੀ ਉਪਰੰਤ ਜਿਵੇਂ ਬਾਕੀ ਗੁਰੂ ਸਾਹਿਬਾਨ ਨੇ ਗੁਰ-ਪਦਵੀ ਪ੍ਰਾਪਤ ਕੀਤੀ, ਉਸ ਦਾ ਵੇਰਵਾ ਭਾਈ ਗੁਰਦਾਸ ਜੀ ਨੇ ਤੀਜੀ ਵਾਰ ਦੀ ਤੇਰ੍ਹਵੀਂ ਪਉੜੀ ਵਿਚ ਕੁਝ ਕੁ ਦਿੱਤਾ ਹੈ । ਉਹਨਾਂ ਦਾ ਕਹਿਣਾ ਹੈ ਕਿ ਗੁਰੂ ਨਾਨਕ ਦੇਵ ਜੀ ਤਾਂ ਗੁਰਾਂ ਗੁਰ ਸਨ । ਉਹਨਾਂ ਗੁਰੂ ਅੰਗਦ ਦੇਵ ਜੀ ਨੂੰ ਸਹਿਜ ਵਿਚ ਟਿਕਣਾ ਸਿੱਖਲਾ ਕੇ ਅਲਖ ਅਭੇਉ ਪ੍ਰਭੂ ਦੀ ਸੋਝੀ ਦੇ ਕੇ ਥਾਪ ਦਿੱਤਾ । ਗੁਰੂ ਅੰਗਦ ਦੇਵ ਜੀ ਨੇ 'ਹੁਕਮ' ਸਮਝਾ ਕੇ ਤੇ ਹੁਕਮ ਵਿਚ ਟੁਰਨਾ ਸਿਖਲਾ ਕੇ ਅਲਖ ਨੂੰ ਪ੍ਰਤੱਖ ਕਰ ਦਿੱਤਾ ਤੇ ਸਗੋਂ ਜ਼ਿੰਮੇਵਾਰੀ ਸੌਂਪ ਦਿੱਤੀ । ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਨੂੰ ਪ੍ਰੇਮ ਪਿਆਲਾ ਤਿਆਰ ਕਰਨ ਦਾ ਵੱਲ ਸਿਖਲਾ ਕੇ ਉਸ ਨੂੰ ਫਿਰ ਅੰਮ੍ਰਿਤ ਨਾਲ ਭਰ ਦਿੱਤਾ ।

*ਸਤਿਗੁਰ ਨਾਨਕ ਦੇਉ ਗੁਰਾ ਗੁਰੂ ਹੋਇਆ ।*
*ਅੰਗਦ ਅਲਖੁ ਅਭੇਉ ਸਹਿਜ ਸਮੋਇਆ ।*
*ਅਮਰਹ ਅਮਰ ਸਮੇਉ ਅਲਖ ਅਲੋਇਆ ।*
*ਰਾਮਨਾਮ ਅਰਿਥੇਉ ਅੰਮ੍ਰਿਤ ਚੋਇਆ ।*

ਗੁਰੂ ਰਾਮਦਾਸ ਜੀ ਦੀ ਆਪਣੀ ਜ਼ਬਾਨੀ — ਫ਼ਾਰਸਟਰ ਨੇ ਆਪਣੇ ਸਫ਼ਰਾਂ ਵਿਚ ਲਿਖਿਆ ਹੈ ਕਿ ਗੁਰੂ ਰਾਮਦਾਸ ਜੀ ਨੇ ਇਤਿਹਾਸਕ ਘਟਨਾਵਾਂ ਅਤੇ ਵਡਿਕਿਆਂ ਦੇ ਉਪਦੇਸ਼ਾਂ ਤੇ ਨਿਯਮਾਂ ਨੂੰ ਇਕ ਥਾਵੇਂ ਕੀਤਾ ਅਤੇ ਉਹਨਾਂ ਦੀ ਰਚਨਾ ਦੀ

---

1. ਕਨਾਤ
2. ਸੰਜੋਅ

ਵਿਆਖਿਆ ਕਰ ਕੇ ਨਾਲ ਜੋੜੀ ।[1]

ਇਸ ਨੁਕਤਾ ਨਿਗਾਹ ਤੋਂ ਗੁਰੂ ਰਾਮਦਾਸ ਜੀ ਦੀ ਬਾਣੀ ਪੜ੍ਹਿਆਂ ਅਨੇਕਾਂ ਹੀ ਰਹੱਸ ਖੁੱਲ੍ਹਦੇ ਹਨ । ਗੁਰੂ ਰਾਮਦਾਸ ਜੀ ਨੇ ਹੀ ਪੁਰਬ ਅਭੀਚੁ ਤੇ ਗੁਰੂ ਅਮਰਦਾਸ ਜੀ ਦੇ ਜਾਣ ਦਾ ਜ਼ਿਕਰ ਤੁਖਾਰੀ ਰਾਗ ਵਿਚ ਕੀਤਾ ਹੈ । ਤਪੇ ਦੇ ਵਿਖਾਦ 'ਤੇ ਅਕਬਰ ਪਾਸ ਦਿੱਲੀ ਸ਼ਿਕਾਇਤਾਂ ਪਹੁੰਚਾਉਣ ਵਾਲੇ ਮਰਵਾਹ ਦੇ ਪੁੱਤਰ ਦਾ ਹਸ਼ਰ, ਸਨਾਤਨੀਆਂ ਦੇ ਵੈਰ ਵਿਰੋਧ ਦਾ ਵਰਨਣ, ਪ੍ਰਿਥੀ ਚੰਦ ਦਾ ਝਗੜਨਾ ਅਤੇ ਆਪਣੀ ਹੱਡ-ਬੀਤੀ ਨੂੰ ਬੜੇ ਸਹਿਜ ਸੁਭਾਅ ਢੰਗ ਵਿਚ ਲਿਖਿਆ ।

ਇਹ ਹੀ ਜਚੇਗਾ ਕਿ ਪਹਿਲਾਂ ਗੁਰੂ ਜੀ ਨੇ ਜੋ ਘਾਲ ਘਾਲੀ, ਉਸ ਦਾ ਜ਼ਿਕਰ ਉਹਨਾਂ ਦੀ ਹੀ ਜ਼ਬਾਨੀ ਕੀਤਾ ਜਾਏ, ਫਿਰ ਗੁਰੂ ਰਾਮਦਾਸ ਜੀ ਨੂੰ ਇਕ ਇਤਿਹਾਸਕਾਰ ਦੇ ਰੂਪ ਵਿਚ ਦੇਖਿਆ ਜਾਏ ।

ਗੁਰੂ ਅਮਰਦਾਸ ਜੀ ਨੂੰ ਜਿਵੇਂ ਉਹਨਾਂ ਡਿੱਠਾ ਤੇ ਜਿਵੇਂ ਵਿਰੋਧੀਆਂ ਦੇ ਹਰ ਹੱਲੇ ਵੇਲੇ ਉਹ ਸ਼ਾਂਤ ਚਿਤ ਰਹੇ, ਉਸ ਦਾ ਵਰਣਨ ਗੁਰੂ ਰਾਮਦਾਸ ਜੀ ਨੇ ਕੀਤਾ ।

ਗੁਰੂ ਅਮਰਦਾਸ ਜੀ ਦੇ ਮਿੱਠੇ ਸੁਭਾਅ ਬਾਰੇ ਉਹਨਾਂ ਲਿਖਿਆ ਹੈ ਕਿ 'ਨਿਮਾਣਿਆਂ ਗੁਰੂ ਮਾਣ ਹੈ ।' 'ਉਹ ਵੇਪ੍ਰਵਾਹ ਨਾ ਬੋਲਣੀ' ਦੇ ਸ਼ਬਦ ਵੀ ਲਿਖੇ ਹਨ । ਇਕ ਥਾਵੇਂ 'ਗੁਰੂ ਜੋਗੀ ਪੁਰਖ ਮਿਲਿਆ ਰੰਗ ਮਾਣੀ ਜੀਉ' ਵੀ ਲਿਖਿਆ ਹੈ । 'ਇਕ ਦ੍ਰਿਸ਼ਟ ਕਰ ਦੇਖੈ' ਵਾਲਾ ਗੁਰੂ ਜੀ ਦਾ ਕਰਮ ਹੈ । ਗੁਰੂ ਅਮਰਦਾਸ ਜੀ ਦੀ ਖਿੱਚਵੀਂ ਸ਼ਖ਼ਸੀਅਤ ਬਾਰੇ ਤੁਖਾਰੀ ਰਾਗ ਦੇ ਸ਼ਬਦ ਵਿਚ ਲਿਖਿਆ : ਜਦ ਤੀਜੇ ਪਾਤਸ਼ਾਹ ਹਰਦੁਆਰ ਪੁੱਜੇ ਤਾਂ ਸਾਰੀ ਲੋਕਾਈ ਹੀ ਗੁਰੂ ਦਾ ਦਰਸ਼ਨ ਕਰਨ ਲਈ ਖਿੱਚੀ ਆਈ । 'ਸਭ ਮੋਹੀ ਦੇਖ ਦਰਸ਼ਨ ਗੁਰ' । ਫਿਰ ਨਗਰ ਦੇ ਮੁੱਖੀ ਸੱਜਨ 'ਮਹਾ ਜਨਾਂ' ਵੀ ਸ਼ਰਨ ਤੱਕੀ । ਐਸਾ ਪ੍ਰਭਾਵ ਸੀ ਗੁਰੂ ਜੀ ਦਾ ਕਿ 'ਸਭ ਦੁਨੀਆਂ ਭਾਗ ਸਤਿਗੁਰ ਪਿਛੇ ਪਈ ।' ਸਭ ਸੰਪ੍ਰਦਾਵਾਂ ਦੇ ਮੁੱਖੀਆਂ ਨੇ ਆਪਣੇ ਵਿਚਾਰ ਉਹਨਾਂ ਦੇ ਚਰਨਾਂ ਵਿਚ ਬੈਠ ਸ਼ੁੱਧ ਕੀਤੇ ।

ਜਿਨ੍ਹਾਂ ਨਿਰਵੈਰ ਗੁਰੂ ਅਮਰਦਾਸ ਜੀ ਨਾਲ ਵੈਰ ਕਮਾਇਆ, ਉਹ ਜੱਗ ਵਿਚ ਔਖੇ ਹੋਏ ਅਤੇ ਟਾਕਰੇ 'ਤੇ ਟਿਕ ਨਾ ਸਕੇ ਕਿਉਂਕਿ ਸਤਿਗੁਰੂ ਤਾਂ ਸਭਨਾਂ ਦਾ ਭਲਾ ਮਨਾਇਦਾ ਹੈ । ਉਸ ਦਾ ਕਦੇ ਬੁਰਾ ਹੋ ਹੀ ਨਹੀਂ ਸਕਦਾ :

---

1. Ram Das compiled the histories and precepts of his predecessors, and annexed a commentary to the work. (Travels, 1-296 note)
— Cunningham, A History of the Sikhs, p. 46.

*ਨਿਰਵੈਰਾ ਨਾਲਿ ਜਿ ਵੈਰੁ ਚਲਾਇਦੇ*
*ਤਿਨ ਵਿਚਹੁ ਤਿਸਟਿਆ ਨ ਕੋਇ ॥*
*ਸਤਿਗੁਰੁ ਸਭਨਾ ਦਾ ਭਲਾ ਮਨਾਇਦਾ*
ਤਿਸ ਦਾ ਬੁਰਾ ਕਿਉ ਹੋਇ ॥ ੨ ॥

(ਪੰਨਾ ੩੦੨, ਗੁਰੂ ਗ੍ਰੰਥ ਸਾਹਿਬ)

ਦਾਤੂ ਜੀ ਜਦ ਸਿਧਾਸਣ ਸਿੱਖ ਕੇ ਆਏ ਤਾਂ ਉਹਨਾਂ ਆਪਣੀ ਗੱਦੀ ਚਲਾਉਣੀ ਚਾਹੀ ਤਾਂ ਗੁਰੂ ਰਾਮਦਾਸ ਜੀ ਨੇ ਲਿਖਿਆ ਕਿ ਐਸੇ ਲੋਕ ਭੁੱਲ ਜਾਂਦੇ ਹਨ ਕਿ ਜਿਸ ਨੂੰ ਆਪੂੰ ਜਿਉਂਦੇ ਜੀ ਗੁਰੂ ਅੰਗਦ ਦੇਵ ਜੀ ਥਾਪ ਗਏ ਹਨ, ਟਿਕ ਗਏ ਹਨ, ਉਸੇ ਦੀ ਵਡਿਆਈ ਵੱਡੀ ਹੁੰਦੀ ਹੈ। ਉਸ ਨੂੰ ਜਗਤ ਨਮਸਕਾਰਾਂ ਕਰਦਾ ਹੈ ਅਤੇ ਸਾਰੇ ਬ੍ਰਹਮੰਡ ਵਾਸੀ ਸਿਰ ਝੁਕਾਂਦੇ ਹਨ :

*ਜਿ ਹੋਂਦੈ ਗੁਰੂ ਬਹਿ ਟਿਕਿਆ*
*ਤਿਸੁ ਜਨ ਕੀ ਵਡਿਆਈ ਵਡੀ ਹੋਈ ॥*
*ਤਿਸੁ ਕਉ ਜਗਤੁ ਨਿਵਿਆ ਸਭੁ ਪੈਰੀ ਪਇਆ*
*ਜਸੁ ਵਰਤਿਆ ਲੋਈ ॥*
*ਤਿਸ ਕਉ ਖੰਡ ਬ੍ਰਹਮੰਡ ਨਮਸਕਾਰੁ ਕਰਹਿ*
*ਜਿਸ ਕੈ ਮਸਤਕਿ ਹਥੁ ਧਰਿਆ ਗੁਰਿ ਪੂਰੈ*
*ਸੋ ਪੂਰਾ ਹੋਈ ॥*
*ਗੁਰ ਕੀ ਵਡਿਆਈ ਨਿਤ ਚੜੈ ਸਵਾਈ*
*ਅਪੜਿ ਕੋ ਨ ਸਕੋਈ ॥*
*ਜਨੁ ਨਾਨਕੁ ਹਰਿ ਕਰਤੈ ਆਪਿ ਬਹਿ ਟਿਕਿਆ*
*ਆਪੇ ਪੈਜ ਰਖੈ ਪ੍ਰਭੁ ਸੋਈ ॥ ੩ ॥*

(ਗਉੜੀ ਕੀ ਵਾਰ ਮ : ੪, ਪੰਨਾ ੩੦੯, ਗੁਰੂ ਗ੍ਰੰਥ ਸਾਹਿਬ)

ਫਿਰ ਜ਼ਿਕਰ ਕੀਤਾ ਕਿ ਗੁਰ-ਪੁੱਤ ਗੁਰੂ ਅੰਗਦ ਵੇਲੇ ਹੀ ਉਖੜੇ-ਉਖੜੇ, ਵਿਛੁੜੇ-ਵਿਛੁੜੇ ਤੇ ਦੂਰ-ਦੂਰ ਰਹਿੰਦੇ ਸਨ, ਹੁਣ ਤਾਂ ਹੋਰ ਦੂਰ ਹੋ ਗਏ। ਉਹਨਾਂ ਨਿੰਦਕਾਂ ਨਾਲ ਕੁਝ ਜ਼ਰੂਰ ਰਲੇ ਪਰ ਸਭ ਭੰਬਲ-ਭੂਸਿਆਂ ਵਿਚ ਪਏ ਰਹੇ। ਉਹਨਾਂ ਦੀ ਹਾਲਤ ਇਹ ਬਣੀ ਕਿ ਉਹ ਕੁਝ ਕਹੀ ਜਾਣ ਕੋਈ ਸੁਣਦਾ ਤਕ ਨਹੀਂ ਸੀ। ਜਿਹੜੀ ਥੋੜ੍ਹੀ ਬਹੁਤ ਪਤ ਰਹਿ ਗਈ ਸੀ, ਉਹ ਵੀ ਗਵਾ ਬੈਠੇ ਜਦ ਟੋਲਾ ਬਣਾ ਕੇ ਵਿਚਰਨ ਲੱਗੇ। ਉਹਨਾਂ ਦੀ ਹਾਲਤ ਕੋਹੜੀਆਂ ਵਾਲੀ ਹੋਈ :

*ਹੋਦੈ ਪਰਤਖਿ ਗੁਰੂ ਜੋ ਵਿਛੁੜੇ*
*ਤਿਨ ਕਉ ਦਰਿ ਢੋਈ ਨਾਹੀ ।*
*ਕੋਈ ਜਾਇ ਮਿਲੈ ਤਿਨ ਨਿੰਦਕਾ*
*ਮੁਹ ਫਿਕੇ ਥੁਕ ਥੁਕ ਮੁਹਿ ਪਾਹੀ ।*

*ਜੋ ਸਤਿਗੁਰਿ ਫਿਟਕੇ ਸੇ ਸਭ ਜਗਤਿ ਫਿਟਕੇ*
*ਨਿਤ ਭੰਭਲ ਭੂਸੇ ਖਾਹੀ ॥*
*ਜਿਨ ਗੁਰੁ ਗੋਪਿਆ ਆਪਣਾ ਸੇ ਲੈਦੇ ਢਾਹਾ ਫਿਰਾਹੀ ।*
*ਤਿਨ ਕੀ ਭੁਖ ਕਦੇ ਨ ਉਤਰੈ*
*ਨਿਤ ਭੁਖਾ ਭੁਖ ਕੂਕਾਹੀ ।*
*ਓਨਾ ਦਾ ਆਖਿਆ ਕੋ ਨ ਸੁਣੈ,*
*ਨਿਤ ਹਉਲੇ ਹਉਲਿ ਮਰਾਹੀ ।*
*ਸਤਿਗੁਰ ਕੀ ਵਡਿਆਈ ਵੇਖ ਨ ਸਕਨੀ*
*ਓਨਾ ਅਗੈ ਪਿਛੈ ਥਾਉ ਨਾਹੀ ।*
*ਜੋ ਸਤਿਗੁਰਿ ਮਾਰੇ ਤਿਨਿ ਜਾਇ ਮਿਲਹਿ*
*ਰਹਦੀ ਖੁਹਦੀ ਸਭ ਪਤਿ ਗਵਾਹੀ ।*
*ਓਇ ਅਗੈ ਕੁਸਟੀ ਗੁਰ ਕੇ ਫਿਟਕੇ*
*ਜਿ ਓਸੁ ਮਿਲੈ ਤਿਸੁ ਕੁਸਟੁ ਉਠਾਹੀ ।*
(ਗਉੜੀ ਕੀ ਵਾਰ ਮ: ੪, ਪੰਨਾ ੩੦੮, ਗੁਰੂ ਗ੍ਰੰਥ ਸਾਹਿਬ)

ਅੱਗੇ ਲਿਖਿਆ ਹੈ :

*ਜਿਸ ਨੂੰ ਸਾਹਿਬ ਵਡਾ ਕਰੇ,*
*ਸੋਈ ਵਡ ਜਾਣੀ ।*
*ਜੇ ਕੋਈ ਉਸ ਦੀ ਰੀਸ ਕਰੇ,*
*ਸੋ ਮੂੜ ਅਜਾਣੀ ॥* (ਗਉੜੀ ਕੀ ਵਾਰ ਮ: ੪)

ਗੁਰੂ ਰਾਮਦਾਸ ਜੀ ਨਿੱਜੀ ਤਜਰਬੇ ਵਜੋਂ ਲਿਖਦੇ ਹਨ ਕਿ ਗੁਰੂ ਅਮਰਦਾਸ ਜੀ ਦੇ ਮਿਲਣ ਨਾਲ ਸ਼ਾਂਤੀ ਆਈ, ਹਰਿਭਗਤੀ ਪਾਈ, ਸੇਵ ਕਮਾਈ, ਨਾਮ ਨਾਲ ਲਿਵ ਲੱਗੀ, ਵਿਚਾਰ ਉਪਜੀ, ਗਿਆਨ ਮਿਲਿਆ, ਵੈਰੀ-ਮਿੱਤਰ ਇਕੋ ਜਿਹਾ ਜਾਣਣ ਦੀ ਦ੍ਰਿਸ਼ਟੀ ਮਿਲੀ, ਐਸਾ ਹੈ ਮਿੱਤਰ ਭਗਤ ਗਿਆਨੀ ਹਮਾਰਾ, ਗੁਰੂ ਅਮਰ ਦਾਸ ਜੀ :

*"ਧਨੁ ਧਨੁ ਸਤਪੁਰਖੁ ਸਤਿਗੁਰੂ ਹਮਾਰਾ*
*ਜਿਤੁ ਮਿਲਿਐ ਹਮ ਹਰਿ ਭਗਤਿ ਪਾਈ ।*
*ਧਨੁ ਧਨੁ ਹਰਿ ਭਗਤੁ ਸਤਿਗੁਰੂ ਹਮਾਰਾ*
*ਜਿਸ ਕੀ ਸੇਵਾ ਤੇ ਹਮ ਹਰਿਨਾਮਿ ਲਿਵ ਲਾਈ ।*
*ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ*
*ਜਿਨਿ ਵੈਰੀ ਮਿਤ੍ਰੁ ਹਮ ਕਉ ਸਭ ਸਮਦ੍ਰਿਸਟਿ ਦਿਖਾਈ ।*
*ਧਨੁ ਧਨੁ ਸਤਿਗੁਰੂ ਮਿਤ੍ਰੁ ਹਮਾਰਾ*
*ਜਿਨਿ ਹਰਿਨਾਮ ਸਿਉ ਹਮਾਰੀ ਪ੍ਰੀਤਿ ਬਣਾਈ । ੧੯ ॥*
(ਵਡਹੰਸ ਕੀ ਵਾਰ ਮ : ੪, ਪੰਨਾ ੫੯੪)

ਬਸ ਗੁਰੂ ਅਮਰਦਾਸ ਜੀ ਐਸਾ ਅਨੰਦ ਰੂਪ ਹਨ ਜਿਨ੍ਹਾਂ ਦੇ ਸ਼ਬਦਾਂ ਰਾਹੀਂ ਵਾਹਿਗੁਰੂ ਗੱਜਦਾ ਹੈ :

*ਅਨਦ ਮੂਲ ਰਾਮ ਸਭ ਦੇਖਿਆ,*
*ਗੁਰ ਸਬਦੀ ਗੋਬਿੰਦ ਗਜਿਆ ।*

ਹੁਣ ਆਪਣਾ ਤਜਰਬਾ ਜਾਂ ਹੱਡ ਬੀਤੀ ਦੱਸਦੇ ਕਹਿੰਦੇ ਹਨ ਕਿ ਪੰਡਿਤ ਲੋਕ ਵੇਦਾਂ, ਸ਼ਾਸਤਰਾਂ ਤੇ ਸਿਮ੍ਰਤੀਆਂ ਨੂੰ ਵਾਚਨ ਤੇ ਫਿਰ ਵਿਖਿਆਨ ਕਰ ਕੇ ਮਾਨ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਹਨ, ਜੋਗੀ ਆਪਣੇ ਮੁਖੀ ਗੋਰਖ ਦਾ ਨਾਂ ਪੁਕਾਰ-ਪੁਕਾਰ ਰਾਹਤ ਹਾਸਿਲ ਕਰਨ ਲਈ ਦੌੜੇ ਫਿਰਦੇ ਹਨ, ਸੰਨਿਆਸੀ ਸਰੀਰ ਸਾਧਨਾ ਨੂੰ ਹੀ ਜੀਵਨ ਮੰਤਵ ਜਾਣ ਜੁੱਟੇ ਰਹਿੰਦੇ ਹਨ ਤੇ ਉਸੇ ਨੂੰ ਮੰਜ਼ਿਲ ਸਮਝ ਬੈਠਦੇ ਹਨ, ਖੱਤਰੀ ਇਹ ਸਮਝਦੇ ਹਨ ਕਿ ਕੋਈ ਸੂਰਮਤਾਈ ਦੀ ਵਾਰਦਾਤ ਕਰ ਕੇ ਮਰਾਤਬਾ ਪਾ ਲਿਆ ਜਾਏ । ਸ਼ੂਦਰ ਤੇ ਵੈਸ਼ ਦੂਜਿਆਂ ਦੀ ਸੇਵਾ ਕਰ ਕੇ ਕੁਝ ਅਰਥ ਕਮਾਉਣ ਨੂੰ ਹੀ ਲਾਹੇਵੰਦ ਜਾਣਦੇ ਹਨ ਤੇ ਇਸੇ ਵਿਚ ਜੀਵਨ-ਕਲਿਆਣ ਜਾਣਦੇ ਹਨ ਪਰ ਮੈਂ ਕਿਸੇ ਵਿੱਦਿਆ, ਚਤੁਰਾਈ ਜਾਂ ਸੇਵਾ ਦਾ ਸਹਾਰਾ ਨਹੀਂ ਲਿਆ, ਕੇਵਲ ਨਾਮ ਵਿਚ ਚਿੱਤ ਲਗਾਇਆ । ਸਹਾਰਾ ਕੇਵਲ ਪ੍ਰਭੂ ਦਾ ਦੇਖਿਆ । ਉਸ ਦੇ ਨਾਮ ਦੀ ਟੇਕ ਰੱਖ ਕੇ ਬਾਕੀ ਸਭ ਆਸਰੇ ਛੱਡ ਦਿੱਤੇ । ਇਹ ਸੀ ਮੇਰੀ ਕਾਰ :

*ਮੈਂ ਮੂਰਖ ਹਰਿ ਹਰਿ ਜਪੁ ਪੜਿਆ ।*
... ... ... ...
*ਮੈਂ ਮੂਰਖ ਹਰਿ ਆਸ ਤੁਮਾਰੀ ।*
... ... ... ...
*ਮੈਂ ਅੰਧੁਲੇ ਹਰਿ ਟੇਕ ਟਿਕਾਈ ।*

(ਗਉੜੀ ਗੁਆਰੇਰੀ ਮਹਲਾ ੪, ਪੰਨਾ ੧੬੩)

ਵਡਹੰਸ ਰਾਗ ਵਿਚ ਫ਼ਰਮਾਂਦੇ ਹਨ ਕਿ 'ਮੈਂ ਉਪਰਿ ਨਦਰਿ ਕਰੀ ਪਿਰਿ ਸਾਚੇ, ਮੈਂ ਛੋਡਿਅੜਾ ਮੇਰਾ ਤੇਰਾ ।' ਆਪ ਜੀ ਸਾਡੇ ਭਲੇ ਲਈ ਸਾਡਾ ਰਾਹ ਸੁਖਾਲਾ ਕਰਨ ਲਈ ਫ਼ਰਮਾਂਦੇ ਹਨ ਕਿ ਜਦ ਆਪਣਾ ਖ਼ਿਆਲ ਛੱਡਿਆ, ਬਖ਼ਸ਼ਸ਼ ਹੋਈ ਤੇ ਇਹ ਬੋਹਲ ਘਰ ਆਇਆ । ਜੋ 'ਸਭ ਕੋ ਬੀਜੇ ਆਪਣੇ ਭਲੇ ਕੋ' ਐਸੇ ਲੋਕਾਂ ਦੀ ਆਤਮਿਕ ਪੂੰਜੀ ਲੁੱਟੀ ਜਾਂਦੀ ਹੈ ਪਰ ਜਿਸ ਨੇ ਨਿੰਮ੍ਰਤਾ ਤੇ ਪਿਆਰ ਨਾਲ ਬੀਜੀ, ਉਹਨਾਂ ਦੀ ਉਪਜ ਬਹੁਤੀ ਵੀ ਹੁੰਦੀ ਹੈ ਅਤੇ ਘਰ ਵੀ ਪੁੱਜਦੀ ਹੈ :

*ਕਿਰਸਾਣੀ ਜੰਮੀ ਭਾਉ ਕਰਿ,*
*ਹਰਿ ਬੋਹਲ ਬਖਸ ਜਮਾਇਆ ।* (ਪੰਨਾ ੩੦੪)

ਉਸ ਪ੍ਰਭੂ ਨੇ ਹੀ ਸਿਫ਼ਤ ਸਾਲਾਹ ਦਾ ਖ਼ਜ਼ਾਨਾ ਬਖ਼ਸ਼ਿਆ ਤੇ ਉਸੇ ਨੂੰ ਵਰਤ ਕੇ ਹੀ ਕਬੂਲ ਹੋਇਆ ਅਤੇ ਭਗਤੀ ਥਾਇ ਪਈ । ਇਹ ਕਿਸੇ ਆਪਣੇ ਕਰਮ ਕਰ ਕੇ ਨਹੀਂ ਹੋਇਆ, ਇਹ ਰਹਿਮਤ ਦੀ ਕਹਾਣੀ ਹੈ :

*ਤਿਸ ਦੀ ਤੂ ਭਗਤ ਥਾਇ ਪਾਇਹਿ*
*ਜੋ ਤੁਧੁ ਮਨਿ ਭਾਇਆ ।*
*ਜੋ ਹਰਿ ਪ੍ਰਭ ਭਾਵੈ ਸੋ ਥੀਐ,*
*ਸਭਿ ਕਰਨਿ ਤੇਰਾ ਕਰਾਇਆ ।*

(ਬਿਹਾਗੜੇ ਕੀ ਵਾਰ ਮ: ੪, ਪੰਨਾ ੫੪੮)

ਫਿਰ ਦਹੁਰਾ ਕੇ ਕਹਿੰਦੇ ਹਨ ਕਿ ਜਦ ਗੁਰੂ ਅਮਰਦਾਸ ਜੀ ਦੇ ਚਰਨੀਂ ਲੱਗਾ ਤਾਂ ਉਹਨਾਂ ਵਿਸ਼ਵਾਸ਼ ਕਰਵਾ ਦਿੱਤਾ ਕਿ ਜਿਸ ਦਾ ਹਰੀ ਨਾਲ ਪਿਆਰ ਹੈ ਉਹ ਹੀ ਸਭਨਾਂ ਦਾ ਪਿਆਰ ਲੈ ਸਕਦਾ ਹੈ । ਮਨੁੱਖਾਂ ਜਾਂ ਦਿੱਸਦੇ ਜਗਤ ਨਾਲ ਪਿਆਰ ਕਰਨ ਵਾਲੇ ਸੁਆਰਥੀਆਂ, ਖ਼ੁਦਗ਼ਰਜ਼ਾਂ ਨੂੰ ਕਦੇ ਸ਼ਾਂਤੀ ਨਹੀਂ ਮਿਲਦੀ । ਉਸੇ ਦੀ ਸੇਵਾ ਸਫ਼ਲ ਹੈ ਜੋ ਚਿੱਤ ਲਗਾ ਕੇ ਕਰਦਾ ਹੈ :

*ਜੋ ਹਰਿ ਕਾ ਪਿਆਰਾ,*
*ਸੋ ਸਭਨਾ ਕਾ ਪਿਆਰਾ,*
*ਹੋਰ ਕੇਤੀ ਝਖਿ ਝਖਿ ਆਵੈ ਜਾਵੈ । ੧੭ ।*

(ਬਿਹਾਗੜੇ ਕੀ ਵਾਰ ਮ: ੪, ਪੰਨਾ ੫੫੫)

ਗੁਰੂ ਨੇ ਇਹ ਸਮਝਾ ਦਿੱਤਾ ਕਿ ਇਹ ਮਨੁੱਖਾ ਸਰੀਰ ਚੋਲੀ ਨਿਆਈਂ ਹੈ । ਜਦ ਤਕ ਭਗਤੀ ਰੂਪ ਕਸੀਦਾ ਕੱਢਿਆ ਨਾ ਜਾਏ ਇਹ ਦਿਖਾਉਣ ਜੋਗ ਨਹੀਂ । ਕਿਸੇ ਕੰਮ ਦਾ ਨਹੀਂ । ਸੋ ਭਗਤੀ ਕੀਤੀ । ਇਸ ਭਗਤੀ ਸਦਕਾ ਅੰਦਰ ਰੱਬ ਦੇ ਨੇਹੁ ਵਾਲੀ ਰੇਸ਼ਮ ਦੀ ਤੰਦ ਬੰਨ੍ਹਣੀ ਸ਼ੁਰੂ ਹੋਈ ਅਤੇ ਬਿਬੇਕ ਬੁੱਧੀ ਮਿਲੀ । ਖਿਮਾ ਦੇ ਘਰ ਰਹਿਣ ਲੱਗਾ । (ਹਰਿ ਕਾਪੜ ਪਹਰਹੁ ਖਿਮਾ ਕਾ) :

*ਹਰਿ ਚੋਲੀ ਦੇਹ ਸਵਾਰੀ,*
*ਕਢਿ ਪੈਧੀ ਭਗਤਿ ਕਰਿ ।*
*ਹਰਿ ਪਾਟੁ ਲਗਾ ਅਧਿਕਾਈ,*
*ਬਹੁ ਬਹੁ ਬਿਧਿ ਭਾਤਿ ਕਰਿ ।*
*ਕੋਈ ਬੂਝੈ ਬੂਝਣਹਾਰਾ,*
*ਅੰਤਰਿ ਬਬੇਕੁ ਕਰਿ ।*

(ਸੋਰਠਿ ਕੀ ਵਾਰ ਮਹਲੇ ੪ ਕੀ, ਪੰਨਾ ੬੪੬)

ਇਸ ਨੇਹੁ ਬਿਬੇਕ ਸਦਕਾ ਤ੍ਰਿਸ਼ਨਾ ਦੀ ਅੱਗ ਬੁੱਝ ਗਈ, ਤਲਖੀ ਹਟੀ, ਚਿਤ ਸ਼ਾਂਤ ਹੋਇਆ :

*ਦਿਨੀਅਰੁ, ਸੂਰੁ ਤ੍ਰਿਸ਼ਨਾ ਅਗਨਿ ਬੁਝਾਨੀ*
*ਸਿਵ ਚਰਿਉ ਚੰਦੁ ਚੰਦਾਕੀ । ੩ ।*

(ਧਨਾਸਰੀ ਮ: ੪, ਪੰਨਾ ੬੬੮)

ਮਨ ਸੰਸਾਰੀ ਮੋਹ ਤੋਂ ਹਟ ਰੱਬ ਸੇਤੀ ਨੇਹੁ ਲੱਗਾ । ਮੈਨੂੰ ਇਹ ਕਹਿਣ ਵਿਚ

ਰਤਾ ਵੀ ਝਿਜਕ ਨਹੀਂ ਕਿ ਸੰਸਾਰੀ ਵਿੱਦਿਆ, ਨੌਂ ਵਿਆਕਰਨਾਂ, ਛੇ ਸ਼ਾਸਤਰਾਂ, ਚਾਰ ਵੇਦਾਂ ਤੇ ਦੁਨਿਆਵੀ ਸਮਝਾਂ ਨਾਲ ਉਹ ਕਦੇ ਨਹੀਂ ਭਿੱਜਦਾ । ਪ੍ਰਸੰਨਤਾ ਕੇਵਲ ਹਿਰਦੇ ਵਿਚ ਨਾਮ ਟਿਕਾਉਣ ਨਾਲ ਮਿਲੀ :

*ਨਵ ਛਿਅ ਖਟੁ ਬੋਲਹਿ ਮੁਖ ਆਗਰ*
*ਮੇਰਾ ਹਰਿ ਪ੍ਰਭੁ ਇਵ ਨ ਪਤੀਨੇ ।*
*ਜਨ ਨਾਨਕ ਹਰਿ ਹਿਰਦੈ ਸਦ ਧਿਆਵਹੁ*
*ਇਉ ਹਰਿ ਪ੍ਰਭੁ ਮੇਰਾ ਭੀਨੇ[1] ॥ ੨ ॥ ੧ ॥*

ਇਹ ਮੱਤ ਮੇਰੇ ਗੁਰੂ-ਪ੍ਰਭੂ ਨੇ ਮੈਨੂੰ ਦਿੱਤੀ ਕਿ ਸਦਾ ਸਤਿਨਾਮ ਦਾ ਜਾਪ ਕਰੋ । ਮਨ ਕੇਵਲ ਜਪ ਕਰਨ ਨਾਲ ਹੀ ਉਜਲ ਹੁੰਦਾ ਹੈ । ਜਿੱਥੇ ਸਤਿਨਾਮ ਦਾ ਸਿਮਰਨ ਹੈ ਉਥੇ ਕੋਈ ਅਟਕ ਰੁਕਾਵਟ ਨਹੀਂ ਰਹਿੰਦੀ । ਭਵਜਲ ਤਰਿਆ ਜਾ ਸਕਦਾ ਹੈ ਜੇ ਪਾਸ ਜਪ ਦਾ ਤੁਲਹਾ ਹੈ :

*ਜਹ ਹਰਿ ਸਿਮਰਨੁ ਭਇਆ*
*ਤਹ ਉਪਾਧਿ ਗਤੁ ਕੀਨੀ*
*ਵਡਭਾਗੀ ਹਰਿ ਜਪਨਾ ॥*
*ਜਨ ਨਾਨਕ ਕਉ*
*ਗੁਰਿ ਇਹ ਮਤਿ ਦੀਨੀ*
*ਜਪਿ ਹਰਿ ਭਵਜਲੁ ਤਰਨਾ[2] ॥ ੨ ॥ ੬ ॥ ੧੨ ॥*

ਆਸਾ ਰਾਗ ਦੇ ਇਕ ਛੰਦ ਵਿਚ ਆਪਣੀ ਸਾਰੀ ਘਾਲ ਤੇ ਸਫ਼ਲ ਕਮਾਈ ਦਾ ਜ਼ਿਕਰ ਕਰਦੇ ਹੋਏ ਰਹੱਸ-ਮਈ ਢੰਗ ਨਾਲ ਗੁਰੂ ਰਾਮ ਦਾਸ ਜੀ ਫ਼ਰਮਾਂਦੇ ਹਨ ਕਿ ਗੁਰੂ ਅਮਰ ਦਾਸ ਜੀ ਨੇ ਸਿਰ 'ਤੇ ਹੱਥ ਰੱਖਿਆ, ਪ੍ਰੀਤ ਉਪਜੀ । 'ਮਸਤਕਿ ਮਣੀ ਪ੍ਰੀਤਿ ਬਹੁ ਪ੍ਰਗਟੀ ਹਰਿਨਾਮੈ ਹਰਿ ਸੋਹਾਇਆ ।' ਫਿਰ ਸੇਵਾ ਵਿਚ ਲੱਗੇ । ਸੇਵਾ ਵਿਚ ਬਹੁਤ ਹੀ ਅਨੰਦ ਆਇਆ । ਗੁਰੂ ਨੇ ਗਲੇ ਨਾਲ ਲਗਾਇਆ :

*ਤਿਨ ਹਮ ਚਰਣ ਸਰੇਵਹ*
*ਖਿਨੁ ਖਿਨੁ ਪਗ ਧੋਵਹ*
*ਜਿਨ ਹਰਿ ਮੀਠ ਲਗਾਨ ਜੀਉ ॥*

(ਆਸਾ ਮਹਲਾ ੪, ਪੰਨਾ ੪੪੬)

ਇਸ ਸੇਵਾ ਦਾ ਸਦਕਾ ਸਮ-ਦ੍ਰਿਸ਼ਟੀ ਮਿਲੀ । ਜਾਤ, ਧਰਮ, ਪਾਤ ਤੇ ਨਸਲ ਦੇ ਵਿਖੇਵੇਂ ਮਿਟ ਗਏ । ਸਭ ਵਿਚ ਉਸੇ ਦਾ ਝਲਕਾਰਾ ਵੱਜਾ :

---

1. ਧਨਾਸਰੀ ਮਹਲਾ ੪, ਘਰ ੫, ਦੁਪਦੇ, ਪੰਨਾ ੬੬੮ ।
2. ਧਨਾਸਰੀ ਮਹਲਾ ੪, ਪੰਨਾ ੬੭੦ ।

*ਸਭ ਏਕ ਦ੍ਰਿਸਟਿ ਸਮਤੁ ਕਰ ਦੇਖੈ,*
*ਸਭ ਆਤਮੁ ਰਾਮੁ ਪਛਾਨ ਜੀਉ ॥* (ਆਸਾ ਮਹਲਾ ੪)

ਸੇਵਾ ਦੇ ਨਾਲ ਸਤਿ ਸੰਗਤ ਵਿਚ ਬੈਠਣ, ਕੀਰਤਨ ਕਰਨ ਤੇ ਕੀਰਤਨ ਸੁਣਨ ਦਾ ਚਾਅ ਜਾਗਿਆ । ਸਾਧ ਸੰਗਤਿ ਕਦੇ ਨ ਖੁੰਝਾਈ । ਰਸ ਪੈਦਾ ਹੋ ਗਿਆ :

*ਸਤ ਸੰਗਤਿ ਮਨਿ ਭਾਈ,*
*ਹਰਿ ਰਸਨ ਰਸਾਈ,*
*ਵਿਚਿ ਸੰਗਤ ਹਰਿ ਰਸੁ ਹੋਇ ਜੀਉ ॥* (ਪੰਨਾ ੪੪੬)

ਸਾਧ ਸੰਗਤ ਜਾ ਜਾ ਇਹ ਸੋਝੀ ਹੋਈ ਕਿ ਸ਼ਬਦਿ ਦੁਆਰਾ ਸਹਜੇ ਹੀ ਪਾਰ ਹੋ ਜਾਈਦਾ ਹੈ : *''ਕਢਿ ਲੇਵਹੁ ਸਬਦਿ ਸੁਭਾਇ ਜੀਉ ।''*

ਬਸ ਮਿਲੇ ਸਨੇਹ ਕਰ ਕੇ ਕੀਤੀ ਸੇਵਾ, ਪ੍ਰਾਪਤ ਸਮਦ੍ਰਿਸ਼ਟੀ ਸਾਧ ਸੰਗਤ ਦੇ ਨੇਮ ਅਤੇ ਸ਼ਬਦ ਦੁਆਰਾ ਉਸ ਦੀ ਦਇਆ ਨਾਲ ਘਾਲ ਥਾਇ ਪਈ ।

ਮਨਿ ਚਾਉ ਨ ਹੁਟੈ — ਸਾਡੇ ਇਤਿਹਾਸ ਨੇ ਵੀ ਲਿਖਿਆ ਹੈ ਕਿ ਸੇਵਾ ਕਰ ਕੇ ਚਾਅ ਰਤਾ ਭਰ ਵੀ ਨਹੀਂ ਸੀ ਘਟਿਆ । ਕਈ-ਕਈ ਦਿਨ ਸੇਵਾ ਕਰਦਿਆਂ ਇਤਨੇ ਰੁਝ ਜਾਂਦੇ ਸਨ ਕਿ ਗੁਰੂ ਅਮਰ ਦਾਸ ਜੀ ਦੀ ਹਾਜ਼ਰੀ ਭਰਨੀ ਵੀ ਮੁਸ਼ਕਿਲ ਹੋ ਜਾਂਦੀ ਸੀ ।

ਸਾਖੀ ਵੀ ਆਉਂਦੀ ਹੈ ਕਿ ਇਕ ਦਿਨ ਗੁਰੂ ਅਮਰਦਾਸ ਜੀ ਨੇ ਆਪਣੇ ਨਿੱਜੀ ਸੇਵਕ ਭਾਈ ਬਲੂ ਜੀ ਨੂੰ ਪੁੱਛਿਆ ਕਿਤਨੇ ਹੀ ਦਿਨ ਹੋ ਗਏ ਹਨ, ਜੇਠਾ ਜੀ ਨਜ਼ਰੀਂ ਨਹੀਂ ਆਏ । ਕਿਧਰੇ ਦੂਰ ਦੁਰਾਡੇ ਤਾਂ ਨਹੀਂ ਚਲੇ ਗਏ :

*ਰਾਮ ਦਾਸ ਕੋ ਚਿਰ ਬਹੁ ਹੋਵਾ,*
*ਕਹਾ ਗਯੋ ਹਮ ਨਿਕਟ ਨਾ ਜੋਵਾ ।*

ਭਾਈ ਜੀ ਨੇ ਕਿਹਾ : ਸੱਚੇ ਪਾਤਸ਼ਾਹ ! ਜੇਠਾ ਜੀ ਕਿਧਰੇ ਨਹੀਂ ਗਏ । ਗੱਲ ਅਸਲ ਹੋਰ ਹੈ । ਸਵੇਰੇ ਤੋਂ ਗਈ ਰਾਤ ਤਕ ਸੇਵਾ ਵਿਚ ਜੁੱਟੇ ਰਹਿੰਦੇ ਹਨ ।

''ਪਹਿਲਾਂ ਲੰਗਰ ਤਿਆਰ ਕਰਦੇ ਹਨ । ਸੰਗਤਾਂ ਨੂੰ ਪੰਗਤਿ ਵਿਚ ਆਦਰ ਨਾਲ ਬਿਠਾ ਛਕਾਂਦੇ ਹਨ । ਠੰਡਾ ਜਲ ਆਪੂੰ ਭਰ ਕੇ ਲਿਆਂਦੇ ਹਨ । ਹਰ ਇਕ ਦੀ ਲੋੜ ਪੂਰੀ ਕਰਦੇ ਹਨ । ਸ਼ਬਦ ਸੁਣਾਂਦੇ ਹਨ । ਹਰ ਆਏ ਯਾਤਰੂ ਲਈ ਵਿਛੌਣੇ ਦਾ ਇੰਤਜ਼ਾਮ ਕਰਦੇ ਹਨ ਅਤੇ ਜਦ ਸਿੱਖ ਸੰਗਤਾਂ ਆਰਾਮ ਕਰ ਰਹੀਆਂ ਹੁੰਦੀਆਂ ਹਨ ਤਾਂ ਪੱਖਾ ਝੱਲਦੇ ਹਨ ਤੇ ਬਹੁਤੇ ਥੱਕਿਆਂ ਹੋਇਆਂ ਦੀ ਮੁੱਠੀ ਚਾਪੀ ਵੀ ਕਰਦੇ ਹਨ । ਜੇ ਰਾਤ ਵੇਲੇ ਵੀ ਕੋਈ ਪਾਣੀ ਮੰਗੇ ਜਾਂ ਕੋਈ ਇੱਛਾ ਕਰੇ, ਪੂਰੀ ਕਰਦੇ ਹਨ । ਇਸ ਕਾਰਨ ਆਪ ਜੀ ਪਾਸ ਆਉਣਾ ਨਹੀਂ ਹੋਇਆ ।

ਸੂਰਜ ਪ੍ਰਕਾਸ਼ ਦੇ ਸ਼ਬਦਾਂ ਵਿਚ :

*ਦੇਗ ਤਯਾਰ ਕਰ ਦੇਹਿ ਅਹਾਰਾ,*
*ਪੰਕਤਿ ਕੋ ਬਿਠਾਇ ਇਕ ਸਾਰਾ ।*
*ਸੀਤਲ ਜਲ ਕੋ ਭਰਿ ਭਰਿ ਲਜਾਵੈ,*
*ਬੂਝ ਬੂਝ ਸੰਗਤਿ ਕੋ ਪਯਾਵੈ । ੧੭ ।*
*ਛੁਧਾ ਪਿਆਸਾ ਸਭਿ ਕੀ ਹਰੈ,*
*ਬਾਂਛਤ ਸਿਖੇਯਨਿ ਦੈਬੋ ਕਰੈ ।*
*ਕਰ ਮਹਿ ਗਹੈ ਬੀਜਨਾ ਫੇਰ,*
*ਬਾਯੂ ਕਰਤਿ ਉਸ਼ਨ ਬਹੁ ਹੇਰਿ ।*[1]

ਇਹ ਸੁਣ ਕੇ ਗੁਰੂ ਅਮਰ ਦਾਸ ਜੀ ਬਹੁਤ ਹੀ ਪ੍ਰਸੰਨ ਹੋਏ ਤੇ ਸ਼ਾਬਾਸ਼ ਆਖੀ ਤੇ ਕਿਹਾ ਕਿ ਜਿਸ ਨੇ ਸੰਗਤਾਂ ਦੀ ਮੇਰਾ ਰੂਪ ਜਾਣ ਸੇਵਾ ਕੀਤੀ ਹੈ, ਨੌ ਨਿਧਾਂ ਅਤੇ ਅਠਾਰਾਂ ਸਿੱਧਾਂ ਉਸੇ ਨੂੰ ਹੀ ਮਿਲਦੀਆਂ ਹਨ । ਇਸ ਤੋਂ ਵੱਡੀ ਖ਼ੁਸ਼ਕਿਸਮਤੀ ਵੀ ਨਹੀਂ :

*ਜਿਨ ਸੰਗਤਿ ਕੀ ਸੇਵਾ ਕਰੀ,*
*ਹਮਰੇ ਹਿਤ ਇਮਿ ਪ੍ਰੀਤੀ ਧਰੀ ।*
*ਦੁਲਭ ਪਦਾਰਥ ਹੋਇ ਨ ਕੋਇ,*
*ਨੌ ਨਿਧਿ ਸਿਧਿ ਪਾਏ ਹੈ ਸੋਇ ।*
*ਸਿਖ ਮੇਰੇ ਸੇਵੇ ਅਨੁਰਾਗ,*
*ਅਪਰ ਨ ਇਸ ਤੇ ਕੋ ਬਡਿਭਾਗ ।*[2]

**ਬੇ-ਪ੍ਰਵਾਹੀ**

ਭਾਈ ਜੇਠਾ ਜੀ ਦੀ ਬੇਪ੍ਰਵਾਹੀ ਦਾ ਜ਼ਿਕਰ ਵੀ ਸਾਡੇ ਸਾਖੀਕਾਰਾਂ ਕੀਤਾ ਹੈ । ਕਿਸੇ ਸੰਸਾਰੀ ਚੀਜ਼ ਨਾਲ ਲਗਾਓ ਹੀ ਨਹੀਂ ਸੀ । ਇਕ ਵਾਰੀ ਕਿਸੇ ਨੇ ਗੁਰੂ ਅਮਰ ਦਾਸ ਜੀ ਨੂੰ ਸੁੱਚੇ ਮੋਤੀਆਂ ਦੀ ਮਾਲਾ ਭੇਂਟ ਕੀਤੀ । ਆਪ ਜੀ ਨੇ ਉਹ ਮਾਲਾ ਭਾਈ ਜੇਠਾ ਜੀ ਨੂੰ ਦੇ ਦਿੱਤੀ । ਅੱਗੋਂ ਉਹ ਹੀ ਮਾਲਾ ਭਾਈ ਜੇਠਾ ਜੀ ਨੇ ਇਕ ਮਲੰਗ ਨੂੰ ਜੋ ਬਾਉਲੀ ਦੇ ਰਾਹ ਬੈਠਾ ਗੁਰੂ ਜੀ ਸਬੰਧੀ ਬੋਲ ਕੁਬੋਲ ਬੋਲਦਾ ਰਹਿੰਦਾ ਸੀ, ਉਸ ਨੂੰ ਇਸ ਖ਼ਿਆਲ ਨਾਲ ਦੇ ਦਿੱਤੀ ਕਿ ਉਹ ਚੁੱਪ ਕਰ ਜਾਏਗਾ । ਕੁਝ ਦਿਨ ਮਲੰਗ ਚੁੱਪ ਕਰ ਗਿਆ ਸਗੋਂ ਸਿਫ਼ਤਾਂ ਗਾਉਣ ਲੱਗ ਪਿਆ । ਮਹਾਰਾਜ ਨੇ ਪੁੱਛਿਆ ਕਿ ਕਿਸੇ ਕੁਝ ਇਸ ਨੂੰ ਦਿੱਤਾ ਤਾਂ ਨਹੀਂ । ਉਸ ਸਮੇਂ ਭਾਈ ਜੇਠਾ ਜੀ ਨੇ ਕਿਹਾ

---

1. ਸ੍ਰੀ ਗੁਰ ਪ੍ਰਤਾਪ ਸੂਰਜ : (ਰਾਸ ਪਹਿਲੀ, ਅੰਸ ੪੩)
2. ਸ੍ਰੀ ਗੁਰ ਪ੍ਰਤਾਪ ਸੂਰਜ (ਰਾਸ ਪਹਿਲੀ, ਅੰਸ ੪੩)

ਕਿ ਉਹੋ ਸੁੱਚੇ ਮੋਤੀਆਂ ਦੀ ਮਾਲਾ ਇਸ ਨੂੰ ਦੇ ਦਿੱਤੀ ਹੈ। ਮਹਾਰਾਜ ਜੇਠਾ ਜੀ ਦੀ ਬੇਪ੍ਰਵਾਹੀ 'ਤੇ ਪ੍ਰਸੰਨ ਹੋਏ ਪਰ ਨਾਲ ਹੀ ਕਹਿਣ ਲੱਗੇ ਕਿ ਮਲੰਗ ਨੇ ਇਹ ਧੰਧਾ ਹੀ ਬਣਾ ਲੈਣਾ ਹੈ। ਇਸੇ ਤਰ੍ਹਾਂ ਹੀ ਹੋਇਆ। ਕੁਝ ਦਿਨਾਂ ਬਾਅਦ ਉਹ ਹੋਰ ਪਹਿਲਾਂ ਤੋਂ ਵੀ ਉੱਚਾ ਕੁਬੋਲ ਬੋਲਣ ਲੱਗ ਪਿਆ। ਭਾਈ ਜੇਠਾ ਜੀ ਨੇ ਨਜ਼ਰ ਨੀਵੀਂ ਕਰ ਕੇ ਗੁਰੂ ਮਹਾਰਾਜ ਵੱਲ ਦੇਖਿਆ ਤਾਂ ਮਹਾਰਾਜ ਕਹਿਣ ਲੱਗੇ : ਜੇਠਾ ਜੀ ! ਕੋਈ ਗੱਲ ਨਹੀਂ। ਇਹ ਮਲੰਗ ਇਤਨਾ ਬੇਵਕੂਫ਼ ਨਹੀਂ। ਇਸ ਨੂੰ ਇਹ ਸੋਝੀ ਹੈ ਕਿ ਜੇ ਪਹਿਲਾਂ ਉੱਚਾ ਬੋਲਣ, ਮੰਦਾ ਕਹਿਣ ਨਾਲ ਸੁੱਚੇ ਮੋਤੀਆਂ ਦੀ ਮਾਲਾ ਮਿਲ ਸਕਦੀ ਹੈ ਤਾਂ ਉਹ ਇਹ ਧੰਧਾ ਕਿਉਂ ਛੱਡੇਗਾ। ਇਹ ਕਦੇ ਨਾ ਭੁੱਲਣਾ 'ਨਿੰਦਕ ਕਾ ਦਾਰੂ ਨਾਹੀ।'

ਭਾਈ ਜੇਠਾ ਜੀ ਸਾਹਮਣੇ ਗੋਇੰਦਵਾਲ ਵਿਖੇ ਮੁਢਲੇ ਸਾਲਾਂ ਵਿਚ ਜੋ ਘਟਨਾਵਾਂ
ਵਾਪਰੀਆਂ ਉਹਨਾਂ ਦਾ ਇਤਨਾ ਡੂੰਘਾ ਪ੍ਰਭਾਵ ਸੀ ਕਿ
ਸਲੋਕਾਂ ਤੇ ਪਉੜੀਆਂ ਆਪ ਜੀ ਨੇ ਗਉੜੀ ਰਾਗ ਦੀ ਵਾਰ ਗਿਆਰਵੀਂ,
ਵਿਚ ਤਿੰਨ ਇਤਿਹਾਸਕ ਬਾਹਰਵੀਂ, ਤੇਰਵੀਂ, ਚੋਧਵੀਂ, ਪੰਦਰਵੀਂ ਤੇ ਤੀਹਵੀਂ ਪਉੜੀ
ਘਟਨਾਵਾਂ ਤੇ ਸਲੋਕਾਂ ਵਿਚ ਸਪੱਸ਼ਟ ਵਰਣਨ ਕੀਤਾ। ਇਸ ਵਿਚ
ਇਕ ਗੋਇੰਦਾ ਮਰਵਾਹ ਖੱਤਰੀ ਦੇ ਪੁੱਤਰ ਵਲੋਂ ਲਾਹੌਰ
ਤੇ ਦਿੱਲੀ ਅਰਜ਼ੀ ਪਾਉਣ ਦਾ ਜ਼ਿਕਰ ਤੇ ਉਸ ਦਾ ਹਸ਼ਰ ਹੈ, ਦੂਜੇ ਵਿਚ ਤਪਾਂ ਦਾ ਵਿਖਾਦ, ਤੀਜੇ ਵਿਚ ਜਿਨ੍ਹਾਂ ਗੁਰੂ ਪੀੜ੍ਹੀ ਨੂੰ ਇਕੋ ਜਿਹਾ ਨ ਜਾਣਿਆ ਉਹਨਾਂ ਦੀ ਦਸ਼ਾ ਅਤੇ ਚੌਥੇ ਵਿਚ ਨਿੰਦਕਾਂ ਦੀ ਮੰਦ ਦਸ਼ਾ ਦਰਸਾਈ।

**ਤਪੇ ਦਾ ਪਾਜ ਉਘਾੜਨ ਦੀ ਵਾਰਤਾ** — ਗੋਇੰਦਵਾਲ ਵਿਖੇ ਹਰੀ ਰਾਮ ਨਾਂ ਦਾ ਇਕ ਤਪਾ ਰਹਿੰਦਾ ਸੀ। ਇਸ ਦਾ ਸੰਬੰਧ ਉਸੇ ਜੋਗੀ ਨਾਲ ਸੀ ਜਿਸ ਦੇ ਚੁਕੇ ਚੁਕਾਏ ਖਡੂਰ ਦੇ ਵਸਨੀਕਾਂ ਨੇ ਗੁਰੂ ਅੰਗਦ ਦੇਵ ਜੀ ਨੂੰ ਪਿੰਡ ਛੱਡਣ ਲਈ ਕਿਹਾ ਸੀ ਤੇ ਮਾੜਾ ਹਸ਼ਰ ਹੋਇਆ ਸੀ।[1]

---

1. ਤਪਾ ਹੁਤੋ ਇਕ ਗੋਇੰਦਵਾਲ।
ਸੁਨ ਜਸ ਜਰੈ ਹੋਤਿ ਬੇਹਾਲ।
ਮਰਵਾਹਨ ਕੋ ਪੋਧਾ ਜਾਨੋ।
ਉਸ ਜੋਗੀ ਕੋ ਮਿਤ੍ਰ ਸੁ ਮਾਨੋ।
ਜਾ ਕਉ ਸ੍ਰੀ ਗੁਰੂ ਅਮਰ ਪ੍ਰਕਾਸ਼।
ਮਧ ਖਡੂਰ ਦੰਡ ਦਯੋ ਰਾਸ। ੪।

(ਸੂਰਜ ਪ੍ਰਕਾਸ਼, ਰਾਸ ੧, ਅੰਸ ੬੦)

ਹਰੀ ਰਾਮ ਗੋਇੰਦੇ ਦਾ ਪ੍ਰੋਹਿਤ ਵੀ ਸੀ । ਗੁਰੂ ਅਮਰ ਦਾਸ ਜੀ ਦੀ ਮਹਿਮਾ ਜਦ ਜਗ ਵਿਚ ਬਹੁਤ ਹੋਈ ਤਾਂ ਇਹ ਤਪਾ ਖ਼ੂਬ ਤਪਿਆ ਤੇ ਬੇਹਾਲ ਫਿਰੇ । ਆਈਆਂ ਸੰਗਤਾਂ ਨੂੰ ਆਖੇ ਕਿ ਇਸ ਗੁਰੂ ਨੇ ਤਾਂ ਧਰਮ ਦਾ ਮੂਲ ਹੀ ਪੁੱਟ ਦਿੱਤਾ ਹੈ । ਪੰਗਤਿ ਵਿਚ ਬਿਠਲਾ ਚਾਰੇ ਆਸ਼ਰਮਾਂ ਨੂੰ ਪ੍ਰਸ਼ਾਦਿ ਛਕਾਂਦਾ ਹੈ । ਨਵਾਂ ਪੰਥ ਚਲਾ ਦਿੱਤਾ ਸੂ :

*"ਪੰਥ ਨਵੀਨ ਪ੍ਰਕਾਸ਼ਨ ਕਰਯੋ ।*
*ਭੇਦ ਬਰਨ ਜਾਤੀ ਪਰਹਰਯੋਂ ।*
*ਚਤੁਰ ਬਰਨ ਇਕ ਦੇਗ ਅਹਾਰਾ ।*
*ਇਕ ਸਮ ਸੇਵੇ ਧਰ ਉਰਿ ਪਿਆਰਾ ।*

ਤਪਾ ਕੋਈ ਉਪੱਦਰ ਉਠਾ ਰਿਹਾ ਸੀ ਪਰ ਗੁਰੂ ਜੀ ਬੇ-ਪ੍ਰਵਾਹੀ ਹੀ ਦੱਸ ਰਹੇ ਸਨ । ਬਾਉਲੀ ਸਾਹਿਬ ਤਿਆਰ ਹੋਣ ਸਮੇਂ ਗੁਰੂ ਜੀ ਨੇ ਸਭ ਪਿੰਡ ਵਾਸੀਆਂ ਤੇ ਦੂਰ-ਦੁਰੇਡੇ ਦੇ ਮਹਾਤਮਾਵਾਂ ਨੂੰ ਵੀ ਸੱਦਾ ਭੇਜਿਆ ਕਿ ਉਹ ਲੰਗਰ ਆ ਪਾਉਣ । ਨਿਰਵੈਰ ਗੁਰੂ ਨੇ ਇਸ 'ਹਰੀ ਰਾਮ' ਤਪੇ ਨੂੰ ਵੀ ਬੜੇ ਆਦਰ ਨਾਲ ਸੱਦਾ ਦਿੱਤਾ । ਇਹ ਦੋ ਵਾਰੀ ਸੱਦਾ ਪੁੱਜਣ 'ਤੇ ਵੀ ਨਾ ਆਇਆ ਸਗੋਂ ਕਈਆਂ ਨੂੰ ਵਰਜਦਾ ਰਿਹਾ । ਉਸ ਦੇ ਅੰਦਰ ਦੀ ਦਸ਼ਾ ਗੁਰੂ ਜੀ ਜਾਣਦੇ ਸਨ ।

ਪਾਜ ਉਘੇੜਨ ਲਈ ਇਹ ਐਲਾਨ ਵੀ ਕਰ ਦਿੱਤਾ ਕਿ ਜੋ ਵੀ ਅੱਜ ਪੰਗਤ ਵਿਚ ਬੈਠ ਲੰਗਰ ਛਕੇਗਾ ਉਸ ਨੂੰ ਇਕ ਰੁਪਿਆ ਵੀ ਨਾਲ ਮਿਲੇਗਾ । ਬਹੁਤ ਲੋਕੀਂ ਅਖੌਤੀ 'ਧਰਮ' ਨੂੰ ਵਿਚੇ ਛੱਡ ਲੰਗਰ ਵਿਚ ਆ ਬੈਠੇ । ਉਸ ਸਮੇਂ ਵੀ ਤਪਾ ਨਾ ਆਇਆ :

*"ਤਪੇ ਨਿਮੰਤ੍ਰਨ ਮਾਨਯੋ ਨਾਹੀ,*
*ਤਪਤ ਵਹਯੋਂ ਮਤਸਰ ਕੋ ਮਾਹੀ ।"*

ਮਹਾਰਾਜ ਨੇ ਇਹ ਰਕਮ ਵਧਾ ਕੇ ਪੰਜ ਰੁਪੈ ਤਕ ਕਰ ਦਿੱਤੀ । ਬਾਕੀ ਰਹਿੰਦੇ ਵੀ ਆ ਗਏ ਪਰ ਤਪਾ ਅਜੇ ਵੀ ਨਾ ਆਇਆ । ਗੁਰੂ ਜੀ ਨੇ ਹੋਰ ਰਕਮ ਵਧਾ ਕੇ ਇਕ 'ਮੋਹਰ' ਕਰ ਦਿੱਤੀ ਤਾਂ ਹੁਣ ਤਪੇ ਦੇ ਅੰਦਰਲੇ ਲਾਲਚ ਨੇ ਜ਼ੋਰ ਪਕੜ ਲਿਆ । ਮਹਿਮਾ ਪ੍ਰਕਾਸ਼ ਦੇ ਸ਼ਬਦਾਂ ਵਿਚ ਉਸ ਦੀ ਬੁਧ ਤੇ ਸਾਰਾ ਵਰਨ-ਧਰਮ ਲੋਭ ਦੀ ਲਹਿਰ ਵਿਚ ਵਹਿ ਗਿਆ ।

*'ਓੜਕ ਜਬ ਗੁਰ ਮੁਹਰ ਸੁ ਕਹੀ,*
*ਤਬਹਿ ਤਪੇ ਕੀ ਬੁਧਿ ਸੁ ਬਹੀ ।*

ਆਪ ਤਾਂ ਆਇਆ ਨਾਂਹ ਪਰ ਆਪਣੇ ਲੜਕੇ ਨੂੰ ਪਿਛਲੀ ਦੀਵਾਰ ਤੋਂ ਟਪਾ ਕੇ ਲੰਗਰ ਅੰਦਰ ਬਿਠਲਾ ਦਿੱਤਾ । ਲੜਕਾ ਛਾਲ ਮਾਰਨ ਕਾਰਨ ਟੰਗ ਹੀ ਤੁੜਾ ਬੈਠਾ । ਜਦ ਲੋਕਾਂ ਡਿੱਠਾ ਕਿ 'ਹਰੀ ਰਾਮ' ਤਪੇ ਦਾ ਪੁੱਤਰ ਲੰਗਰ ਵਿਚ ਲਾਲਚ ਬੱਧਾ ਛੁੱਪ ਕੇ ਬੈਠਾ ਹੈ ਤਾਂ ਫਿਟਕਾਰਾਂ ਪਾਈਆਂ । ਗੁਰੂ ਰਾਮਦਾਸ ਜੀ ਨੇ ਤਪੇ

ਦੇ ਇਕ ਹੋਰ ਕੁਕਰਮ ਵੱਲ ਵੀ ਇਸ਼ਾਰਾ ਕੀਤਾ ਹੈ ਜੋ ਉਸ ਨੇ ਮਰਵਾਹੇ ਦੇ ਪੁੱਤਰ ਨਾਲ ਰਲ ਕੇ ਕੀਤਾ ਅਤੇ ਜਿਸ ਨੂੰ ਕਰਦੇ ਉਹ ਪਕੜਿਆ ਗਿਆ ਸੀ ।

ਗੁਰੂ ਰਾਮਦਾਸ ਜੀ ਲਿਖਦੇ ਹਨ ਕਿ ਪਹਿਲੋਂ ਆਦਰ ਨਾਲ ਸੱਦਿਆ ਨਾ ਆਇਆ । ਪਿੱਛੋਂ ਲੋਭ ਲਹਿਰ ਵਿਚ ਗ਼ਰਕ ਹੋ ਕੇ ਪੁੱਤਰ ਨੂੰ ਭੇਜਿਆ । ਜਦ ਪੁੱਤਰ ਪਛਾਣਿਆ ਗਿਆ ਤਾਂ ਸਭ ਨਿੱਕੇ ਵੱਡੇ ਲੋਕਾਂ ਵਿਚ ਬਦਨਾਮੀ ਹੋਈ । ਲੋਕਾਂ ਇਹ ਵੀ ਕਿਹਾ ਕਿ ਇਹ ਕੋਈ ਤਪਾ ਤਾਂ ਨਹੀਂ, ਲੋਭ ਲਹਿਰ ਦੇ ਰੋਗ ਨਾਲ ਗਲਿਆ ਹੋਇਆ ਰੋਗੀ ਹੈ । ਇਸ ਨੇ ਤਪ ਦਾ ਤਾਂ ਦੰਭ ਹੀ ਖਿਲਾਰਿਆ ਹੋਇਆ ਹੈ, ਬਗਲੇ ਵਾਂਗੂੰ ਮਾਇਆ ਰੂਪੀ ਮੱਛਲੀਆਂ ਪਕੜਨ ਦਾ :

*ਅਗੋ ਦੇ ਸਦਿਆ,*
*ਸਤੈ ਦੀ ਭਿਖਿਆ ਲਏ ਨਾਹੀ*
*ਪਿਛੋ ਦੇ ਪਛੁਤਾਇ ਕੈ,*
*ਆਣਿ ਤਪੈ ਪੁਤੁ ਵਿਚਿ ਬਹਾਲਿਆ ।*
*ਪੰਚ ਲੋਗ ਸਭਿ ਹਸਣ ਲਗੇ,*
*ਤਪਾ ਲੋਭਿ ਲਹਰਿ ਹੈ ਗਾਲਿਆ ।*
*ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ,*
*ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ ।*
*ਭਾਈ ਇਹੁ ਤਪਾ ਨ ਹੋਵੀ ਬਗੁਲਾ ਹੈ,*
*ਬਹਿ ਸਾਧ ਜਨਾ ਵੀਚਾਰਿਆ ।* (ਪੰਨਾ ੩੧੫)

ਲੋਕੀਂ ਇਹ ਵੀ ਕਹਿਣ ਲੱਗੇ ਕਿ ਇਹ ਤਪਾ ਕਾਹਦਾ ਹੈ ਜੋ ਭਲੇ ਪੁਰਸ਼ਾਂ ਦੀ ਤਾਂ ਨਿੰਦਾ ਕਰਦਾ ਹੈ ਅਤੇ ਦੁਨੀਆਂ ਦੇ ਝੂਠੇ ਲੋਕਾਂ ਦੀ ਮਹਿਮਾ ਕਰਦਾ ਹੈ । ਅੰਦਰ ਬਹਿ ਕੇ ਜੋ ਆਪ ਉਸ ਕਮਾਇਆ ਉਹ ਵੀ ਪ੍ਰਗਟ ਹੋ ਗਿਆ । ਨਾਂਹ ਉਸ ਦਾ ਇਹ ਜਹਾਨ ਰਿਹਾ ਤੇ ਨਾਂਹ ਹੀ ਅਗਲਾ :

*ਸਤ ਪੁਰਖ ਕੀ ਤਪਾ ਨਿੰਦਾ ਕਰੈ,*
*ਸੰਸਾਰੈ ਕੀ ਉਸਤਤੀ ਵਿਚ ਹੋਵੈ,*
*ਏਤੁ ਦੋਖੈ ਤਪਾ ਦਯਿ ਮਾਰਿਆ ।*
*ਮਹਾਂ ਪੁਰਖਾਂ ਕੀ ਨਿੰਦਾ ਕਾ ਵੇਖੁ*
*ਜਿ ਤਪੇ ਨੋ ਫਲੁ ਲਗਾ,*
*ਸਭੁ ਗਇਆ ਤਪੇ ਕਾ ਘਾਲਿਆ ।*
*ਬਾਹਰਿ ਬਹੈ ਪੰਚਾ ਵਿਚਿ ਤਪਾ ਸਦਾਏ ।*
*ਅੰਦਰਿ ਬਹੈ ਤਪਾ ਪਾਪ ਕਮਾਏ ।*
*ਹਰਿ ਅੰਦਰਲਾ ਪਾਪੁ ਪੰਚਾ ਨੋ,*
*ਉਘਾ ਕਰ ਵੇਖਾਲਿਆ ।* (੩੧੬)

ਤਪੇ ਦਾ ਪਾਜ ਉਘੜਨ ਨਾਲ ਪਿੰਡ ਵਾਸੀ ਤਾਂ ਚੁੱਪ ਕਰ ਗਏ ਪਰ ਖੋਜਿਆਂ ਨੇ ਅਤਿ ਚੁੱਕ ਲਈ । ਇਹ ਖੋਜੇ ਸਰਵਰੀਏ ਹੁੰਦੇ ਸਨ ਤੇ ਚੁੱਕੇ ਚੁਕਾਏ ਗੁਰੂ ਜੀ ਦੀਆਂ ਸੰਗਤਾਂ ਨੂੰ ਤੰਗ ਕਰਨ ਲੱਗੇ । ਰਾਹ ਜਾਂਦੇ ਪਾਣੀ ਭਰਦੇ ਲੋਕਾਂ ਨੂੰ ਤੰਗ ਕਰਦੇ । ਜਦ ਗੁਰੂ ਜੀ ਨੂੰ ਲੋਕੀਂ ਕੁਝ ਉਪਰਾਲਾ ਕਰਨ ਲਈ ਕਹਿੰਦੇ ਤਾਂ ਆਪ ਜੀ ਕਹਿੰਦੇ :

**ਖੋਜਿਆਂ ਦਾ ਖੋਰੂ ਤੇ ਮਰਵਾਹੇ ਦੇ ਪੁੱਤਰ ਦਾ ਹਸ਼ਰ**

*"ਬਦਲੇ ਨਹੀਂ ਲੈਣੇ । ਧੀਰਜ ਨਾਲੋਂ ਕੋਈ ਵੱਡਾ ਤਪ ਨਹੀਂ ।*
*ਸੰਤੋਖ ਨਾਲੋਂ ਕੋਈ ਵੱਡਾ ਸੁਖ ਨਹੀਂ ।*
*ਲਾਲਚ ਨਾਲੋਂ ਵੱਡੀ ਕੋਈ ਬੁਰਾਈ ਨਹੀਂ,*
*ਦਇਆ ਨਾਲੋਂ ਕੋਈ ਵੱਡੀ ਨੇਕੀ ਨਹੀਂ ।*
*ਖਿਮਾ ਨਾਲੋਂ ਕੋਈ ਵੱਡਾ ਸ਼ਸਤਰ ਨਹੀਂ,*
*ਜੋ ਕੁਝ ਕੋਈ ਬੀਜ ਰਿਹਾ ਹੈ ਅਵੱਸ਼ ਵੱਢੇਗਾ ।"*

ਇਸੇ ਸ਼ੇਖੀ ਵਿਚ ਖੋਜੇ ਸ਼ਾਹੀ ਖ਼ਜ਼ਾਨੇ ਦੀ ਖੱਚਰ ਨੂੰ ਹੱਥ ਪਾ ਬੈਠੇ । ਜਦ ਭਾਲ ਹੋਈ ਤਾਂ ਖੋਜਿਆਂ ਦੇ ਘਰਾਂ ਵਿਚ ਮਾਲ ਤੇ ਖੱਚਰ ਮਿਲ ਗਈ । ਫ਼ੌਜਾਂ ਨੇ ਸਭ ਨੂੰ ਇਕੱਠਿਆਂ ਕਰ ਕੇ ਹੱਥ ਪੈਰ ਵੱਢ ਦਿੱਤੇ । ਮਰਵਾਹੇ ਦੇ ਇਕ ਪੁੱਤਰ ਨੂੰ ਫਾਹੇ ਵੀ ਲਗਾਇਆ ਤੇ ਬਾਕੀਆਂ ਨੂੰ ਬੰਨ੍ਹ ਕੇ ਲੈ ਗਏ । ਮਹਾਰਾਜ ਨੇ ਲਿਖਿਆ ਹੈ ਕਿ ਦੂਜੇ ਦਾ ਵੀ ਮਾੜਾ ਹਸ਼ਰ ਹੋਣਾ ਸੀ ਪਰ ਉਹ ਚਰਨੀਂ ਆਣ ਢੱਠਾ ਤੇ ਗੁਰੂ ਜੀ ਨੇ ਮੇਹਰ ਕਰ ਬਚਾ ਲਿਆ । ਗੁਰੂ ਰਾਮਦਾਸ ਜੀ ਦੇ ਸ਼ਬਦਾਂ ਵਿਚ:

*ਨਿਰਵੈਰੈ ਨਾਲਿ ਜਿ ਵੈਰੁ ਰਚਾਏ*
*ਸਭੁ ਪਾਪੁ ਜਗਤੈ ਕਾ ਤਿਨਿ ਸਿਰਿ ਲਇਆ ॥*
*ਓਸੁ ਅਗੈ ਪਿਛੈ ਢੋਈ ਨਾਹੀ*
*ਜਿਸੁ ਅੰਦਰਿ ਨਿੰਦਾ ਮੁਹਿ ਅੰਬੁ ਪਇਆ ॥*
*ਜੇ ਸੁਇਨੇ ਨੋ ਓਹੁ ਹਥੁ ਪਾਏ ਤਾਂ*
*ਖੇਹੂ ਸੇਤੀ ਰਲਿ ਗਇਆ ॥*
*ਜੇ ਗੁਰ ਕੀ ਸਰਣੀ ਫਿਰਿ ਓਹੁ ਆਵੈ*
*ਤਾਂ ਪਿਛਲੇ ਅਉਗਣ ਬਖਸਿ ਲਇਆ ॥*

(ਪੰਨਾ ੩੦੭, ਗੁਰੂ ਗ੍ਰੰਥ ਸਾਹਿਬ)

ਮਹਿਮਾ ਪ੍ਰਕਾਸ਼ ਨੇ ਪੂਰਾ ਵਿਸਥਾਰ ਦੇ ਕੇ ਲਿਖਿਆ ਹੈ ਕਿ ਮਰਵਾਹੇ ਦੀ ਮਾਂ ਗੁਰੂ ਦੇ ਚਰਨਾਂ ਵਿਚ ਗਈ ਤੇ ਉਹ ਮਰਨੋਂ ਬਚ ਗਿਆ ।

*ਵੈ ਕਰ ਬਿਚਾਰ ਸਤਿਗੁਰੂ ਪਹਿ ਗਈ,*
*ਲੈ ਲੜਕਾ ਚਰਨਨ ਪਰ ਪਈ ।*[1]

1. ਮਹਿਮਾ ਪ੍ਰਕਾਸ਼ : ਸਾਖੀ ਸੱਤਵੀਂ, ਪਾਤਸ਼ਾਹੀ ਤੀਜੀ ।

ਇਤਿਹਾਸ ਦੀ ਸੰਭਾਲ ਦੀ ਸੁੰਦਰ ਉਦਾਹਰਣ ਗੁਰੂ ਰਾਮਦਾਸ ਜੀ ਦਾ ਤੁਖਾਰੀ ਰਾਗ ਵਿਚ 'ਨਾਵਣ ਪੁਰਬੁ ਅਭੀਚੁ ਗੁਰ ਸਤਿਗੁਰ ਦਰਸ ਭਇਆ' ਵਾਲਾ ਸ਼ਬਦ ਹੈ। ਇਹ ਪੁਰਬ ਅਭੀਚੁ ਜਨਵਰੀ ੧੪, ੧੫੫੩ ਨੂੰ ਲੱਗਾ ਸੀ।[1] ਉਸ ਸਮੇਂ ਰਾਜ ਇਬ੍ਰਾਹੀਮ ਸੂਰੀ ਦਾ ਸੀ। ਯਾਤਰੂ-ਕਰ ਲੱਗਾ ਹੋਇਆ ਸੀ। ਅਕਬਰ ਤਾਂ ਕਿਧਰੇ ੨੪ ਜਨਰਵੀ ੧੫੫੬ ਨੂੰ ਤਖ਼ਤ 'ਤੇ ਬੈਠਾ ਸੀ।

ਜਨਵਰੀ ੧੪,੧੫੫੩ ਨੂੰ ਕੁਰੂਕਸ਼ੇਤਰ ਪੁਰਬ ਅਭੀਚੁ

ਗੁਰੂ ਅਮਰਦਾਸ ਜੀ ਹੁਣ ਸਿਰਫ ਇਸ ਲਈ ਕੁਰੂਕਸ਼ੇਤਰ ਅਭੀਚੁ ਮੇਲੇ 'ਤੇ ਗਏ ਤਾਂ ਕਿ ਲੋਕਾਂ ਨੂੰ ਸਮਝਾਇਆ ਜਾ ਸਕੇ ਕਿ ਮਨੁੱਖਾਂ ਦਾ ਸਭ ਤੋਂ ਵੱਡਾ ਵੈਰੀ[2] ਤਾਂ ਆਪਣਾ ਵਿਗੜਿਆ ਹੋਇਆ ਮਨ ਹੈ। ਇਹ ਮਨ ਜਿੱਤਿਆ ਜਾ ਸਕਦਾ ਹੈ ਜੇ ਗੁਰੂ ਦੀ ਸ਼ਰਨ ਤਕੀ ਜਾਏ।

ਇਸ ਸਫ਼ਰ ਵਿਚ (ਗੁਰੂ) ਰਾਮਦਾਸ ਜੀ ਅਤੇ ਬੀਬੀ ਭਾਨੀ ਜੀ ਨਾਲ ਹੀ ਸਨ। ਅਨੇਕਾਂ ਸੰਗਤਾਂ ਵੀ ਨਾਲ ਹੋ ਟੁਰੀਆਂ।

ਪਹਿਲਾ ਪੜਾਅ ਸੁਲਤਾਨਪੁਰ ਕੀਤਾ ਅਤੇ ਉਥੋਂ ਪਿੰਡ ਡੱਲਾ ਗਏ। ਡੱਲਾ ਨੂੰ ਗੁਰੂ ਅਮਰਦਾਸ ਜੀ ਨੇ ਰਤਨਾਂ ਦੀ ਖਾਨ ਕਿਹਾ ਸੀ। ਉਥੋਂ ਦੇ ੭੨ ਉੱਘੇ ਸਿੱਖ ਹੋਏ ਹਨ।

ਡੱਲਾ ਤੋਂ ਨੂਰਮਹਿਲ ਤੇ ਸਤਲੁਜ ਪਾਰ ਕਰ ਮਾਲਵਾ ਵਿਚਰਦੇ ਪਹੇਵੇ ਪੁੱਜੇ। ਰਾਹ ਵਿਚ ਭਗਤੀ ਦ੍ਰਿੜ੍ਹ ਕਰਨ ਲਈ ਸਭਨਾਂ ਨੂੰ ਕਹਿ ਰਹੇ ਸਨ। ਜਦ ਕਿਸੇ ਇਤਰਾਜ਼ ਕੀਤਾ ਕਿ ਤੁਸੀਂ ਅਧਿਕਾਰੀ-ਅਨ-ਅਧਿਕਾਰੀ, ਉਚ-ਨੀਚ, ਬ੍ਰਾਹਮਣ-ਸ਼ੂਦਰ ਨੂੰ ਦਾਤ ਵੰਡ ਰਹੇ ਹੋ ਤਾਂ ਕਿਹਾ ਕਿ ਗੁਰੂ ਨਾਨਕ ਦਾ ਉਪਦੇਸ਼ ਚਹੁ ਵਰਣਾਂ ਕੋ ਸਾਂਝਾ ਹੈ। ਵਿਤਕਰਾ ਹੀ ਦੁੱਖਾਂ ਤੇ ਤਕਲੀਫ਼ਾਂ ਦੀ ਜੜ੍ਹ ਹੈ।

ਪਹੇਵੇ ਤੋਂ ਸਨੇਹਤ (ਥਾਨੇਸਰ) ਟਿਕਾਣਾ ਕੀਤਾ। ਜੋ ਵੀ ਦਰਸ਼ਨ ਕਰਦਾ ਬਖ਼ਸ਼ਿਸ਼ਾਂ ਪਾਂਦਾ, ਦੁੱਖ ਕੱਟਦਾ ਤੇ ਭਗਤੀ ਸਿੰਚਦਾ।

---

1. ਵਿਸਥਾਰ ਲਈ 'ਪਰਥਤ੍ਰ ਮੇਰਾਣੁ' (ਜੀਵਨੀ ਗੁਰੂ ਅਮਰਦਾਸ ਜੀ ਪੜ੍ਹੋ)
2. ਅਭੀਚੁ, ਅਭਿਜਿਤ ਦਾ ਹੀ ਵਿਗੜਿਆ ਰੂਪ ਹੈ ਜਿਸ ਦੇ ਅਰਥ ਹਨ : 'ਸਾਹਮਣੇ• ਹੋ ਕੇ ਵੈਰੀ ਨੂੰ ਜਿੱਤ ਲੈਣਾ'।
   ਅਭਿਜਿਤ ਨੇਛੱਤ੍ਰ : ਮੱਸਿਆ ਤੇ ਏਕਮ ਦਾ ਇਕੱਠਿਆਂ ਹੋਣਾ ਤੇ ਸੂਰਜ ਗ੍ਰਹਿਣ ਲੱਗਣਾ।

ਗੁਰੂ ਰਾਮਦਾਸ ਜੀ ਕਹਿੰਦੇ ਹਨ ਕਿ ਰਾਹ ਵਿਚ ਹਰ ਖਿਨ ਨਿਮਖ, ਪਲ ਪਲ, ਕਦਮ ਕਦਮ ਰੋਜ਼ ਪਰਮਾਤਮਾ ਦੀ ਭਗਤੀ ਦਾ ਅਵਸਰ ਬਣਿਆ ਰਹਿੰਦਾ ਸੀ :

*ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗ ਸਿਖਾ ॥*
*ਅਨਦਿਨੁ ਭਗਤਿ ਬਣੀ ਖਿਨੁ ਖਿਨੁ ਨਿਮਖ ਵਿਖਾ ॥*

ਸਾਰੇ ਪੈਂਡੇ ਪਰਮਾਤਮਾ ਦੀ ਭਗਤੀ ਦਾ ਉਦਮ ਬਣਿਆ ਰਿਹਾ । ਇਹ ਸਦਾ ਯਾਦ ਰੱਖਣਾ ਕਿ ਸਤਿਗੁਰੂ ਨੇ ਤੀਰਥਾਂ 'ਤੇ ਜਾਣ ਦਾ ਉਪਰਾਲਾ 'ਸਭ ਲੋਕ ਉਧਰਣ ਅਰਥਾ' ਕੀਤਾ ।

ਗੁਰੂ ਰਾਮਦਾਸ ਜੀ ਲਿਖਦੇ ਹਨ ਕਿ ਜਦ ਕੁਰੂਕਸ਼ੇਤਰ ਆਉਣ ਦੀ ਖ਼ਬਰ ਪੁੱਜੀ ਤਾਂ ਦਰਸ਼ਨਾਂ ਨੂੰ ਲੋਕਾਈ ਨੱਸੀ ਆਈ । ਪ੍ਰਾਪਤ ਕੀਤੀ ਉੱਚੀ ਅਵਸਥਾ ਵਾਲੇ ਮਨੁੱਖ, ਰਿਸ਼ੀ ਆ ਇਕੱਠੇ ਹੋਏ । ਲੋਕਾਂ ਦੇ ਪਾਪ ਹਰੇ ਗਏ । ਜੀਵਨ ਮਾਰਗ ਉਨ੍ਹਾਂ ਨੂੰ ਮਿਲਿਆ :

*'ਖਬਰਿ ਭਈ ਸੰਸਾਰਿ, ਆਏ ਤ੍ਰੈ ਲੋਆ ।*
*ਦੇਖਣ ਆਏ ਤੀਨਿ ਲੋਕ*
*ਸੁਰਿ ਨਰ ਮੁਨਿ ਜਨ ਸਭਿ ਆਇਆ ।*
*ਜਿਨ ਪਰਸਿਆ ਗੁਰੁ ਸਤਿਗੁਰੂ ਪੂਰਾ*
*ਤਿਨ ਕੇ ਕਿਲਵਿਖ ਨਾਸ ਗਵਾਇਆ ।* (ਪੰਨਾ ੧੧੧੬)

ਨਿਰੇ ਦਰਸ਼ਨ ਕਰਨ ਵਾਲੇ ਹੀ ਨਹੀਂ ਸਨ, ਗੋਸ਼ਟਾਂ ਤੇ ਵੀਚਾਰਾਂ ਵੀ ਕਰਨ ਵਾਲੇ ਸਨ । ਵਿਚਾਰਾਂ ਕਰਨ ਆਇਆਂ ਵਿਚ ਜੋਗੀ, ਨਾਂਗੇ, ਜੈਨੀ, ਸੰਨਿਆਸੀ ਅਤੇ ਛੇ ਭੇਖਾਂ ਦੇ ਸਾਧੂ ਵੀ ਸਨ । ਕਈ ਪ੍ਰਕਾਰ ਦੀਆਂ ਵੀਚਾਰਾਂ ਹੋਈਆਂ । ਉਹਨਾਂ ਆਪਣੇ ਸ਼ੰਕੇ ਨਿਵਿਰਤ ਕੀਤੇ । ਗੁਰੂ ਜੀ ਦੇ ਉਥੇ ਆਉਣ ਨਾਲ ਦਿਨ ਪਵਿੱਤਰ ਹੋ ਗਿਆ ।

ਵਿਚਾਰਾਂ ਦਾ ਧੁਰਾ ਸੀ ਕਿ ਗੁਰੂ ਹੀ ਪਾਪ-ਨਾਸ਼ਕ ਹੈ ਅਤੇ ਉਹ ਹੀ ਕਾਮਾਦਿਕ ਵੈਰੀਆਂ ਤੋਂ ਬਚਾ ਸਕਦਾ ਹੈ । ਜੋ ਤਬਦੀਲੀ ਗੁਰੂ ਅਮਰਦਾਸ ਜੀ ਵਿਚ ਗੁਰੂ ਅੰਗਦ ਦੇਵ ਜੀ ਨੂੰ ਮਿਲਣ ਉਪਰੰਤ ਆਈ ਸੀ, ਉਸ ਦਾ ਵਿਸਥਾਰ ਦਸਿਆ । ਉਹਨਾਂ ਦਰਸਾਇਆ ਕਿ ਗੁਰੂ ਮਿਲਣ ਨਾਲ ਪੁਰਾਣੀ ਧਾਰਾ ਹੀ ਬਦਲ ਗਈ । ਵੈਸ਼ਨਵ ਰੁਚੀ ਮੁਕ ਗਈ । ਅਰਚਾ ਪੂਜਾ ਹਟ ਗਈ । ਬਾਹਰਲੀਆਂ ਵਿਧੀਆਂ ਦੀ ਅਰਾਧਨਾ ਮਿਟ ਗਈ । ਸੇਵਾ ਕਰਦਿਆਂ ਨਿਰਗੁਣ ਪਾਰਬ੍ਰਹਮ ਦੀ ਉਪਾਸ਼ਨਾ ਜਾਗ ਉਠੀ । ਧਿਆਨ ਸਹਿਜੇ ਹੀ ਨਿਰੰਕਾਰ ਵਿਚ ਟਿਕ ਗਿਆ :

*ਸਹਜੇ ਅਦਿਸਟੁ ਪਛਾਣੀਐ*
*ਨਿਰਭਉ ਜੋਤਿ ਨਿਰੰਕਾਰੁ ।*
*ਸਭਨਾ ਜੀਆ ਕਾ ਇਕੁ ਦਾਤਾ*
*ਜੋਤੀ ਜੋਤਿ ਮਿਲਾਵਣਹਾਰੁ ।* (ਪੰਨਾ ੬੮)

ਭਗਤ ਨਿਰਾਲੀ ਦੀ ਸੋਝੀ ਮਿਲੀ । ੨੪ ਅਵਤਾਰਾਂ ਵਾਲੀ ਭਗਤੀ ਸੁਰਤਿ ਖਿੰਡਾਂਦੀ ਸੀ । ਇਸ ਨਿਰਾਲੀ ਭਗਤ ਨਾਲ ਹਿਰਦੇ ਨਾਮ ਆ ਗਿਆ ।[1] ਸਭ ਪਾਸੇ ਖੇੜਾ ਹੀ ਖੇੜਾ ਦਿੱਸਣ ਲੱਗ ਪਿਆ ।

*'ਆਪ ਬਸੰਤੁ ਜਗਤ ਸਭ ਵਾੜੀ,*
*ਨਾਨਕ ਪੂਰੈ ਭਾਗਿ ਭਗਤਿ ਨਿਰਾਲੀ ।'*

ਉਥੇ ਇਕ ਪੰਡਿਤ ਮੋਹਨ ਲਾਲ ਨੇ ਇਹ ਚਰਚਾ ਵੀ ਆਣ ਛੇੜੀ ਕਿ ਤੁਸੀਂ ਦੇਵ ਬਾਣੀ ਸੰਸਕ੍ਰਿਤ ਕਿਉਂ ਛੱਡੀ ਹੈ ? ਗੁਰੂ ਜੀ ਦਾ ਨੇਕਵਾਂ ਉੱਤਰ ਸੀ ਕਿ ਸੰਸਕ੍ਰਿਤ ਖੂਹ ਦੇ ਪਾਣੀ ਵਾਂਗ ਹੈ, ਜੋ ਕੇਵਲ ਆਪਣੀ ਪੈਲੀ ਸਿੰਝਦਾ ਹੈ ਅਤੇ ਇਹ ਆਮ ਬੋਲੀ ਵਿਚ ਰਚੀ ਬਾਣੀ ਮੇਘ ਸਮਾਨ ਹੈ ਜੋ ਸਾਰੇ ਜੀਵਾਂ ਨੂੰ ਇਕੋ ਜਿਹਾ ਜਲ ਦੇਂਦਾ ਹੈ ।[2]

ਜਦ ਕਿਸੇ ਕਿਹਾ ਕਿ ਤੀਰਥਾਂ 'ਤੇ ਜਾਣ ਦਾ ਕੋਈ ਲਾਭ ਤਾਂ ਹੁੰਦਾ ਹੈ ਤਾਂ ਆਪ ਜੀ ਨੇ ਕਿਹਾ : ਬਿਲਕੁਲ ਨਹੀਂ । ਤੀਰਥ ਤਾਂ ਆਪ ਲੋਚਦੇ ਰਹਿੰਦੇ ਹਨ ਕਿ ਕੋਈ ਮਹਾਤਮਾ ਉਹਨਾਂ ਦੀ ਮੈਲ ਗਵਾਏ ।

*ਕਿਲ ਵਿਖ ਮੈਲੁ ਭਰੇ ਪਰੇ ਹਮਰੈ ਵਿਚਿ*
*ਹਮਰੀ ਮੈਲੁ ਸਾਧੂ ਕੀ ਧੂਰਿ ਗੁਆਈ ॥*

ਜੋਤੀ ਸਰ ਦੇ ਅਸਥਾਨ 'ਤੇ ਪੁੱਜ ਕੇ ਆਪ ਜੀ ਨੇ ਦਾਨ ਦੀ ਧਾਰਾ ਦਾ ਰੁੱਖ਼ ਵੀ ਬਦਲਿਆ । ਲੋੜਵੰਦਾਂ ਦੀ ਲੋੜ ਪੂਰੀ ਕਰਨੀ ਹੀ ਸਭ ਤੋਂ ਵੱਡਾ ਦਾਨ ਕਿਹਾ । ਬ੍ਰਾਹਮਣ ਪ੍ਰੋਹਿਤ, ਡੰਕੋਤ, ਪਾਂਡੇ ਦਵਿਜ ਦੇਖਦੇ ਹੀ ਰਹੇ । ਆਪ ਜੀ ਦਾ ਇਹ ਵੀ ਫ਼ਰਮਾਨ ਹੋਇਆ ਕਿ ਲੋੜਵੰਦ ਅਰਥੀ ਨੂੰ 'ਇਕੱਠੇ ਕਰਿ ਧਨ ਦਿਹੁ ਤਿਸ ਭਾਈ । ਜਿਸ ਤੇ ਕਾਰਜ ਕੋ ਬਨ ਜਾਈ ।' ਤਿੰਨ ਦਿਨ ਕੁਰੂਕੁਸ਼ੇਤਰ ਰਹੇ ।

*'ਤਹਾਂ ਬਹੁਤ ਭਾਂਤ ਕੀ ਚਰਚਾ ਭਈ ।*
*ਤਿਨਿ ਪਾਇ ਪ੍ਰਤਿਗਿਆ ਨਿਸ਼ਚੇ ਲਈ । '*

ਗੁਰੂ ਰਾਮਦਾਸ ਜੀ ਦੇ ਵਰਤੇ 'ਗੋਸਟਿ ਢੋਆ' ਦੇ ਸ਼ਬਦ ਵੀ ਧਿਆਨ ਦੇਣ ਜੋਗੇ ਹਨ । ਉਹਨਾਂ ਦਾ ਭਾਵ ਸੀ ਕਿ ਸਭ ਗੁਰੂ ਚਰਨੀਂ ਆਏ ਲੋਕ ਆਪਣੀਆਂ

---

1. ਭਗਤਿ ਨਿਰਾਲੀ ਅਲਾਹ ਦੀ ਜਾਪੈ ਗੁਰ ਵੀਚਾਰਿ ।
   ਨਾਨਕ ਨਾਮੁ ਹਿਰਦੈ ਵਸੈ ਭੈ ਭਗਤਿ ਨਾਮਿ ਸਵਾਰਿ ।
   (ਆਸਾ ਮਹਲਾ ੩, ਪੰਨਾ ੪੩੦)
2. ਬੇਦ ਪੁਰਾਨ ਕੂਪ ਜਲ ਜਲ ਜੈਸੇ । ਬਰੋਸਾਇ ਕੋ ਇਕ ਕਿਤੀ ਕੈਸੇ ।
   ਸਤਿਗੁਰ ਬਾਣੀ ਮੇਘ ਸਮਾਨ । ਬਰਸੈ ਚਹੁੰ ਦਿਸਿ ਥਿਖੇ ਮਹਾਨ ।

ਬਣੀਆਂ ਵਿਚਾਰਾਂ ਗੁਰੂ ਦੇ ਚਰਨਾਂ 'ਤੇ ਹੀ ਭੇਂਟ ਕਰ ਗਏ । ਨਵੇਂ ਖ਼ਿਆਲਾਂ ਨਾਲ ਭਰਪੂਰ ਹੋ ਪਰਤੇ । ਨਵੀਂ ਜੀਵਨ-ਰੌ ਉਹਨਾਂ ਵਿਚ ਦੌੜੀ । ਨਵਾਂ ਉਤਸ਼ਾਹ ਮਿਲਿਆ । ਨਰੋਏ ਵਿਚਾਰ ਉਹਨਾਂ ਅਪਨਾਏ । ਬੰਧਨ ਟੁੱਟੇ । ਪ੍ਰਸੰਨ ਚਿਤ ਹੋਏ:

*"ਅਤਿ ਪ੍ਰਸੰਨ ਲੋਕ ਸਭ ਭਏ,*
*ਗੁਰੂ ਸਰੂਪ ਹਿਰਦੇ ਧਰ ਲਏ ।"*[1]

ਗੁਰੂ ਰਾਮਦਾਸ ਜੀ ਦੇ ਸ਼ਬਦਾਂ ਵਿਚ :

*ਜੋਗੀ ਦਿਗੰਬਰ ਸੰਨਿਆਸੀ ਖਟ ਦਰਸ਼ਨ*
*ਕਰ ਗਏ ਗੋਸਟਿ ਢੋਆ ।*

ਕੁਰੂਕਸ਼ੇਤਰ ਤੋਂ ਪਿਪਲੀ, ਕਰਨਾਲ, ਪਾਨੀਪਤ ਤੇ ਸ਼ਾਮਲੀ ਦੇ ਰਾਹ ਜਮਨਾ ਪਾਰ ਕੀਤਾ । ਜਮਨਾ ਬੇੜੀਆਂ ਦਾ ਪੁਲ ਸੀ ਅਤੇ ਮਸੂਲੀਏ ਮਸੂਲ ਉਗਰਾਹੁਣ ਲਈ ਬੈਠੇ ਹੋਏ ਸਨ । ਗੁਰੂ ਜੀ ਦਾ ਇਤਨਾ ਪ੍ਰਤਾਪ ਸੀ ਕਿ ਪਹਿਲਾਂ ਮਸੂਲੀਏ ਆਪੂੰ ਭੇਟਾ ਲੈ ਕੇ ਆਏ । ਸਾਰੀ ਸੰਗਤ ਬਗ਼ੈਰ ਮਸੂਲ ਦਿੱਤੇ ਪਾਰ ਹੋ ਗਈ । ਸਾਰੀ ਸੰਗਤ ਨੂੰ ਇਹ ਅਨੁਭਵ ਹੋ ਗਿਆ ਕਿ ਜੋ ਵੀ ਗੁਰੂ ਦੇ ਮਾਰਗ ਨਿਰਭੈ ਹੋ ਚਲੇਗਾ, ਉਨ੍ਹਾਂ ਨੂੰ ਇਹ ਜਾਗਾਤੀ ਕੀ, ਜਮ ਜਾਗਾਤੀ ਵੀ ਕੁਝ ਨਹੀਂ ਆਖ ਸਕਣਗੇ । ਇਕ ਵਿਸ਼ਵਾਸ ਦੀ ਰੌ ਸਿੱਖਾਂ ਵਿਚ ਦੌੜ ਗਈ ।

*"ਜੇ ਕੋਈ ਗੁਰ ਮਾਰਗ ਚਾਲੇ,*
*ਜਮ ਜਾਗਾਤੀ ਤਿਸੇ ਨਾ ਘਾਲੇ ।"*

ਸੰਗਤਾਂ ਇਕ ਅਜੀਬ ਮਸਤੀ ਵਿਚ ਜਾ ਰਹੀਆਂ ਸਨ । ਹਰਦੁਆਰ ਲਾਗੇ ਜਮਾਲਪੁਰ ਵਿਖੇ ਮਸੂਲੀਆਂ ਕਈ ਜਤਨ ਕੀਤੇ ਕਰ ਉਗਰਾਹੁਣ ਦੇ, ਪਰ ਸਭ ਨਿਸਫਲ । ਆਖ਼ਿਰ ਉਹਨਾਂ ਇਹ ਮਤਾ ਪਕਾਇਆ ਕਿ ਜੋ 'ਗੁਰੂ ਗੁਰੂ' ਜਪਦੇ ਜਾਣ ਉਹਨਾਂ ਕੋਲੋਂ ਕਰ ਨਾ ਲਿਆ ਜਾਏ । ਸਾਰੀ ਲੋਕਾਈ ਹੀ ਗੁਰੂ ਗੁਰੂ ਕਰਕੇ ਲੰਘ ਗਈ । ਅੱਧੀ ਕਉਡੀ ਵੀ ਮਸੂਲ ਪ੍ਰਾਪਤ ਨਾ ਹੋਇਆ । ਮਸੂਲੀਏ ਆਪਣੀਆਂ ਸੰਦੂਕੜੀਆਂ ਉਠਾ ਕੇ ਚਲੇ ਗਏ ।

ਧਰਮ ਦਾ ਜੈਕਾਰ ਹੋਇਆ । ਲੋਕਾਂ ਨੂੰ ਪਹਿਲੀ ਵਾਰੀ ਧਰਮ ਦੀ ਆਜ਼ਾਦੀ ਦਾ ਅਹਿਸਾਸ ਹੋਇਆ । ਸਦੀਆਂ ਤੋਂ ਦਬਾਏ ਜਾ ਰਹੇ ਲੋਕਾਂ ਨੇ ਆਜ਼ਾਦੀ ਦਾ ਸੁਆਦ ਚੱਖਿਆ ।

ਇਸੇ ਲਈ ਗੁਰੂ ਰਾਮਦਾਸ ਜੀ ਨੇ ਗੁਰੂ ਅਮਰਦਾਸ ਜੀ ਦਾ ਇਸ ਤਰ੍ਹਾਂ ਨਿਰਭੈ ਹੋ ਹਰਿਦੁਆਰ ਪੁੱਜਣ ਨੂੰ 'ਕਉਤਕ' ਨਾਲ ਤੁਲਨਾ ਦਿੱਤੀ ਹੈ । ਇਹ ਕਉਤਕ ਹੀ ਸੀ ਕਿ ਹਕੂਮਤ ਇਕ ਪਾਸੇ, ਉਸ ਦਾ ਜਬਰ ਇਕ ਪਾਸੇ, ਹਾਕਮ ਉਗਰਾਹੀ

---

1. ਮਹਿਮਾ ਪ੍ਰਕਾਸ਼, ਸਾਖੀ ੮੧।

ਕਰਨ ਵਾਲੇ ਖੜ੍ਹੇ ਹੋਣ ਤੇ ਗੁਰੂ ਅਮਰਦਾਸ ਜੀ ਬਗ਼ੈਰ ਯਾਤਰੂ ਟੈਕਸ ਦਿੱਤੇ ਲੰਘ ਜਾਣ । ਕਿਸੇ ਦੀ ਜੁਰਅਤਿ ਵੀ ਨਾ ਹੋਵੇ ਕਰ ਉਗਰਾਹੁਣ ਦੀ । ਚੌਥੇ ਪਾਤਸ਼ਾਹ ਦੇ ਸ਼ਬਦ ਹਨ :

*ਤ੍ਰਿਤੀਆ ਆਏ ਸੁਰਸਰੀ*
*ਤਹ ਕਉਤਕੁ ਚਲਤੁ ਭਇਆ ॥*
*ਸਭ ਮੋਹੀ ਦੇਖਿ ਦਰਸਨੁ ਗੁਰ ਸੰਤ*
*ਕਿਨੈ ਆਢੁ ਨ ਦਾਮੁ ਲਇਆ ॥*
*ਆਢੁ ਦਾਮੁ ਕਿਛੁ ਪਇਆ ਨ ਬੋਲਕ*
*ਜਾਗਾਤੀਆ ਮੋਹਣ ਮੁੰਦਣਿ ਪਈ ॥*
*ਭਾਈ ਹਮ ਕਰਹ ਕਿਆ*
*ਕਿਸੁ ਪਾਸਿ ਮਾਂਗਹ*
*ਸਭ ਭਾਗਿ ਸਤਿਗੁਰ ਪਿਛੈ ਪਈ ॥*
*ਜਾਗਾਤੀਆ ਉਪਾਵ ਸਿਆਣਪ ਕਰਿ ਵੀਚਾਰੁ ਡਿਠਾ*
*ਭੰਨਿ ਬੋਲਕਾ ਸਭਿ*
*ਉਠਿ ਗਇਆ ॥* (ਪੰਨਾ ੧੧੧੭, ਗੁਰੂ ਗ੍ਰੰਥ ਸਾਹਿਬ)

ਗੁਰੂ ਅਮਰਦਾਸ ਜੀ ਦਾ ਨਗਰ ਹਰਿਦੁਆਰ ਆਉਣਾ ਸੁਣ ਕੇ ਨਗਰ ਦੇ ਮੁਖੀ ਦਰਸ਼ਨਾਂ ਨੂੰ ਆਏ । ਉਪਦੇਸ਼ ਸੁਣਿਆ । ਹਿਰਦੇ ਗ੍ਰਹਿਣ ਕੀਤਾ । ਉਹ ਸਮਝ ਗਏ ਕਿ ਗੁਰ ਸਤਿਗੁਰ, ਗੁਰੂ ਗੋਬਿੰਦ ਨੂੰ ਹਿਰਦੇ ਵਿਚ ਵਸਾਉਣਾ ਹੀ ਅਸਲ ਸਿਮ੍ਰਤੀ ਦਾ ਪਾਠ, ਗਿਆਨ-ਸ਼ਾਸਤਰ ਹੈ :

*ਮਿਲਿ ਆਏ ਨਗਰ ਮਹਾਜਨਾ*
*ਗੁਰ ਸਤਿਗੁਰ ਓਟ ਗਹੀ ॥*
*ਗੁਰੁ ਸਤਿਗੁਰੁ ਗੁਰੁ ਗੋਵਿਦੁ*
*ਪੁਛਿ ਸਿਮ੍ਰਿਤਿ ਕੀਤਾ ਸਹੀ ॥*

ਉਹਨਾਂ ਨੂੰ ਯਕੀਨ ਆਇਆ ਕਿ ਸੁਕਦੇਵ ਨੇ, ਪ੍ਰਹਿਲਾਦ ਨੇ ਅਤੇ ਇਥੋਂ ਤਕ ਕਿ ਸ੍ਰੀ ਰਾਮ ਚੰਦਰ ਜੀ ਨੇ ਗੋਵਿੰਦ ਹੀ ਸਿਮਰਿਆ ਸੀ । ਗੋਵਿੰਦ ਗੋਵਿੰਦ ਜਪਣ ਸਦਕਾ ਸਰੀਰ ਨਗਰ, ਸਰੀਰ ਕਿਲ੍ਹੇ ਵਿਚ ਪੰਜ ਚੋਰ ਡਾਕੂਆਂ ਦਾ ਨਾਮ ਨਿਸ਼ਾਨ ਮਿਟ ਗਿਆ ।

*ਸਿਮ੍ਰਿਤ ਸਾਸਤ੍ਰ ਸਭਨੀ ਸਹੀ ਕੀਤਾ*
*ਸੁਕਿ ਪ੍ਰਹਿਲਾਦਿ ਸ੍ਰੀ ਰਾਮਿ*
*ਕਰਿ ਗੁਰੁ ਗੋਵਿੰਦੁ ਧਿਆਇਆ ॥*
*ਦੇਹੀ ਨਗਰਿ ਕੋਟਿ ਪੰਚ ਚੋਰ ਵਟਵਾਰੇ*
*ਤਿਨ ਕਾ ਥਾਉ ਥੇਹੁ ਗਵਾਇਆ ।*

ਉਹਨਾਂ ਸਭ ਨਗਰ ਨਿਵਾਸੀਆਂ ਨੇ ਗੁਰੂ ਨਾਨਕ ਦੀ ਜੋਤ ਦੇ ਉਪਦੇਸ਼ ਰਾਹੀਂ ਪ੍ਰਮਾਤਮਾ ਦੀ ਭਗਤੀ ਕਰਨ ਦੀ ਦਾਤ ਹਾਸਲ ਕਰ ਲਈ । ਜਿਥੇ ਨਿਰੋਲ ਫੋਕੀ ਪੂਜਾ ਜਾਂ ਫੋਕਟ ਕਰਮ ਹੁੰਦੇ ਸਨ, ਉਥੇ ਹੁਣ ਕੀਰਤਨ ਹੋਣ ਲੱਗੇ । ਇਹ ਕੀਰਤਨ ਹੀ ਸਭ ਲਈ ਪੁਰਾਣ, ਪਾਠ ਪੂਜਾ, ਦਾਨ ਤੇ ਪੁੰਨ ਹੋ ਗਿਆ । ਕੈਸਾ ਇਨਕਲਾਬ ਸੀ ਜੋ ਗੁਰੂ ਅਮਰਦਾਸ ਜੀ ਦੀ ਕਿਰਪਾ ਨਾਲ ਹਰਿਦੁਆਰ ਵਿਚ ਆਇਆ ।

*ਕੀਰਤਨ ਪੁਰਾਣ ਨਿਤ ਪੁੰਨ ਹੋਵਹਿ*
*ਗੁਰ ਬਚਨਿ ਨਾਨਕਿ ਹਰਿ ਭਗਤਿ ਲਹੀ ॥* (ਤੁਖਾਰੀ ਮਹਲਾ ੪)

ਸਭ ਤੀਰਥਾਂ 'ਤੇ ਜਾ ਕੇ ਧਰਮ ਦਾ ਰਾਹ ਦ੍ਰਿੜਾ ਕੇ, ਭਗਤੀ ਦਾ ਬੀਜ ਅਨੇਕਾਂ ਹੀ ਮਨਾਂ ਵਿਚ ਬੀਜ ਕੇ, ਅਗਿਆਨ ਅੰਧੇਰਾ ਕਟ ਕੇ ਗੁਰੂ ਅਮਰਦਾਸ ਜੀ "ਆਏ ਗੋਵਿੰਦਵਾਲ ਸਭ ਜਗ ਭਇਆ ਨਿਹਾਲ ।" ਕੈਸਾ ਖ਼ੂਬਸੂਰਤ ਇਤਿਹਾਸ ਗੁਰੂ ਰਾਮਦਾਸ ਜੀ ਨੇ ਸਾਂਭ ਸਾਨੂੰ ਦਿੱਤਾ ।

ਗੋਇੰਦਵਾਲ ਵਸ ਗਿਆ, ਬਾਉਲੀ ਸਾਹਿਬ ਉਸਰ ਗਈ ਤਾਂ ਮਰਵਾਹ ਦੇ ਉਸ
ਪੁੱਤਰ ਜਿਸ ਨੂੰ ਗੁਰੂ ਅਮਰਦਾਸ ਜੀ ਨੇ ਫਾਹੇ
ਬੇਮੁੱਖਾਂ ਦਾ ਮੂੰਹ ਕਾਲਾ ਲੱਗਣ ਤੋਂ ਬਚਾਇਆ ਸੀ, ਲਾਹੌਰ ਅਰਜ਼ੀ ਪਾਈ ਕਿ
ਉਸ ਦੇ ਪਿਤਾ ਦੀ ਜ਼ਮੀਨ 'ਤੇ ਗੁਰੂ ਅਮਰਦਾਸ ਜੀ
ਨੇ ਕਬਜ਼ਾ ਜਮਾ ਲਿਆ ਹੈ, ਇਨਸਾਫ਼ ਮਿਲੇ । ਲਾਹੌਰ ਦਾ ਨਵਾਬ ਖ਼ਵਾਜਾ ਆਪੂੰ ਗੋਇੰਦਵਾਲ ਆਇਆ । ਇਸ ਅੱਖੀਂ ਡਿੱਠਾ ਕਿ ਗੋਇੰਦਵਾਲ ਬਣਾਵਟ ਨੂੰ ਕੋਈ ਥਾਂ ਨਹੀਂ ! ਦਿਖਾਵੇ ਦਾ ਰਤਾ ਭਰ ਜੀਵਨ ਨਹੀਂ । ਗੁਰੂ ਰੱਬ ਦਾ ਰੂਪ ਹਨ । ਦਿਨ ਰਾਤ ਅਬਾਦਤ ਹੁੰਦੀ ਰਹਿੰਦੀ ਹੈ । ਗੁਰੂ ਜੀ ਨੇ ਕਿਸੇ ਦੀ ਜ਼ਮੀਨ ਕੀ ਨੱਪਣੀ ਹੈ, ਉਹਨਾਂ ਤਾਂ ਆਪ ਵਿਚ ਪੈ ਕੇ ਇਸ ਸ਼ਿਕਾਇਤ ਕਰਨ ਵਾਲੇ ਮਰਵਾਹ ਦੇ ਪੁੱਤਰ ਨੂੰ ਬਚਾਇਆ ਸੀ । ਉਸ ਦਾ ਦਾਹਵਾ ਖ਼ਾਰਜ ਕੀਤਾ । ਮਰਵਾਹੇ ਦੇ ਪੁੱਤਰ ਨੇ ਹੁਣ ਆਪਣਾ ਮੂੰਹ ਆਗਰੇ ਵੱਲ ਕੀਤਾ । ਮਰਵਾਹ ਆਪਣੇ ਨਾਲ ਇਕ ਹੋਰ ਸਾਥੀ ਲੈ ਸ਼ਾਹੀ ਦਰਬਾਰ ਫ਼ਰਿਆਦੀ ਹੋਇਆ । ਰਾਹ ਵਿਚ ਗੁਰੂ ਜੀ ਵਿਰੁੱਧ ਝੂਠਾ ਪ੍ਰਚਾਰ ਕਰਨ ਦੀ ਕੋਸ਼ਿਸ਼ ਕਰੇ ਪਰ ਲੋਕੀਂ ਕੰਨ ਨਾ ਧਰਨ ।

ਸ਼ਾਹੀ ਦਰਬਾਰ ਦਾ ਦਸਤੂਰ ਬਣ ਗਿਆ ਸੀ ਕਿ ਜਿਸ ਨੇ ਫ਼ਰਿਆਦ ਕਰਨੀ ਹੋਵੇ, ਉਹ ਦਰਬਾਰ ਵਿਚ ਪਿਆ ਚੋਲਾ ਜੋ ਨੀਲੇ ਰੰਗ ਦਾ ਹੁੰਦਾ ਸੀ, ਪਾ ਕੇ ਅਰਜ਼ੀ ਸੁਣਾਏ । ਅਜਿਹੇ ਫ਼ਰਿਆਦੀ ਦਾ ਫ਼ੈਸਲਾ ਉਸੇ ਸਮੇਂ ਹੀ ਸੁਣਾ ਦਿੱਤਾ ਜਾਂਦਾ ਸੀ ।

ਜਦ ਨੀਲਾ ਕਾਲਾ ਖਿਧੋਲੜਾ ਪਾ ਕੇ ਮਰਵਾਹ ਨੇ ਫ਼ਰਿਆਦ ਕੀਤੀ ਕਿ ਉਸ ਦੀ ਜ਼ਮੀਨ 'ਤੇ ਗ਼ੈਰ ਦਾ ਕਬਜ਼ਾ ਹੈ । ਅਕਬਰ ਦੇ ਪੁੱਛਣ 'ਤੇ ਅਹਿਲਕਾਰਾਂ ਨੇ ਦੱਸਿਆ ਕਿ ਮਰਵਾਹ ਦਾ ਕਹਿਣਾ ਝੂਠ ਹੈ । ਨਵਾਬ ਲਾਹੌਰ ਆਪੂੰ ਜਾ ਕੇ ਤਹਿਕੀਕਾਤ ਕਰ ਆਏ ਸਨ ਤੇ ਦਾਅਵਾ ਝੂਠ ਕਰਾਰ ਦਿੱਤਾ ਸੀ । ਇਹ ਇੱਥੇ

ਸਮਾਂ ਜ਼ਾਇਆ ਕਰ ਰਿਹਾ ਹੈ । ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਗੁਰੂ ਅਮਰਦਾਸ ਜੀ ਹਨ ਜੋ ਬੜੇ ਮੁੱਤਕੀ, ਪਰਹੇਜ਼ਗਾਰ, ਸੁਲਹ ਕੁਲ, ਖ਼ੁਦਾ ਪ੍ਰਸਤ, ਬਨੀ ਨੌ ਇਨਸਾਨ ਦੇ ਦੋਸਤ ਤੇ ਮਦਦਗਾਰ ਹਨ । ਗੁਰੂ ਦਾ ਲੰਗਰ ਖ਼ਾਨਾ ਹਰ ਲਈ ਹਰ ਵੇਲੇ ਖੁਲ੍ਹਾ ਹੈ । ਅਕਬਰ ਨੇ ਫ਼ਰਿਆਦ ਨਾ ਮਨਜ਼ੂਰ ਕੀਤੀ ਤੇ ਉਸ ਦਾ ਰੁਖ਼ ਦੇਖ ਕੇ ਅਹਿਲਕਾਰਾਂ ਧੱਕੇ ਮਾਰ ਕੇ, ਜੁੱਤੀਆਂ ਮਾਰ ਕੇ ਦਰਬਾਰ ਵਿਚੋਂ ਬਾਹਰ ਕੱਢਿਆ ।

ਇਹ ਦੋਵੇਂ ਜਿੱਥੇ ਵੀ ਜਾਂਦੇ ਲੋਕੀਂ ਫਿਟਕਾਰਾਂ ਪਾਂਦੇ । ਆਪਣੇ ਰਿਸ਼ਤੇਦਾਰਾਂ ਦੇ ਘਰ ਗਏ, ਉਹਨਾਂ ਵੀ ਮੂੰਹ ਨਾ ਲਗਾਇਆ । ਕੁੜਮਾਂ ਨੇ ਵੀ ਘਰ ਨਾ ਵਾੜਿਆ । ਮਸਾਂ ਵਹੁਟੀ ਤੇ ਭਤੀਜਿਆਂ ਨੇ ਟਿਕਾਣਾ ਦਿੱਤਾ ਪਰ ਉਹ ਕਿਸੇ ਨੂੰ ਮੂੰਹ ਦਿਖਾਉਣ ਜੋਗਾ ਨਾ ਰਿਹਾ ।

ਗੁਰੂ ਰਾਮਦਾਸ ਜੀ ਨੇ ਇਸ ਇਤਿਹਾਸਕ ਘਟਨਾ ਦਾ ਗਉੜੀ ਕੀ ਵਾਰ ਦੀ ਬਾਰ੍ਹਵੀਂ ਪਉੜੀ ਦੇ ਪਹਿਲੇ ਸਲੋਕ ਵਿਚ ਪੂਰਾ ਚਿੱਤ੍ਰ ਖਿਚਿਆ ਹੈ । ਆਪ ਜੀ ਨੇ ਲਿਖਿਆ :

*ਮਲ ਜੁਈ ਭਰਿਆ ਨੀਲਾ ਕਾਲਾ ਖਿਧੋਲੜਾ*
*ਤਿਨਿ ਵੇਮੁਖਿ ਵੇਮੁਖੈ ਨੋ ਪਾਇਆ ॥*
*ਪਾਸਿ ਨ ਦੇਈ ਕੋਈ ਬਹਿਣ ਜਗਤ ਮਹਿ*
*ਗੂਹ ਪੜਿ ਸਗਵੀ ਮਲੁ ਲਾਇ ਮਨਮੁਖੁ ਆਇਆ ॥[1]*
*ਪਰਾਈ ਜੋ ਨਿੰਦਾ ਚੁਗਲੀ ਨੋ ਵੇਮੁਖੁ ਕਰਿ ਕੈ ਭੇਜਿਆ*
*ਓਥੈ ਭੀ ਮੁਹੁ ਕਾਲਾ ਦੁਹਾ ਵੇਮੁਖਾ ਦਾ ਕਰਾਇਆ ॥*
*ਤੜ[2] ਸੁਣਿਆ ਸਭਤੁ ਜਗਤ ਵਿਚਿ ਭਾਈ*
*ਵੇਮੁਖੁ ਸਟੈ ਨਫਰੈ ਪਉਲੀ ਪਉਦੀ*
*ਫਾਵਾ ਹੋਇਕੈ ਉਠਿ ਘਰ ਆਇਆ ॥*
*ਅਗੈ ਸੰਗਤੀ ਕੁੜਮੀ ਵੇਮੁਖੁ ਰਲਣਾ ਨ ਮਿਲੈ*
*ਤਾ ਵਹੁਟੀ ਭਤੀਜੀ ਫਿਰਿ ਆਣਿ ਘਰਿ ਪਾਇਆ ॥*
... ... ... ...
*ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ*
*ਸੋ ਸਾਚੈ ਮਾਰਿ ਪਚਾਇਆ ॥* (ਪੰਨਾ ੩੦੬)

---

1. ਭਲੇ ਪੁਰਸ਼ਾਂ ਦੀ ਨਿੰਦਾ ਮੂੰਹ ਵਿਚ ਹੱਥ ਪਾਉਣ ਵਾਲੀ ਗੱਲ ਹੈ ।
2. ਇਹ ਗੱਲ ਤਟ ਫੱਟ ਫੈਲ ਗਈ ।

ਅਕਬਰ ਫ਼ਰਵਰੀ ੧੫੬੬ ਈ: ਨੂੰ ਆਪਣੇ ਸੋਤੀਲੇ ਭਰਾ ਮਿਰਜ਼ਾ ਹਾਕਮ ਦਾ ਪੰਜਾਬ 'ਤੇ ਹਮਲਾ ਕਰਨ ਦੀ ਸੂਹ ਪਾ ਲਾਹੌਰ ਆਇਆ ।

**ਵੱਡੀ ਜ਼ਿੰਮੇਵਾਰੀ ਨਿਭਾਹੀ** ਅਕਬਰ ਦਾ ਲਾਹੌਰ ਪੁੱਜਣਾ ਸੁਣ ਕੇ ਮਿਰਜ਼ਾ ਹਾਕਿਮ ਕਾਬਲ ਮੁੜ ਗਿਆ । ਅਕਬਰ ਨੇ ਪਿੱਛਾ ਨਾ ਕੀਤਾ ਪਰ ਲਾਹੌਰ ਇਕ ਸਾਲ ਟਿਕਿਆ ਰਿਹਾ । ਮਾਰਚ ੧੫੬੭ ਨੂੰ ਲਾਹੌਰ ਤੋਂ ਆਗਰੇ ਵੱਲ ਚਲਿਆ ।

ਸਨਾਤਨੀ ਲੋਕਾਂ ਨੇ ਮੌਕਾ ਗ਼ਨੀਮਤ ਜਾਣ ਕੇ ਇਕ ਮਹਜ਼ਰ ਨਾਮਾ ਤਿਆਰ ਕੀਤਾ ਕਿ ਗੁਰੂ ਅਮਰਦਾਸ ਨੇ ਨਵਾਂ ਪੰਥ ਚਲਾ ਦਿੱਤਾ ਹੈ । ਵਰਣ ਆਸ਼ਰਮ ਵਾਲਾ ਧਰਮ ਛੱਡ ਦਿੱਤਾ ਹੈ । ਵਾਹਿਗੁਰੂ ਸਿਮਰਦੇ ਹਨ ਅਤੇ ਰਾਮ ਰਾਮ ਨਹੀਂ ਰਟਦੇ । ਗਾਇਤ੍ਰੀ ਦਾ ਪਾਠ ਤ੍ਰੈਕਾਲ ਸੰਧਿਆ ਨਹੀਂ ਉਚਾਰਦੇ । ਬ੍ਰਾਹਮਣ ਨੂੰ ਮੰਨਦੇ ਹੀ ਨਹੀਂ ।[1] ਪਿਤਰ ਪੂਜਾ ਨੂੰ ਫ਼ਜ਼ੂਲ ਕਹਿੰਦੇ ਹਨ । ਵੇਦ ਪਾਠ ਤਜ ਦਿੱਤਾ ਹੈ ਅਤੇ ਉਸ ਦੀ ਥਾਵੇਂ 'ਗੁਰਬਾਣੀ ਕੁਝ ਔਰੇ ਥਪੈ' । ਮਹਿਮਾ ਪ੍ਰਕਾਸ਼ ਵਾਰਤਿਕ ਦੇ ਸ਼ਬਦਾਂ ਵਿਚ ਸ਼ਕਾਇਤਾਂ ਦਾ ਧੁਰਾ ਇਹ ਸੀ ਕਿ "ਚਾਰ ਬਰਨੋ ਕੋ ਇਕੱਠਾ ਪ੍ਰਸ਼ਾਦ ਖਵਾਵਤੇ ਹੈਂ । ਰਾਮ ਨਾਮ ਛੋੜ ਕਰ ਵਾਹਿਗੁਰੂ ਕਾ ਮੰਤਰ ਕੀਆ ਹੈ । ਅਪਨਾ ਆਪ ਜਪਾਵਤੇ ਹੈਂ ਔਰ ਰਸਮ ਰਿਵਾਜ ਨਹੀਂ ਕਰਤੇ ।"

ਅਕਬਰ ਨੇ ਸੁਨੇਹਾ ਘਲਿਆ ਕਿ ਇਸ ਪ੍ਰਕਾਰ ਦੀਆਂ ਅਰਜ਼ੀਆਂ ਪਾਈਆਂ ਗਈਆਂ ਹਨ, ਭਲਾ ਜਾਣੋਂ ਤਾਂ ਉਤਰ ਦੇਵੋ ਨਹੀਂ ਤਾਂ ਕਿਸੇ ਨੂੰ ਭੇਜੋ ।

ਸਾਹਿਬ ਗੁਰੂ ਅਮਰਦਾਸ ਜੀ ਨੇ ਉਸੇ ਸਮੇਂ ਇਹ ਨਿਰਣਾ ਲਿਆ ਕਿ ਭਾਈ ਜੇਠਾ ਜੀ ਨੂੰ ਲਾਹੌਰ ਭੇਜਿਆ ਜਾਏ ਜੋ ਉਠਾਏ ਗਏ ਸ਼ੰਕਿਆਂ ਦਾ ਉਤਰ ਦੇਣ । ਉਸ ਸਮੇਂ ਵੀ ਗੁਰੂ ਅਮਰਦਾਸ ਜੀ ਨੇ ਇਹ ਹੀ ਕਿਹਾ ਕਿ ਸਭ ਤੋਂ ਯੋਗ ਭਾਈ ਜੇਠਾ ਜੀ ਹੀ ਹਨ । ਇਨ੍ਹਾਂ ਵਿਚ ਅਜਰ ਜਰਨ ਦੀ ਸ਼ਕਤੀ ਹੈ । ਸਹਿਨਸ਼ੀਲ ਹਨ । ਚਤੁਰ ਸਿਆਣੇ ਹਨ । ਕਹਿਣ ਸੁਣਨ ਦੀ ਜਾਚ ਹੈ ਅਤੇ ਸਭ ਬਿਧ ਲਾਇਕ ਹਨ । ਆਪਣੇ ਪਾਸ ਬੁਲਾ ਕੇ ਰਹਿਮਤਾਂ ਦਿੱਤੀਆਂ ਅਤੇ ਕਿਹਾ ਕਿਸੇ ਕਿਸਮ ਦਾ ਭੈ ਨਹੀਂ ਕਰਨਾ, ਜੋ ਵੀ ਉੱਤਰ ਪੁੱਛਣ ਨਿਸੰਗ ਹੋ ਕੇ ਦੇਣਾ ।

ਭਾਈ ਜੇਠਾ ਜੀ ਨੇ ਟਿਕਾਣਾ ਚੂਨਾ ਮੰਡੀ ਹੀ ਕੀਤਾ । ਸੁਨੇਹਾ ਰਾਜ ਦਰਬਾਰ ਭੇਜ ਦਿੱਤਾ । ਹਰਕਾਰਾ ਆਦਰ ਨਾਲ ਲੈਣ ਆਇਆ ।

ਸਨਾਤਨੀਆਂ ਤੇ ਬ੍ਰਾਹਮਣਾਂ ਨੇ ਇਲਜ਼ਾਮ ਦੁਹਰਾਏ ਕਿ ਇਹਨਾਂ ਗਾਇਤ੍ਰੀ ਗੰਗਾ, ਤ੍ਰੈਕਾਲ ਸੰਧਿਆ, ਸੰਸਕ੍ਰਿਤ ਵੇਦ ਪਾਠ, ਸ਼ਾਸਤਰੀ ਰੀਤਾਂ, ਰਸਮਾਂ ਤੇ ਮੂਰਤੀ ਪੂਜਾ ਛੱਡ ਦਿੱਤੀ ਹੈ । ਭਾਈ ਜੇਠਾ ਜੀ ਨੇ ਪਹਿਲੀ ਚੋਟ ਇਹ ਕੀਤੀ ਕਿ ਗਾਇਤ੍ਰੀ

1. ਅਬ ਦਿਜ ਕੋ ਨਹਿ ਮਾਨਹਿ ਕੋਇ ।

ਮੰਤ੍ਰ ਤਾਂ ਉਹ ਇਥੇ ਪੜ੍ਹ ਹੀ ਨਹੀਂ ਸਕਦੇ । ਕਿਉਂਕਿ ਵੇਦ ਗਤੀ ਮੰਗ ਕਰਦੀ ਹੈ ਕਿ ਕਿਸੇ ਮਲੇਛ ਸਾਹਮਣੇ ਨਹੀਂ ਪੜ੍ਹਨਾ । ਬ੍ਰਾਹਮਣਾਂ ਨੂੰ ਬੜੀ ਝੇਂਪ ਆਈ । ਇਹ ਕਹਿ ਕੇ ਆਪ ਜੀ ਨੇ "੧ਓ" ਦੀ ਧੁਨੀ ਐਸੀ ਚੁਕੀ ਕਿ ਸਾਰੇ ਪਾਸੇ ਸਕਤਾ ਹੋ ਗਿਆ । ਕਿਤਨੀ ਦੇਰ ਚੁਪ ਛਾ ਗਈ ।

ਆਪ ਜੀ ਨੇ ਚੁੱਪ ਤੋੜ ਕੇ ਕਿਹਾ ਕਿ ਅਸਾਂ "੧" ਨੂੰ ਉਂਕਾਰ ਨਾਲੋਂ ਪਹਿਲਾਂ ਪਾਇਆ ਹੈ । ਇਹਨਾਂ ਉਸ ਦੇ ਟੋਟੇ ਕਰ ਦਿੱਤੇ ਸਨ । ਗੁਰੂ ਨਾਨਕ ਦਾ ਮਤ ਇਕ ਅਲਾਹ ਵਾਹਿਦ ਲਾ ਸ਼ਰੀਕ ਦਾ ਪੁਜਾਰੀ ਹੈ । ਫਿਰ "੧" ਹਿੰਦਸੇ ਵਾਲਾ ਇਸ ਲਈ ਪਾਇਆ ਹੈ ਕਿ ਉਹ ਹੈ, ਹਰ ਥਾਂ ਹੈ ਅਤੇ ਕੋਈ ਸੁੰਨ ਨਹੀਂ ।

ਗਾਇਤ੍ਰੀ ਨੂੰ ਕੇਵਲ ਦਵਿਜ, ਬ੍ਰਾਹਮਣ, ਖੱਤਰੀ ਅਤੇ ਵੈਸ਼ ਹੀ ਜਪ ਸਕਦੇ ਹਨ ਪਰ ਗੁਰੂ ਨਾਨਕ ਦੇਵ ਜੀ ਨੇ 'ਵਾਹਿਗੁਰੂ' ਦਿੱਤਾ ਹੈ ਜੋ ਸਰਬ ਸਾਂਝਾ ਹੈ ।

ਫਿਰ ਗਾਇਤ੍ਰੀ ਕੇਵਲ ਸੂਰਜ ਦੀ ਪੂਜਾ ਦਾ ਲਖਾਇਕ ਹੈ । ਗਾਇਤ੍ਰੀ ਦੇ ਮੰਤਰ ਦਾ ਅਰਥ ਹੈ : 'ਪ੍ਰਣਾਮ ਉਸ ਦੇਵਤੇ ਨੂੰ ਜੋ ਸਭ ਨੂੰ ਜਿਵਾਲਦਾ ਹੈ, ਦੁੱਖਾਂ ਤੋਂ ਛੁਡਾਂਦਾ ਹੈ, ਪ੍ਰਕਾਸ਼ ਰੂਪ ਹੈ, ਬੇਨਤੀ ਕਰਨ ਯੋਗ ਹੈ, ਪਾਪ ਨਾਸ਼ਕ ਹੈ, ਜੋ ਸਾਡੀਆਂ ਬੁੱਧੀਆਂ ਨੂੰ ਪ੍ਰੇਰਦਾ ਹੈ, ਉਸ ਦਾ ਅਸੀਂ ਧਿਆਨ ਧਰਦੇ ਹਾਂ ।'

ਗੁਰੂ ਨਾਨਕ ਜੀ ਨੇ 'ਸੋ ਦਰ' ਦੀ ਸੋਝੀ ਦਿੱਤੀ ਹੈ ਜਿਥੇ ਕਈ ਸੂਰਜ ਚੰਦ ਸਿਰ ਝੁਕਾ ਰਹੇ ਹਨ ।

ਆਪਣੀ ਬੋਲੀ ਲੋਕੀਂ ਛੇਤੀ ਸਮਝ ਲੈਂਦੇ ਹਨ, ਇਸ ਲਈ ਸਭ ਸਚਿਆਈਆਂ ਦਾ ਪ੍ਰਚਾਰ ਲੋਕਾਂ ਦੀ ਸਰਲ ਬੋਲੀ ਵਿਚ ਕੀਤਾ ਹੈ ।

ਤੀਰਥ ਕਿਸੇ ਜਲ ਜਾਂ ਬਨਾਸਪਤੀ ਕਰ ਕੇ ਪਵਿੱਤਰ ਨਹੀਂ । ਮਹਾਂ ਪੁਰਖਾਂ ਦੇ ਤਪ ਕਰਕੇ ਪਵਿੱਤਰ ਹੋਏ ਹਨ ਅਤੇ ਜਿਥੇ ਵੀ ਮਹਾਂ ਪੁਰਖ ਹੁੰਦੇ ਹਨ, ਉਹ ਹੀ ਤੀਰਥ ਅਸਥਾਨ ਹੈ । ਤੀਰਥਾਂ ਦੀ ਹਾਲਤ ਇਹ ਬਣਾ ਦਿੱਤੀ ਗਈ ਹੈ ਕਿ ਉਥੇ ਹਰਿ ਕੇ ਸੰਤ ਲੋਕਾਂ ਨੂੰ ਦੁਰੇ ਦੁਰੇ ਕੀਤੀ ਜਾਂਦੀ ਹੈ ।

ਜ਼ਾਤ-ਪਾਤ ਇਕ ਸ਼੍ਰੇਣੀ ਦਾ ਜੂਲਾ ਦੂਜੇ 'ਤੇ ਪੱਕਾ ਕਰਨ ਲਈ ਘੜੀ ਗਈ ਸੀ । ਗੁਰੂ ਪਾਤਸ਼ਾਹ ਜ਼ਾਤ-ਪਾਤ ਜਨਮ ਤੋਂ ਨਹੀਂ ਮੰਨਦੇ, ਕਰਮ ਤੋਂ ਮੰਨਦੇ ਹਨ । ਜਨਮ ਤੋਂ ਜਾਤ ਮੰਨਣ ਨਾਲ ਦਿਲ ਵਿਚ ਨਫ਼ਰਤ ਉਪਜਦੀ ਹੈ ।

ਗੁਰੂ ਜੀ ਦਿਲਾਂ ਵਿਚ ਅਲਾਹ ਪ੍ਰੇਮ ਅਤੇ ਅਲਾਹ ਦੀ ਰਚੀ ਦੁਨੀਆਂ ਨਾਲ ਪ੍ਰੇਮ ਸਿਖਾਲ ਰਹੇ ਹਨ । ਜੋ ਰਾਹ ਇਥੇ ਦ੍ਰਿੜ੍ਹ ਕਰਾਇਆ ਜਾ ਰਿਹਾ ਹੈ, ਉਸ ਰਾਹੀਂ ਇਕ ਦੂਜੇ ਲਈ ਪਿਆਰ ਤਾਂ ਬਣਦਾ ਹੀ ਹੈ, ਸਗੋਂ ਜੀਵਨ ਵੀ ਖੇੜੇ ਵਾਲਾ ਹੋ ਜਾਂਦਾ ਹੈ । ਹਰ ਵੇਲੇ ਚਾਅ ਬਣਿਆ ਰਹਿੰਦਾ ਹੈ ।

ਹਿੰਦੂ ਤ੍ਰੈ-ਕਾਲ ਸੰਧਿਆ ਮੰਨਦਾ ਹੈ । ਸਾਡੇ ਵਿਚ ਮੂਲ ਵਸਤੂ ਹਰ ਵੇਲੇ ਸਾਈਂ ਦੇ ਹਜ਼ੂਰ ਵਿਚ ਰਹਿਣਾ ਹੈ ਅਤੇ ਉਸ ਦੀ ਹਜ਼ੂਰੀ ਦਾ ਸਵਾਦ ਮਾਨਣਾ ਹੈ । ਇਸੇ ਨੂੰ ਨਾਮ ਕਿਹਾ ਹੈ ਜੋ ਹਰ ਪਾਸੇ ਪਸਰ ਰਿਹਾ ਹੈ ।

ਮੂਰਤੀ ਪੂਜਾ ਅਸੀਂ ਨਹੀਂ ਕਰਦੇ, ਖ਼ੁਦਾ ਨੂੰ ਹਰ ਥਾਂ ਵਿਆਪਕ ਸਮਝਦੇ ਹਾਂ । ਬੁੱਤ ਪੱਥਰ ਹੈ, ਨਿਰਜਿੰਦ ਹੈ, ਬੁੱਤ ਪ੍ਰਸਤੀ ਅਸਲ ਵਿਚ ਬੋਧੀਆਂ ਦੀ ਸ਼ੈਅ ਹੈ । ਉਹ ਵਿਆਪਕ ਵਾਹਿਗੁਰੂ ਦੇ ਉਪਾਸ਼ਕ ਨਾ ਹੋਣ ਕਾਰਨ ਆਪਣੇ ਬਜ਼ੁਰਗ ਦੀ ਮੂਰਤੀ ਬਣਾ ਕੇ ਉਸ ਨਾਲ ਪ੍ਰੇਮ ਕਰਦੇ ਹਨ । ਜਿਨ੍ਹਾਂ ਪਾਸ ਜ਼ਾਹਰਾ ਜ਼ਹੂਰ, ਹਾਜ਼ਰਾ ਹਜ਼ੂਰ ਅਲਾਹ ਹੈ ਉਹਨਾਂ ਨੂੰ ਮੂਰਤੀ ਪੂਜਾ ਦੀ ਕੀ ਲੋੜ ?

ਇਸ ਸਾਰੇ ਵਾਰਤਾਲਾਪ ਦਾ ਸਾਰੰਸ਼ ਦੇਂਦੇ ਮੈਕਾਲਫ਼ ਨੇ ਲਿਖਿਆ ਹੈ ਕਿ ਗੁਰੂ ਜੀ ਨੇ ਕਿਹਾ ਕਿ ਦਇਆ ਤੁਲ ਕਿਹੜਾ ਤੀਰਥ ਅਸਥਾਨ ਹੈ ? ਕਿਸੇ ਨਾਲ ਵੈਰ ਨਾ ਰੱਖਣ ਨਾਲੋਂ ਕਿਹੜਾ ਹੋਰ ਵੱਡਾ ਵਰਤ ਹੈ ? ਹਰ ਇਕ ਪ੍ਰਾਣੀ ਵਿਚ ਅਲਾਹ ਦਾ ਨੂਰ ਦੇਖਣਾ ਅਤੇ ਕਿਸੇ ਦੀ ਆਤਮਾ ਨਾ ਦੁਖਾਉਣ ਨਾਲੋਂ ਕਿਹੜੀ ਵੱਡੀ ਪੂਜਾ ਹੈ ? ਗੁਰੂ ਸਭ ਨੂੰ ਮਾਣ ਦੇਂਦੇ ਹਨ ਪਰ ਆਪੂੰ ਨਿਰਮਾਣ ਹਨ ਪਰ ਇਹ ਬ੍ਰਾਹਮਣ ਸਭ ਨੂੰ ਤੁਛ ਤੇ ਹੀਣਾ ਸਮਝਦੇ ਹਨ ਤੇ ਆਪਣੇ ਆਪ ਨੂੰ ਪਰਮੇਸ਼ਰ । ਸਵਾਰਥੀ ਤੇ ਲੋਭੀ ਮਾਇਆ ਪਿੱਛੇ ਨੱਸਦੇ ਹਨ ਪਰ ਗੁਰੂ ਤਾਂ ਦੂਜੇ ਡੰਗ ਲਈ ਵੀ ਨਹੀਂ ਬਚਾਂਦੇ । ਸਿੱਖੀ ਦਾ ਧੁਰਾ ਹੈ : ਪਖੰਡ ਤੱਜ, ਵਾਹਿਗੁਰੂ ਦਾ ਨਾਮ ਜੱਪਣਾ, ਨਿਮਰਤਾ ਰੱਖਣੀ ਤੇ ਹਉਮੈ ਨੂੰ ਕਾਬੂ ਕਰਨਾ ।[1]

*"ਦਾਸਨ ਦਾਸਾ ਹੋਇ ਰਹੁ ਹਉਮੈ ਬਿਖਿਆ ਮਾਰਿ ॥"*

ਇਹ ਸੁਣਦੇ ਸਾਰ ਸਾਰੇ ਸ਼ਾਂਤ ਹੋ ਗਏ । ਕਿਸੇ ਮੂੰਹਿੰ ਗੱਲ ਨਾ ਨਿਕਲੇ ।

*"ਭਏ ਲੋਕ ਸੀਤਲ ਗਾਤ ।*
*ਕਰਨੀ ਨਾ ਆਵੈ ਬਾਤ ।"*

ਅਕਬਰ ਨੇ ਭਰੇ ਦਰਬਾਰ ਕਿਹਾ :

*ਪਰਮੇਸ਼ਵਰ ਦਰਵੇਸ ਜਿ ਦੋਊ ।*
*ਨਹੀਂ ਭੇਦ ਏਕੋ ਇਹ ਸੋਊ ॥*

---

1. Better than the worship of idols is to recognize God's light in everybody, and vex no one soul; for what place of pilgrimage is equal to mercy ?
To bear no one enmity is tantamount to fasting. To renounce hypocrisy and repeat the name are the main elements of our religion. P.P. 107, V & 2.

(The Sikh Religion, MACAULIFFE)

ਇਹਨਾਂ ਨਾਲ ਚਰਚਾ ਕਰਨੀ ਹੀ ਨਹੀਂ ਸੋਭਦੀ । ਵੇਦ ਪਾਠ ਤਾਂ ਸੰਸਾਰੀ ਗੀਤ ਹੈ । ਇਹ ਵੇਦਾਂ ਤੋਂ ਉੱਚੇ ਹਨ ।

*"ਜਹ ਫਕਰ ਮੌਲਾ ਜਾਤ ।*
*ਨਹੀਂ ਚਲੇ ਇਨ ਸੇ ਬਾਤ ।*
*ਮੌਲਾ ਵਲੀ ਨਹੀਂ ਭੇਦ ।*
*ਕਿਆ ਹੋਇ ਪੜਿਐਂ ਬੇਦ ।"*

ਮਹਿਮਾ ਪ੍ਰਕਾਸ਼ ਵਾਰਤਿਕ ਵਿਚ ਇਹ ਵੀ ਲਿਖਿਆ ਹੈ : "ਇਸ ਬਾਣੀ ਮੇਂ ਸਿਰਫ਼ ਨਾਮ ਹੈ ਅਰ ਸਾਹਿਬ ਕੀ ਸਿਫ਼ਤ ਭਰੀ ਹੈ । ਤੁਮ ਲੋਕ ਸਾਹਿਬ ਲੋਕਾਂ ਕੀ ਨਿੰਦਾ ਕਰਤੇ ਹੋ । ਤੁਮ ਜਾਣਤੇ ਨਹੀਂ ਕਿ ਜੋ ਕੁਛ ਪਦਾਰਥ ਹੈ ਸੋ ਇਨ ਕੇ ਪਾਸ ਹੈ ।"

ਅਕਬਰ ਨੇ ਖ਼ਾਹਿਸ਼ ਜ਼ਾਹਰ ਕੀਤੀ ਕਿ ਉਹ ਦਿੱਲੀ ਮੁੜਦਾ ਗੋਇੰਦਵਾਲ ਦਰਸ਼ਨਾਂ ਲਈ ਆਏਗਾ । ਅਕਬਰ ਦਿੱਲੀ ਮੁੜਦੇ ਅਗਲੇ ਸਾਲ ੧੫੬੭ ਦੇ ਆਰੰਭ ਵਿਚ ਗੋਇੰਦਵਾਲ ਆਇਆ । ਲੰਗਰ ਬੈਠ ਪ੍ਰਸ਼ਾਦਿ ਛਕਿਆ । ਦਰਸ਼ਨ ਕਰ ਤ੍ਰਿਪਤੀ ਹੋਈ ਅਤੇ ਗੁਰੂ ਅਮਰ ਦਾਸ ਜੀ ਦੇ ਚਿਹਰੇ 'ਤੇ ਜਲਾਲ ਦੇਖ ਪੁੱਛ ਬੈਠਾ ਕਿ ਕੀ ਖਾਂਦੇ ਹੋ ?[1] ਮਹਾਰਾਜ ਨੇ ਕਿਹਾ ਕਿ ਇਹ ਖਾਣ ਨਾਲ ਨਹੀਂ, ਯਹਿ ਯਾਦਿ ਹੱਕ ਫਲ ਹੈ । ਅਲਾਹ ਦੀ ਯਾਦ ਦਾ ਮਿੱਠਾ ਫਲ ਹੈ ।

ਕਿਤਨੀ ਦੇਰ ਬੈਠ ਵਿਚਾਰਾਂ ਸੁਣਦਾ ਰਿਹਾ । ਇਸ ਲਈ ਕਨਿੰਘਮ ਨੇ ਲਿਖਿਆ ਹੈ ਕਿ ਗੁਰੂ ਜੀ ਨੇ ਸ਼ੀਲ ਅਕਬਰ ਵਿਚ ਇਕ ਸ਼ਰਧਾਵਾਨ ਸਰੋਤਾ ਪਾਇਆ ।[2] ਆਗਿਆ ਲੈਣ ਤੋਂ ਪਹਿਲਾਂ ਅਕਬਰ ਨੇ ਨਿਰਮਾਣਤਾ ਨਾਲ ਕਿਹਾ :

*"ਅਬ ਮੇਰੀ ਕਬੂਲ ਕਛੂ ਕੀਜੈ ।*
*ਜਾ ਤੇ ਮੋਕੋ ਸ਼ਾਂਤ ਪਤੀਜੈ ।"*

ਗੁਰੂ ਜੀ ਨੇ ਫ਼ਰਮਾਇਆ ਕਿ ਸਭ ਕੁਝ ਪ੍ਰਭੂ ਦਾ ਦਿੱਤਾ ਹੈ । ਅਤੁੱਟ ਭੰਡਾਰ ਹਨ । ਖਾਂਦਿਆਂ ਖ਼ਰਚਦਿਆਂ ਤੋਟ ਨਹੀਂ । ਕੋਈ ਚਾਹ ਨਹੀਂ ।

---

1. ਅਕਬਰ ਨੇ ਕਿਹਾ ਸੀ : 'ਚਿਹਰੇ ਪਰ ਰੋਸ਼ਨੀ ਏਤੀ ਹੈ :
ਸੋ ਕਉਨ ਸੀ ਬਸਤ ਖਾਨ ਮੇਂ ਆਵਤੀ ਹੈ ।'
(ਮਹਿਮਾ ਪ੍ਰਕਾਸ਼ ਵਾਰਤਿਕ)
2. ........ found an attentive listener in the tolerant Akbar.
(History of the Sikhs, Edition : 1966, p. 44)

"ਬਚਨ ਕੀਤਾ : "ਚਾਹ ਕਿਛ ਨਹੀਂ ਹਮਾਰੇ ।" ੧੨ ਪਿੰਡਾਂ ਦੇ ਪਟੇ ਲਿਖ ਕੇ ਗੁਰੂ ਦੇ ਚਰਨਾਂ 'ਤੇ ਅਕਬਰ ਚੜ੍ਹਾ ਗਿਆ । ਉਹ ਪਟੇ ਸਿੱਖ ਇਤਿਹਾਸ ਕਹਿੰਦਾ ਹੈ ਕਿ ਇਕ ਆਲੇ ਵਿਚ ਹੀ ਪਏ ਰਹੇ । ਗੁਰੂ ਜੀ ਨੇ ਕਦੇ ਨਹੀਂ ਵਰਤੇ ।

*"ਕੀਨੋ ਨਹਿ ਕਬੂਲ ਗੁਰ,*
*ਜਦਯਪਿ ਤਦਯਪਿ ਸ਼ਾਹਿ ਦੈ ਗਯੋ ।"*

ਬੂਟੇ ਸ਼ਾਹ ਨੇ ਇਹ ਵੀ ਲਿਖਿਆ ਹੈ ਕਿ ਅਕਬਰ ਇਤਨਾ ਪ੍ਰਭਾਵਤ ਹੋਇਆ ਕਿ ਜਦ ਤਕ ਉਹ ਜ਼ਿੰਦਾ ਰਿਹਾ ਹਰ ਸਾਲ ਗੋਇੰਦਵਾਲ ਵੈਸਾਖੀ ਵਾਲੇ ਦਿਨ ਇਕ ਲੱਖ ਵੀਹ ਹਜ਼ਾਰ ਰੁਪੈ ਭੇਟਾ ਵਜੋਂ ਭੇਜਦਾ ਰਿਹਾ ।

ਭਾਈ ਜੇਠਾ ਜੀ ਨੇ ਲਾਹੌਰ ਵਿਖੇ ਜਿਸ ਜ਼ਿਮੇਵਾਰੀ ਨਾਲ ਕਾਰਜ ਨੂੰ ਨਿਭਾਇਆ ਸੀ, ਅਕਬਰ ਦਾ ਗੋਇੰਦਵਾਲ ਆਉਣਾ ਉਸੇ ਦਾ ਇਕ ਸਿੱਟਾ ਸੀ ।

ਲਾਹੌਰ ਤੋਂ ਗੋਇੰਦਵਾਲ ਵੱਲ ਚਲਣ ਵੇਲੇ ਭਾਈ ਜੇਠਾ ਜੀ ਦੀ ਨਜ਼ਰ ਇਕ

ਪ੍ਰੇਮ ਪਿਆਰ

ਮਹੀਨ ਰੇਸ਼ਮੀ ਕੁਰਤੇ 'ਤੇ ਪਈ । ਭਾਵੇਂ ਗੁਰੂ ਅਮਰਦਾਸ ਜੀ ਮੋਟੇ ਖੱਦਰ ਦਾ ਚੋਲਾ ਪਹਿਨਦੇ ਸਨ ਅਤੇ ਦੂਜਾ ਪਾਸ ਰੱਖਦੇ ਦੀਆਂ ਝਾਕੀਆਂ ਹੀ ਨਹੀਂ ਸਨ ਪਰ ਸੰਕਲਪ ਕਰ ਬੈਠੇ ਕਿ ਐਸਾ ਮੇਰੇ ਗੁਰੂ ਦੇ ਤਨ 'ਤੇ ਚਾਹੀਦਾ ਹੈ । ਭਾਵਨੀ ਕਰ ਕੇ ਦਿੱਤਾ ਚੋਲਾ ਗੁਰੂ ਅਮਰਦਾਸ ਜੀ ਨੇ ਉਸ ਸਮੇ ਗੋਇੰਦਵਾਲ ਬੈਠੇ ਪ੍ਰਵਾਨ ਕਰ ਲਿਆ । ਅਸਲ ਵਿਚ ਅੰਤਰ ਮਿਟ ਗਿਆ ਸੀ । ਫਿਰ ਬੇ-ਮੌਸਮੇ ਅੰਬ ਦੇਖ ਕੇ ਸੋਚਿਆ ਕਿ ਵੱਡਿਆਂ ਪਾਸ ਖ਼ਾਲੀ ਹੱਥ ਜਾਣਾ ਸੋਭਦਾ ਨਹੀਂ ।[1] ਇਹ ਅੰਬ ਇਕ ਵੱਡੀ ਸੁਗਾਤ ਜਾਣ ਖ਼ਰੀਦ ਲਿਆ ਪਰ ਰਾਹ ਵਿਚ ਸਮਾਂ ਚੋਖਾ ਲੱਗ ਜਾਣ ਕਾਰਨ ਅੰਬ ਵਿਚੋਂ ਢਿੱਲਾ ਹੋ ਰਸ ਚੋਣ ਲੱਗਾ ਤਾਂ ਧਿਆਨ ਧਰ ਆਪੂੰ ਚੂਪ ਲਿਆ । ਜਦ ਗੋਇੰਦਵਾਲ ਭਾਈ ਜੇਠਾ ਜੀ ਆਏ ਤਾਂ ਗੁਰੂ ਅਮਰਦਾਸ ਜੀ ਨੇ ਆਪੂੰ ਹੀ ਕਹਿ ਦਿੱਤਾ ਕਿ ਤੇਰੀਆਂ ਸਾਰੀਆਂ ਭੇਟਾਵਾਂ ਪੁੱਜ ਗਈਆਂ ਸਨ । ਅੰਬ ਤਾਂ ਬਹੁਤ ਹੀ ਰਸ-ਦਾਇਕ ਸੀ । ਗੁਰੂ ਨੂੰ ਕਿਸੇ ਸੰਸਾਰੀ ਚੀਜ਼ ਦੀ ਲੋੜ ਨਹੀਂ । ਗੁਰੂ ਤਾਂ ਪਿਆਰ ਦਾ ਭੁੱਖਾ ਤੇ ਪ੍ਰੇਮੀ ਦੇ ਅਧੀਨ ਹੈ ।

*"ਸ੍ਰੀ ਸਤਿਗੁਰੂ ਨਿਤ ਭਾਉ ਅਧੀਨਾ ।"*

ਪਰ ਇਹ ਸਭ 'ਤੇ ਪ੍ਰਗਟ ਹੋ ਗਿਆ ਕਿ ਗੁਰੂ ਤੇ ਸਿੱਖ ਵਿਚ ਕੋਈ ਅੰਤਰ ਨਹੀਂ । ਇਕ ਵਾਰੀ ਪਹਿਲਾਂ ਵੀ ਭਾਈ ਬੁੱਢੇ ਦੇ ਪ੍ਰਸ਼ਨ ਦੇ ਉੱਤਰ ਵਿਚ ਗੁਰੂ ਜੀ ਨੇ ਕੁਰਲੀ ਕਰਦੇ ਸਾਰੇ ਪਦਾਰਥਾਂ ਦੇ ਕਣ ਜੋ ਸੰਗਤਾਂ ਲੰਗਰ ਵਿਚ ਛੱਕਦੀਆਂ ਸਨ, ਉਹਨਾਂ ਦੇ ਸ਼ੰਕੇ ਨਿਵਿਰਤ ਕਰਨ ਲਈ ਦਿਖਲਾ ਦਿੱਤੇ ਸਨ ।

---

1. ਰਿਕਤ ਹਾਥ ਬਡਿਅਨਿ ਢਿਗ ਜਾਨਾ ।
ਇਸ ਤੇ ਪਰੇ ਆਨ ਕੇ ਹਾਨਾ । ੪੩ । (ਰਾਸ ੧, ਅੰਸ ੪੪)

## 4

# ਜਨ ਦੀਪਕ ਤੇ ਦੀਪ ਜਗਾਯੋ

## ਘਾਲਿ ਥਾਇ ਪਈ

> ਇਹ ਦਸ ਜਾਮੇ ਬਾਬੇ ਨੇ ਹੀ ਹਨ ਧਾਰੇ

ਬਚਿੱਤਰ ਨਾਟਕ ਵਿਚ ਜਿੱਥੇ 'ਅਮਰ ਦਾਸ ਰਾਮਦਾਸ ਕਹਾਯੋ' ਦੀ ਤੁਕ ਲਿਖੀ ਹੈ ਉਥੇ ਅਗਲੀਆਂ ਤੁਕਾਂ ਬੜੀਆਂ ਭਾਵ ਪੂਰਤ ਹਨ। ਉਹਨਾਂ ਅਗਲੀਆਂ ਤੁਕਾਂ ਵਿਚ ਲਿਖੀ ਇਹ ਗੱਲ ਕਿ ਗੁਰੂ ਅਮਰਦਾਸ ਹੀ ਰਾਮਦਾਸ ਗੁਰੂ ਹੋ ਗਏ, ਘੱਟ ਸਮਝ ਵਾਲੇ ਨਹੀਂ ਜਾਣ ਸਕਣਗੇ। ਸਿਰਫ਼ ਗਿਆਨਵਾਨ, ਵਿਦਵਾਨ ਹੀ ਭੇਦ ਬੁੱਝ ਸਕਣਗੇ। ਗੁਰੂ ਪਾਤਸ਼ਾਹਾਂ ਨੂੰ ਸਾਧਾਰਨ ਬੁੱਧੀ ਵਾਲੇ ਅੱਡ-ਅੱਡ ਹੀ ਵੇਖਦੇ ਰਹੇ। ਇਕ ਰੂਪ ਕਿਸੇ ਵਿਰਲੇ ਨੇ ਹੀ ਜਾਤਾ ਹੈ। ਜਿਸ ਇਹ ਜਾਣ ਲਿਆ ਉਸ ਨੂੰ ਜੀਵਨ ਰਾਹ ਮਿਲ ਗਿਆ। ਜਿਸ ਵੱਖ-ਵੱਖ ਕਰ ਡਿੱਠਾ ਉਹ ਭਟਕਦਾ ਹੀ ਰਹਿਆ। ਤੁਕਾਂ ਇਹ ਹਨ :

*ਅਮਰ ਦਾਸ ਰਾਮ ਦਾਸ ਕਹਾਯੋ ।*<br>
*ਸਾਧਨ ਲਖਾ ਮੂੜ ਨਹਿ ਪਾਯੋ । ੯ ।*<br>
*ਭਿੰਨ ਭਿੰਨ ਸਭ ਹੂੰ ਕਰਿ ਜਾਨਾ ।*<br>
*ਏਕ ਰੂਪ ਕਿਨਹੂੰ ਪਹਿਚਾਨਾ ।*<br>
*ਜਿਨ ਜਾਨਾ ਤਿਨ ਹੀ ਸਿਧਿ ਪਾਈ ।*<br>
*ਬਿਨੁ ਸਮਝੇ ਸਿਧਿ ਹਾਥਿ ਨਾ ਆਈ । ੧੦ ।*

ਇਸ ਤੋਂ ਅੱਗੇ ਲਿਖਿਆ ਹੈ :

*ਰਾਮ ਦਾਸ ਹਰਿ ਸੋ ਮਿਲਿ ਗਏ ।*<br>
*ਗੁਰਤਾ ਦੇਤ ਅਰਜੁਨਹਿ ਭਏ ।*

ਪਹਿਲਾਂ ਲਿਖ ਆਏ ਹਾਂ ਕਿ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦਾ ਚੋਲਾ ਧਾਰਿਆ ਤਾਂ ਕਿ ਇਹ ਜੱਗ ਵਿਚ ਧਰਮ ਫੈਲਾਇਆ ਜਾ ਸਕੇ। ਫਿਰ ਇਹਨਾਂ

ਗੁਰੂ ਅੰਗਦ ਦੇਵ ਜੀ ਦਾ ਨਾਮ ਹੀ ਗੁਰੂ ਅਮਰ ਦਾਸ ਹੋਇਆ । ਇਹ ਇੰਝ ਜਾਣੋਂ ਜਿਵੇਂ ਇਕ ਦੀਵਾ ਦੂਜੇ ਨੂੰ ਜਲਾ ਕੇ ਰੋਸ਼ਨ ਕਰਦਾ ਹੈ :

*ਨਾਨਕ ਅੰਗਦ ਕੋ ਬਪੁ ਧਰਾ ।*
*ਧਰਮ ਪ੍ਰਚੁਰਿ ਇਹ ਜਗ ਮੋ ਕਰਾ ।*
*ਅਮਰ ਦਾਸ ਪੁਨਿ ਨਾਮੁ ਕਹਾਯੋ ।*
*ਜਨੁ ਦੀਪਕ ਤੇ ਦੀਪ ਜਗਾਯੋ ।*

ਇਕ ਰੂਪ ਸਤਨਾਂ ਨੂੰ ਦੇਖਣ ਦੀ ਗੱਲ ਗੁਰੂ ਰਾਮਦਾਸ ਜੀ ਸਮੇਂ ਤਾਂ ਕਹਿਣੀ ਪਈ ਕਿਉਂਕਿ ਇਹ ਵੀਚਾਰ ਕਿਸੇ ਚਲਾ ਦਿੱਤੀ ਹੋਵੇਗੀ ਕਿ ਗੁਰ ਗੱਦੀ ਘਰ ਵਿਚ ਹੀ ਰਹੀ । ਕਈ ਦਾਅਵੇਦਾਰ ਪੈਦਾ ਹੋਣ ਲੱਗ ਪਏ ਸਨ ਤੇ ਲੋਕੀਂ ਮੁਕਾਬਲਾ ਕਰਨ ਲੱਗ ਪਏ ਸਨ । ਇਹ ਸਾਰੀ ਗਾਥਾ ਦੀਪਕ ਦਾ ਦੀਪਕ ਨੂੰ ਰੋਸ਼ਨ ਕਰਨ ਵਾਲੀ ਹੈ । ਦੋਵੇਂ ਦੀਵੇ ਪੂਰਨ ਹਨ । ਇਕ ਪੂਰਨ ਨੇ ਹੀ ਪੂਰਨ ਨੂੰ ਜ਼ਿੰਮੇਵਾਰੀ ਸੌਂਪੀ ਹੈ । ਗੁਰੂ ਹੈ ਜੋਤ ਅਤੇ ਉਹ ਜੋਤ ਜਦ ਨਾਨਕ ਵਿਚ ਆਈ ਤਾਂ ਉਹ ਹੀ ਗੁਰੂ ਹੋ ਪ੍ਰਗਟ ਹੋਏ । ਇਹ ਜੋਤ ਹੀ ਅੰਗਦ ਵਿਚ ਗਈ ਤੇ ਉਹ ਗੁਰੂ ਕਹਿਲਾਏ । ਗੁਰੂ ਇਕ ਹੈ, ਉਹ ਜੋਤ ਰੂਪ ਹੈ ਤੇ ਇਹ ਜੋਤ ਹੀ ਦਸਾਂ ਜਾਮਿਆਂ ਵਿਚ ਫਿਰੀ, ਵਿਚਰੀ ਤੇ ਪਸਰੀ ।

ਇਹ ਹੀ ਗੱਲ ਸਮਝਾਉਣ ਲਈ ਆਪ ਜੀ ਨੇ ਸਾਢੇ ਪੰਜ ਤੁਕਾਂ ਚੰਡੀ ਦੀ ਵਾਰ ਤੋਂ ਪਹਿਲਾਂ ਲਿਖੀਆਂ ਜੋ ਹੁਣ ਕੌਮ ਦੀ ਅਰਦਾਸ ਦਾ ਹਿੱਸਾ ਹਨ । ਜਿਨ੍ਹਾਂ ਇਹ ਤੁਕਾਂ ਜ਼ਰਾ ਵੀ ਧਿਆਨ ਨਾਲ ਪੜ੍ਹੀਆਂ ਸੁਣੀਆਂ ਹਨ, ਉਹ ਦੇਖ ਸਕਣਗੇ ਕਿ ਇਸ ਸਾਰੀ ਪਉੜੀ ਵਿਚ ਗੁਰੂ ਸ਼ਬਦ ਕੇਵਲ ਗੁਰੂ ਨਾਨਕ ਦੇਵ ਜੀ ਨਾਲ ਵਰਤਿਆ ਗਿਆ ਹੈ । ਫਿਰ ਇਸ ਗੁਰ ਜੋਤ ਦੀ ਕਹਾਣੀ ਹੈ ਕਿ ਇਸ ਨੇ ਕਿਵੇਂ ਅੰਗਦ ਨੂੰ ਗੁਰੂ ਬਣਾਇਆ ਤਾਂਕਿ ਇਹ ਪ੍ਰਗਟ ਹੁੰਦਾ ਰਹੇ ਕਿ ਗੁਰੂ ਤਾਂ 'ਇਕ' ਹੈ ਬਾਕੀ ਜਾਮੇ ਹਨ, ਕਾਇਆ ਹੈ, ਮਹਲਾ ਹੈ, ਸਰੀਰ ਹੈ । ਇਸ ਪਉੜੀ ਦੇ ਹਰ ਸ਼ਬਦ ਨੂੰ ਬੜੇ ਗਹੁ ਨਾਲ ਫੇਰ ਪੜ੍ਹਨ ਦੀ ਲੋੜ ਹੈ :

*ਪ੍ਰਥਮਿ ਭਗਉਤੀ ਸਿਮਰਕੈ,*
*ਗੁਰੂ ਨਾਨਕ ਲਈ ਧਿਆਇ ।*
*ਅੰਗਦ ਗੁਰੂ*
*ਤੇ*
*ਅਮਰ ਦਾਸ, ਰਾਮ ਦਾਸੈ ਹੋਈ ਸਹਾਇ ।*
*ਅਰਜੁਨ ਹਰਿਗੋਬਿੰਦ ਨੋਂ ਸਿਮਰੋ ਸ੍ਰੀ ਹਰਿ ਰਾਇ ।*
*ਸ੍ਰੀ ਹਰਿ ਕ੍ਰਿਸ਼ਨ ਧਿਆਇਐ ।*
*ਜਿਸ ਡਿਠੇ ਸਭੁ ਦੁਖੁ ਜਾਇ ।*
*ਤੇਗ ਬਹਾਦਰ ਸਿਮਰੀਐ ।*
*ਘਰਿ ਨੌਨਿਧਿ ਆਵੈ ਧਾਇ ।*
*ਸਭ ਥਾਈਂ ਹੋਇ ਸਹਾਇ । ੧ ।*

ਸਤੇ ਤੇ ਬਲਵੰਡ ਜੀ ਨੇ ਇਸੇ ਲਈ 'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ' ਦੇ ਸ਼ਬਦ ਲਿਖੇ ਤਾਂ ਕਿ ਲੋਕੀਂ ਜੋਤ ਦੇ ਪੁਜਾਰੀ ਹੋਣ, ਕਿਸੇ ਸਰੀਰ ਦੇ ਪੁਜਾਰੀ ਨਾ ਬਣ ਜਾਣ। ਥਾਂ-ਥਾਂ ਇਹਨਾਂ ਰਬਾਬੀਆਂ ਨੇ 'ਜੋਤਿ ਸਮਾਣੀ ਜੋਤਿ ਮਾਹਿ' ਦੀ ਹੀ ਗੱਲ ਆਖੀ। ਜਦ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬੰਨ੍ਹੀ ਤਾਂ ਉਸ ਸਮੇਂ ਉੱਪਰ 'ਅੰਗਦ' 'ਅਮਰ ਦਾਸ' ਜਾਂ 'ਰਾਮ ਦਾਸ' ਨਾ ਲਿਖ ਕੇਵਲ 'ਮਹਲਾ' ਹੀ ਲਿਖਿਆ ਤੇ ਨਾਲ ਮਹਲਾ ਦੂਜਾ, ਤੀਜਾ ਜਾਂ ਚੋਥਾ ਲਿਖਿਆ। ਹਰ ਪਾਤਸ਼ਾਹ ਨੇ ਛਾਪ ਨਾਨਕ ਦੀ ਹੀ ਵਰਤੀ।

ਗੁਰੂ ਹਰਿਗੋਬਿੰਦ ਜੀ ਵੀ ਤਾਂ ਕਿਸੇ ਨੂੰ ਹੁਕਮਨਾਮਾ ਜਾਂ ਚਿੱਠੀ ਲਿਖਣ ਵੇਲੇ 'ਨਾਨਕ' ਹੀ ਲਿਖਦੇ ਸਨ ਜਾਂ "ਰਾਮ ਦਾਸ"। ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫ਼ਰਨਾਮਾ ਲਿਖਣ ਵੇਲੇ ਰਾਮ ਦਾਸ ਲਿਖਿਆ ਸੀ। ਕਦੇ ਕਿਸੇ ਨੇ ਆਪਣਾ ਨਾਂ ਨਹੀਂ ਲਿਖਿਆ।

ਬੰਸਾਵਲੀ ਨਾਮੇ ਦੀਆਂ ਇਹ ਸਤਰਾਂ ਜੋ ਉਸ ਨੇ ਗੁਰੂ ਰਾਮ ਦਾਸ ਜੀ ਨੂੰ ਗੁਰ ਗੱਦੀ ਦੇਵਣ ਵਾਲੇ ਬ੍ਰਿਤਾਂਤ ਵਿਚ ਲਿਖੀਆਂ, ਇਸੇ ਖ਼ਿਆਲ ਨੂੰ ਰੱਦ ਕਰਨ ਲਈ ਕਾਫ਼ੀ ਹਨ ਕਿ ਗੁਰਿਆਈ ਕਿਸੇ ਦੀ ਕੋਈ ਨਿੱਜੀ ਸ਼ੈਅ ਜਾਂ ਵਿਰਾਸਤ ਹੈ। ਇਹ ਦੀਵਾ ਰੋਸ਼ਨ ਕਰਨ ਵਾਲੀ ਗੱਲ ਸੀ ਤੇ ਜਦ ਨਵਾਂ ਦੀਵਾ ਰੋਸ਼ਨ ਕਰਨ ਦਾ ਸਮਾਂ ਆਇਆ, ਗੁਰੂ ਨੇ ਕਰਤੱਵ ਨਿਭਾਯਾ। ਸਤ੍ਰਾਂ ਹਨ :

*ਸਭ ਬਾਬੇ ਨਾਨਕ ਜੀ ਦੀ ਵਡਿਆਈ।*
*ਜਿਸ ਦੀ ਬਰਕਤ ਚਲੀ ਹੀ ਆਈ।*
*ਜਿਉ ਦੀਵੇ ਨਾਲੋਂ ਦੀਵਾ ਰੋਸ਼ਨ ਜਾਨੋ।*
*ਪਿਛੋਂ ਭੀ ਪੂਰਨ ਅਗੋਂ ਭੀ ਪੂਰਨ ਮਾਨੋ।*

ਭਾਈ ਕੇਸਰ ਸਿੰਘ ਛਿਬਰ ਨੇ ਬੰਸਾਵਲੀ ਨਾਮੇ ਦੇ ਅਰੰਭ ਵਿਚ ਗੁਰੂ ਨਾਨਕ ਦੇਵ ਜੀ ਦਾ ਬ੍ਰਿਤਾਂਤ ਦੇਂਦੇ ਹੋਏ ਹੀ ਲਿਖ ਦਿੱਤਾ ਹੈ :

*ਇਹ ਦਸ ਜਾਮੇ ਬਾਬੇ ਹੀ ਹਨ ਧਾਰੇ।*
*ਯਹ ਦਸੇ ਮਹਲ ਨਹੀਂ ਬਾਬੇ ਤੇ ਨਿਆਰੇ।*
*ਦਸੇ ਸਾਹਿਬ ਇਕੁ ਬਾਬਾ ਕਰ ਜਾਨੋ।*
*ਮਾਨਸ ਰੂਪ ਨ ਇਨ ਕੋ ਮਾਨੋ। ੪੯।*
*ਮਾਨਸ ਜਾਮੇ ਮੋ ਬਾਬਾ ਹੈ ਆਇਆ।*
*ਪਰੁ ਸੰਤਾਂ ਇਸ ਨੂੰ ਮਾਨਸੁ ਕਰ ਨਹੀਂ ਠਹਿਰਾਇਆ।*
*ਹੈ ਆਦਿ ਅਨਾਦਿ ਤੇ ਪਰੇ।*
*ਕਲਿਜੁਗ ਮੈਂ ਦਸ ਜਾਮੇ ਹੈਨ ਬਾਬੇ ਜੀ ਨੇ ਧਰੇ।*

ਭਾਵ ਸਪੱਸ਼ਟ ਹੈ ਕਿ ਇਹ ਸਭ ਨੀਯਤ-ਮਿੱਥੇ ਪ੍ਰੋਗਰਾਮ ਮੁਤਾਬਕ ਸੀ। ਇਥੇ

ਇਹ ਸ਼ਬਦ ਵੀ ਪੜ੍ਹਨ ਨਾਲ ਤੁਅੱਲਕ ਰੱਖਦੇ ਹਨ ਜੋ ਮੁੱਹਸਨ ਫ਼ਾਨੀ ਨੇ ਲਿਖੇ । ਉਸਨੇ ਸਿੱਖਾਂ ਦੇ ਅਨਿਨ ਅਕੀਦੇ ਬਾਰੇ ਲਿਖਿਆ ਕਿ ਸਿੱਖ ਇਹ ਕਹਿੰਦੇ ਸੁਣੀਂਦੇ ਹਨ ਕਿ ਗੁਰੂ ਨਾਨਕ 'ਦੇਹ' ਨਹੀਂ ਸਨ ਰੱਖਦੇ । ਨੂਰ ਹੀ ਨੂਰ ਸਨ। ਸਿਰਫ਼ ਸਾਨੂੰ ਆਪਣੀ ਕੁਦਰਤ ਹੀ ਦਿਖਾਲਣ ਆਏ । ਸਿੱਖ ਤਾਂ ਇਥੋਂ ਤੱਕ ਕਹਿੰਦੇ ਹਨ ਕਿ ਜਦੋਂ ਗੁਰੂ ਨਾਨਕ ਨੇ ਤਨ ਤਿਆਗਿਆ ਤਾਂ ਉਹ ਆਪਣੇ ਨਿਕਟੀ ਸੇਵਕ ਗੁਰੂ ਅੰਗਦ ਵਿਚ ਪ੍ਰਵੇਸ਼ ਕਰ ਗਏ । ਗੁਰੂ ਅੰਗਦ ਨਾਨਕ ਦਾ ਹੀ ਨਾਮ ਹੈ । ਉਪ੍ਰੰਤ ਗੁਰੂ ਅੰਗਦ ਪਰਲੋਕ ਸਮੇਂ ਗੁਰੂ ਅਮਰ ਦਾਸ ਦੇ ਜਾਮੇ ਵਿਚ ਉਸੇ ਤਰ੍ਹਾਂ ਸਮਾ ਗਏ । ਉਹ ਉਸੇ ਢੰਗ ਨਾਲ (ਗੁਰੂ) ਰਾਮ ਦਾਸ ਦੇ ਬਦਨ ਵਿਚ ਬਿਰਾਜ ਗਏ ਅਤੇ ਗੁਰੂ ਰਾਮ ਦਾਸ ਇਸੇ ਵਿਧੀ ਹੀ ਗੁਰੂ ਅਰਜਨ ਨਾਲ ਇਕਮਿਕ ਹੋ ਗਏ । ਸਿੱਖ ਹਰ ਕਿਸੇ ਗੁਰੂ ਨੂੰ ਮਹਲ ਨਾਮ ਦੇਂਦੇ ਹਨ ।

ਇਹ ਪਰਖ ਪ੍ਰੀਖਿਆ ਕਿਉਂ — ਫਿਰ ਇਹ ਸਵਾਲ ਉੱਠਦਾ ਹੈ ਕਿ ਜਦ 'ਦਾਤਿ ਜੋਤ ਖਸਮੈ ਵਡਿਆਈ' ਹੈ ਤਾਂ ਇਹ ਪਰਖ ਪ੍ਰੀਖਿਆਵਾਂ ਕਿਸ ਲਈ ਹੁੰਦੀਆਂ ਸਨ । ਇਹ ਸ਼ਬਦ ''ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ'', ''ਜਿਨ ਸਿਰਿਆ ਤਿਨੈ ਸਵਾਰਿਆ'', ''ਸਭਿ ਬਿਧਿ ਮਾਨਿਓ ਮਨ'' ਜਾਂ ''ਸਿੱਖਾਂ ਪੁਤਾ ਘੋਖ ਕੈ'' ਦੀ ਕੀ ਲੋੜ ਸੀ ।

ਇਹ ਖਸਮੈ ਦਾਤ ਜ਼ਰੂਰ ਸੀ ਪਰ ਤਾਰਨੀ ਸੇਵਕ ਨੂੰ ਹੀ ਸੀ । ਜਿਸ ਨੂੰ ਸੇਵਕ ਡਿੱਠਾ ਦੇ ਕੇ ਸੁਰਖ਼ਰੂ ਹੋਏ । ਇਹ ਪ੍ਰੀਖਿਆਵਾਂ, ਇਮਤਿਹਾਨ ਜਾਂ ਕਸੌਟੀਆਂ ਝੂਠੇ ਦਾਅਵੇਦਾਰਾਂ ਨੂੰ ਰੱਦ ਕਰਨ ਲਈ ਜ਼ਰੂਰੀ ਸਨ ।

**ਉਕਾਈ ਕਿਉਂ**

ਇਹ ਉਕਾਈ ਤੇ ਭੁਲੇਖਾ ਇਸ ਲਈ ਪਿਆ ਲੱਗਦਾ ਹੈ ਕਿ ਗੁਰੂ ਰਾਮ ਦਾਸ ਜੀ ਉਪ੍ਰੰਤ ਗੁਰੂਗੱਦੀ ਦੀ ਜ਼ਿੰਮੇਂਵਾਰੀ ਇਕੋ ਖ਼ਾਨਦਾਨ ਵਿਚ ਰਹੀ । ਇਥੇ ਇਹ ਗੱਲ ਵੀ ਅਰੰਭ ਵਿਚ ਸਾਫ਼ ਹੋ ਜਾਣੀ ਚਾਹੀਦੀ ਹੈ ਕਿ ਜ਼ਿੰਮੇਂਵਾਰੀਆਂ ਕਿਸੇ ਵਿਰਾਸਤ ਦੇ ਕਾਨੂੰਨ ਮੁਤਾਬਕ ਨਹੀਂ ਸਨ । ਸੇਵਕ, ਉਸੇ ਤਰ੍ਹਾਂ ਹੀ ਦੇਖਿਆ ਜਾਂਦਾ ਸੀ । ਜ਼ਰਾ ਗਹੁ ਨਾਲ ਦੇਖੋ ਇਹ ਜ਼ਿੰਮੇਂਵਾਰੀਆਂ ਜਾਮਿਆਂ ਵਿਚੋਂ ਕਿਵੇਂ ਵੰਡੀਆਂ ਗਈਆਂ । ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਸਿੱਖ (ਗੁਰੂ ਅੰਗਦ ਦੇਵ ਜੀ) ਨੂੰ ਦਿੱਤੀ । ਫਿਰ ਗੁਰੂ ਅੰਗਦ ਦੇਵ ਜੀ ਨੇ ਕੁੜਮ (ਗੁਰੂ ਅਮਰ ਦਾਸ ਜੀ) ਦੇ ਹਵਾਲੇ ਕੀਤੀ । ਫਿਰ ਗੁਰੂ ਅਮਰਦਾਸ ਜੀ ਨੇ ਦਾਮਾਦ (ਗੁਰੂ ਰਾਮ ਦਾਸ ਜੀ) ਨੂੰ ਬਖ਼ਸ਼ੀ । ਫਿਰ ਗੁਰੂ ਰਾਮ ਦਾਸ ਜੀ ਨੇ ਵੱਡੇ ਪੁੱਤਰ ਪ੍ਰਿਥੀ ਚੰਦ ਜੀ ਨੂੰ ਨਾਂਹ ਦੇ ਕੇ ਸਭ ਤੋਂ ਛੋਟੇ ਪੁੱਤਰ ਗੁਰੂ ਅਰਜਨ ਦੇਵ ਜੀ ਨੂੰ ਦਿੱਤੀ । ਫਿਰ ਸਾਹਿਬ ਹਰਿ ਗੋਬਿੰਦ ਪਾਸ ਆਈ । ਫਿਰ ਗੁਰੂ ਹਰਿਗੋਬਿੰਦ ਜੀ ਨੇ ਤਿੰਨਾਂ ਪੁੱਤਰਾਂ[1] ਦੇ ਜੀਵਤ ਹੁੰਦਿਆਂ ਵੀ

---

1. ਬਾਬਾ ਸੂਰਜ ਮਲ, (ਗੁਰੂ) ਤੇਗ਼ ਬਹਾਦਰ ਅਤੇ ਬਾਬਾ ਅਣੀ ਰਾਇ ।

ਪੋਤਰੇ ਗੁਰੂ ਹਰਿ ਰਾਇ ਜੀ ਨੂੰ ਸੌਂਪੀ। ਫਿਰ ਗੁਰੂ ਹਰਿ ਰਾਇ ਜੀ ਨੇ, ਵੱਡੇ ਪੁੱਤਰ ਰਾਮ ਰਾਇ ਜੀ ਨੂੰ ਤਜ ਛੋਟੇ ਪੁੱਤਰ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਦਿੱਤੀ ਅਤੇ ਗੁਰੂ ਹਰਿ ਕ੍ਰਿਸ਼ਨ ਜੀ ਨੇ ਇਹ ਦਾਤ ਇਲਾਹੀ ਆਪਣੇ ਦਾਦਾ ਗੁਰੂ ਤੇਗ਼ ਬਹਾਦਰ ਜੀ ਨੂੰ ਦਿੱਤੀ। ਗੁਰੂ ਤੇਗ਼ ਬਹਾਦਰ ਜੀ ਨੇ ਆਪਣੇ ਸਪੁੱਤਰ ਗੁਰੂ ਗੋਬਿੰਦ ਸਿੰਘ ਜੀ ਨੂੰ ਬਖ਼ਸ਼ੀ। ਕਿੱਥੇ ਹੈ ਵਿਰਾਸਤ ਵਾਲੀ ਗੱਲ ?

ਇਸ ਭੁਲੇਖੇ ਦੀ ਸ਼ੁਰੂਆਤ ਤਵਾਰੀਖ਼ ਗੁਰ ਖ਼ਾਲਸਾ ਤੇ ਸੂਰਜ ਪ੍ਰਕਾਸ਼ ਵਿਚ ਅੰਕਤ ਸਾਖੀ ਹੈ। ਇਹ ਜਚੇਗਾ ਕਿ ਤਵਾਰੀਖ਼ ਗੁਰ ਖ਼ਾਲਸਾ[1] ਦੇ ਇਨ-ਬਿਨ ਸ਼ਬਦ ਭੁਲੇਖਾ ਦੂਰ ਕਰਨ ਲਈ ਲਿਖ ਦਿੱਤੇ ਜਾਣ :

"ਗੁਰੂ ਰਾਮ ਦਾਸ ਜੀ ਅਤੇ ਬੀਬੀ ਭਾਨੀ ਨੇ ਗੁਰੂ ਅਮਰ ਦਾਸ ਜੀ ਨੂੰ ਸਾਖਯਾਤ ਈਸ਼ਵਰ ਰੂਪ ਸਮਝ ਕੇ ਅਜਿਹੀ ਸੇਵਾ ਫੜੀ ਕਿ ਜੋ ਦੂਸਰਾ ਕੋਈ ਇਹਨਾਂ ਜਿਹਾ ਨਾ ਹੋ ਸਕਿਆ। ਬੀਬੀ ਜੀ ਹਮੇਸ਼ਾਂ ਡੇਢ ਪਹਿਰ ਰਾਤ ਰਹਿੰਦੀ ਤੋਂ ਜਾਗ ਕੇ ਸਰਦੀਆਂ ਦੀ ਬਹਾਰੇ ਉਹ ਜਲ ਜਿਹੜਾ ਭਾਈ ਬਲੂ ਨਿੱਤ ਪ੍ਰਤੀ ਬਿਆਸ ਵਿਚੋਂ ਲਿਆਇਆ ਕਰਦੇ ਸੀ, ਗਰਮ ਕਰ ਕੇ ਇਸ਼ਨਾਨ ਕਰਾਉਂਦੀ ਤੇ ਅੰਗੀਠੀ ਆਦਿਕ ਦੀ ਸੇਵਾ ਕਰਦੀ।

"ਇਸੇ ਤਰ੍ਹਾਂ ਗਰਮੀਆਂ ਨੂੰ ਪੱਖੇ ਆਦਿਕ ਦੀ ਸੇਵਾ ਕਰਦੀ ਰਹਿੰਦੀ। ਜਦ ਗੁਰੂ ਜੀ ਪੋਸ਼ਾਕੀ ਪਹਿਨ ਕੇ ਇਕਾਂਤ ਆਸਨ ਪਰ ਬੈਠ ਕੇ ਪ੍ਰਮਾਤਮਾ ਵਿਖੇ ਬ੍ਰਿਤੀ ਜੋੜ ਲੈਂਦੇ ਤਾਂ ਇਹ ਪਾਸ ਚੁੱਪ ਚਾਪ ਬੈਠੀ ਰਹਿੰਦੀ। ਦਿਨ ਚੜ੍ਹੇ ਜਦ ਗੁਰੂ ਜੀ ਦੀਵਾਨ ਵਿਖੇ ਬੈਠਦੇ ਤਾਂ ਇਹ ਲੰਗਰ ਦੀ ਸੇਵਾ ਕਰਦੀ।

"ਇਕ ਦਿਨ ਇਸ਼ਨਾਨ ਦੇ ਸਮੇਂ ਚੌਂਕੀ ਦਾ ਪਾਵਾ ਟੁੱਟ ਗਿਆ ਤਾਂ ਬੀਬੀ ਜੀ ਨੇ ਆਪਣਾ ਪੈਰ ਉਸ ਵੇਲੇ (ਗੁਰੂ ਜੀ ਤੋਂ ਬੇਮਲੂਮ) ਪਾਵੇ ਦੀ ਥਾਂ ਰੱਖ ਦਿੱਤਾ। ਯਦਪਿ ਉਥੋਂ ਇਕ ਮੇਖ ਵੀ ਪੈਰ ਵਿਚ ਐਸੀ ਗਈ ਕਿ ਲਹੂ ਚਲ ਪਿਆ, ਪ੍ਰੰਤੂ ਪੈਰ ਨਾ ਹਟਾਇਆ। ਜਦ ਗੁਰੂ ਜੀ ਇਸ਼ਨਾਨ ਕਰ ਕੇ ਉਤਰੇ ਤਾਂ ਲਾਲ ਰੰਗ ਦਾ ਪਾਣੀ ਵਗਦਾ ਵੇਖ ਕੇ ਜਾਂ ਨਿਰਨੇ ਕੀਤਾ ਤਦ ਬੀਬੀ ਜੀ ਦੇ ਪੈਰ ਵਿਚੋਂ ਕਿੱਲ ਕੱਢਿਆ। ਇਹ ਵੇਖ ਕੇ ਗੁਰੂ ਜੀ ਨੇ ਬਚਨ ਕੀਤਾ :

ਬੀਬੀ ਤੇਰੀ ਸੇਵਾ ਥਾਇ ਪਈ ਹੈ, ਕੁਛ ਮੰਗ, ਤਾਂ ਬੀਬੀ ਜੀ ਨੇ ਹੱਥ ਜੋੜ ਕੇ ਆਖਿਆ ਜੇ ਤੁਠੇ ਹੋ ਤਾਂ ਮੇਰੇ ਪਤੀ ਨੂੰ ਐਸੀ ਗੁਰਿਆਈ ਬਖ਼ਸ਼ੋ ਜੋ ਫੇਰ ਮੇਰੀ ਕੁਲ ਵਿਚ ਹੀ ਰਹੇ।

"ਗੁਰੂ ਜੀ ਥੋੜ੍ਹੀ ਚਿਰ ਚੁੱਪ ਕਰ ਕੇ ਬੋਲੇ : ਬੀਬੀ ਇਹ ਮੇਵਾ ਸੇਵਾ ਦਾ ਹੈ ਤੇ ਸੋਭਦਾ ਵੀ ਸੇਵਕ ਨੂੰ ਹੀ ਹੈ। ਦਾਅਵੇਦਾਰ ਨੂੰ ਨਹੀਂ ਸੋਭਦਾ। ਇਹ

1. ਸਫ਼ਾ ੨੨੭, ਹਿੱਸਾ ਪਹਿਲਾ।

ਕਿਸੇ ਦੀ ਦਾਦੇਹਾਲੀ ਨਹੀਂ । ਜੇ ਮਲਕੀਅਤ ਸਮਝੀ ਜਾਊ ਤਾਂ ਰਹੂ ਨਹੀਂ ਅਤੇ ਨਾ ਹੀ ਸੁਖ ਦੇਊ । ਝਗੜੇ, ਕਲੇਸ਼ ਕਰਨੇ ਪੈਣਗੇ । ਭਾਵੇਂ ਗੁਰੂ ਜੀ ਦੀ ਮਰਜ਼ੀ ਮੌਰੂਸੀ ਵਿਰਸਾ ਕਰਨ ਦੀ ਨਹੀਂ ਸੀ ਪਰ ਬੀਬੀ ਭਾਨੀ ਜੀ ਨੇ ਤ੍ਰਿਆ ਹੱਠ ਨਾ ਛੋਡਿਆ, ਜਿਸ ਦਾ ਫਲ ਦੱਸਵੇਂ ਗੁਰੂ ਜੀ ਤਕ ਜੋ ਛੇ ਗੁਰੂ ਹੋਏ ਉਹ ਕਲੇਸ਼ਾਂ ਵਿਚ ਹੀ ਉਮਰ ਕੱਟਦੇ ਰਹੇ ਅਤੇ ਅੰਤ ਨੂੰ ਸੋਢੀਆਂ ਦੇ ਘਰ ਗੁਰਿਆਈ ਵੀ ਨਾ ਰਹੀ ।

''ਜਿਸ ਤਰ੍ਹਾਂ ਏਸ ਪੰਥ ਦੇ ਕਾਇਦੇ (ਅਸੂਲ) ਹੋਰਨਾਂ ਮਜ਼੍ਹਬ ਤੋਂ ਚੰਗੇ ਹਨ, ਉਸ ਤਰ੍ਹਾਂ ਜੇ ਕਦੇ ਇਕ ਮਾਲਕ ਵੀ ਬਣਿਆ ਰਹਿੰਦਾ ਤਾਂ ਭਰੋਸਾ ਪੱਕਾ ਸੀ ਕਿ ਸਾਰੇ ਹਿੰਦੋਸਤਾਨ ਬਲਿਕ ਸਾਰੇ ਮੁਲਕਾਂ ਵਿਚ ਇਹ ਮਜ਼ਹਬ ਫੈਲ ਜਾਂਦਾ ਪਰ ਇਕ ਦੇ ਨਾ ਹੋਣੇ ਕਰ ਘਰ-ਘਰ ਗੁਰੂ ਬਣ ਬੈਠੇ ।

''ਗੁਰੂ ਅਮਰਦਾਸ ਜੀ ਤਾਂ ਪਹਿਲਾਂ ਹੀ ਗੁਰੂ ਰਾਮ ਦਾਸ ਜੀ ਨੂੰ ਸੱਚਾ ਸਿਦਕੀ ਸੇਵਕ ਗੁਰਿਆਈ ਦੇ ਲਾਇਕ ਸਮਝੀ ਬੈਠੇ ਸਨ, ਫੇਰ ਤਾਂ ਬੀਬੀ ਜੀ ਨੂੰ ਬਚਨ ਦੇਣ ਕਰ ਜ਼ਰੂਰੀ ਗੱਦੀ ਦੇਣੀ ਤੇ ਕਿਰਪਾ ਦ੍ਰਿਸ਼ਟੀ ਰੱਖਣੀ ਪਈ ।''

ਇਹ ਸਭ ਉਕਾਈ ਖਾ ਕੇ ਲਿਖਿਆ ਲੱਗਦਾ ਹੈ । ਜੇ ਇਹ ਲਿਖੀ ਗਈ ਵਾਰਤਾ ਮੰਨ ਲਈਏ ਤਾਂ ਇੰਝ ਪਿਆ ਲੱਗੇਗਾ ਕਿ ਗੁਰੂ ਅਮਰਦਾਸ ਜੀ ਦਾ ਚਿੱਤ ਨਹੀਂ ਸੀ ਗੁਰ-ਗੱਦੀ ਦੀ ਜ਼ਿਮੇਂਵਾਰੀ ਗੁਰੂ ਰਾਮਦਾਸ ਜੀ ਨੂੰ ਦੇਣ ਦੀ, ਪਰ ਬੀਬੀ ਭਾਨੀ ਦੇ ਤ੍ਰਿਆ ਹੱਠ ਅੱਗੇ ਪਿਤਾ ਗੁਰੂ ਅਮਰ ਦਾਸ ਜੀ ਦੀ ਕੋਈ ਪੇਸ਼ ਨਹੀਂ ਗਈ । ਇਸ ਤੋਂ ਵੱਧ ਬੇ-ਇਨਸਾਫ਼ੀ ਨਹੀਂ ਹੋ ਸਕਦੀ । ਫਿਰ ਉਹਨਾਂ ਤੁਕਾਂ ਦਾ ਕੀ ਕਰੋਗੇ ਜੋ ਕਲਗੀਧਰ ਨੇ ਬਚਿੱਤਰ ਨਾਟਕ ਵਿਚ ਲਿਖੀਆਂ :

*ਜਬ ਬਰਦਾਨਿ ਸਮੈ ਵਹੁ ਆਵਾ ।*
*ਰਾਮ ਦਾਸ ਤਬ ਗੁਰੂ ਕਹਾਵਾ ।*
*ਤਿ ਬਰ ਦਾਨਿ ਪੁਰਾਤਨਿ ਦੀਆ ।*
*ਅਮਰ ਦਾਸ ਸੁਰਪੁਰਿ ਮਗੁ ਲੀਆ ।*

ਭਾਈ ਗੁਰਦਾਸ ਜੀ ਨੇ ਤਾਂ ਸਪੱਸ਼ਟ ਲਿਖਿਆ ਸੀ ''ਜਿਸ ਕੀ ਵਸਤ ਤਿਸੈ ਘਰ ਆਵੈ ।'' ਪਹਿਲਾਂ ਤਾਂ ਇਹ ਹੀ ਪ੍ਰਸ਼ਨ ਉੱਠਦਾ ਹੈ ਕਿ ਗੁਰੂ ਅਮਰ ਦਾਸ ਜੀ ਪਾਵਾ ਟੁੱਟਣ ਕਾਰਨ ਡਿੱਗੇ ਕਿਉਂ ਨਹੀਂ ? ਉਹਨਾਂ ਨੂੰ ਪਤਾ ਕਿਉਂ ਨਾ ਲੱਗਾ ? ਡਿੱਗਦੇ-ਡਿੱਗਦੇ ਕੋਈ ਪਾਵੇ ਹੇਠਾਂ ਹੱਥ ਕਿਵੇਂ ਦੇ ਸਕਦਾ ਹੈ ? ਜੇ ਦਿਲ ਨਹੀਂ ਸੀ ਤਾਂ ਫਿਰ ਜ਼ੋਰ ਕਿਸ ਗੱਲ ਦਾ ਸੀ ? ਗੁਰੂ ਸਾਹਿਬਾਨ ਨੇ ਤਾਂ ਪੁੱਤਰਾਂ ਤੱਕ ਨੂੰ ਵੀ ਠੁਕਰਾ ਦਿੱਤਾ ਸੀ । ਆਪੂੰ ਤਾਂ ਬੀਬੀ ਭਾਨੀ ਜੀ ਨੇ ਇਕ ਵਾਰੀ (ਗੁਰੂ) ਅਰਜਨ ਦੇਵ ਜੀ ਨੂੰ ਕਿਹਾ ਸੀ ਕਿ ਗੁਰੂ ਸਾਹਿਬਾਨ ਵਿਚ ਮੋਹ ਵਾਲੀ ਕੋਈ ਗੱਲ ਨਹੀਂ, ਉਹ ਤਾਂ ਕੇਵਲ ਤਰੁੱਠਦੇ ਹਨ ਸੇਵਾ ਤੇ :

*"ਕਹਿ ਗੁਰਨਿ ਕੈ ਮੋਹ ਕਦਾਈ ।*
*ਹੋਵਹਿ ਸੇਵਕ ਦੇ ਬਡਾਈ"*[1] । ੮ ।

ਇਹ ਵੀ ਕਿਹਾ ਸੀ ਕਿ ਜੇ ਕੁਝ ਪ੍ਰਾਪਤ ਕਰਨਾ ਹੈ ਤਾਂ ਪਹਿਲੋਂ ਗੁਰੂ ਸਾਹਿਬਾਨ ਵਾਂਗੂੰ ਘਾਲ ਕਰੋ । 'ਤਿਨ ਕੇ ਸਮ ਤੁਮ ਘਾਲਹੁ ਘਾਲ ।' ਸੋ ਬੀਬੀ ਜੀ ਤਾਂ ਆਪ ਜਾਣਦੇ ਸਨ, ਤ੍ਰਿਆ ਹੱਠ ਕਿਉਂ ਕਰਦੇ ?

ਅਸਲ ਬਾਤ ਇਹ ਹੈ ਕਿ ਬੀਬੀ ਭਾਨੀ ਜੀ, ਗੁਰੂ ਅਮਰ ਦਾਸ ਜੀ ਦੀ ਪਿਤਾ ਜਾਣ ਨਹੀਂ, ਗੁਰੂ ਜਾਣ ਤਨੋਂ ਮਨੋਂ ਸੇਵਾ ਕਰ ਰਹੇ ਸਨ ਜਿਹੜੀ ਗੱਲ ਆਪ ਗਿਆਨੀ ਗਿਆਨ ਸਿੰਘ ਜੀ ਨੇ ਲਿਖੀ ਹੈ । ਉਧਰ ਬੀਬੀ ਭਾਨੀ ਦੇ ਪਤੀ (ਗੁਰੂ) ਰਾਮ ਦਾਸ ਜੀ ਨੇ ਸਹੁਰੇ ਜਵਾਈ ਵਾਲਾ ਰਿਸ਼ਤਾ ਨਾ ਜਾਣ ਸੇਵਕਾਂ ਵਾਂਗ ਇਤਨੀ ਘਾਲ ਘਾਲੀ ਕਿ ਆਪਾ ਹੀ ਸਤਿਗੁਰੂ ਦੇ ਚਰਨਾਂ ਵਿਚ ਲੀਨ ਕਰ ਦਿੱਤਾ । ਤਾਂ ਹੀ ਤਾਂ ਸਾਖੀਕਾਰਾਂ ਲਿਖਿਆ ਹੈ :

*ਸਾਕ ਨ ਜਾਤਾ ਹਿਰਦੇ ਰਖਿਆ ਸੇਵਕੀ ਭਾਉ ।*
*ਚਚਲਾਈ ਚੜ੍ਹਾਈ ਨ ਖੇਡਣ ਹਸਣ ਦਾ ਚਾਉ ।*
*ਪ੍ਰੀਤ ਚਰਨਾਂ ਦੀ ਸੇਵਕੀ ਰਖੀ ।*
*ਬਿਨਾਂ ਸਤਿਗੁਰੂ ਹੋਰ ਨ ਦੇਖਣਾ ਅਖੀ ।*[2]

ਗਿਆਨੀ ਜੀ ਦੇ ਆਪਣੇ ਕਥਨ ਅਨੁਸਾਰ 'ਛੇ ਵਰ੍ਹੇ, ਮੁੰਡਾਸਾ ਹੀ ਸਿਰ ਤੋਂ ਨਹੀਂ ਲਾਹਿਆ ।'

ਜਿਸ ਤਰ੍ਹਾਂ ਭਾਈ ਲਹਿਣਾ ਜੀ ਨੇ ਘਾਲ ਘਾਲੀ ਤੇ ਗੁਰਿਆਈ ਪਾਈ, ਜਿਵੇਂ ਗੁਰੂ ਅਮਰ ਦਾਸ ਜੀ ਨੇ ਸੇਵਾ ਕਰ ਅਮਰ ਪਦਵੀ ਪ੍ਰਾਪਤ ਕੀਤੀ, ਇਸੇ ਤਰ੍ਹਾਂ ਗੁਰੂ ਰਾਮ ਦਾਸ ਜੀ ਨੇ ਲੋਕ ਲਾਜ ਤਜ ਸੇਵਾ ਕੀਤੀ ਤੇ ਰਜ਼ਾ ਵਿਚ ਰਹਿੰਦੇ ਗੁਰੂ ਜੀ ਦੇ ਹਰ ਹੁਕਮ ਅੱਗੇ ਸਿਰ ਝੁਕਾਇਆ । ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਕ ਵਾਰੀ ਫ਼ਰਮਾਇਆ ਸੀ ਕਿ :

*ਸਿੱਖ ਕੋਈ ਅੰਗਦ ਜੇਹਾ ਹੋਇਆ ।*
*ਟਹਿਲੀਆ ਨਹੀਂ ਕੋਈ ਅਮਰ ਦਾਸ ਜੇਹਾ ਬਣਿ ਖਲੋਇਆ ।*
*ਸਾਕ ਨ ਕੋਈ ਰਾਮ ਦਾਸ ਜੈਸਾ ।*
*ਪੁੱਤ੍ਰ ਨਹੀਂ ਕੋਈ ਅਰਜਨ ਵੈਸਾ ।*

ਭਾਈ ਜੇਠਾ ਜੀ ਦੀ ਸੇਵਾ ਤੋਂ ਗੁਰੂ ਅਮਰ ਦਾਸ ਜੀ ਇਤਨੇ ਪ੍ਰਸੰਨ ਹੋ ਗਏ ਸਨ ਕਿ ਉਹਨਾਂ ਬਹੁਤ ਪਹਿਲਾਂ ਲਾਹੌਰ ਤੋਂ ਆਈ ਜੇਠਾ ਜੀ ਦੀ ਬਿਰਾਦਰੀ ਤੇ ਸ਼ਰੀਕੇ ਨੂੰ ਵੀ ਕਹਿ ਦਿੱਤਾ ਸੀ ਕਿ ਤੁਹਾਨੂੰ ਸੇਵਾ ਦੀ ਟੋਕਰੀ ਵਿਚ ਮਿੱਟੀ

---

1. ਰਾਸ ਦੂਜੀ, ਅੰਸ ੧੬
2. ਬੰਸਾਵਲੀਨਾਮਾ, ਚਰਣ ੪

ਲੱਗਦੀ ਹੈ, ਇਹ 'ਸਬ ਜਗ ਛਤ੍ਰ ਦੀਨਿ ਮੈਂ ਇਨ ਕੋ', ਇਹਨਾਂ ਦੀ ਸੇਵਾ ਕਰ ਕੇ ਮੈਂ ਹੁਣ ਜੇਠਾ ਜੀ ਦੇ ਵੱਸ ਹਾਂ :

*'ਕਰਿ ਸੇਵਾ ਮੁਝ ਕੋ ਬਸਿ ਕੀਨਾ ।'*

ਇਹਨਾਂ (ਰਾਮ ਦਾਸ ਜੀ) ਕੀ ਲਾਜ ਲਵਾਣੀ ਹੈ ਤੁਹਾਡੀ ਕੁਲ ਨੂੰ, ਜੇ ਇਹ ਤੁਹਾਡੀ ਕੁਲ ਵਿਚ ਜਨਮ ਨਾ ਲੈਂਦੇ ਤਾਂ ਸਾਰੀ ਕੁਲ ਨੇ ਹੁਣ ਤੱਕ ਭਟਕਦੇ ਹੀ ਰਹਿਣਾ ਸੀ । ਪ੍ਰੀਖਿਆ ਵੇਲੇ ਹੀ ਫ਼ਰਮਾਇਆ ਸੀ :

*ਯਹ ਪੂਰਨ ਪੁਰਖ ਭਗਤ ਤਨ ਧਰਾ ।*
*ਇਨ ਪੀਛੇ ਚਾਹੇ ਜਗ ਤਰਾ ।*[1]

ਗੱਲ ਇਹ ਸਮਝ ਲੈਣੀ ਚਾਹੀਦੀ ਹੈ ਕਿ ਕਿਸੇ ਵਰ ਨਾਲ ਗੁਰੂ ਰਾਮ ਦਾਸ ਜੀ ਨੂੰ ਗੁਰ-ਗੱਦੀ ਨਹੀਂ ਮਿਲੀ ਤੇ ਕਿਸੇ ਸਰਾਪ ਨਾਲ ਗੁਰੂ ਪਾਤਸ਼ਾਹਾਂ ਨੂੰ ਤਸੀਹੇ ਨਹੀਂ ਮਿਲੇ । ਸਿੱਖ ਧਰਮ ਦੀ ਵੱਧਦੀ ਉੱਨਤੀ ਹਕੂਮਤ ਨੂੰ ਇਕ ਅੱਖ ਨਹੀਂ ਸੀ ਭਾਹੀ ਅਤੇ ਸਰਕਾਰ ਨੇ ਮਨਸੂਬੇ ਬਣਾ ਕੇ ਜ਼ੁਲਮ ਢਾਹੇ ਅਤੇ ਗੁਰੂ ਪਾਤਸ਼ਾਹਾਂ ਨੇ ਹੱਸ ਕੇ ਝੱਲੇ ।

'ਗੁਰਿਆਈ ਘਰ ਵਿਚ ਹੀ ਕਿਉਂ ਰਹੀ' ਦੀ ਘੁੰਡੀ ਵੀ ਆਪੇ ਖੁੱਲ੍ਹ ਜਾਏਗੀ ਜੇ ਰਤਾ ਕੁ ਨੀਝ ਲਗਾ ਕੇ ਇਤਿਹਾਸ ਦੇ ਅਗਲੇ ਪਿਛਲੇ ਪੰਨਿਆਂ 'ਤੇ ਨਜ਼ਰ ਪਾਈ ਜਾਏਗੀ ।

ਕਾਰਨ ਇਹ ਸੀ ਕਿ ਜਦ ਗੁਰੂ ਅੰਗਦ ਦੇਵ ਜੀ ਨੇ ਕਰਤਾਰਪੁਰ ਗੁਰੂ ਨਾਨਕ ਦੀ ਸ਼ਰਨ ਲਈ ਤਾਂ ਉਹਨਾਂ ਦੀ ਉਮਰ ਉਨੱਤੀ ਸਾਲ ਸੀ । ਸੱਤ ਸਾਲ ਉਥੇ ਰਹੇ । ਪੁੱਤਰ ਖਡੂਰ ਸਾਹਿਬ ਵਿਖੇ ਹੋਰ ਵਾਤਾਵਰਨ ਵਿਚ ਪਲਦੇ ਰਹੇ । ਗੁਰੂ ਅੰਗਦ ਦੇਵ ਜੀ ਦੇ ਗੁਰੂ ਬਣ ਜਾਣ ਸਮੇਂ, ਪੁੱਤਰ ਵੀ ਗੁਰੂ ਸੰਤਾਨ ਹੋਣ ਕਾਰਨ ਸਤਿਕਾਰੇ ਜਾਣ ਲੱਗੇ । ਹੋਛੇ ਮਨ ਛੇਤੀ ਅਹੰਕਾਰ ਵਿਚ ਆ ਜਾਂਦੇ ਹਨ । ਉਹ ਗੁਰੂ ਪਿਤਾ ਕੋਲ ਰਹਿ ਕੇ ਜੀਵਨ-ਜਾਚ ਨਾ ਸਿੱਖ ਸਕੇ । ਪੁੱਤਰ-ਪੁਣੇ ਦੇ ਮਾਣ ਵਿਚ ਹੀ ਰਹੇ । (ਭਾਈ) ਅਮਰ ਦਾਸ ਜੀ ਦਰ ਪ੍ਰਵਾਨ ਹੋ ਗਏ ।

ਬਾਬਾ ਅਮਰ ਦਾਸ ਜੀ ਇਕ੍ਹਾਠ ਸਾਲ ਦੀ ਉਮਰ ਵਿਚ ਖਡੂਰ ਸਾਹਿਬ ਆਏ ਸਨ । ਬਾਬਾ ਮੋਹਨ ਜੀ ਤੇ ਮੋਹਰੀ ਜੀ ਸਿਆਣੀ ਉਮਰ ਦੇ ਹੋ ਗਏ ਸਨ । ਜਦ ਬਾਰ੍ਹਾਂ ਸਾਲ ਦੀ ਕਠਨ ਘਾਲ ਉਪਰੰਤ ਗੁਰੂ ਪਦਵੀ ਪਾਈ ਤਾਂ ਪੁੱਤਰ ਵੀ ਸਤਿਕਾਰੇ ਗਏ । ਉਹ ਸੇਵਾ ਸਿਮਰਨ ਦਾ ਰਾਹ ਛੱਡ ਆਪਣੇ ਬਣਾਏ ਰਾਹ 'ਤੇ ਹੀ ਟੁਰਦੇ ਰਹੇ । ਠੇਡੇ ਖਾਂਦੇ ਰਹੇ । ਭਾਈ ਜੇਠਾ ਜੀ ਨੇ ਗੁਰੂ ਆਗਿਆ ਵਿਚ ਸਾਰਾ ਸਮਾਂ ਗੁਜ਼ਾਰਿਆ । ਸੱਤ ਸਾਲ ਦੇ ਹੀ ਸਨ ਕਿ ਗੁਰੂ ਛਾਂ ਹੇਠ ਆ ਗਏ । ਬਾਬਾ ਪ੍ਰਿਥੀ

---

1. ਮਹਿਮਾ ਪ੍ਰਕਾਸ਼, ਸਾਖੀ ੧੫ ।

ਚੰਦ, ਮਹਾਂ ਦੇਵ ਜੀ ਤੇ (ਗੁਰੂ) ਅਰਜਨ ਦੇਵ ਜੀ ਪਹਿਲੀ ਸੰਤਾਨ ਸੀ ਜੋ ਗੁਰੂ ਵਾਤਾਵਰਣ ਵਿਚ ਪਲ ਰਹੀ ਸੀ । ਗੁਰੂ ਅਮਰ ਦਾਸ ਜੀ ਨੇ ਬਹੁਤ ਪਹਿਲਾਂ ਹੀ (ਗੁਰੂ) ਅਰਜਨ ਜੀ ਬਾਰੇ ਭਵਿੱਖ ਬਚਨ ਕਰ ਦਿੱਤੇ ਸਨ ਕਿ "ਇਹ ਵੱਡਾ ਪੁਰਖ ਹੈ ਭਾਰੀ ।" ਜਦ ਘਰ ਹੀ ਸੇਵਕ ਸਨ ਤਾਂ ਬਾਹਰ ਭਾਲਣ ਦੀ ਲੋੜ ਨਹੀਂ ਸੀ । ਉਂਜ ਇਤਿਹਾਸ ਦੀ ਸਾਖੀ ਹੈ ਕਿ ਗੁਰਿਆਈ ਕਿਸੇ ਦੀ ਦਾਦੇਹਾਲੀ ਨਹੀਂ ਸੀ । ਗੁਰੂ ਹਰਿਗੋਬਿੰਦ ਜੀ ਤਾਂ ਭਾਈ ਗੋਪਾਲ ਨਾਂ ਦੇ ਇਕ ਸਿੱਖ ਨੂੰ ਗੁਰਿਆਈ ਦੇਣ ਲੱਗੇ ਸਨ ਜਦ ਉਸ ਨੇ ਸ਼ੁੱਧ ਹਿਰਦੇ ਸ਼ੁੱਧ ਜਪੁਜੀ ਦਾ ਪਾਠ ਸੁਣਾਇਆ ਸੀ ਪਰ ਇਹ ਵੱਖਰੀ ਗੱਲ ਹੈ ਕਿ ਉਸ ਭਾਈ ਗੋਪਾਲ ਦਾ ਮਨ ਹੀ ਇਕ ਘੋੜੇ 'ਤੇ ਆ ਰੁੱਕ ਗਿਆ ਸੀ ।

**ਦਾਅਵੇਦਾਰ**

ਇਥੇ ਉਹਨਾਂ ਤਿੰਨਾਂ ਦਾਅਵੇਦਾਰਾਂ ਬਾਬਾ ਮੋਹਨ, ਬਾਬਾ ਮੋਹਰੀ ਅਤੇ ਭਾਈ ਰਾਮਾ ਜੀ ਦੇ ਸੁਭਾਅ, ਚਲਣ, ਕਰਮ ਬਾਰੇ ਵੀ ਕੁਝ ਲਿਖਣਾ ਕੁਥਾਂ ਨਹੀਂ ਹੋਵੇਗਾ । ਬਾਬਾ ਮੋਹਨ ਜੀ ਦਾ ਜਨਮ ਬਾਸਰਕੇ ਹੀ ਹੋਇਆ ਸੀ । ਗੁਰੂ ਅੰਗਦ ਦੇਵ ਜੀ ਦੀ ਆਗਿਆ ਪਾ ਜਦ ਗੁਰੂ ਅਮਰ ਦਾਸ ਜੀ ਪ੍ਰਵਾਰ ਗੋਇੰਦਵਾਲ ਲੈ ਆਏ ਸਨ ਤਾਂ ਇਹ ਵੀ ਗੋਇੰਦਵਾਲ ਆ ਗਏ ਸਨ । ਬਾਬਾ ਜੀ ਦਾ ਸੁਭਾਅ ਆਰੰਭ ਤੋਂ ਹੀ ਵਿਰਕਤ ਤੇ ਅਵਿਧੂਤ ਅਵਸਥਾ ਵਾਲਾ ਸੀ । 'ਦੇਹਿ ਸੁਧਿ ਨਹਿ'[1] ਵਾਲੀ ਹਾਲਤ ਦਾ ਜ਼ਿਕਰ ਸਾਡੇ ਇਤਿਹਾਸ ਨੇ ਕੀਤਾ ਹੈ । ਮਹਾਰਾਜ ਜੀ ਆਪੂੰ ਵੀ ਉਹਨਾਂ ਨੂੰ 'ਮਸਤਾਨਾ' ਹੀ ਕਹਿ ਕੇ ਪੁਕਾਰਦੇ ਸਨ । ਆਮ ਤੌਰ ਤੇ ਮੋਹਨ ਜੀ ਇਕਾਂਤ ਵਿਚ ਹੀ ਬੈਠੇ ਰਹਿੰਦੇ ਸਨ । ਨਾ ਸੇਵਾ ਤੇ ਨਾ ਹੀ ਕਿਸੇ ਹੋਰ ਗੁਰੂ-ਸੰਗਤ ਦੇ ਕਾਰਜ ਵਿਚ ਹਿੱਸਾ ਲੈਂਦੇ ਸਨ, 'ਰਹੈ ਇਕੰਤ ਕੋਠਰੀ ਬੈਠਯੋ' ਦਾ ਸੰਕੇਤ ਸੂਰਜ ਪ੍ਰਕਾਸ਼ ਨੇ ਦਿੱਤਾ ਹੈ । ਇਤਨੇ ਨਿਵੇਕਲੇ ਰਹਿੰਦੇ ਸਨ ਕਿ ਕਈ ਕਈ ਦਿਨ ਕਮਰੇ ਦਾ ਦਰਵਾਜ਼ਾ ਹੀ ਨ ਖੋਲ੍ਹਦੇ ।[2] ਗ੍ਰਹਿਸਤੀ ਸਨ ਪਰ ਜ਼ਿੰਮੇਵਾਰੀ ਉਠਾਉਣ ਤੋਂ ਸੰਕੋਚ ਕਰਦੇ ਸਨ ।

ਸਾਡੇ ਇਤਿਹਾਸ ਨੇ ਇਹ ਵੀ ਲਿਖਿਆ ਹੈ ਕਿ ਮਾਤਾ ਮਨਸਾ ਦੇਵੀ ਜੀ ਨੇ ਪਤੀ ਗੁਰੂ ਅਮਰਦਾਸ ਜੀ ਪਾਸ ਇਕ ਵਾਰੀ ਬੇਨਤੀ ਕੀਤੀ ਸੀ ਕਿ ਮੋਹਨ ਨੂੰ ਸਮਝਾਇਆ ਜਾਵੇ । ਇਹ ਵੀ ਕਿਹਾ ਸੀ ਕਿ ਮੋਹਨ ਨੇ ਜੇ ਇਹ ਹੀ ਵਤੀਰਾ ਗ੍ਰਹਿਸਤ ਸਬੰਧੀ ਅਪਨਾਉਣਾ ਸੀ ਤਾਂ ਵਿਆਹ ਕਰਨ ਦੀ ਕੀ ਲੋੜ ਸੀ :

---

1. ਦੇਹ ਬੁਧ ਤਾ ਕੇ ਨਹੀਂ ਟਰੀ,
   ਅਦਵੈਤ ਅਵਸਥਾ ਮੋਹਨ ਗਹੀ । (ਸਾਖੀ ੧੮, ਪਾਤਸ਼ਾਹੀ ਤੀਜੀ)
2. ਬਾਹਰ ਦੀਏ ਕਿਵਾੜੇ ਰਹੇ ।

*ਜੇ ਪ੍ਰਭ ਜਾਨਤ ਥੇ ਇਹੀ ਸੁਭਾਓ;*
*ਤੋ ਕਾਹੇ ਕੋ ਕੀ ਬਿਆਹੁ ।*[1]

ਬੜੀ ਔਖਿਆਈ ਨਾਲ ਮੋਹਨ ਨੂੰ ਕੋਠਰੀ ਦੀ ਬੰਦ ਜ਼ਿੰਦਗੀ ਛੱਡਣ ਲਈ ਮਨਾਇਆ ਸੀ । ਪੁੱਤਰ ਹਸਰ ਰਾਮ ਦਾ ਜਨਮ ਹੋਇਆ, ਜਿਸ ਨੂੰ ਪੋਥੀਆਂ ਲਿਖਣ ਦੀ ਜ਼ਿੰਮੇਵਾਰੀ ਗੁਰੂ ਅਮਰ ਦਾਸ ਜੀ ਨੇ ਸੌਂਪੀ । ਮੋਹਨ ਜੀ ਫਿਰ ਵੀ ਮਸਤ ਹਾਲ ਹੀ ਫਿਰਦੇ ਰਹੇ । ਸੋ, ਬਾਬਾ ਮੋਹਨ ਜੀ ਨਾ ਗੁਰੂ ਪਦਵੀ ਦੀ ਮਹਾਨ ਜ਼ਿੰਮੇਵਾਰੀ ਯੋਗ ਸਨ ਤੇ ਨਾ ਹੀ ਗੁਰੂ ਜੀ ਸਮਝਦੇ ਸਨ ।

ਮੋਹਰੀ ਜੀ ਨੇ ਗੋਇੰਦਵਾਲ ਪੁੱਜ ਦੇਖ ਰੇਖ ਦੀ ਜ਼ਿੰਮੇਵਾਰੀ ਉਠਾ ਲਈ । ਪੂਰੇ ਸੰਸਾਰੀ ਸਨ । ਗੋਲਕ ਗਿਣਨ ਤੇ ਬਾਹਰੋਂ ਆਈ ਰਸਦ ਦੀ ਸੰਭਾਲ ਤੇ ਖ਼ਰਚ ਵਿਚ ਹੀ ਗਲਤਾਨ ਰਹਿੰਦੇ ਸਨ । ਗੁਰੂ ਜੀ ਨੇ ਹੁਕਮ ਦੇ ਰਖਿਆ ਸੀ ਕਿ ਜੋ ਅੱਜ ਆਇਆ ਹੈ ਰਾਤ ਤੋਂ ਪਹਿਲਾਂ ਵੰਡ ਵਰਤਾ ਕੇ ਛਕਾ ਦਿੱਤਾ ਜਾਏ । ਉਹ ਕਈ ਵਾਰੀ ਚਰਚਾ ਵੀ ਕਰਦੇ ਰਹਿੰਦੇ ਕਿ ਇਸ ਤਰ੍ਹਾਂ ਨਿਰਬਾਹ ਕਿਵੇਂ ਹੋ ਸਕਦਾ ਹੈ ? ਇਕ ਵਾਰੀ ਤਾਂ ਉਹਨਾਂ ਕੁਝ ਸੰਗੀਆਂ ਨੂੰ ਕਹਿ ਵੀ ਦਿੱਤਾ ਸੀ ਕਿ :

*ਸਤਿਗੁਰ ਨੇ ਮਾਇਆ ਨਹੀਂ ਭਾਵੈ,*
*ਹਮ ਕਿਉ ਕਰ ਦੇਖੇ ਕੇ ਦਿਖਲਾਵੈ ।*

ਕਿਤਨੀ ਲਾਲਸਾ ਸੀ ਕਿ ਇਕ ਸਮੇਂ ਹਉਕਾ ਭਰ ਕਿਹਾ ਸੀ ਕਿ :

*ਕਭੀ ਲਾਖ ਟਕਾ ਨੈਨ ਨਹੀਂ ਪੇਖਾ ।*

ਅੰਤਰਜਾਮੀ ਗੁਰੂ ਨੇ ਜਦ ਇਹ ਸੁਣਿਆ ਤਾਂ ਇਕ ਵੱਡਾ ਢੇਰ ਟਕਿਆਂ ਦਾ ਜੋ ਚੜ੍ਹਾਵੇ ਦੇ ਰੂਪ ਵਿਚ ਆਇਆ ਸੀ, ਲਗਵਾ ਕੇ, ਮੋਹਰੀ ਜੀ ਨੂੰ ਬੁਲਾ ਕੇ ਗਿਣਨ 'ਤੇ ਲਗਾ ਦਿੱਤਾ । ਉਹਨਾਂ ਜਦ ਗਿਣ ਦਿੱਤਾ ਅਤੇ ਆਪਣੇ ਹੱਥਾਂ ਵੱਲ ਦੇਖਿਆ ਤਾਂ ਉਹ ਕਾਲੇ ਸਿਆਹ ਹੋ ਗਏ ਸਨ । ਉਸ ਸਮੇਂ ਗੁਰੂ ਜੀ ਨੇ ਕਿਹਾ :

*ਹੇ ਸੁਤ ਹਾਥ ਕਾਲੇ ਭਏ,*
*ਗ੍ਰਹਿ ਸੰਚਤ ਮਹਾ ਅਨੀਤ ।*

''ਬੇਟਾ ! ਧਨ ਦਾ ਹਰ ਵੇਲੇ ਚਿਤਵਦੇ ਰਹਿਣਾ ਠੀਕ ਨਹੀਂ । ਹਰੀ ਭਗਤੀ ਹੀ ਹਿਰਦੇ ਵਿਚ ਰੱਖਣੀ ਤੇ ਇਕੱਠੀ ਕਰਨੀ ਸੋਭਦੀ ਹੈ ।'' ਮੋਹਰੀ ਜੀ ਬਾਰੇ ਇਸੇ ਲਈ ਭਾਈ ਗੁਰਦਾਸ ਜੀ ਨੇ ਸੰਕੇਤ ਦਿੱਤਾ ਸੀ ਕਿ : 'ਚਉਬਾਰਾ ਮੋਹਰੀ ਮਨਾਇਆ' । ਚੁਬਾਰਾ ਜਿਥੇ ਗੁਰੂ ਜੀ ਬਿਰਾਜਦੇ ਸਨ, ਦੀ ਪੂਜਾ ਆਰੰਭ ਕਰਵਾ ਦਿੱਤੀ ਸੀ ਕਿ ਕੁਝ ਧੰਨ ਹੋਰ ਆ ਜਾਏ । ਇਹ ਠੀਕ ਹੈ ਕਿ ਅੰਤ ਵੇਲੇ ਗੁਰੂ

---

1. ਮਹਿਮਾ ਪ੍ਰਕਾਸ਼, ਸਾਖੀ ੧੮ ।

ਆਗਿਆ ਮੰਨ ਕੇ ਮੋਹਰੀ ਜੀ ਸਨਮੁੱਖ ਹੋਏ ਤੇ ਗੁਰੂ ਰਾਮ ਦਾਸ ਜੀ ਨੂੰ ਨਮਸਕਾਰ ਕੀਤਾ । ਗੁਰਿਆਈ ਦੇ ਮਹਾਨ ਅਤਿ ਉੱਚੇ ਦਰਬਾਰ ਲਈ ਉਹ ਯੋਗ ਨਹੀਂ ਸਨ ।

ਤੀਜੇ, ਬੀਬੀ ਨਿਧਾਨੀ, ਸੁਲੱਖਣੀ, ਜਾਂ ਸਾਡਾ ਇਤਿਹਾਸ ਜਿਸ ਨੂੰ ਦਾਨੀ ਕਰਕੇ ਪੁਕਾਰਦਾ ਹੈ, ਦੇ ਸੁਘੜ ਪਤੀ ਭਾਈ ਰਾਮਾ ਜੀ ਸਨ ।

ਭਾਈ ਰਾਮਾ ਜੀ ਬੇਦੀ ਕੁਲ ਦੇ ਚਿਰਾਗ਼ ਸਨ । ਮਹਿਮਾ ਪ੍ਰਕਾਸ਼ ਵਿਚ ਲਿਖਿਆ ਹੈ :

*ਰਾਮਾ ਵੀ ਭਗਤ ਸਦਾ ਗੁਰ ਕਰੇ,*
*ਸੋਏ ਸਾਸ ਨਾਮ ਉਚਰੇ ।*
*ਗੁਰ ਤੀਰਥ ਜਿਤ ਕਾਰ ਕਮਾਵੈ,*
*ਕਰ ਪ੍ਰੀਤ ਦਿਆਲ ਤਾ ਕੋ ਨਾ ਬੁਲਾਵੈ ।*[1]

ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ ਕਿ ਉਹ ਆਪ ਵੀ ਸੇਵਾ ਕਰਦੇ, ਹੋਰਨਾਂ ਤੋਂ ਵੀ ਕਰਵਾਂਦੇ ਸਨ । ਆਲਸ ਰਤਾ ਭਰ ਨਹੀਂ ਸੀ । ਗੁਰੂ ਜੀ ਦੋਨੋਂ ਦਾਮਾਦਾਂ ਨਾਲ ਪਿਆਰ ਕਰਦੇ ਸਨ :

*ਕਰਹਿ ਆਪ ਅਰੁ ਕਹਿ ਕਰਵਾਵੈ,*
*ਸੇਵਾ ਲਗਯੋ ਨਹੀਂ ਅਲਸਾਵੈ ।*

ਜਦ ਸੰਗਤਾਂ ਰਾਮਾ ਜੀ ਨੂੰ ਦਿਨ ਰਾਤ ਸੇਵਾ ਕਰਦਿਆਂ ਦੇਖਦੀਆਂ ਤਾਂ ਉਹਨਾਂ ਇਕ ਵਾਰੀ ਪੁੱਛ ਲਿਆ ਕਿ ਦੋਵਾਂ ਪ੍ਰਾਹੁਣਿਆਂ ਵਿੱਚੋਂ ਕਿਸ ਦੀ ਸੇਵਾ ਮਹਾਨ ਹੈ ? ਗੁਰੂ ਜੀ ਨੇ ਉਸ ਵੇਲੇ ਕੇਵਲ ਇਤਨੇ ਹੀ ਬਚਨ ਕਹੇ ਕਿ ਨੇਮੀ ਨਾਲੋਂ ਪ੍ਰੇਮੀ ਦੀ ਸੇਵਾ ਵੱਡੀ ਹੁੰਦੀ ਹੈ :

*ਪ੍ਰੇਮੀ ਹਰਿ ਕੋ ਬਸ ਕਰੇ*
*ਨੇਮੀ ਧਾਰੇ ਗੀਤ ।*

ਮਹਾਰਾਜ ਦੇ ਕਹਿਣ ਦਾ ਭਾਵ ਸੀ ਕਿ ਰਾਮਾ ਜੀ ਦੀ ਸੇਵਾ ਜ਼ਰੂਰ ਹੈ, ਪਰ ਲੇਖੇ ਵਾਲੀ, ਗਣਤ ਵਾਲੀ ਤੇ ਪ੍ਰੇਮ ਬਗੈਰ ।

ਗੁਰੂ ਜੀ ਨੇ ਕਿਹਾ ਕਿ ਕਿਤਨਾ ਕੁ ਪ੍ਰੇਮ ਰਾਮਾ ਜੀ ਤੇ ਜੇਠਾ ਜੀ ਵਿਚ ਹੈ, ਇਹ ਛੇਤੀ ਹੀ ਪਤਾ ਲੱਗ ਜਾਏਗਾ । ਮਹਾਰਾਜ ਨੇ ਇਹ ਵੀ ਸਪੱਸ਼ਟ ਕਰ ਦਿੱਤਾ ਕਿ ਨਿਰੀ ਸੇਵਾ ਮੇਹਰ ਦਾ ਕਾਰਨ ਨਹੀਂ ਬਣਦੀ । ਪ੍ਰੇਮ, ਸਿਮਰਣ ਤੇਸੇਵਾ ਤਿੰਨੇ ਰਲ ਕੇ ਹੀ ਸਤਿਗੁਰੂ ਦੇ ਮਨ ਨੂੰ ਰੀਝਾਂਵਦੇ ਹਨ ।[2]

---

1. ਸਾਖੀ ੧੫, ਪਾਤਸ਼ਾਹੀ ਤੀਜੀ, ਮਹਿਮਾ ਪ੍ਰਕਾਸ਼ ।
2. ਬਿਨਾਂ ਪ੍ਰੇਮ ਸਿਮਰਨ ਅਰੁ ਸੇਵਾ ।
   ਫਲ ਕਛ ਬੇਰ ਹੁਇ ਲੱਖ ਏਵਾ ।

ਉਧਰ ਭਾਈ ਜੇਠਾ ਪਾਸ ਸੇਵਾ ਦੇ ਨਾਲ ਰਿਦੇ ਗ਼ਰੀਬੀ, ਚਿਤ ਸਿਮਰਨ ਤੇ ਨੈਨ ਪ੍ਰੇਮ ਰਸ ਭਿੰਨੇ ਸਨ । ਇਹ ਪ੍ਰੇਮ ਪਰਖਣ ਲਈ ਹੀ ਥੜੀ ਬਣਾਉਣ ਦੀ ਆਗਿਆ ਗੁਰੂ ਜੀ ਨੇ ਕੀਤੀ ਸੀ ।

ਜਦ ਦੋਵੇਂ ਰਾਮਾ ਜੀ ਅਤੇ ਜੇਠਾ ਜੀ ਨੇ ਥੜੀ ਬਣਾ ਲਏ ਤਾਂ ਗੁਰੂ ਪਾਤਸ਼ਾਹ ਪਹਿਲਾਂ ਰਾਮਾ ਜੀ ਪਾਸ ਆਏ ਅਤੇ ਆਉਂਦਿਆਂ ਕਿਹਾ :

*ਇਹ ਤੋ ਨੀਕੀ ਨਹੀਂ ਬਣਾਈ ।*
*ਬੈਠਨ ਹੇਤ ਨਾ ਹਮ ਕੋ ਭਾਈ ।*

'ਢਾਹ ਦਿਓ' ਦਾ ਹੁਕਮ ਕੀਤਾ ।

ਰਾਮਾ ਜੀ ਦਾ ਮਨ ਟੁੱਟ ਗਿਆ । ਆਪਣੀ ਮੱਤ ਦੱਸਣ ਲੱਗੇ ਕਿ ਜਿਵੇਂ ਤੁਸੀਂ ਕਹੀ ਸੀ, ਉਸੇ ਤਰ੍ਹਾਂ ਬਣਵਾਈ ਹੈ । ਜਦ ਤੁਸੀਂ ਉਪਰ ਬੈਠੋਗੇ ਤਾਂ ਸਿੱਖਾਂ ਨੂੰ ਖੁਲ੍ਹੇ ਦਰਸ਼ਨ ਦੀਦਾਰੇ ਆਪ ਜੀ ਦੇ ਹੋਣਗੇ । ਮੇਰਾ ਇਸ ਵਿਚ ਕੋਈ ਦੋਸ਼ ਨਹੀਂ, ਮੈਂ ਕੋਈ ਫ਼ਰਕ ਵੀ ਨਹੀਂ ਰੱਖਿਆ । ਹੁਕਮ ਮੁਤਾਬਕ ਬਣਾਈ ਹੈ :

*ਜਿਮ ਤੁਮ ਕਹਯੋ ਤਥਾ ਬਨਵਾਈ ।*
*ਕੋ ਕਾਰਨ ਭਾ ਰਿਦੈ ਨ ਭਾਈ । ੧੬ ।*
*ਸੁੰਦਰ ਬਨੀ ਬੈਠਿਬੇ ਲਾਯਕ ।*
*ਸਮੁੱਖ ਖਰੇ ਦਰਸ਼ਨ ਜਾਹਿ ਪਾਇਕ ।*
*ਮੇਰੋ ਦੋਸ ਨ ਯਾ ਮਹਿ ਕੋਈ ।*
*ਆਪ ਕਹੀ ਜਿਮਿ ਤਥਾਸੁ ਹੋਈ । ੧੭ ।*

ਉਹ ਕਹਿੰਦਾ ਹੀ ਰਿਹਾ, ਮਹਾਰਾਜ ਨੇ ਢਵਾ ਦਿੱਤੀ ।

ਜਦ ਭਾਈ ਜੇਠਾ ਜੀ ਦੀ ਉਸਾਰੀ ਥੜੀ ਪਾਸ ਪੁੱਜੇ ਤਾਂ ਹੁਕਮ ਕੀਤਾ ਕਿ 'ਆਸ਼ੇ ਅਨੁਸਾਰ ਨਹੀਂ ਬਣਵਾਈ । ਜਿਵੇਂ ਕਿਹਾ ਸੀ, ਉਸ ਦੇ ਉਲਟ ਹੈ । ਕੰਧ ਵੀ ਟੇਢੀ ਹੈ । ਮੇਰੇ ਕੋਲੋਂ ਤਾਂ ਬੈਠਣ ਹੀ ਨਹੀਂ ਹੋਣਾ । ਇਸ ਕਾਰਨ ਢਾਹ ਦਿਓ' ।[1]

ਇਹ ਸੁਣਦੇ ਸਾਰ ਹੀ ਭਾਈ ਜੇਠਾ ਜੀ ਨੇ ਹੱਥੀਂ ਢਾਹ ਦਿੱਤੀ ਤੇ ਕਿਹਾ ਕਿ ਮੇਰੀ ਅਵਗਯਾ ਮੁਆਫ਼ ਕਰੋ । ਮੇਰੀ ਸਮਝ ਥੋੜ੍ਹੀ ਹੈ, ਆਪ ਜੀ ਦੇ ਕਹੇ ਹੋਏ ਨੂੰ ਸਮਝ ਨਹੀਂ ਸਕਿਆ । ਹੁਣ ਮੇਹਰ ਕਰਕੇ ਫਿਰ ਦੱਸੋ :

---

1. ਜਥਾ ਬਤਾਈ ਤਥਾ ਨ ਕਰੀ । ਬੁਕ ਭੀਤ ਰਚਿ ਕੀਨਸ ਥਰੀ ।
ਭਈ ਨ ਬੈਠਨਿ ਉਚਿਤ ਹਮਾਰੇ । ਇਸ ਕਾਰਨ ਤੇ ਕਰਹੁ ਬਿਕਾਰੇ । ੨ ।
(ਸੂਰਜ ਪ੍ਰਕਾਸ਼, ਰਾਸ ਪਹਿਲੀ, ਅੰਸ਼ ੫੭)

*ਨਿੰਮ੍ਰ ਹੋਇ ਬੂਝੀ ਬਿਧਿ ਫੇਰੀ ।*
*ਬਖਸ਼ਹੁ ਅਬੈ ਅਵਗਯਾ ਮੇਰੀ । ੨੨ ।*
*ਮੈਂ ਮਤਿਹੀਨ ਸਕਯੋ ਨਹਿ ਜਾਨਿ ।*
*ਬਹੁਤ ਬਤਾਵਹੁ ਕ੍ਰਿਪਾ ਨਿਧਾਨ ।*

ਸਤਿਗੁਰੂ ਨੇ ਲਕੀਰ ਪਾ ਕੇ ਦੱਸਿਆ ਤੇ ਸਾਰੀ ਤਦਬੀਰ ਵੀ ਸਮਝਾ ਦਿੱਤੀ ।

ਦੂਜੇ ਦਿਨ ਫਿਰ ਜਦ ਰਾਮਾ ਜੀ ਦੀ ਬਣਾਈ ਤੇ ਬਨਵਾਈ ਥੜੀ ਪਾਸ ਆਏ ਤਾਂ ਫ਼ਰਮਾਇਆ, 'ਇਹ ਤਾਂ ਠੀਕ ਨਹੀਂ ਬਣੀ । ਜਿਵੇਂ ਮੈਂ ਚਾਹੁੰਦਾ ਸੀ ਉਸ ਤਰ੍ਹਾਂ ਨਹੀਂ ਹੈ । ਇਸ ਨੂੰ ਢਾਹ ਕੇ ਫੇਰ ਬਣਾਵੋ । ਸੂਝ ਨਾਲ ਉਸਾਰੋ । ਮਿਹਨਤ ਜ਼ਾਇਆ ਜਾ ਰਹੀ ਹੈ ।'

*ਕਹਯੋ ਤਾਹਿ ਇਹ ਕਰੀ ਨ ਆਛੀ ।*
*ਤਥਾ ਬਨੀ ਨਾ ਜਥਾ ਹਮ ਬਾਛੀ ।*
*ਕਰਹੁ ਬਿਕਾਰਨ ਫੇਰ ਬਨਾਵਹੁ ।*
*ਬਿਨ ਮਤਿ ਤੇ ਸ੍ਰਮ ਬਾਦ ਕਰਾਵਹੁ । ੨੭ ।*

ਰਾਮਾ ਜੀ ਬੜੇ ਤਿਲਮਲਾਏ ਤੇ ਕਹਿਣ ਲੱਗੇ ਕਿ ਉਸ ਤਰ੍ਹਾਂ ਹੀ ਬਣਾਈ ਹੈ ਕਿ ਜਿਵੇਂ ਤੁਸਾਂ ਕਹੀ ਸੀ । ਬੜੀ ਸ਼ਾਨਦਾਰ ਤੇ ਬੈਠਣ ਯੋਗ ਹੈ । ਲੋਕੀਂ ਤਾਂ ਖ਼ੂਬ ਸਿਫ਼ਤ ਕਰ ਰਹੇ ਹਨ । ਮੈਂ ਕਿਵੇਂ ਢਾਹ ਦੇਵਾਂ । ਇਸ ਤੋਂ ਚੰਗੀ ਹੋਰ ਕੀ ਬਣ ਜਾਵੇਗੀ ।

*ਕਹਨਿ ਲਗਯੋ : "ਮੈਂ ਤਥਾ ਬਨਾਈ ।*
*ਜਿਸਿ ਬਿਧਿ ਤੁਮ ਨੇ ਦੀਨਿ ਬਤਾਈ । ੨੮ ।*
*ਬਨੀ ਰੁਚਿਰ ਬੈਠਿਬਿ ਕੇ ਯੋਗ ।*
*ਦੇਖਤਿ ਕਰਹਿ ਸਰਾਹਨਿ ਲੋਗ ।*
*ਮੈਂ ਕੈਸੇ ਕਰਿ ਦੇਹੁਂ ਢਹਾਈ ।*
*ਇਸ ਤੇ ਆਛੀ ਕਯਾ ਬਨ ਜਾਈ । ੨੯ ।*

ਪਰ ਗੁਰੂ ਅਮਰ ਦਾਸ ਜੀ ਨੇ ਢੁਆ ਕੇ, ਆਪਣੀ ਛੜੀ ਨਾਲ ਲਕੀਰਾਂ ਪਾ ਕੇ ਦੱਸੀਆਂ ।

ਭਾਈ ਜੇਠਾ ਜੀ ਦੀ ਬਣਾਈ ਥੜੀ ਪਾਸ ਆ ਕੇ ਗੁਰੂ ਜੀ ਕਹਿਣ ਲੱਗੇ ਕਿ :

*ਇਹ ਤੈ ਨੀਕੀ ਨਹੀਂ ਬਨਾਈ ।*
*ਬੈਠਬਿ ਕਾਰਨ ਹਮਹੁ ਨ ਭਾਈ ।*

ਢਾਹ ਦੇਣ ਦੀ ਆਗਿਆ ਮੂੰਹ ਵਿਚ ਹੀ ਸੀ ਕਿ ਚੁੱਪ ਕਰ ਕੇ ਭਾਈ ਜੇਠਾ ਜੀ ਨੇ ਢਾਹ ਦਿੱਤੀ ਅਤੇ ਹੱਥ ਜੋੜ ਕਿਹਾ :

*ਸਾਡੀ ਮਤਿ ਥੋੜ੍ਹੀ ਹੈ ।*
*ਆਪ ਜੀ ਦੀ ਅਗਾਧ ਹੈ ।*

ਤੁਸੀਂ ਤਾਂ ਸਮਝਾਂਦੇ ਹੋ, ਪਰ ਅਸੀਂ ਸਮਝ ਨਹੀਂ ਸਕਦੇ । ਪਿਛਲੀ ਗ਼ਲਤੀ ਮੁਆਫ਼ ਕਰੋ ਤੇ ਫਿਰ ਬਖ਼ਸ਼ਸ਼ ਕਰ ਕੇ ਸਮਝਾਓ । ਹੁਣ ਪੂਰੀ ਕੋਸ਼ਿਸ਼ ਕਰਾਂਗੇ :

*ਤੁਮਰੀ ਮਤੀ ਅਗਾਧਿ ਬਡੇਰ ।*
*ਹਮ ਮਤਿਮੰਦ ਸਕਹਿ ਨਹਿ ਜਾਨਿ ।*
*ਤਊ ਕ੍ਰਿਪਾ ਤੁਮ ਕਰਹੁ ਮਹਾਨ । ੩੩ ।*
*ਬਿਸਰਿ ਜਾਤਿ ਹਮਰੀ ਮਤਿ ਥੋਰੀ ।*
*ਬਖਸ਼ਹੁ ਖਤਾ ਆਪ ਅਬਿ ਮੋਰੀ ।*

ਸਤਿਗੁਰੂ ਨੇ ਇਥੇ ਵੀ ਲਕੀਰ ਪਾ ਕੇ ਉਸ ਮੁਤਾਬਿਕ ਬਣਾਉਣ ਲਈ ਹੁਕਮ ਦਿੱਤਾ ।

ਤੀਸਰੇ ਦਿਨ ਫਿਰ ਪਹਿਲਾਂ ਗੁਰੂ ਅਮਰ ਦਾਸ ਜੀ ਰਾਮਾ ਜੀ ਵਾਲੀ ਥਾਂ ਆਏ ਤਾਂ ਦੇਖਦੇ ਹੀ ਕਹਿਣ ਲੱਗੇ ਕਿ ਰਾਮਾ ਜੀ, ਜਿਵੇਂ ਕਹੀ ਸੀ ਉਸ ਤਰ੍ਹਾਂ ਨਹੀਂ ਬਣਾਈ । ਇਹ ਮੇਰੇ ਪਸੰਦ ਨਹੀਂ ਹੈ, ਕਈ ਵਾਰ ਸਮਝਾਇਆ ਹੈ ਪਰ ਠੀਕ ਨਹੀਂ ਬਣ ਰਹੀ :

*ਕਰਥੋ ਨਹੀਂ ਜਿਮਿ ਭਾਖਯੋ ਮੋਹਿ ।*
*ਨਹਿ ਪਸੰਦ ਇਹੁ ਆਇ ਹਮਾਰੇ ।*
*ਜਿਮ ਚਾਹਿਤ ਤਿਮਿ ਨਹੀਂ ਸੁਧਾਰੇ । ੩੯ ।*

ਇਹ ਸੁਣਦੇ ਸਾਰ ਰਾਮਾ ਜੀ ਦੇ ਚਿੱਤ ਵਿਚ ਆਈ ਕਿ ਸੱਚਮੁੱਚ ਹੀ ਬਿਰਧ ਹੋ ਗਏ ਹਨ ਤੇ ਆਖੀ ਗੱਲ ਯਾਦ ਨਹੀਂ ਰਹਿੰਦੀ ਨੇ । ਉਸੇ ਸਮੇਂ ਉੱਚੀ ਅਵਾਜ਼ ਵਿਚ ਕਿਹਾ : ਜਿਵੇਂ ਹੁਕਮ ਕਰ ਜਾਂਦੇ ਹੋ, ਉਸ ਤਰ੍ਹਾਂ ਤਾਂ ਬਣਾਂਦਾ ਹਾਂ । ਇਸ ਤੋਂ ਚੰਗੀ ਹੋਰ ਕੌਣ ਬਣਾ ਸਕਦਾ ਹੈ । ਆਪ ਜਿਵੇਂ ਕਹਿ ਜਾਂਦੇ ਹੋ, ਆਪ ਨੂੰ ਹੀ ਭੁਲ ਜਾਂਦਾ ਹੈ । ਇਸ ਵਿਚ ਮੇਰਾ ਕੀ ਕਸੂਰ । ਇਸ ਨੂੰ ਹੁਣ ਢੁਹਾਣਾ ਨਾਹ :

*ਜਿਮਿ ਤੁਮਨੇ ਮੁਹਿ ਕਹੁ ਫ਼ਰਮਾਨ ।*
*ਕਰੀ ਤਥਾ ਮੈਂ ਬੁਧਿ ਬਲ ਲਾਇ ।*
*ਕਹਿ ਕਰਿ ਅਛੇ ਸੁਧਿ ਬਨਵਾਇ । ੪੨ ।*
*ਆਪ ਕਰਹੁ ਜਿਮਿ ਬਿਸਰੈ ਫੇਰ ।*
*ਇਸ ਮਹਿ ਦੋਸ ਅਹੈ ਕਯਾ ਮੋਰ ।*

ਫਿਰ ਭਾਈ ਜੇਠਾ ਜੀ ਪਾਸ ਆਏ ਤੇ ਕਿਹਾ ਕਿ ਇਹ ਅੱਛੀ ਨਹੀਂ ਬਣਾਈ । ਕਿਤਨੀ ਵਾਰ ਸਮਝਾਇਆ ਹੈ ਪਰ ਤੁਹਾਡੀ ਸਮਝ ਵਿਚ ਨਹੀਂ ਬੈਠਦੀ ।

ਭਾਈ ਜੇਠਾ ਜੀ ਨੇ ਅੱਗੇ ਵੱਧ ਕੇ ਚਰਨ ਪਕੜ ਲਏ ਤੇ ਕਿਹਾ : ਮੈਂ ਅੰਜਾਨ ਭੁੱਲਣਹਾਰ ਹਾਂ । ਤੁਸੀਂ ਕ੍ਰਿਪਾਲੂ ਹੋ । ਬਾਰ ਬਾਰ ਭੁੱਲਾਂ ਬਖ਼ਸ਼ਦੇ ਹੋ । ਇਹ ਸਾਡੀ ਬਦਕਿਸਮਤੀ ਹੈ ਕਿ ਆਪ ਜੀ ਦਾ ਕਿਹਾ ਜਾਣ ਨਹੀਂ ਸਕਦੇ :

*ਹੋ ਅਜਾਨ ਨਿਤ ਭੂਲਨ ਹਾਰੇ ।*
*ਤੁਮ ਕ੍ਰਿਪਾਲ ਨਿਜ ਬਿਰਦ ਸੰਭਾਰੋ ।*
*ਬਾਰ ਬਾਰ ਬਖਸ਼ਤਿ ਹੋ ਮੋਹੀ ।*
*ਅਪਰਾਧੀ ਅਰ ਮੂਰਖ ਕੋ ਹੀ ।*
*ਮੈਂ ਮਤਿ ਮੰਦ ਅਭਾਗ ਬਿਚਾਰਾ ।*
*ਜਾਨਿ ਸਕਯੋ ਨਹਿ ਕਹਯੋ ਤੁਮਾਰਾਂ[1] । ੪੩ ।*

ਉਸ ਵੇਲੇ ਸਭ ਨੂੰ ਸੁਣਾ ਕੇ ਕਿਹਾ ਕਿ ਇਸ ਦੀ ਸੇਵਾ ਮੈਨੂੰ ਪਸੰਦ ਆਈ ਹੈ । ਇਹ ਆਪਾ ਨਹੀਂ ਜਣਾਂਦੇ । ਸੱਚੇ ਪ੍ਰੇਮੀ ਹਨ । ਰਾਮ ਦਾਸ ਮਹਾਨ ਪੁਰਸ਼ ਹੈ, ਇਸ ਸਦਕਾ ਕਿਤਨੇ ਹੀ ਤਰ ਜਾਣਗੇ :

*ਇਸ ਕੀ ਸੇਵਾ ਮੋ ਮਨ ਭਾਵਹਿ ।*
*ਆਪਾ ਕਰਹੁ ਨ ਕਰਹਿ ਜਨਾਵਹਿ ।*
*ਨਿਸ ਦਿਨ ਪ੍ਰੇਮ ਭਗਤਿ ਮਹਿ ਪਾਵਹਿ ।*
*ਰਾਮ ਦਾਸ ਹੈ ਪੁਰਖ ਮਹਾਨੇ ।*
*ਇਸ ਕੇ ਸੰਗ ਤਰਹਿ ਨਰ ਜਾਨੋਂ[2] । ੫੨ ।*

ਸੋ ਇਹ ਗੁਰ-ਗੱਦੀ ਕਿਸੇ ਵਰ ਜਾਂ ਢੀਠਤਾਈ ਜਾਂ ਤ੍ਰਿਆ ਹੱਠ ਕਾਰਨ ਨਹੀਂ ਸੀ, ਉਸੇ ਕਸੌਟੀ 'ਤੇ ਪਰਖ ਦਿੱਤੀ ਸੀ ਜਿਸ 'ਤੇ ਆਪ ਪਰਖੇ ਗਏ ਸਨ, ਗੁਰੂ ਅਮਰ ਦਾਸ ਜੀ ।

**ਨਿਰਾਲੀ ਖੇਡ**

ਸਾਡੇ ਇਤਿਹਾਸ ਅਨੁਸਾਰ ਸਤੰਬਰ ੧੫੭੪ ਦੀ ਇਕ ਸਵੇਰ ਨੂੰ ਗੁਰੂ ਅਮਰ ਦਾਸ ਜੀ ਆਪਣੇ ਨਿਤਨੇਮ ਤੋਂ ਫ਼ਾਰਗ ਹੋ ਕੇ ਹੇਠਾਂ ਵਿਹੜੇ ਵਿਚ ਆਏ ਤਾਂ ਨਨਾਣ ਭਰਜਾਈ (ਬੀਬੀ ਭਾਨੀ ਤੇ ਮੋਹਰੀ ਜੀ ਦੇ ਘਰੋਂ ਬੀਬੀ ਆਤਮਾ ਦੇਵੀ) ਬੈਠੀਆਂ ਗੱਲਾਂ ਕਰ ਰਹੀਆਂ ਸਨ । ਬੀਬੀ ਭਾਨੀ ਨੂੰ ਦੇਖਦੇ ਸਾਰ ਤੀਜੇ ਪਾਤਸ਼ਾਹ ਨੇ ਕਿਹਾ : ਧੀਏ ਭਾਨੀਏ ਜੇ ਸਾਈਂ ਦੀ ਰਜ਼ਾ ਵਰਤੇ ਰਾਮ ਦਾਸ ਗੁਜ਼ਰ ਜਾਏ ਤਾਂ ਸੱਚੀ ਦੱਸੀਂ ਬੇਟਾ ਤੂੰ

---

1. ਮਹਿਮਾ ਪ੍ਰਕਾਸ਼ ਵਾਰਤਿਕ ਦੇ ਸ਼ਬਦਾਂ ਵਿਚ ਜਦ ਗੁਰੂ ਅਮਰ ਦਾਸ ਜੀ ਨੇ ਕਿਹਾ ਸੀ ਸੁਰਚਿ ਕਰ ਨਹੀਂ ਬਣਾਵਤੇ ਤਾਂ ਭਾਈ ਜੇਠਾ ਜੀ ਨੇ ਹੱਥ ਜੋੜ ਕਰ ਕਿਹਾ : ਸਚੇ ਪਾਤਸ਼ਾਹ, ਜੀਉ ਭੂਲਣਹਾਰ ਹੈ । ਐਸੀ ਦਇਆ ਕੀ ਨਜ਼ਰ ਕਰਕੇ ਕਹੀਏ ਅਛੀ ਅਛੀ ਤਰ੍ਹਾਂ ਬਨਾਵਹਿ ।
2. ਰਾਸ ਪਹਿਲੀ, ਅੰਸ ੫੮, ਸੂਰਜ ਪ੍ਰਕਾਸ਼ ।

ਕੀ ਕਰੇਂ ? ਇਹ ਸੁਣਦੇ ਸਾਰ ਭਾਨੀ ਜੀ ਸਕਤੇ ਵਿਚ ਤਾਂ ਆਏ ਪਰ ਸੰਭਲਦੇ ਹੋਏ ਕਹਿਣ ਲੱਗੇ ਕਿ 'ਤ੍ਰਿਆ ਧਰਮ ਨਿਭਾਵਾਂਗੀ, ਆਗਿਆ ਵਿਚ ਹੀ ਸੁਖ ਜਾਣਾਂਗੀ' ।[1] ਬੰਸਾਵਲੀ ਨਾਮੇ ਦਾ ਕਹਿਣਾ ਹੈ ਕਿ ਚੁੱਪ ਕਰ ਕੇ ਸੁਹਾਗ ਦੀ ਨਿਸ਼ਾਨੀ ਨੱਥ ਵੀ ਉਤਾਰ ਗੁਰੂ-ਚਰਨਾਂ ਵਿਚ ਰੱਖ ਦਿੱਤੀ ।[2] ਗੁਰੂ ਅਮਰ ਦਾਸ ਜੀ ਨੇ ਜਦ ਬੱਚੀ ਦਾ ਸਿਦਕ ਡਿੱਠਾ ਤਾਂ ਕਿਹਾ : ਜਾ ਬੱਚੀਏ ਸਾਈਂ ਸ਼ਰਮ ਰੱਖੇਗਾ । ਬਖ਼ਸ਼ਸ਼ ਦੇ ਘਰ ਟਿਕ ਕਿਹਾ : ਰਾਮ ਦਾਸ ਦੀ ਉਮਰ ਪੂਰੀ ਹੋ ਗਈ ਸੀ । ਆਪਣੀ ਉਮਰ ਵਿਚੋਂ ਉਮਰ ਦਿੱਤੀ ।

ਸੂਰਜ ਪ੍ਰਕਾਸ਼[3] ਦੇ ਲਿਖੇ ਅਨੁਸਾਰ ਇਹ ਛੇ ਵਰ੍ਹੇ ਗਿਆਰਾਂ ਮਹੀਨੇ ਤੇ ਅਠਾਰਾਂ ਦਿਨ ਬਣਦੀ ਸੀ ।

ਇਹ ਬਚਨ ਵੀ ਕਹੇ :

*ਅਰੁ ਤੂ ਮੇਰਾ ਪ੍ਰੇਮੀ ਭਗਤ ।*
*ਤੁਮਰੇ ਪ੍ਰੇਮ ਮੇਂ ਮੈ ਆਸਕਤ ।*
*ਤੇ ਮੈ, ਮੇਂ ਮੈ ਨਾਹੀ ਭੇਦ ।*
*ਨਿਜ ਬਿਚਾਰ ਤੂੰ ਸਦਾ ਅਭੇਦਾਂ ।*

ਇਹ ਨਿਰਾਲੀ ਖੇਡ ਸੀ । ਜੋਤ, ਜੁਗਤ, ਰੂਪ ਤੇ ਵਿਚਾਰ ਵਿਚ ਰਤਾ ਵੀ ਭੇਦ ਨਹੀਂ ਸੀ ਰਹਿਆ ।

**ਗੁਰ ਅਮਰਹੁ ਗੁਰ ਰਾਮ ਦਾਸ ਗੁਰ ਸੇਵਾ ਗੁਰ ਹੋਇ ਸਮਾਇਆ**

ਉਮਰ ਦੀ ਬਖ਼ਸ਼ਸ਼ ਕਰ ਕੇ ਗੁਰੂ ਅਮਰ ਦਾਸ ਜੀ ਬਾਉਲੀ ਸਾਹਿਬ ਵੱਲ ਚਲ ਪਏ । (ਗੁਰੂ) ਰਾਮ ਦਾਸ ਜੀ ਬਾਉਲੀ ਸਾਹਿਬ ਵਿਚੋਂ ਕਾਰ ਕੱਢਣ ਦੀ ਸੇਵਾ ਵਿਚ ਜੁਟੇ ਹੋਏ ਸਨ । ਸਿਰ 'ਤੇ ਟੋਕਰੀ ਚੁੱਕੀ ਹੋਈ ਸੀ । ਬਾਬਾ ਬੁੱਢਾ ਜੀ ਕੋਲੋਂ ਸਿਰ ਤੋਂ ਟੋਕਰੀ ਲਾਹ ਕੇ ਹੇਠ ਰਖਵਾਈ ਤੇ ਆਗਿਆ ਹੋਈ ਕਿ ਗੁਰਿਆਈ ਦੀ ਜ਼ਿੰਮੇਵਾਰੀ ਜੇਠਾ ਜੀ ਨੂੰ ਬਖ਼ਸ਼ੇ ਪਰ (ਗੁਰੂ) ਰਾਮ ਦਾਸ ਜੀ ਇਹ ਹੀ ਕਹਿੰਦੇ ਕਿ ਮੈਨੂੰ ਸਿੱਖੀ ਦਾਨ ਦੇਵੋ । ਇਹ ਗੁਰ-ਪਦਵੀ ਮੋਹਰੀ ਜੀ ਨੂੰ ਦੇ ਦਿਓ :

---

1. ਪ੍ਰਭ ਜੀ ਅਮਰ ਕਾਰ ਕਜਾ ਕਰਿ ਹੋ । ਜੋ ਬਿਧਵਾ ਕੇ ਧਰਮ, ਸੁਧਾਰ ਹੋਂ । (ਸੂਰਜ ਪ੍ਰਕਾਸ਼)
2. ਨਥ ਲਾਹਿ ਪੈਰਾਂ ਤੇ ਧਰੀ ।
3. ਖਟ ਬਰਸ, ਇਕਾਦਸ ਮਾਸ, ਦਯੋਸ ਅਸ਼ਟ ਦਸ ਸੇਸ਼ ਰਹਾਸ ?
4. ਮਹਿਮਾ ਪ੍ਰਕਾਸ਼, ਸਾਖੀ ੩੨, ਪਾਤਸ਼ਾਹੀ ਤੀਜੀ ।

*ਸ੍ਰੀ ਪ੍ਰਭ ਮੁਝੇ ਸਿਖੀ ਪਦ ਦੀਜਹਿ ।*
*ਆਪ ਮੋਹਰੀ ਕਹੁ ਗੁਰ ਕੀਜਹਿ ।*[1]

ਗੁਰੂ ਜੀ ਇਤਨੀ ਨਿੰਮ੍ਰਤਾ ਦੇਖ ਕੇ ਹੋਰ ਤੁੱਠੇ ਤੇ ਕਿਹਾ ਕਿ 'ਇਹ ਤੁਹਾਡਾ ਦੇਣਾ ਹੀ ਸੀ ।'

ਉੱਜਲ ਬਸਤਰ ਮੰਗਵਾ ਕੇ ਗੁਰੂ ਰਾਮ ਦਾਸ ਜੀ ਨੂੰ ਪਹਿਨਾਏ । ਆਪੂੰ ਤਿੰਨ ਵਾਰੀ ਪ੍ਰਦੱਖਣਾ ਕਰ ਕੇ ਪੰਜ ਪੈਸੇ ਤੇ ਨਲੇਯਰ ਰੱਖ ਕੇ ਸ਼ਬਦ ਦੀ ਥਾਪਣਾ ਦਿੱਤੀ ।

ਭਾਈ ਗੁਰਦਾਸ ਜੀ ਨੇ ਇਸ ਨਜ਼ਾਰੇ ਨੂੰ ਆਪਣੀਆਂ ਵਾਰਾਂ ਵਿਚ ਖ਼ੂਬ ਸ਼ਬਦੀ ਚਿੱਤਰ ਦਿੱਤੇ ਹਨ । .

ਪਹਿਲੀ ਵਾਰ ਦੀ ਚਾਲ੍ਹਵੀਂ ਪਉੜੀ ਵਿਚ ਕਹਿੰਦੇ ਹਨ ਕਿ ਇਹ ਜੋਤ ਦੀ ਦਾਤ ਸੀ ਜੋ ਖਸਮ ਨੇ ਦਿੱਤੀ ਅਤੇ ਜਿਸ ਦੀ ਵਸਤ ਸੀ, ਤਿਸ ਨੂੰ ਮਿਲ ਗਈ । ਪ੍ਰੇਮ ਦਾ ਪਿਆਲਾ ਗੁਰੂ ਰਾਮਦਾਸ ਜੀ ਨੇ ਤਿਆਰ ਕੀਤਾ ਤੇ ਉਸ ਵਿਚ ਗੁਰੂ ਅਮਰਦਾਸ ਜੀ ਨੇ ਨਾਮ ਅੰਮ੍ਰਿਤ ਭਰ ਦਿੱਤਾ ।[2] ਫਿਰ ਤੇਰ੍ਹਵੀਂ ਵਾਰ ਦੀ ਅੰਤਲੀ ਪਉੜੀ ਵਿਚ ਭਾਈ ਜੀ ਲਿਖਦੇ ਹਨ ਕਿ ਗੁਰੂ ਅਮਰਦਾਸ ਜੀ ਨੇ ਗੁਰੂ ਰਾਮ ਦਾਸ ਜੀ ਨੂੰ ਨਾਮ ਦੇ ਕੇ ਅੱਗੋਂ ਵੰਡਣ ਦਾ ਹੁਕਮ ਕੀਤਾ ਅਤੇ ਉਹ ਨਾ ਕਿਸੇ ਕੋਲੋਂ ਛਲੇ ਜਾ ਸਕਦੇ ਹਨ ਤੇ ਨਾ ਕੋਈ ਉਹਨਾਂ ਵੱਲ ਉਂਗਲ ਕਰ ਸਕਦਾ ਹੈ । ਪਰਉਪਕਾਰੀ ਮੂਰਤ ਹਨ, ਸਵੱਛ ਸ਼ਖ਼ਸੀਅਤ ਹਨ :

*ਗੁਰ ਅਮਰਹੁ ਗੁਰ ਰਾਮ ਨਾਮੁ,*
*ਗਤਿ ਅਛਲ ਅਛੇਉ ।*

ਇਹ ਇੰਜ ਹੋਇਆ ਜਿਵੇਂ ਇਕ ਦੀਵਾ, ਦੂਜੇ ਨੂੰ ਰੌਸ਼ਨ ਕਰਨ ਵੇਲੇ ਆਪ ਵੀ ਰੌਸ਼ਨ ਰਹਿੰਦਾ ਹੈ ਪਰ ਅੱਗੋਂ ਵੀ ਰੌਸ਼ਨ ਕਰ ਦਿੰਦਾ ਹੈ, ਜਾਂ ਇੰਜ ਜਾਣੋ ਕਿ ਪਾਣੀ ਵਿਚ ਪਾਣੀ ਮਿਲਾਇਆ ਜਾਵੇ ਤਾਂ ਕੋਈ ਕੀ ਪਛਾਣ ਸਕੇਗਾ ? ਗੁਰੂ ਅਮਰ ਦਾਸ ਜੀ ਇਸ ਤਰ੍ਹਾਂ ਗੁਰੂ ਰਾਮ ਦਾਸ ਜੀ ਵਿਚ ਸਮਾ ਗਏ :

*ਜੋਤੀ ਜੋਤਿ ਜਗਾਇ ਦੀਪ ਦੀਪਾਇਆ ।*
*ਨੀਰੈ ਅੰਦਰਿ ਨੀਰੁ ਮਿਲੈ ਮਿਲਾਇਆ ।*

ਫਿਰ ਵਾਰ ਚੌਵੀਵੀਂ ਦੀ ਚੌਦਵੀਂ ਪਉੜੀ ਵਿਚ ਲਿਖਦੇ ਹਨ ਕਿ ਪਹਿਲਾਂ (ਗੁਰੂ) ਰਾਮ ਦਾਸ ਜੀ ਨੇ ਗੁਰਸਿੱਖਾਂ ਵਾਲੀ ਘਾਲ ਘਾਲੀ । ਸ਼ਬਦ ਸੁਰਤਿ ਦਾ ਮੇਲ ਕਰ ਕੇ ਸੇਵਾ ਵਿਚ ਜੁੱਟੇ ਰਹੇ । ਅਨਹਦ ਬਾਣੀ ਦੀ ਇਕ ਰਸ ਧਾਰਾ ਦੀ

---

1. ਰਾਸਿ ਪਹਿਲੀ, ਅੰਸ ੬੭ ।
2. ਰਾਮ ਨਾਮ ਅਰਿਖੇਉ, ਅੰਮ੍ਰਿਤ ਚਇਆ । ਵਾਰ ਤੀਜੀ, ਪਉੜੀ ੧੨ ।

ਰੋਂ ਟੁਰਦੀ ਦੇਖ ਕੇ ਗੁਰੂ ਅਮਰ ਦਾਸ ਜੀ ਨੇ ਆਪਣੀ ਜੋਤ ਦੇ ਪ੍ਰਕਾਸ਼ ਨਾਲ ਜੋਤ ਜਗਾ ਕੇ ਆਪ ਹੀ ਨਮਸਕਾਰ ਕੀਤਾ । ਐਸਾ ਕਰਨ ਨਾਲ ਇਹ ਪ੍ਰਗਟ ਕਰ ਦਿੱਤਾ ਕਿ ਤਖ਼ਤ ਦੇ ਮਾਲਕ ਗੁਰੂ ਰਾਮ ਦਾਸ ਹਨ ਅਤੇ ਹੁਣ ਬਖ਼ਸ਼ਸ਼ਾਂ ਦੇ ਦਾਤੇ ਵੀ ਉਹ ਹੀ ਹਨ :

*ਗੁਰ ਅਮਰਹੁ ਗੁਰ ਰਾਮ ਦਾਸ,*
*ਜੋਤੀ ਜੋਤਿ ਜਗਾਇ, ਜੁਹਾਰਾ [1]*
*ਸਬਦ ਸੁਰਤਿ ਗੁਰ ਸਿੱਖ ਹੋਏ,*
*ਅਨਹਦ ਬਾਣੀ ਨਿਝਰਧਾਰਾ ।*
*ਤਖ਼ਤ ਬਖ਼ਤੁ ਪ੍ਰਗਟ ਪਾਹਾਰਾ ।*

ਬਸ ਇਹ ਹੀ ਕਹਿਣਾ ਬਣਦਾ ਹੈ ਕਿ ਜਦ ਗੁਰੂ ਅਮਰ ਦਾਸ ਜੀ ਨੇ ਦੇਖ ਲਿਆ ਕਿ (ਗੁਰੂ) ਰਾਮ ਦਾਸ ਸ਼ਾਂਤ ਸਰੋਵਰ ਵਾਂਗ ਹਨ । ਐਸੇ ਹੰਸ ਹਨ ਜੋ ਕੇਵਲ ਮੋਤੀ ਹੀ ਚੁਗਦੇ ਹਨ । ਸੱਚ ਅਤੇ ਝੂਠ ਦਾ ਨਿਤਾਰਾ ਦ੍ਰਿਸ਼ਟੀ ਨਾਲ ਕਰ ਦੇਂਦੇ ਹਨ । ਗੁਰ ਗਿਆਨ ਦ੍ਰਿੜ੍ਹਾਂਦੇ ਹਨ ਅਤੇ ਅਧਿਕਾਰੀ ਨੂੰ ਗਿਆਨ ਨਾਲ ਭਰਪੂਰ ਵੀ ਕਰ ਦੇਂਦੇ ਹਨ । ਇਕ ਮਨ ਇਕੋ ਦੀ ਹੀ ਅਰਾਧਨਾ ਕਰ ਰਹੇ ਹਨ । ਝੂਠ ਤੇ ਦੂਜੇ ਭਾਉ ਨੂੰ ਨੇੜੇ ਨਹੀਂ ਢੁੱਕਣ ਦੇਂਦੇ ਅਤੇ ਸਭ ਤੋਂ ਨਿਰਾਲੀ ਗੱਲ ਸ਼ਬਦ ਸੁਰਤਿ, ਲਿਵ ਸਹਿਜ ਅਤੇ ਅਟੁੱਟ ਸਮਾਧੀ ਸਾਧ ਸੰਗਤਿ ਰਾਹੀਂ ਪ੍ਰਾਪਤ ਕਰ ਕੇ ਸੰਸਾਰ ਨਹੀਂ ਤਜਿਆ, ਵੱਖ ਹੋ ਨਹੀਂ ਬੈਠੇ ਸਗੋਂ ਸਫ਼ਲ ਗ੍ਰਿਹਸਤੀ ਹਨ । ਜੰਮਣ ਮਰਨ ਦੇ ਡਰ ਤੋਂ ਉਤਾਂਹ ਹੋ ਕੇ ਵੱਡੇ ਤੋਂ ਵੱਡੇ ਜੋਗੀ ਜਿਤਨਾ ਪਰਉਪਕਾਰ ਕਰਦੇ ਤਾਂ ਡਿੱਠੇ ਹਨ ਪਰ ਗੁਰੂ ਰਾਮ ਦਾਸ ਜੀ ਜਿਹਾ ਕੋਈ ਡਿੱਠਾ ਨਹੀਂ । ਗਰੂ ਅਮਰ ਦਾਸ ਜੀ ਇਨ੍ਹਾਂ ਵਿਚ ਸਮਾ ਗਏ ਹਨ :

*ਸਹਜ ਸਰੋਵਰਿ ਪਰਮਹੰਸ,*
*ਗੁਰਮਤਿ ਮੋਤੀ ਮਾਣਕ ਚੋਗੀ ।*
*ਖੀਰ ਨੀਰ ਜਿਉ ਕੂੜ ਸਚੁ,*
*ਤਜਣੂ ਭਜਣੂ ਗੁਰ ਗਿਆਨ ਅਧੋਗੀ ।*
*ਇਕ ਮਨਿ ਇਕੁ ਅਰਾਧਣਾ,*
*ਪਰਿਹਰਿ ਦੂਜਾ ਭਾਉ ਦਰੋਗੀ ।*
*ਸਬਦ ਸੁਰਤਿ ਲਿਵ ਸਾਧ ਸੰਗਿ,*
*ਸਹਿਜ ਸਮਾਧਿ ਅਗਾਧਿ ਅਰੋਗੀ ।*
*ਜੰਮਣੂ ਮਰਣਹੁ ਬਾਹਰੇ,*
*ਪਰਉਪਕਾਰ ਪਰਸਪਰ ਜੋਗੀ ।*
*ਰਾਮ ਦਾਸ ਗੁਰ ਅਮਰ ਸਮੋਗੀ ॥ ੧੭ ॥ ੨੪ ॥*

---

1. ਨਮਸਕਾਰ ਕਰਨਾ ।

ਫਿਰ ਗੁਰੂ ਰਾਮ ਦਾਸ ਜੀ ਨੂੰ ਪਾਸ ਬਿਠਲਾ ਗੁਰੂ ਅਮਰ ਦਾਸ ਜੀ ਨੇ ਕਿਹਾ ਕਿ ਜੋ ਮਾਇਆ ਜਗਤ ਨੂੰ ਖਾ ਰਹੀ ਸੀ, ਉਸ ਨੂੰ ਕਾਬੂ ਪਾ ਵਰਤਣ ਦੀ ਜਾਚ ਤੁਸਾਂ ਨੂੰ ਆ ਗਈ ਹੈ । ਹੁਣ ਸਿੱਖ ਬੇਸ਼ੱਕ ਵਰਤਣ ਕਿਉਂਕਿ ਉਹ ਇਸ ਦੇ ਜਾਲ ਵਿਚ ਨਹੀਂ ਫਸ ਸਕਦੇ । ਇਹ ਮਾਇਆ ਗੁਰੂ ਨਾਨਕ ਦੇਵ ਜੀ ਵੇਲੇ ਉਹਨਾਂ ਦੇ ਤੇਜ ਕਰ ਬਾਰਾਂ-ਬਾਰਾਂ ਕੋਹ ਦੂਰ ਰਹੀ । ਅੰਗਦ ਦੇਵ ਜੀ ਦੇ ਸਮੇਂ ਜਦ ਸਿੱਖਾਂ ਨੂੰ ਜੁਗਤ ਆਈ ਤਾਂ ਕੁਝ ਨੇੜੇ ਹੋਈ । ਸਾਡੇ ਸਮੇਂ ਸਿੱਖਾਂ ਨੇ ਇਸ ਦਾ ਅਸਲ ਰੂਪ ਜਾਣ ਲਿਆ ਸੀ । ਸੋ ਦਲ੍ਹੀਜਾਂ 'ਤੇ ਹੱਥ ਜੋੜ ਖੜੀ ਰਹੀ । ਹੁਣ ਇਹ ਸਿੱਖਾਂ ਦਾ ਕੁਝ ਵਿਗਾੜ ਨਹੀਂ ਸਕਦੀ । ਇਸ ਨੂੰ ਅੰਦਰ ਆਉਣ ਦੀ ਆਗਿਆ ਹੈ । ਇਸ ਦੀ ਮੈਲ ਸਿੱਖਾਂ ਨੂੰ ਨਹੀਂ ਲੱਗ ਸਕੇਗੀ :

*ਅਬ ਤੁਮਰੇ ਘਰ ਬਿਖੈ ਪਰਵੇਸ਼ੀ,*
*ਬਿਘਨ ਕਲੇਸ਼ ਬਿਖੈ ਬਿਸ਼ੇਸ਼ੀ ।*
*ਤਊ ਅਲੇਪ ਰਹਹਿ ਇਸ ਮਾਹੀ,*
*ਇਸ ਕੇ ਦੋਸ਼ ਸਕਹਿ ਛੈਵ ਨਾਹੀ ॥ ੬੧ ॥*[1]

ਇਹ ਵੀ ਗੁਰੂ ਅਮਰ ਦਾਸ ਜੀ ਦੀ ਇਕ ਹੋਰ ਬਖ਼ਸ਼ਸ਼ ਸੀ । ਮਾਇਆ ਦੀ ਸਹੀ ਵਰਤੋਂ ਤੇ ਸਰੂਪ ਸਿੱਖਾਂ ਨੂੰ ਸਿਖਲਾ ਦਿੱਤਾ । ਪ੍ਰਭੂ ਦੀ ਯਾਦ ਵਿਸਰੀ ਨਹੀਂ ਕਿ ਮਾਇਆ ਆਈ ਨਹੀਂ । ਯਾਦ ਦੀ ਤੰਦ ਪੱਕੀ ਹੋਵੇ ਤਾਂ ਇਹ ਮਾਇਆ ਬਪਰੀ ਕੀ ਵਿਗਾੜ ਸਕਦੀ ਹੈ ।

ਮੋਹਰੀ ਪੁੱਤਰ ਸਨਮੁਖ ਹੋਇਆ — ਇਹ ਖ਼ਬਰ ਚਾਰੇ ਪਾਸੇ ਫੈਲ ਗਈ ਕਿ ਗੁਰੂ ਅਮਰ ਦਾਸ ਜੀ ਨੇ ਆਪਣੀ ਥਾਂ ਸਿਰਫ਼ ਗੁਰੂ ਰਾਮ ਦਾਸ ਜੀ ਨੂੰ ਥਾਪਿਆ ਹੀ ਨਹੀਂ ਸਗੋਂ ਆਪਣੀ ਆਯੂ ਦੇ ਬਾਕੀ ਸਾਲ ਵੀ ਦੇ ਦਿੱਤੇ ਹਨ । ਬਾਉਲੀ ਸਾਹਿਬ ਤੋਂ ਬਾਹਰ ਦੀਵਾਨ ਲੱਗ ਗਿਆ । ਕੀਰਤਨ ਹੋਣ ਲੱਗੇ । ਖਡੂਰ ਸਾਹਿਬ ਤੋਂ ਦਾਤੂ ਜੀ ਅਤੇ ਦਾਸੂ ਜੀ ਵੀ ਆ ਗਏ ।

ਭਰੇ ਦਰਬਾਰ ਵਿਚ ਸਤਿਗੁਰੂ ਜੀ ਨੇ ਦੱਸਿਆ ਕਿ ਉਹਨਾਂ ਦਾ ਅੰਤਮ ਸਮਾਂ ਆ ਗਿਆ ਹੈ । ਪ੍ਰਭੂ ਦਾ ਹੁਕਮ ਇਸੇ ਤਰ੍ਹਾਂ ਹੈ :

ਗੁਰੂ ਰਾਮ ਦਾਸ ਮੇਰਾ ਰੂਪ ਹਨ । ਧੁਰੋਂ ਅਕਾਲ-ਪੁਰਖ ਦਾ ਵੀ ਇਹ ਹੀ ਹੁਕਮ ਲਿਖਿਆ ਆਇਆ ਸੀ । ਉਸੇ ਦੀ ਮੈਂ ਪਾਲਣਾ ਕੀਤੀ ਹੈ :

*ਧੁਰਿ ਲਿਖਿਆ ਲੇਖ ਰਜਾਇ ਜੀਉ ।*

"ਰੋਸ਼ਨੀ ਤੇ ਸਿੱਖਿਆ ਦਾਤਾ ਹੁਣ ਗੁਰੂ ਰਾਮ ਦਾਸ ਜੀ ਹਨ । ਇਹਨਾਂ

---

1. ਰਾਸ ਪਹਿਲੀ, ਅੰਸ ੬੧.
ਮਹਿਮਾ ਪ੍ਰਕਾਸ਼ ਦੇ ਸ਼ਬਦਾਂ ਵਿਚ :
"ਬਿਘਨ ਰੂਪ ਮਾਇਆ ਜਗਤ ਕਛ ਲਗੇ ਨ ਤੁਮ ਕੇ ਲੇਸ ।"

ਅੱਗੇ ਹੀ ਸਿਰ ਝੁਕਾਉਣਾ । ਇਹਨਾਂ ਨਿੰਮ੍ਰਤਾ ਵਿਚ ਰਹਿ ਪਰੇਮ ਸਹਿਤ ਘਾਲ ਘਾਲੀ ਹੈ । ਇਹਨਾਂ ਅਗੇ ਸਭ ਬੰਦਨਾ ਕਰੇ,'' ਇਤਨਾ ਕਹਿਣਾ ਸੀ ਕਿ 'ਗੁਰ ਸਿੱਖਾਂ ਮੰਨਿ ਲਈ ਰਜਾਇ ਜੀਉ ।' ਪਰ ਜਦ ਮੋਹਨ ਜੀ ਨੂੰ ਸਿਰ ਝੁਕਾਉਣ ਲਈ ਕਿਹਾ ਤਾਂ ਉਹ ਅਗ ਬਗੋਲਾ ਹੋ ਗਏ । ਅਗੋਂ ਬੋਲ ਪਏ,''ਇਹਨਾਂ ਅਗੇ ਸਿਰ ਝੁਕਾਵਾਂ ? ਮੇਰੀ ਵਸਤੂ ਇਸ ਨੂੰ ਦੇ ਦਿੱਤੀ ਜੇ, ਇਹ ਸਾਡੀ ਮਾਲਕੀ ਹੈ । ਇਹ ਕੌਣ ਹੈ ਹੱਕ ਖੋਹਣ ਵਾਲਾ ?'' ਕਹਿੰਦੇ ਹਨ ਕਿ ਇਤਨਾ ਉੱਚਾ ਬੋਲੇ ਕਿ ਸੁੱਧ ਬੁੱਧ ਭੁੱਲ ਗਈ । ਕਈਆਂ ਚੁਪ ਕਰਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਕਮਲਿਆਂ ਵਾਂਗੂੰ ਵਾਉ ਦਾਉ ਬੋਲਦੇ ਹੀ ਗਏ । ਸੇਵਾਦਾਰਾਂ ਪਾਸੇ ਕਰ ਦਿੱਤਾ ।

ਜਦ ਮੋਹਰੀ ਜੀ ਨੂੰ ਮੱਥਾ ਟੇਕਣ ਲਈ ਕਿਹਾ ਗਿਆ ਤਾਂ ਉਹਨਾਂ ਢਿੱਲ ਨਾ ਲਗਾਈ । ਅਗੇ ਵੱਧ ਮੱਥਾ ਟੇਕਿਆ ਤੇ ਜਦ ਗੁਰੂ ਅਮਰਦਾਸ ਜੀ ਨੇ ਪੁੱਛਿਆ ਕਿ ਤੁਸੀਂ ਗੁਰੂ ਰਾਮ ਦਾਸ ਜੀ ਨੂੰ ਕੀ ਜਾਤਾ ਤਾਂ ਕਿਹਾ ਕਿ ਪ੍ਰਭੂ ਦਾ ਰੂਪ ਹੀ ਗੁਰੂ ਰਾਮ ਦਾਸ ਜੀ ਹਨ । ਗੁਰੂ ਨਾਨਕ ਗੁਰੂ ਅੰਗਦ ਤੇ ਗੁਰੂ ਅਮਰ ਦਾਸ ਜੀ ਦਾ ਰੂਪ ਹਨ ।[1] ਇਹ ਸੁਣਦੇ ਸਾਰ ਗੁਰੂ ਅਮਰ ਦਾਸ ਜੀ ਬਹੁਤ ਹੀ ਖ਼ੁਸ਼ ਹੋਏ ਤੇ 'ਸਨਮੁਖ ਪੁੱਤਰ' ਹੋਣ ਦੀ ਰਹਿਮਤ ਕੀਤੀ ਅਤੇ ਨਾਲ ਕਿਹਾ :

ਸੰਤ ਪੁਰਸ਼ਾਂ ਦੀਆਂ ਇੱਕੀ ਕੁਲਾਂ ਤਰਦੀਆਂ ਹਨ । ਤੇਰੀਆਂ ਬਤਾਲੀ ਉਧਰਣਗੀਆਂ । ਸਿੱਖੀ ਦੀ ਮਹਾਨ ਪਦਵੀ ਤੈਨੂੰ ਪ੍ਰਾਪਤ ਹੋਈ ਹੈ :

*ਤੂ ਪਰਮ ਪੁਨੀਤ ਸਿੱਖ ਮਮ ਭਇਆ ।*
*ਸਿੱਖੀ ਪਦ ਤੋ ਕੋ ਮੈ ਦੀਆ ।*

ਕਨ੍ਹਈਆ ਲਾਲ ਤੇ ਤਾਰੀਖ਼-ਇ-ਪੰਜਾਬ ਵਿਚ ਵੀ ਲਿਖਿਆ ਹੈ ਕਿ ਦੋਹਾਂ ਸਪੁੱਤਰਾਂ ਵਿਚੋਂ ਮੋਹਰੀ ਜੀ ਨੇ ਆਪਣੇ ਪਿਤਾ ਦੀ ਹਦੋਂ ਵੱਧ ਆਗਿਆਕਾਰੀ ਤੇ ਤਾਬਿਆਦਾਰੀ ਕੀਤੀ । ਗੁਰੂ ਅਮਰਦਾਸ ਜੀ ਨੇ ਉਸ ਲਈ ਸ਼ੁਭ ਕਾਮਨਾ ਕੀਤੀ ਅਤੇ ਸਿੱਖੀ ਦੀ ਦਾਤ ਬਖ਼ਸ਼ੀ ਅਤੇ ਉਸ ਦੀਆਂ ਇੱਕੀ ਪੀੜ੍ਹੀਆਂ ਲਈ ਮੁਕਤੀ ਦਾ ਵਰ ਦਿੱਤਾ । ਮੈਕਾਲਫ਼ ਦੇ ਕਹਿਣ ਅਨੁਸਾਰ ਬਾਬਾ ਮੋਹਰੀ ਜੀ ਨੂੰ ਪਾਸ ਬਿਠਾਲ ਇਹ ਵੀ ਕਿਹਾ : ਕਿਰਤ ਕਰਨੀ, ਧਰਮਸਾਲ ਦੀ ਝਾਕ ਨਾ ਰੱਖਣੀ ਇਮਾਨਦਾਰੀ ਨਾਲ ਰਹਿਣਾ । ਵਾਹਿਗੁਰੂ ਦਾ ਸਦਾ ਨਾਮ ਜਪਣਾ । ਵਾਹਿਗੁਰੂ ਤੋਂ ਬੇਮੁੱਖ ਕਦੇ ਨਾ ਹੋਣਾ । ਗੁਰੂ ਸਿੱਖਿਆ 'ਤੇ ਚਲਣਾ । ਸਦਾ ਸੁਖੀ ਰਹੋ ।

---

1. ਗੁਰੂ ਰਾਮ ਦਾਸ ਨਾਮ ਪ੍ਰਭ ਰਾਖਾ ।
ਗੁਰ ਨਾਨਕ ਅੰਗਦ ਅਮਰ ਸਰੂਪ ।
ਗੁਰ ਰਾਮ ਦਾਸ ਭਾਸਤ ਇਕ ਰੂਪ ।
ਸੁਨ ਬਹੁ ਬਚਨ ਪ੍ਰਭ ਭਏ ਪ੍ਰਸੰਨ ।
ਧਨ ਪੁਤ ਸਨਮੁਖ ਮੋਹਰੀ ਧੰਨ ।
(ਮਹਿਮਾ ਪ੍ਰਕਾਸ਼, ਸਾਖੀ ੩੨, ਪਾਤਸ਼ਾਹੀ ਤੀਜੀ)

ਗੁਰੂ ਅਮਰ ਦਾਸ ਜੀ ਨੇ ਜੋ ਅੰਤਮ ਬਚਨ ਬੋਲੇ ਉਹ ਸਾਡੀ ਖ਼ੁਸ਼ਕਿਸਮਤੀ ਨੂੰ

**ਅੰਤਮ ਬਚਨ**

ਗੁਰੂ ਜੀ ਦੇ ਹੀ ਪੋਤਰੇ ਬਾਬਾ ਸੁੰਦਰ ਜੀ ਨੇ ਕਲਮ-ਬੱਧ ਕਰ ਲਏ ਤੇ ਉਹਨਾਂ ਨੂੰ ਪਿਛੋਂ ਗੁਰੂ ਅਰਜਨ ਦੇਵ ਜੀ ਨੇ ਰਾਮਕਲੀ ਰਾਗ ਵਿੱਚ ਸੱਦ ਦੇ ਸਿਰਲੇਖ ਹੇਠਾਂ ਅਨੰਦ ਸਾਹਿਬ ਦੀ ਬਾਣੀ ਉਪਰੰਤ ਦਰਜ ਕਰ ਦਿੱਤੇ ।

ਉਸ ਵਿਚ ਲਿਖਿਆ ਹੈ ਕਿ 'ਮੋਹਰੀ ਪੁਤੁ ਸਨਮੁਖ ਹੋਇਆ, ਰਾਮ ਦਾਸ ਪੈਰੀਂ ਪਾਇ ਜੀਉ' । ਆਪ ਜੀ ਨੇ ਫ਼ਰਮਾਇਆ :

''ਇਹ ਸਭ ਹੁਕਮ ਦੀ ਖੇਡ ਹੈ ਜੋ ਹੋ ਰਿਹਾ ਹੈ । ਪ੍ਰਭੂ ਦਾ ਭਾਣਾ ਇਸੇ ਤਰ੍ਹਾਂ ਹੈ । ਉਸ ਦਾ ਸੱਦਾ ਆਉਣ 'ਤੇ ਕੋਈ ਟਿਕ ਕੇ ਨਹੀਂ ਰਹਿ ਸਕਦਾ । ਅਕਾਲ ਪੁਰਖ ਅਗੇ ਇਹ ਹੀ ਅਰਦਾਸ ਹੈ ਕਿ ਉਹ ਪੈਜ ਰੱਖੇ । ਅਸਲ ਵਿਚ ਉਹ ਹੀ ਪੁਰਖ ਕਹਿਲਾਉਣ ਦਾ ਹੱਕਦਾਰ ਹੈ, ਉਹ ਹੀ ਭਗਤ ਸਦਾਉਣ ਯੋਗ ਹੈ, ਉਹ ਹੀ ਸਤਿਗੁਰੂ ਪੂਰਾ ਹੈ, ਜਿਸ ਨੂੰ ਰੱਬ ਦਾ ਭਾਣਾ ਮਿੱਠਾ ਲੱਗਦਾ ਹੈ । ਜਿਸ ਨੂੰ ਭਾਣਾ ਮਿੱਠਾ ਲੱਗਦਾ ਹੈ, ਉਸ ਅੰਦਰ ਅਨੰਦ ਦੇ ਵਾਜੇ ਵਜਦੇ ਹਨ । ਅਕਾਲ ਪੁਰਖ ਐਸੇ ਪੁਰਖ ਨੂੰ ਆਪੂੰ ਗੱਲ ਲਗਾਉਂਦਾ ਹੈ ।''[1]

''ਇਹ ਮੈਨੂੰ ਮੂਲੋਂ ਹੀ ਚੰਗਾ ਨਹੀਂ ਲੱਗਦਾ ਕਿ ਕੋਈ ਮੇਰੇ ਜਾਣ ਤੋਂ ਬਾਅਦ ਰੋਵੇ । ਤੁਹਾਨੂੰ ਤਾਂ ਸਗੋਂ ਪ੍ਰਸੰਨ ਹੋਣਾ ਚਾਹੀਦਾ ਹੈ ਕਿ ਪੂਰੀ ਇੱਜ਼ਤ ਨਾਲ ਗੁਰੂ ਪਿਤਾ, ਮਿਤ ਵਾਹਿਗੁਰੂ ਦੇ ਘਰ ਜਾ ਰਿਹਾ ਹੈ । ਜ਼ਰਾ ਵਿਚਾਰ ਕੇ ਦੇਖਣਾ ਇਹ ਅਕਾਲ ਪੁਰਖ ਕੋਲ ਜਾਣਾ ਤਾਂ ਸਗੋਂ ਸਿਰੋਪਾਓ ਮਿਲਣ ਵਾਂਗ ਹੈ । ਸਿਰੋਪਾਓ ਮਿਲਣ 'ਤੇ ਪ੍ਰਸੰਨ ਹੋਣਾ ਚਾਹੀਦਾ ਹੈ, ਕਿ ਸੋਗੀ ।''[2]

''ਪਿਛੋਂ ਨਿਰੋਲ ਕੀਰਤਨ ਕਰਨਾ । ਹਰੀ ਦੀ ਹੀ ਕਥਾ ਕਰਨੀ । ਕੋਈ ਪਿੰਡ ਨਾ ਭਰਨਾ । ਪਤਲ ਨਾ ਤਾਰਨਾ । ਦੀਵਾ ਨ ਬਾਲਣਾ । ਫੁਲ ਨਾ ਚੁਗਣੇ । ਮੈਨੂੰ ਵੱਡਾ ਵੀ ਨਾ ਕਰਨਾ । ਮੈਨੂੰ ਵੱਡਾ ਕਰਨਾ ਕੇਵਲ ਇਹ ਹੀ ਹੈ ਕਿ ਕੀਰਤਨ ਕਰਦੇ ਰਹਿਣਾ ।''[3]

---

1. ਭਗਤੁ ਸਤਿਗੁਰੁ ਪੁਰਖੁ ਸੋਈ ਜਿਸੁ ਹਰਿ ਪ੍ਰਭ ਭਾਣਾ ਭਾਵਏ ।
   ਆਨੰਦ ਅਨਹਦ ਵਜਹਿ ਵਾਜੇ ਹਰਿ ਆਪਿ ਗਲਿ ਮੇਲਾਵਏ ।
2. ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ ।
   ਮਿਤੁ ਪੈਝੈ ਮਿਤੁ ਬਿਗਸੈ ਜਿਸੁ ਮਿਤ ਕੀ ਪੈਜ ਭਾਵਏ ।
   ਤੁਸੀ ਵੀਚਾਰਿ ਦੇਖਹੁ ਪੁਤ ਭਾਈ ਹਰਿ ਸਤਿਗੁਰੂ ਪੈਨਾਵਏ ।
3. ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ ।
   ਕੇਸੋ ਗੋਪਾਲ ਪੰਡਿਤ ਸਦਿਅਹੁ ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ ।
   ਹਰਿ ਕਥਾ ਪੜੀਐ ਹਰਿ ਨਾਮੁ ਸੁਣੀਐ ਬੇਬਾਣੁ ਹਰਿ ਰੰਗੁ ਗੁਰ ਭਾਵਏ ।
   ਪਿੰਡੁ ਪਤਲਿ ਕਿਰਿਆ ਦੀਵਾ ਫੁਲ ਹਰਿ ਸਰਿ ਪਾਵਏ ॥
   (ਪੰਨਾ ੯੨੩, ਗੁਰੂ ਗਰੰਥ ਸਾਹਿਬ)

ਜੋ ਵੀ ਸਤਿਗੁਰੂ ਬੋਲੇ ਸਿੱਖਾਂ ਮੰਨਿਆ ਤੇ ਆਗਿਆ ਅਗੇ ਸਿਰ ਝੁਕਾ ਦਿੱਤਾ:

*ਸਤਿਗੁਰ ਪੁਰਖੁ ਜਿ ਬੋਲਿਆ*
*ਗੁਰਸਿਖਾ ਮੰਨਿ ਲਈ ਰਜਾਇ ਜੀਉ ।*

ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ ਕਿ ਬਾਬਾ ਮੋਹਰੀ ਜੀ ਨੇ ਗੁਰੂ ਪਿਤਾ ਕੋਲੋਂ ਪੁੱਛਿਆ ਕਿ ਉਨ੍ਹਾਂ ਦੇ ਜੋਤੀ ਜੋਤ ਸਮਾਉਣ ਉਪਰੰਤ ਕੋਈ ਕੁਲ-ਧਰਮ ਕੀਤਾ ਜਾਏ ਤਾਂ ਗੁਰੂ ਜੀ ਨੇ ਫ਼ਰਮਾਇਆ ਕਿ ਕਰਮ ਸਭ ਫ਼ਜ਼ੂਲ ਹਨ । ਕੇਵਲ ਭਗਤੀ ਕਰਮ ਹੀ ਪ੍ਰਵਾਨ ਹੈ । ਬਗ਼ੈਰ ਭਗਤੀ ਤੋਂ ਕੀਤੇ ਕਰਮ ਅਧਰਮ ਹਨ ।

*ਬਿਨ ਹਰਿ ਭਗਤ ਕਰਹਿ ਮਨ ਕਰਮ ।*
*ਸੋ ਸਗਰੇ ਹੁਏ ਜਾਹਿ ਅਧਰਮ ।*[1]

ਮਹਿਮਾ ਪ੍ਰਕਾਸ਼ ਵਾਰਤਿਕ ਦੇ ਅਨੁਸਾਰ ਆਪ ਜੀ ਨੇ ਬਚਨ ਕੀਤਾ ਕਿ 'ਜਗਤ ਰੀਤ ਨਾ ਕਰਨਾ, ਪੰਥ ਕੀ ਮਰਯਾਦਾ ਕੇ ਵਾਸਤੇ ਕਥਾ ਕੀਰਤਨ ਹੀ ਕਰਨਾ । ਮੇਰੇ ਪਿਛੇ ਭਲੇ ਬਸਤਰ ਪਹਰਣੇ ।'

ਗੁਰੂ ਜੀ ਨੇ ਸਭ ਹਾਜ਼ਰ ਸੰਗਤਾਂ ਨੂੰ ਪ੍ਰਸ਼ਾਦ ਛਕਣ ਦਾ ਹੁਕਮ ਕੀਤਾ । ਸੰਗਤਾਂ ਹੁਕਮ ਮੰਨ ਪ੍ਰਸ਼ਾਦ ਛਕਣ ਚਲੀਆਂ ਗਈਆਂ । ਸੂਰਜ ਸਿਰ 'ਤੇ ਆ ਗਿਆ ਸੀ ।

**ਜੋਤੀ ਜੋਤ ਰਲੀ :** ਸੰਗਤਾਂ ਦਾ ਬਹੁਤ ਭਾਰੀ ਇਕੱਠ ਹੋ ਗਿਆ । ਆਪ ਜੀ ਨੇ ਇਕ ਉੱਜਲ ਸਫ਼ੈਦ ਚਾਦਰ ਆਪਣੇ ਨੂਰਾਨੀ ਚਿਹਰੇ 'ਤੇ ਕਰ ਲਈ ਤੇ ਉਥੇ ਹੀ ਬਿਰਾਜ ਗਏ ਤੇ ਦੇਖਦੇ ਹੀ ਦੇਖਦੇ ਜੋਤੀ ਜੋਤ ਸਮਾ ਗਏ ।

ਜਦ ਆਪ ਜੀ ਨੇ ਸਚਖੰਡ ਪਿਯਾਨਾ ਕੀਤਾ ਤਾਂ ਸਭ ਇਹ ਕਉਤਕ ਦੇਖ ਅਸਚਰਜ ਹੋਏ ਕਿ ਸੂਰਜ ਦਾ ਤੇਜ ਮਠਾ ਪੈ ਗਿਆ ਤੇ ਇਕ ਨਵੇਂ ਪ੍ਰਕਾਰ ਦਾ ਤੇਜ ਸਾਰੇ ਗੋਇੰਦਵਾਲ ਦੁਆਲੇ ਛਾ ਗਿਆ ।

*ਸੂਰਜ ਤੇਜ ਮਦ ਪਰ ਗਇਊ ।*
*ਅਨਿਕ ਪ੍ਰਕਾਸ਼ ਅਮਰ ਬਿਧੀ ਭਇਊ ।*[2]

ਸਾਰਾ ਵਾਤਾਵਰਣ ਹੀ ਸੁਗੰਧਿਤ ਹੋ ਗਿਆ ਅਤੇ ਇੰਜ ਪ੍ਰਤੀਤ ਹੋਵੇ ਕਿ ਮਧੁਰ-ਮਧੁਰ ਸੰਗੀਤ ਚਲ ਰਿਹਾ ਹੈ । ਸਾਰੇ ਧੰਨ ਗੁਰੂ ਅਮਰ ਦਾਸ, ਧੰਨ ਗੁਰੂ ਅਮਰ ਦਾਸ ਕਹਿ ਰਹੇ ਸਨ ਅਤੇ ਨਾਲ ਹੀ ਮਹਾਰਾਜ ਦੇ ਪਰਉਪਕਾਰ ਗਿਣਾ ਰਹੇ ਸਨ ਕਿ ਉਹਨਾਂ ਨੇ ਕਰਾਮਾਤਾਂ ਦੇ ਖ਼ਜ਼ਾਨੇ ਹੀ ਖੋਲ੍ਹ ਦਿੱਤੇ । ਸਿੱਖਾਂ ਨੂੰ ਦਾਤਾਂ ਵੰਡਦੇ ਰਤਾ ਭਰ ਹੱਥ ਨਾ ਖਿਚਿਆ, ਸਿੱਖੀ ਦੂਰ-ਦੂਰ ਤੱਕ ਫੈਲੀ । ਅਨੇਕਾਂ ਸਿੱਖ ਬਣੇ ਜਿਨ੍ਹਾਂ ਤਨ, ਮਨ, ਧਨ ਨਾਲ ਸੇਵਾ ਕੀਤੀ । ਕਿਤਨੇ ਹੀ ਸਿੱਖ ਉੱਚੇ

1. ਰਾਸ ਪਹਿਲੀ, ਅੰਸ ੬੮ ।
2. ਰਾਸ ੧, ਅੰਸ਼ ੬੮ ।

ਮਰਾਤਬਿਆਂ ਨੂੰ ਪਹੁੰਚੇ । ਸਤਿਗੁਰੂ ਦੇ ਗੁਣਾਂ ਦਾ ਕੋਈ ਅੰਤ ਨਹੀਂ । ਆਪ ਭਗਵੰਤ ਹੀ ਸਨ । ਦੇਖੋ ਗੋਇੰਦਵਾਲ ਅਤੇ ਇਲਾਕੇ 'ਤੇ ਕਿਤਨੀ ਰਹਿਮਤ ਹੋਈ ਕਿ ਬਾਈ ਸਾਲ ਕਿਸੇ ਦਾ ਜੁਆਨ ਪੁੱਤਰ ਨਾ ਗੁਜ਼ਰਿਆ ।

ਸਤਿਜੁਗ ਹੀ ਬਣ ਗਿਆ ਸੀ । ਇਥੇ ਨਾ ਕੋਈ ਚੋਰੀ, ਨਾ ਧਾੜ, ਨਾ ਕਦੇ ਹੜ੍ਹ, ਨਾ ਕਦੇ ਅੱਗ ਤੇ ਨਾ ਹੀ ਕਦੇ ਬਾਰਸ਼ ਦੀ ਥੁੜ ਮਹਿਸੂਸ ਹੋਈ । ਜਗ ਵਿਚ ਚੈਨ ਸੀ :

*ਚੋਰੁ ਧਾੜ ਜਲ ਅਗਨ ਅਉੜ,*
*ਕਦ ਬਿਘਨ ਨ ਹੋਈ ।*
*ਜਗਤ ਮੈ ਚੈਨ ਅਰਾਮ,*
*ਦੁਖ ਰਹੈ ਨ ਕੋਈ ।*[1]

ਚੰਦਨ ਦੀ ਚਿਖਾ ਬਿਆਸਾ ਕਿਨਾਰੇ ਤਿਆਰ ਕੀਤੀ ਗਈ । ਗੁਰੂ ਮਹਾਰਾਜ ਦੇ ਪਾਵਨ ਸਰੀਰ ਨੂੰ ਅਰਥੀ 'ਤੇ ਰਖ, ਗੁਰੂ ਰਾਮ ਦਾਸ ਜੀ, ਬਾਬਾ ਮੋਹਰੀ ਜੀ, ਭਾਈ ਬੁੱਢਾ ਜੀ ਤੇ ਭਾਈ ਬਲੂ ਜੀ ਆਪਣੇ ਮੋਢਿਆਂ 'ਤੇ ਚੁੱਕ ਚਿਤਾ ਵਾਲੀ ਥਾਂ ਲੈ ਗਏ । ਬਾਬਾ ਮੋਹਰੀ ਜੀ ਨੇ ਅਗਨ ਭੇਂਟ ਕੀਤਾ ਅਤੇ ਸਾਰੀ ਸੰਗਤ ਸਿਮਰਨ ਕਰਦੀ, ਗੁਣ ਗਾਉਂਦੀ ਵਾਪਸ ਮੁੜੀ ।

□

---

1. ਬੰਸਾਵਲੀ ਨਾਮਾ ।

5

# ਗੁਰਿਆਈ ਦੇ ਮੁੱਢਲੇ ਸਾਲ

**ਪੜਦਾਦੇ ਪ੍ਰਵਾਣੁ ਪੜੋਤਾ :** ਗੁਰੂ ਰਾਮ ਦਾਸ ਜੀ ਦੇ ਦੀਦਾਰ ਕਰਕੇ ਸਭ ਕਹਿ ਰਹੇ ਸਨ ਕਿ ਪਿਤਾ ਗੁਰੂ ਅਮਰ ਦਾਸ ਜੀ, ਦਾਦੇ ਗੁਰੂ ਅੰਗਦ ਦੇਵ ਜੀ ਅਤੇ ਪੜਦਾਦੇ ਗੁਰੂ ਨਾਨਕ ਦੇਵ ਜੀ ਵਰਗੇ ਹੀ ਗੁਰੂ ਰਾਮ ਦਾਸ ਜੀ ਹਨ ।

ਇਹ ਐਸੇ ਆਏ ਹਨ ਕਿ ਹਰ ਇਕ ਨੂੰ ਜੋ ਘੂਕ ਮਾਇਆ ਦੀ ਨੀਂਦੇ ਸੁੱਤਾ ਹੈ, ਹੋਕਾ ਦੇ ਜਗਾ ਦੇਣਗੇ । ਸੁੱਤੇ ਹੋਏ ਨੂੰ ਕੋਈ ਜਗਾਉਣ ਦਾ ਹੀਆ ਨਹੀਂ ਕਰਦਾ ਅਤੇ ਜੇ ਕੋਈ ਜਗਾਏ ਵੀ ਤਾਂ ਜਾਗਣ ਵਾਲਾ ਬੜਾ ਖਿੱਝਦਾ ਹੈ ਪਰ ਇਹਨਾਂ ਜ਼ਿੰਮੇ ਤਾਂ ਇਹ ਕਾਰਜ ਹੀ ਲੱਗਾ ਹੈ ਕਿ ਪਰਵਾਹ ਕੀਤੇ ਬਗ਼ੈਰ ਜਗਾ ਦੇਣਾ । ਫਿਰ ਹਉਮੈ ਰੋਗ ਇਤਨਾ ਪ੍ਰਬਲ ਹੈ ਕਿ ਉਹਨਾਂ ਦੇਖ ਲਿਆ ਕਿ ਮਿੱਠੀ ਦਵਾਈ ਦਿੱਤਿਆਂ ਇਹ ਨਹੀਂ ਕਟਿਆ ਜਾਏਗਾ । ਸੋ ਉਹ ਕੌੜੀ ਦਵਾਈ ਦੇਣ ਤੋਂ ਵੀ ਨਹੀਂ ਝਿਜਕੇ :

*ਗੁਰਮਤਿ ਜਾਗ ਜਗਾਇਦਾ,*
*ਕਲਿਜੁਗ ਅੰਦਰਿ ਕੌੜਾ ਸੋਤਾ ।*

ਉਹਨਾਂ ਜੀਵਾਂ ਨੂੰ ਜਾਚ ਸਿਖਲਾਈ ਕਿ ਦੁਨੀਆਂ ਵਿਚ ਚੰਗੀ ਤਰ੍ਹਾਂ ਰਹਿਣਾ ਕਿਵੇਂ ਹੈ । ਦੁਨੀਆਂ ਵਿਚ ਉਹ ਹੀ ਸੁਖੀ ਰਹਿ ਸਕਦਾ ਹੈ ਕਿ ਜੋ ਇਕ ਥੰਮ੍ਹੀ ਸਹਾਰੇ ਆਪਣਾ ਮਹਿਲ ਨਹੀਂ ਉਸਾਰਦਾ । ਥੰਮ੍ਹੀਆਂ ਦੋ ਹੀ ਹਨ । ਦੀਨ ਅਤੇ ਦੁਨੀ ਦੀਆਂ । ਜਿਸ ਦੀਨ ਛੋਡਿਆ ਉਹ ਵੀ ਦੁੱਖੀ ਹੋਇਆ ਤੇ ਜਿਸ ਦੁਨੀਆਂ ਛੱਡ ਦਿੱਤੀ, ਉਹ ਭਟਕਦਾ ਹੀ ਰਿਹਾ । ਇਹ ਭਟਕਣ ਅਥਰਬਣ ਵੇਦ ਦੇ ਖ਼ਿਆਲਾਂ ਨੇ ਦੁਨੀਆਂ ਵਿਚ ਪਾਈ ਸੀ । ਅਥਰਬਣ ਵਹਿਮਾਂ, ਭਰਮਾਂ ਤੇ ਕਰਮਾਂ ਦਾ ਪ੍ਰਚਾਰਕ ਸੀ । ਗੁਰੂ ਜੀ ਨੇ ਉਹ ਉਖਾੜ ਸੁਟਿਆ । ਥੰਮ੍ਹ ਦੀਨ ਤੇ ਦੁਨੀ ਦੇ ਲੁਕਾਈ ਨੂੰ ਮਿਲ ਗਏ :

*ਦੀਨ ਦੁਨੀ ਦਾ ਥੰਮ੍ਹ ਹੋਇ,*
*ਭਾਰ ਅਥਰਬਣ ਥੰਮਿ ਖਲੋਤਾ ।*

ਐਸੀ ਜਾਚ ਸਿੱਖਾਂ ਨੂੰ ਆ ਗਈ ਕਿ ਉਹ ਹੁਣ ਜਗਤ-ਸਾਗਰ ਦੀਆਂ

ਘੁੰਮਣ-ਘੇਰੀਆਂ ਵਿਚ ਨਹੀਂ ਫਸਦੇ । ਗੁਰੂ ਨੇ ਐਸਾ ਸ਼ਬਦ ਦਾ ਜਹਾਜ਼ ਬਣਾ ਦਿੱਤਾ ਕਿ ਉਹ ਉਸ 'ਤੇ ਚੜ੍ਹ ਗੋਤੇ ਨਹੀਂ ਖਾਂਦੇ :

*ਭਜਉਲ ਭਉ ਨ ਵਿਆਪਈ,*
*ਗੁਰ ਬੋਹਿਥ ਚੜਿ ਖਾਇ ਨ ਗੋਤਾ ।*

ਲੋਕਾਂ ਨੂੰ ਅਵਗੁਣ ਵੇਚਣ ਤੇ ਗੁਣ ਵਿਹਾਝਣ ਦੀ ਜਾਚ ਸਿਖਾਲ ਦਿੱਤੀ । ਸਿੱਖ ਹੁਣ ਘੰਧਿਆਂ ਵਿਚ ਨਹੀਂ ਪੈਂਦੇ । ਸਫਲ ਤੇ ਸਚਾ ਸੌਦਾ ਕਰਦੇ ਹਨ । ਵਪਾਰ ਵੀ ਉਹਨਾਂ ਦਾ ਸੁੱਚਾ ਹੈ । ਕਿਰਤ ਵੀ ਸੁੱਚੀ ਹੈ ਤੇ ਦੁਕਾਨਦਾਰੀ ਵੀ ਖਰੀ ਹੈ । ਸਿੱਖ ਸਫਲ ਵਪਾਰੀ ਹੈ । ਇਹ ਜਾਚ ਉਹਨਾਂ ਗੁਰੂ ਜੀ ਤੋਂ ਸਿੱਖੀ ਹੈ :

*ਅਵਗੁਣ ਲੈ ਗੁਣ ਵਿਕਣ,*
*ਗੁਰ ਹਟ ਨਾਲੈ ਵਣਜ ਸਉਤਾ ।*

ਫਿਰ ਇਹ ਜੁਗਤ ਵੀ ਸਿੱਖਾਂ ਨੂੰ ਆ ਗਈ ਕਿ ਪ੍ਰਾਪਤ ਚੀਜ਼ ਨੂੰ ਕਾਇਮ ਕਿਵੇਂ ਰੱਖਣਾ ਹੈ । ਸਾਧ ਸੰਗਤ ਵਿਚ ਨਿੱਤ ਜਾਣ ਨਾਲ ਪ੍ਰਾਪਤ ਵਸਤੂ ਗਵਾਚਦੀ ਨਹੀਂ । 'ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ, ਇਹ ਰੀਤਿ ਭਲੀ ਭਗਵੰਤੈ ।' ਹੁਣ ਸਿੱਖਾਂ ਨੂੰ ਮੈਲ ਲੱਗ ਵੀ ਨਹੀਂ ਸਕਦੀ ਕਿਉਂਕਿ ਉਹ ਰੋਜ਼ ਸਾਧ ਸੰਗਤ ਦੇ ਸਰੋਵਰ ਵਿਚ ਇਸ਼ਨਾਨ ਕਰ ਲੈਂਦੇ ਹਨ । ਇਹ ਵੱਲ ਵੀ ਗੁਰੂ ਰਾਮ ਦਾਸ ਜੀ ਨੇ ਸਿਖਾਇਆ ਹੈ :

*ਮੈਲਾ ਕਦੇ ਨ ਹੋਵਈ,*
*ਗੁਰ ਸਰਵਰਿ ਨਿਰਮਲ ਜਲ ਧੋਤਾ ।*

ਸਭ ਇਹ ਹੀ ਆਖ ਰਹੇ ਹਨ, ਗੁਰੂ ਰਾਮ ਦਾਸ ਜੀ ਦੇ ਦਰਸ਼ਨ ਕਰ ਕੇ ਗੁਰੂ ਨਾਨਕ ਦੀ ਕੁਲ ਵਿਚ ਐਸੇ ਪਰਉਪਕਾਰੀ, ਨਿਰਲੇਪ ਕੇਵਲ ਗੁਰੂ ਰਾਮ ਦਾਸ ਜੀ ਹਨ :

*ਬਾਬਾਣੈ ਕੁਲਿ ਕਵਲ ਅਛੋਤਾ ।*[1]

ਭੱਟ ਨਲ੍ਹ ਕਹਿੰਦੇ ਹਨ ਕਿ ਗੁਰੂ ਰਾਮ ਦਾਸ ਜੀ ਦੇ ਦਰਸ਼ਨ ਕੀਤਿਆਂ ਹੀ ਕਾਮ ਕ੍ਰੋਧ ਦੂਰ ਹੋ ਜਾਂਦੇ ਹਨ :

*ਜਾ ਕੇ ਦੇਖਤ ਦੁਆਰੇ,*
*ਕਾਮ ਕ੍ਰੋਧ ਹੀ ਨਿਵਾਰੇ ।*

ਗੁਰੂ ਰਾਮ ਦਾਸ ਜੀ ਉਸੇ ਗੁਰੂ ਨਾਨਕ ਕੁਲ ਦੇ ਚਾਨਣ ਹਨ । ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਐਸਾ ਜਗਤ ਨੂੰ ਚਾਨਣ ਬਖ਼ਸ਼ਿਆ ਕਿ ਸਭ ਨੂੰ ਖ਼ੁਸ਼ੀ ਮਿਲੀ । 'ਪ੍ਰਿਥਮੇ ਨਾਨਕ ਚੰਦ ਜਗਤ ਭਯੋ ਅਨੰਦ ।' ਫਿਰ ਇਹੀ ਪ੍ਰਕਾਸ਼ ਦਾ

---

1. ਵਾਰ ੨੪ਵੀਂ, ਪਾਉੜੀ ੧੫ਵੀਂ ।

ਖ਼ਜ਼ਾਨਾ ਗੁਰੂ ਅੰਗਦ ਦੇਵ ਜੀ ਨੂੰ ਮਿਲਿਆ। ਅਕਥ ਕਥਾ ਦਾ ਗਿਆਨ ਜਗਤ ਨੂੰ ਗੁਰੂ ਅੰਗਦ ਦੇਵ ਜੀ ਨੇ ਦਿੱਤਾ। ਕਾਮ, ਕ੍ਰੋਧ ਦਾ ਜ਼ੋਰ ਨਾ ਚਲਿਆ। ਲੋਕ ਇਹਨਾਂ ਪੰਜਾਂ ਸੂਰਮਿਆਂ ਤੋਂ ਬਚ ਗਏ। ਮੌਤ ਦਾ ਡਰ ਹੀ ਲਹਿ ਗਿਆ:

*ਅਕਥ ਕਥਾ ਗਿਆਨੁ,*
*ਪੰਚ ਭੂਤ ਬਸਿ ਕੀਨੇ,*
*ਜਗਤ ਨ ਤ੍ਰਾਸ।*

ਗੁਰੂ ਅਮਰ ਦਾਸ ਜੀ ਨੇ ਉਸੇ ਚਾਨਣ ਖ਼ਜ਼ਾਨੇ ਨੂੰ ਖੁਲ੍ਹੇ ਹੱਥੀਂ ਵੰਡ ਕੇ ਜੀਵਾਂ ਨੂੰ ਕਲਿਯੁਗ ਵਿਚ ਰਹਿਣ ਦੀ ਜਾਚ ਸਿਖਲਾ ਦਿੱਤੀ। ਜਿਸ ਵੀ ਆਪ ਜੀ ਦੇ ਉਪਦੇਸ਼ਾਂ ਦਾ ਸਹਾਰਾ ਲਿਆ ਉਸ 'ਤੇ ਕਲਿਯੁਗ ਪ੍ਰਭਾਵ ਨਾ ਪਾ ਸਕਿਆ:

*ਗੁਰ ਅਮਰ ਗੁਰੂ ਸ੍ਰੀ ਸਤਿ,*
*ਕਲਿਜੁਗ ਰਾਖੀ ਪਤਿ,*
*ਅਘਨ ਦੇਖਤ ਗਤੁ,*
*ਚਰਨ ਕਮਲ ਜਾਸ।*

ਅਤੇ ਹੁਣ ਹਰ ਕੋਈ ਇਹ ਹੀ ਆਖ ਰਿਹਾ ਹੈ ਕਿ ਜਦ ਸਭ ਪਾਸਿਉਂ ਗੁਰੂ ਅਮਰ ਦਾਸ ਜੀ ਨੇ ਪਰਖ ਲਿਆ, ਘੋਖ ਲਿਆ ਤਾਂ ਗੁਰੂ ਰਾਮ ਦਾਸ ਜੀ ਦੀ ਕਰਣੀ 'ਤੇ ਬਹੁਤ ਹੀ ਖ਼ੁਸ਼ ਹੋਏ ਤੇ ਹੁਣ 'ਰਾਜ ਜੋਗ' ਦਾ ਤਖ਼ਤ ਗੁਰੂ ਰਾਮ ਦਾਸ ਜੀ ਨੂੰ ਦੇ ਦਿੱਤਾ। ਗੁਰੂ ਰਾਮ ਦਾਸ ਜੀ ਐਸੇ ਹਨ ਜੋ ਸੰਸਾਰ ਵਿਚ ਰਹਿੰਦੇ, ਸੰਸਾਰ ਤੋਂ ਉਦਾਸ ਹੋਣ ਦੀ ਜਾਚ ਸਹਿਲੇ ਹੀ ਸਿਖਲਾ ਦੇਂਦੇ ਹਨ:

*ਸਭ ਬਿਧਿ ਮਾਨਿਉ ਮਨੁ,*
*ਤਬ ਹੀ ਭਯਉ ਪ੍ਰਸੰਨੁ,*
*ਰਾਜ ਜੋਗ ਤਖ਼ਤ ਦੀਅਨੁ,*
*ਗੁਰੂ ਰਾਮ ਦਾਸ।* (ਪੰਨਾ ੧੩੯੯, ਗੁਰੂ ਗ੍ਰੰਥ ਸਾਹਿਬ)

ਹਰ ਕੋਈ ਇਹ ਹੀ ਕਹਿ ਰਿਹਾ ਹੈ ਕਿ ਗੁਰੂ ਰਾਮ ਦਾਸ ਜੀ ਦੇ ਹਿਰਦੇ ਕਾਮ ਕ੍ਰੋਧ ਨਹੀਂ ਹੈ। ਵੈਰ ਦਾ ਅਭਾਵ ਹੈ। ਸਦਾ ਗਿਆਨ ਦਾ ਨਿਵਾਸ ਹੈ। ਉਹਨਾਂ ਦਾ ਸਰੂਪ ਪ੍ਰੇਮ ਹੈ।[1] ਹਰੀ ਰੰਗ ਵਿਚ ਰੰਗੇ ਹੋਏ ਹਨ। ਜੋ ਵੀ ਉਹਨਾਂ ਦੇ ਦਰਸ਼ਨ ਕਰਦਾ ਹੈ ਉਸ ਦਾ ਮੌਤ ਦਾ ਡਰ ਦੂਰ ਹੋ ਜਾਂਦਾ ਹੈ। ਤਿੰਨੇ ਤਾਪ ਉਤਰ ਜਾਂਦੇ ਹਨ। ਆਤਮਾ ਹੌਲੀ ਫੁੱਲ ਹੋ ਜਾਂਦੀ ਹੈ। ਅਰੋਗ ਲੱਗਦੀ ਹੈ:

*ਕਾਮ ਕਰੇ ਜਨ ਸ਼ਾਮ ਪਰੇ,*
*ਤਿਨ ਤਾਪ ਹਰੇ ਨਿਤ ਹੋਤਿ ਅਨਾਮ।*

---

1. ਕਾਮ ਨ ਕ੍ਰੋਧ, ਬਿਰੋਧ ਨਿਰੋਧ, ਸਦਾ ਸੁਧ ਬੋਧ, ਸਰੂਪ ਨਿਕਾਮ।
(ਰਾਸ ੨, ਅੰਸ ੧, ਮੰਗਲ)

ਗੁਰੂ ਰਾਮ ਦਾਸ ਜੀ ਨੂੰ ਦੇਖ ਇੰਜ ਲੱਗਦਾ ਹੈ ਜਿਵੇਂ ਭਗਤੀ ਨੇ ਹੀ ਦੇਹ ਧਾਰ ਲਈ ਹੈ :

*ਸੋਰਠਾ ਭਗਤਿ ਦੇਹ ਅਵਤਾਰ,*
*ਯਾਤੇ ਰਾਮ ਕੁ ਦਾਸ ਕਹਿ । ੧੯ ।*

ਮਾਇਆ ਤੋਂ ਅਲੇਪ ਵਿਚਰਦੇ ਹਨ, ਸੁੰਦਰ ਗੁਣਾਂ ਦੇ ਸਰੂਪ ਹਨ ।[1] ਕਿਸੇ ਨੂੰ ਕੋਈ ਭੁਲੇਖਾ ਨਹੀਂ ਹੈ । ਹਰ ਕੋਈ ਕਹਿ ਰਿਹਾ ਹੈ ਕਿ ਉਹ ਹੀ ਜੋਤ ਪ੍ਰਕਾਸ਼ ਕਰ ਰਹੀ ਹੈ । ਦੇਖਿਆਂ ਇਕ ਅਲੌਕਿਕ ਅਨੰਦ ਮਿਲਦਾ ਹੈ । ਉਹ ਅਨੰਦ ਸਰੂਪ ਹਨ । ਗੋਇੰਦਵਾਲ ਉਸੇ ਤਰ੍ਹਾਂ ਦੇਗ ਚਲਦੀ ਹੈ । ਸੰਗਤਾਂ ਵੀ ਉਮਡ-ਉਮਡ ਆਉਂਦੀਆਂ ਹਨ । ਮੰਜੀਆਂ ਥਾਪੇ ਸਿੱਖ ਵੀ ਦਰਸ਼ਨਾਂ ਨੂੰ ਆਏ । ਕੋਮਲ ਸੁਭਾਅ ਦੀ ਸਾਰੇ ਹੀ ਉਪਮਾ ਕਰਨ । ਕਿਸੇ ਨੂੰ ਰਤਾ ਭਰ ਵੀ ਦੁੱਖ ਹੋਵੇ ਤਾਂ ਉਹ ਸਹਾਰ ਨਹੀਂ ਸਕਦੇ । ਹਰ ਇਕ ਦੀ ਪੀੜਾ ਹਰਦੇ । ਆਪ ਸਗੋਂ ਰਾਹ ਲੱਭਦੇ ਰਹਿੰਦੇ ਸਨ ਕਿ ਅਗਲੇ ਨੂੰ ਪ੍ਰਸੰਨ ਕੀਤਾ ਜਾਏ । ਕਿਸੇ ਨੂੰ ਉਦਾਸ ਦੇਖ ਹੀ ਨਹੀਂ ਸਨ ਸਕਦੇ:

*ਬਹੁ ਕੋਮਲ ਜਿਨ ਸਰਲ ਸੁਭਾਉ ।*
*ਨਹਿ ਪਿਖਿ ਸਕੈ ਭੰਗ ਮਨ ਕਾਉ ।*
*ਰਿਦੇ ਬਿਚਾਰਹਿ ਅਨਿਕ ਉਪਾਉ ।*
*–ਕਿਮ ਹਮ ਕਰਹਿ, ਦੇ ਦੇਖ ਸਕਾਉ*[2] *। ੩੪ ।*

ਗੁਰੂ ਰਾਮ ਦਾਸ ਜੀ ਵੱਲ ਧਿਆਨ ਨਾਲ ਦੇਖੋ ਤਾਂ ਇੰਜ ਲੱਗਦਾ ਹੈ ਜਿਵੇਂ ਲਛਮੀ ਪੈਰ ਝੱਸ ਰਹੀ ਹੈ ਅਤੇ ਗਿਆਨ ਦਾ ਛਤਰ ਸਿਰ 'ਤੇ ਝੁੱਲ ਰਿਹਾ ਹੈ । ਝੰਡਾ ਝੁੱਲ ਰਿਹਾ ਹੈ । ਸ੍ਰੇਸ਼ਟ ਮਤ ਵਾਲੇ ਸਿੱਖ ਆਪ ਜੀ ਪਾਸ ਹਨ ।[3] ਹਰ ਇਕ ਨਾਲ ਪਿਆਰ ਦਾ ਵਰਤਾਰਾ ਹੈ । ਧੀਰਜੀ ਸੁਭਾਉ ਹੈ, ਹਰ ਇਕ ਨਾਲ ਸਨੇਹ, ਹਰ ਇਕ 'ਤੇ ਕ੍ਰਿਪਾ, ਖਿਮਾ ਰੂਪ ਹਨ ਅਤੇ ਸਭ ਤੋਂ ਵੱਡੀ ਗੱਲ ਅੱਠੇ ਪਹਿਰ ਪ੍ਰਸੰਨ ਹਨ । ਚਿਹਰਾ ਚਮਕਦਾ ਰਹਿੰਦਾ ਹੈ :

*ਮੈਤ੍ਰੀ, ਪ੍ਰਿਤ, ਕਰੁਨਾ, ਖਿਮਾ,*
*ਮੁਦਿਤਾ ਆਠਹੁ ਜਾਮਿ ।*
*ਜਿਸ ਰੱਥ 'ਤੇ ਉਹ ਸਵਾਰ ਹਨ, ਉਸ ਦੇ ਚਾਰ ਪਹੀਏ ਹਨ :*
*ਮੈਤ੍ਰੀ, ਧੀਰਜ, ਕ੍ਰਿਪਾ ਅਤੇ ਖਿਮਾ ਜਾਣ ।*

ਜਦ ਉਹ ਬਚਨ ਕਰਦੇ ਹਨ ਤਾਂ ਬਚਨਾਂ ਵਿਚ ਹੀ ਮਾੜੇ-ਚੰਗੇ ਦਾ ਭੇਦ ਸਮਝਾ ਦੇਂਦੇ ਹਨ । ਉਨ੍ਹਾਂ ਨੂੰ ਸੁਣਦਿਆਂ ਹੀ ਬਿਬੇਕ ਬੁਧੀ ਮਿਲ ਜਾਂਦੀ ਹੈ । ਪੱਕਾ ਵੈਰਾਗ ਉਪਜਦਾ ਹੈ । ਇਹ ਨਹੀਂ ਹੈ ਕਿ ਹੁਣ ਵੈਰਾਗ ਹੋਵੇ ਤੇ ਫਿਰ ਦੁਨੀਆਂ

---

1. ਮਾਯਾ ਤੇ ਅਲੇਪ ਗੁਨ ਸੁਰੇ । ੧੯ ।
2. ਰਾਸ ਦੂਜੀ, ਅੰਸ ਪਹਿਲਾ ।
3. ਪੂਰਨ ਸਿਖ ਸੁਭ ਮਤਿ ਸਚਿਵ,
   ਰਾਜਿਤ ਸਤਿਗੁਰ ਰਾਮ ।

ਵਿਚ ਗ਼ਲਤਾਨ ਹੋ ਜਾਈਏ ਕਿਉਂਕਿ ਅਸਲ ਧਰਮ ਦੀ ਸਮਝ ਆ ਜਾਂਦੀ ਹੈ ਕਿ ਕੀ 'ਯੋਗ ਧਰਮ ਹੈ', ਇਸ ਦਾ ਪਤਾ ਲੱਗ ਜਾਂਦਾ ਹੈ। ਉਨ੍ਹਾਂ ਇਹ ਵੀ ਸਮਝਾ ਦਿੱਤਾ ਹੈ ਕਿ ਲਗਾਤਾਰ ਸ਼ੁੱਭ ਕਰਮਨ ਕਰਨੇ ਅਤੇ ਇਸ ਨੂੰ ਕਰਦਿਆਂ ਕਦਮ ਪਿਛਾਂਹ ਨਾ ਕਰਨਾ ਤੇ ਨਾ ਹਟਾਉਣਾ ਅਤੇ ਸਦਾ ਸ਼ਰਧਾ ਕਾਇਮ ਰੱਖਣੀ। ਸੁੱਚਾ ਆਚਾਰ, ਸ੍ਰੇਸ਼ਟ ਬੁੱਧੀ, ਇਹ ਹੀ ਘੋੜ-ਫ਼ੌਜ ਹੈ ਜਿਸ ਨਾਲ ਈਰਖਾ ਆਦਿ ਵੈਰੀਆਂ ਨਾਲ ਲੜਿਆ ਜਾ ਸਕਦਾ ਹੈ। ਪਿਆਦਾ ਫ਼ੌਜ ਹੈ, ਪ੍ਰਭੂ ਦੇ ਭੈ ਵਿਚ ਰਹਿ ਕੇ ਪਿਆਰ ਨਾ ਟੁੱਟੇ ਅਤੇ ਲਗਾਤਾਰ ਸਿਮਰਨ ਟੁਰਦਾ ਰਹੇ। ਫ਼ੌਜ ਦਾ ਸੈਨਾਪਤੀ ਪ੍ਰੇਮ ਹੈ ਅਤੇ ਕੀਰਤਨ ਸੁਣਨਾ ਤੇ ਕਰਨਾ ਇਸ ਸੈਨਾਪਤੀ ਪਾਸ ਵੱਡਾ ਹਥਿਆਰ ਹੈ। ਉਹਨਾਂ ਸਮਝਾ ਦਿੱਤਾ ਕਿ ਮੋਹ ਰੂਪੀ ਸ਼ਤਰੂ ਜੋ ਮਨ ਰੂਪੀ ਦੇਸ਼ ਵਿਚ ਘਰ ਰਚ ਕੇ ਰਾਜੇ ਵਾਂਗ ਬੈਠਾ ਹੈ, ਇਸ ਸੈਨਾਪਤੀ ਦੇ ਹੁੰਦਿਆਂ ਆਪੇ ਨੱਸ ਜਾਏਗਾ,[1] ਢਹਿ-ਢੇਰੀ ਹੋ ਜਾਵੇਗਾ। ਮੋਹ ਹੀ ਹੈ ਜੋ ਈਰਖਾ, ਹਿੰਸਾ, ਕ੍ਰੋਧ, ਆਸ਼ਾ, ਤ੍ਰਿਸ਼ਨਾ, ਵਿਭਾਗਾਂ ਦੀ ਫ਼ੌਜ ਨੂੰ ਪੈਦਾ ਕਰਦਾ ਹੈ।

ਨਾਨਾਪਣ ਨਹੀਂ ਹੈ, ਦਵੈਤ ਦਾ ਨਾਂ ਨਹੀਂ। ਸਚਦਾਨੰਦ ਹੀ ਹੈ। ਨਾਮ ਦੀ ਦੁਹਾਈ ਦੇ ਰਹੇ ਹਨ। ਜਿਵੇਂ ਪਰਜਾ ਪਾਲਕ, ਪਰਜਾ ਦੀ ਰੱਖਿਆ ਧਾੜਵੀਆਂ ਤੋਂ ਕਰਦਾ ਹੈ, ਇਸੇ ਤਰ੍ਹਾਂ ਗੁਰੂ ਰਾਮ ਦਾਸ ਜੀ ਸਿੱਖ ਸੰਗਤਾਂ ਦੀ ਕਾਮਾਦਿਕ ਵੈਰੀਆਂ ਤੋਂ ਨਾਮ ਦੀ ਦੁਹਾਈ ਦੇ ਕੇ ਰੱਖਿਆ ਕਰ ਰਹੇ ਹਨ।

ਆਪ ਜੀ ਸਰਲ ਸੁਭਾਉ, ਸੁਸ਼ੀਲ ਮਨ ਉਦਾਰ ਹਿਰਦੇ ਵਾਲੇ ਹਨ, ਦੇਂਦੇ ਹੀ ਰਹਿੰਦੇ ਹਨ। ਕਦੇ ਨਹੀਂ ਥੱਕਦੇ ਦੇਂਦਿਆਂ। ਹਰ ਇਕ ਨੂੰ ਆਦਰ ਦੇਂਦੇ ਹਨ ਅਤੇ ਸ਼ੁੱਭ ਕੰਮਾਂ ਵਿਚ ਲਗਾ ਰਹੇ ਹਨ।[2] ਸਾਰੇ ਜਗਤ ਉੱਤੇ ਕਿਸੇ ਹੋਰ ਸਾਧਨ ਨਾਲ ਉਹ ਹੁਕਮ ਨਹੀਂ ਕਰਦੇ, ਸਗੋਂ ਸਾਧ ਸੰਗਤ ਰਾਹੀਂ ਹੁਕਮ ਫੇਰ ਰਹੇ ਹਨ। ਸਾਰਾ ਜ਼ੋਰ ਸਾਧ ਸੰਗਤ 'ਤੇ ਹੀ ਦੇਂਦੇ ਹਨ। ਉਹ ਢੰਗ ਦੱਸ ਰਹੇ ਹਨ ਕਿ ਅਪ੍ਰਾਪਤ ਨੂੰ ਪ੍ਰਾਪਤ ਕਿਵੇਂ ਕਰਨਾ ਅਤੇ ਸਭ ਤੋਂ ਵੱਡੀ ਗੱਲ ਪ੍ਰਾਪਤ ਹੋਏ ਦੀ ਰੱਖਿਆ ਕਿਵੇਂ ਕਰਨੀ ਹੈ। ਸਾਰਾ ਜੀਵਨ ਹੀ ਪਰਉਪਕਾਰੀ ਹੈ। ਵੱਡਾ ਪਰਉਪਕਾਰ ਹੈ ਗੁਰੂ ਰਾਮ ਦਾਸ ਜੀ ਦਾ ਕਿ ਉਹਨਾਂ ਜਾਚ ਸਿਖਲਾ ਦਿੱਤੀ ਹੈ ਕਿ ਜਲ ਵਿਚ ਰਹਿੰਦਿਆਂ ਮੁਰਗਾਬੀ ਵਾਂਗੂ ਪੰਖ ਕਿਵੇਂ ਸੁੱਕੇ ਰਖਣੇ ਹਨ ਤੇ ਜਗਤ ਦੀ ਕਾਲਖ ਦੀ ਕੋਠੜੀ ਵਿਚ ਵਿਚਰਦਿਆਂ ਮਨ ਨੂੰ ਕਾਲਖ ਕਿਵੇਂ ਨਹੀਂ ਲੱਗਣ ਦੇਣੀ :

*ਜਲ ਮਹਿ ਰਾਖੇ ਸੁਸ਼ਕ ਪਰ*
*ਖਿਚ ਸੁਰਮੇ ਨਹੀਂ ਸ਼ਯਾਮ।*

---

1. ਸ਼ਰਧਾ, ਸੋਚ, ਸੁ ਬੁਧਿਬਰ, ਸਤਿ ਸੁਭ ਕਦਮ ਇਰਾਮ;
ਮੋਹ ਸ਼ਤ੍ਰੂ ਮਨ ਦੇਸ ਮਹਿ, ਰਾਜ ਕਰਤਿ ਰਚਿ ਧਾਮ।
ਮਾਰਿ ਛਾਰ ਪ੍ਰਾਜੈ ਕਰਯੋ, ਰਾਜਿਤ ਸਤਿਗੁਰ ਰਾਮ। ੪। (ਰਾਸ ੨, ਅੰਸ਼ ਦੂਜਾ)
2. ਸਰਲ, ਸੁਸ਼ੀਲ, ਉਦਾਰ ਉਰਿ।
ਦਾਨ, ਮਾਨ, ਸੁਭ ਕਾਮ।

ਉਪਦੇਸ਼ ਕੇਵਲ ਵਾਹਿਗੁਰੂ ਦੇ ਨਾਮ ਦਾ ਦੇਂਦੇ ਹਨ। ਪਾਸ ਬੈਠਣ ਵਾਲਿਆਂ ਦਾ ਰਿਦਾ ਜਗਮਗਾ ਪੈਂਦਾ ਹੈ। ਜਿਸ ਦੇ ਮੱਥੇ ਹੱਥ ਰੱਖਦੇ ਹਨ, ਉਸਦਾ ਜੀਵਨ ਕੰਚਨ ਸਮਾਨ ਹੋ ਜਾਂਦਾ ਹੈ।

ਜੋ ਪ੍ਰਭਾਵ ਸੰਗਤਾਂ 'ਤੇ ਪਿਆ ਉਸ ਦਾ ਵਰਣਨ ਭੱਟ ਗਯੰਦ ਜੀ ਨੇ ਵੀ ਦਿੱਤਾ ਹੈ। ਉਹ ਕਹਿੰਦੇ ਹਨ ਕਿ ਗੁਰੂ ਰਾਮ ਦਾਸ ਜੀ ਦੀ ਕਰਨੀ ਅਤੇ ਕਰਤੱਵ ਨੂੰ ਦੇਖ ਕੇ ਸਭ ਵਾਹ-ਵਾਹ ਹੀ ਕਰਦੇ ਹਨ।

ਗੁਰੂ ਜੀ ਨੇ ਇਹ ਸੋਝੀ ਦੇ ਦਿੱਤੀ ਕਿ ਇਹ ਸਰੀਰ, ਇਹ ਘਰ, ਇਹ ਇਸਤਰੀ ਦਾ ਪਿਆਰ ਤੇ ਇਹ ਸੰਸਾਰ ਮਨ ਦੀ ਹੀ ਖੇਡ ਹੈ। ਜਿਸ ਗੁਰੂ ਦਾ ਉਪਦੇਸ਼ ਮੰਨਿਆ, ਚਰਨ ਕਮਲਾਂ ਨਾਲ ਪ੍ਰੀਤੀ ਕੀਤੀ,[1] ਸਿਮਰਨ ਦ੍ਰਿੜ੍ਹ ਕੀਤਾ ਅਤੇ ਮਤ ਵਿਚ ਇਹ ਭਾਵ ਦ੍ਰਿੜ੍ਹ ਕਰ ਲਿਆ ਕਿ ਇਹ ਸੰਸਾਰ ਮਨ ਦੀ ਹੀ ਖੇਡ ਹੈ, ਉਹ ਇਸ ਖੇਡ ਨੂੰ ਤੱਕਦਾ ਰਿਹਾ ਅਤੇ ਆਪ ਤਮਾਸ਼ਾ ਨਾ ਬਣਿਆ ਸਗੋਂ ਵਾਹ-ਵਾਹ ਕਾ ਵੱਡਾ ਤਮਾਸ਼ਾ ਕਹਿਣ ਲੱਗ ਪਿਆ।

ਗਯੰਦ ਜੀ ਕਹਿੰਦੇ ਹਨ ਕਿ ਅੰਮ੍ਰਿਤ ਨਾਲੋਂ ਮਿੱਠੇ ਗੁਰੂ ਰਾਮ ਦਾਸ ਜੀ ਦੇ ਬਚਨ ਹਨ, ਮਾਇਆ ਤੋਂ ਰਹਿਤ ਹਨ 'ਸ੍ਰੀ ਸਤਿਨਾਮ ਕਰਤਾ ਪੁਰਖ, ਗੁਰੂ ਰਾਮ ਦਾਸ ਚਿਤ ਬਸੈ।' ਧਰਮ ਦਾ ਝੰਡਾ ਗੋਇੰਦਵਾਲ ਵਿਖੇ ਸਦਾ ਝੁਲ ਰਿਹਾ ਹੈ।[2] ਸਤੈ ਤੇ ਬਲਵੰਡ ਜੀ, ਜੋ ਉਸ ਸਮੇਂ ਗੋਇੰਦਵਾਲ ਸਨ, ਨੇ ਜੋ ਇਕੋ ਇਕ ਪਉੜੀ ਗੁਰੂ ਰਾਮ ਦਾਸ ਜੀ ਦੀ ਉਪਮਾ ਵਿਚ ਆਖੀ ਉਸ ਦਾ ਇਕ-ਇਕ ਸ਼ਬਦ ਭਾਵ ਪੂਰਤ ਹੈ। ਉਹਨਾਂ ਬੜਾ ਸੋਹਣਾ ਲਿਖਿਆ ਕਿ ਗੁਰੂ ਰਾਮ ਦਾਸ ਜੀ ਦਾ ਤਖ਼ਤ 'ਤੇ ਬੈਠਣਾ ਇਕ ਮੁਕੰਮਲ ਕਰਾਮਾਤਿ ਹੋਈ ਹੈ ਕਿਉਂਕਿ ਜਿਸ ਗੁਰੂ ਅਮਰ ਦਾਸ ਨੇ ਭਾਲ ਕੀਤੀ, ਉਸੇ ਨੇ ਸਵਾਰਿਆ ਤੇ ਅੰਤ ਸੋਹਣਾ ਬਣਵਾਇਆ। ਇਸ ਕਰਾਮਾਤਿ ਨੂੰ ਦੇਖ ਸਭ ਹੈਰਾਨ ਹੋਏ ਸਨ ਅਤੇ ਸਿੱਖਾਂ ਨੇ ਤੇ ਸੰਗਤਾਂ ਨੇ ਗੁਰੂ ਰਾਮਦਾਸ ਨੂੰ ਅਕਾਲ ਪੁਰਖ ਦਾ ਰੂਪ ਜਾਣ ਕੇ ਹੀ ਬੰਦਨਾ ਕੀਤੀ ਹੈ :

*ਧੰਨੁ ਧੰਨੁ ਰਾਮ ਦਾਸ ਗੁਰੁ*
*ਜਿਨਿ ਸਿਰਿਆ ਤਿਨੈ ਸਵਾਰਿਆ।*
*ਪੂਰੀ ਹੋਈ ਕਰਾਮਾਤਿ*
*ਆਪਿ ਸਿਰਜਣਹਾਰੈ ਧਾਰਿਆ।*
*ਸਿਖੀ ਅਤੈ ਸੰਗਤੀ*
*ਪਾਰਬ੍ਰਹਮੁ ਕਰਿ ਨਮਸਕਾਰਿਆ।* (ਪੰਨਾ ੯੬੮, ਗੁਰੂ ਗ੍ਰੰਥ ਸਾਹਿਬ)

---

1. ਦੇਹ ਗੇਹੁ, ਤ੍ਰਿਆ ਸਨੇਹੁ, ਚਿਤ ਬਿਲਾਸੁ, ਜਗਤ ਏਹੁ,
ਚਰਨ ਕਮਲ ਸਦਾ ਸੇਉ, ਦ੍ਰਿੜਤਾ ਕਰੁ ਮਤਿ ਜੀਉ।
(ਪੰਨਾ ੧੪੦੩, ਗੁਰੂ ਗਰੰਥ ਸਾਹਿਬ)
2. ਧ੍ਰਮ ਧੁਜਾ ਫਹਰੰਤਿ ਸਦਾ। ਅਘ ਪੁੰਜ ਤਰੰਗ ਨਿਵਾਰਨ ਕਉ। (ਭੱਟ ਮਥੁਰਾ)

ਗੁਰੂ ਰਾਮ ਦਾਸ ਜੀ ਸਦਾ ਟਿਕੇ-ਟਿਕੇ ਰਹਿੰਦੇ ਸਨ, ਗਹਿਰ, ਗੰਭੀਰ ਹਨ ਅਤੇ ਕੋਈ ਪੈਮਾਨਾ ਉਹਨਾਂ ਨੂੰ ਮਾਪ ਨਹੀਂ ਸਕਦਾ, ਕੋਈ ਤਰਾਜ਼ੂ ਉਹਨਾਂ ਦੇ ਗੁਣ ਤੋਲ ਨਹੀਂ ਸਕਦਾ :

*ਅਟਲ ਅਥਾਹ ਅਤੋਲ ਤੂ*
*ਤੇਰਾ ਅੰਤ ਨ ਪਾਰਾਵਾਰਿਆ ।*

ਇਹ ਗੱਲ ਸੱਚ ਜਾਣੋ ਜਿਨ੍ਹਾਂ ਪਿਆਰ ਨਾਲ, ਪ੍ਰੇਮ ਰੱਖ ਆਪ ਜੀ ਦੇ ਹੁਕਮਾਂ ਨੂੰ ਮੰਨਿਆ ਉਹ ਪਾਰ ਹੀ ਨਹੀਂ ਸਗੋਂ ਲਬ, ਲੋਭ, ਕਾਮ, ਕ੍ਰੋਧ, ਮੋਹ ਸਮੁੱਚੇ ਤੌਰ ਤੇ ਉਹਨਾਂ ਦੇ ਹਿਰਦੇ ਵਿਚੋਂ ਜੜ੍ਹੋਂ ਪੁੱਟੇ ਗਏ । ਫਿਰ ਇਹ ਪੰਜੇ ਡੇਰਾ ਜਮਾ ਹੀ ਨਹੀਂ ਸਕਦੇ :

*ਜਿਨ੍ਹੀ ਤੂੰ ਸੇਵਿਆ ਭਾਉ ਕਰਿ*
*ਸੇ ਤੁਧੁ ਪਾਰਿ ਉਤਾਰਿਆ ।*
*ਲਬੁ ਲੋਭੁ ਕਾਮੁ ਕ੍ਰੋਧੁ ਮੋਹੁ*
*ਮਾਰਿ ਕਢੇ ਤੁਧੁ ਸਪਰਵਾਰਿਆ ।*

ਤੁਸੀਂ ਹੀ ਗੁਰੂ ਨਾਨਕ, ਗੁਰੂ ਅੰਗਦ ਦਾ ਰੂਪ ਹੋ । ਗੁਰੂ ਅਮਰ ਦਾਸ ਜੀ ਤੇ ਤੁਹਾਡੇ ਵਿਚ ਰਤੀ ਭਰ ਫ਼ਰਕ ਨਹੀਂ । ਇਹ ਅਸਾਂ ਹੀ ਨਹੀਂ ਸਾਰਿਆਂ ਹੀ ਸਮਝ ਲਿਆ ਹੈ । ਜਿਸ ਕਿਸੇ ਤੁਹਾਡੇ ਦੀਦਾਰ ਕੀਤੇ ਉਸ ਦਾ ਭਟਕਦਾ ਮਨ ਟਿਕ ਗਿਆ :

*ਨਾਨਕੁ ਤੂ ਲਹਣਾ ਤੂਹੈ*
*ਗੁਰੁ ਅਮਰੁ ਤੂ ਵੀਚਾਰਿਆ ।*
*ਗੁਰੁ ਡਿਠਾ ਤਾਂ ਮਨੁ ਸਾਧਾਰਿਆ ।*

ਇੰਜ ਪ੍ਰਤੀਤ ਹੁੰਦਾ ਹੈ ਕਿ ਜਦ ਤੱਕ ਸੰਗਤਾਂ ਦੀ ਆਵਾਜਾਈ ਰਹੀ, ਮੋਹਨ ਜੀ ਚੁਪ ਕੀਤੇ ਬੈਠੇ ਰਹੇ ਪਰ ਛੇਤੀ ਹੀ ਕਮਲਿਆਂ ਵਾਂਗੂੰ ਗੁਰੂ-ਨਿੰਦਿਆ ਕਰਨ ਲੱਗ ਪਏ । ਦੁਬਿਧਾ ਵਧਦੀ ਦੇਖ ਗੁਰੂ ਜੀ ਇਕਾਂਤ ਵਿਚ ਚਲੇ ਗਏ । ਇਹ ਵੀ ਲੱਗਦਾ ਹੈ ਕਿ ਕਈਆਂ ਦੇ ਪੁਰਾਣੇ ਫਟ ਵੀ ਅੱਲੇ ਹੋ ਗਏ, ਉਹ ਵੀ ਨਿੰਦਿਆ ਕਰਨ ਵਿਚ ਨਾਲ ਹੋਇ ਖਲੋਇ । ਗੁਰੂ ਰਾਮ ਦਾਸ ਜੀ ਨੇ ਇਕ ਬੜੀ ਭਾਵ ਪੂਰਤ ਗੱਲ ਗਉੜੀ ਰਾਗ ਦੀ ਵਾਰ ਦੀ ਚੌਦਵੀਂ ਪਉੜੀ ਵਿਚ ਲਿਖੀ ਹੈ ਕਿ 'ਜਿਹਨਾਂ ਗੁਰੂ ਨਾਨਕ ਦੇ ਦੁਆਰੇ ਬੇ-ਮੁੱਖਤਾਈਆਂ ਕੀਤੀਆਂ, ਨਿੰਦਿਆ ਦਾ ਰਾਹ ਪਕੜਿਆ, ਗੁਰੂ ਦੇ ਰਚੇ ਪੰਥ ਵਿਚ ਵਿਘਨਕਾਰੀ ਹੋਏ ਪਰ ਸਦਾ ਅਤੁਕ ਅਟਲ ਅਚਲ ਗੁਰੂ ਨਾਨਕ ਨੇ ਜ਼ਰਾ ਜਿੰਨੀ ਵੀ ਉਨ੍ਹਾਂ ਦੀ ਪ੍ਰਵਾਹ ਨਾ ਕੀਤੀ । ਐਸੇ ਬੇਮੁੱਖਾਂ ਤੇ ਅਹੰਕਾਰੀਆਂ ਨੂੰ ਚੁਣ ਕੇ ਵੱਖ ਕੱਢ ਦਿੱਤਾ । ਪੰਥ ਨਿਰੋਲ ਰਖਿਆ । ਐਸੇ ਲੋਕ ਜਿਨ੍ਹਾਂ ਨੂੰ ਪੰਥ ਵਿਚੋਂ ਛੇਕਿਆ ਸੀ, ਸੰਗਤਾਂ ਨੇ ਮੂੰਹ ਨਾ ਲਗਾਇਆ । ਭਾਵੇਂ

**ਇਕਾਂਤ ਚਲੇ ਗਏ**

ਉਹਨਾਂ ਕਈ ਯਤਨ ਕੀਤੇ ਤੇ ਵਿਉਂਤਾਂ ਬਣਾਈਆਂ ।'

ਗੁਰੂ ਅੰਗਦ ਦੇਵ ਜੀ ਵੇਲੇ ਥੋੜ੍ਹੀ ਜਿਹੀ ਕੋਸ਼ਿਸ਼ ਹੋਈ ਕਿ ਇਹਨਾਂ ਨੂੰ ਨਾਲ ਰਲਾ ਲਿਆ ਜਾਏ ਪਰ ਉਸ ਵਿਚ ਕਾਮਯਾਬੀ ਨਾ ਹੋਈ । ਕਾਰਨ ਗੁਰੂ ਰਾਮ ਦਾਸ ਜੀ ਨੇ ਦਿੱਤਾ ਕਿ ਉਹ 'ਫਿਟੇ' ਹੋਏ ਸਨ । ਪਸ਼ਚਾਤਾਪ ਵਿਚ ਨਹੀਂ ਸਨ । ਹੰਕਾਰ ਵਿਚ ਸਨ ਅਤੇ ਜੋ ਮਿਲਾਣ ਦੀ ਗੱਲ ਵੀ ਉਹਨਾਂ ਕੀਤੀ ਹੈ, ਉਹ ਬਣਾਵਟ ਹੀ ਸੀ ।

*ਧੁਰਿ ਮਾਰੇ ਪੂਰੇ ਸਤਿਗੁਰੂ[1]*
*ਸੇਈ ਹੁਣ[2] ਸਤਿਗੁਰਿ ਮਾਰੇ ।*
*ਗੁਰਿ ਬਾਬੈ ਫਿਟਕੇ ਸੇ ਫਿਟੇ*
*ਗੁਰੂ ਅੰਗਦਿ ਕੀਤੇ ਕੂੜਿਆਰੇ ।*

ਗੁਰੂ ਅਮਰ ਦਾਸ ਜੀ ਵੇਲੇ, ਤੀਜੀ ਪੀੜ੍ਹੀ ਸਮੇਂ ਉਹ 'ਵਿਚਾਰੇ' ਹੀ ਰਹੇ । ਕੁਝ ਕਰ ਨਾ ਸਕੇ । ਬੜੇ ਯਤਨ ਉਹਨਾਂ ਕੀਤੇ ਪਰ ਉਹਨਾਂ ਵਿਚਾਰਿਆਂ ਦੇ ਵੱਸ ਕੀ ਸੀ ? ਇਧਰ ਪਰਬਤੁ ਮੇਰਾਣੁ, ਉਧਰ ਇਹ ਵਿਚਾਰੇ ਕੰਕਰ ਟੋਏ ਟਿੱਬੇ ।

*ਗੁਰਿ ਤੀਜੀ ਪੀੜੀ ਵੀਚਾਰਿਆ*
*ਕਿਆ ਹਥਿ ਏਨਾ ਵੇਚਾਰੇ ।*

ਹੁਣ ਗੁਰੂ ਰਾਮ ਦਾਸ ਜੀ ਆਪਣੇ ਸਮੇਂ ਦੀ ਗੱਲ ਕਰਦੇ ਹਨ ਕਿ ਇਹਨਾਂ ਜਦ ਸਭ ਵਾਹ ਲਾ ਲਈ, ਕੋਈ ਤੇ ਕਿਸੇ ਪ੍ਰਕਾਰ ਦੀ ਸਫਲਤਾ ਨਾ ਮਿਲੀ ਤਾਂ ਗੁਰੂ ਰਾਮ ਦਾਸ ਜੀ ਨੇ ਮੂੰਹ ਨਾਲ ਨਿੰਦਾ ਕਰਨ ਵਾਲੇ ਨਿੰਦਕਾਂ ਤੇ ਅਮਲੀ ਨੁਕਸਾਨ ਪਹੁੰਚਾਉਣ ਵਾਲੇ ਦੁਸ਼ਟਾਂ ਨੂੰ ਨਾ ਸਿਰਫ਼ ਬਖ਼ਸ਼ਿਆ ਸਗੋਂ ਤਾਰ ਦਿੱਤਾ ।

*ਗੁਰ ਚਉਥੀ ਪੀੜੀ ਟਿਕਿਆ*
*ਤਿਨਿ ਨਿੰਦਕ ਦੁਸਟ ਸਭ ਤਾਰੇ ।*

ਇਸੇ ਪਉੜੀ ਦੇ ਦੂਜੇ ਸਲੋਕ ਵਿਚ ਸਾਡੀ ਰਹਿਨੁਮਾਈ ਲਈ ਲਿਖਿਆ ਕਿ ਜਿਸ ਨੂੰ ਆਪ ਗੁਰੂ ਨੇ ਸਾਰਿਆਂ ਸਾਹਮਣੇ ਵਡਿਆਈ ਦਿੱਤੀ ਹੋਵੇ, ਉਸ ਨੂੰ ਕਾਹਦਾ ਭੈ ? ਡਰੇ ਤਾਂ ਉਹ ਜੋ ਵਡਿਆਈ ਲੈਣ ਲਈ ਨਿੰਦਾ ਤੇ ਦੁਸ਼ਟਤਾ ਦਾ ਸਹਾਰਾ ਲੈਂਦਾ ਹੈ । ਜਿਸ ਨੇ ਵਡਿਆਈ ਦਿੱਤੀ ਹੈ, ਉਸੇ ਦਾ ਬਿਰਦ ਹੈ, ਆਪਣਿਆਂ ਦੀ ਰੱਖਿਆ ਕਰਨਾ । ਸਿੱਖ ਦਾ ਤਾਂ ਇਹ ਫ਼ਰਜ਼ ਹੈ ਕਿ ਨਾਮ ਜਪੀ ਜਾਏ, ਕਰਤਾਰ ਆਪ ਹੀ ਸਵੈ-ਸਰੂਪ ਵਿਚ ਟਿਕਾਏਗਾ । ਦਰਗਾਹ ਮੁੱਖ ਉਜਲਾ ਕਰੇਗਾ ਤੇ ਪੈਜ ਰੱਖੇਗਾ ।

*ਜਿਨ ਕਉ ਆਪਿ ਦੇਇ ਵਡਿਆਈ*
*ਜਗਤੁ ਭੀ ਆਪੇ ਆਣਿ ਤਿਨ ਕਉ ਪੈਰੀ ਪਾਏ ।*

---

1. ਗੁਰੂ ਨਾਨਕ ਦੇਵ ਜੀ ।
2. ਗੁਰੂ ਅੰਗਦ ਦੇਵ ਜੀ ।

*ਡਰੀਐ ਤਾ ਜੇ ਕਿਛੁ ਆਪ ਦੂ ਕੀਚੈ*
*ਸਭੁ ਕਰਤਾ ਆਪਣੀ ਕਲਾ ਵਧਾਏ ।*
*ਦੇਖਹੁ ਭਾਈ ਏਹੁ ਅਖਾੜਾ ਹਰਿ ਪ੍ਰੀਤਮ ਸਚੇ ਕਾ*
*ਜਿਨ ਆਪਣੈ ਜੋਰਿ ਸਭ ਆਣਿ ਨਿਵਾਏ ।*

(ਪੰਨਾ ੩੦੮, ਗੁਰੂ ਗ੍ਰੰਥ ਸਾਹਿਬ)

ਆਪ ਜੀ ਘਰ ਅੰਦਰ ਹੀ ਇਕਾਂਤ ਹੋ ਬੈਠ ਗਏ । ਅੰਤਰ ਬ੍ਰਿਤੀ ਹੋ ਗਏ । ਜਿੱਥੇ ਦੀਵਾਨ ਲੱਗਦਾ ਸੀ, ਉਥੇ ਵੀ ਨਹੀਂ ਸਨ ਆਉਂਦੇ ।

ਅੰਮ੍ਰਿਤ ਵੇਲੇ ਦੀ ਕਿਰਿਆ ਤੋਂ ਬਾਅਦ ਕੇਵਲ ਬਾਣੀ ਉਚਾਰਦੇ ਤੇ ਉਸਦਾ ਕੀਰਤਨ ਕਰਦੇ । ਇਹ ਅੜੌਣੀ ਕਿ ੩੦ ਰਾਗਾਂ ਵਿਚ ਬਾਣੀ ਕਦ ਉਚਾਰੀ ਹੋਵੇਗੀ, ਅੱਠ ਵਾਰਾਂ ਤੇ ਅਨੇਕ ਛੰਦ ਕਦ ਰਚੇ ਹੋਣਗੇ ਅਤੇ ਇਤਨੀ ਸੁੰਦਰ ਵਿਆਖਿਆ ਗੁਰੂ ਅਸੂਲਾਂ ਦੀ ਕਦ ਕੀਤੀ ਹੋਵੇਗੀ, ਉਸ ਦਾ ਉੱਤਰ ਇਹ ਸਮਾਂ ਹੈ ਜੋ ਉਹਨਾਂ ਪ੍ਰਭੂ ਵਿਚ ਲੀਨ ਹੋ ਕੇ ਕੱਟਿਆ । ਬਿਰਹੋਂ ਦੀ ਸੱਟ ਖਾ ਕੇ ਗੁਜ਼ਾਰਿਆ । ਪ੍ਰੇਮ ਦੀ ਕਸਕ ਵਿਚ ਲੰਘਾਇਆ ।

ਸਾਡੇ ਘਰ ਵਿਚ ਇਹ ਮਨੌਤ ਹੈ ਕਿ ਆਪ ਜੀ ਦੇ ਨੈਣ ਹਮੇਸ਼ਾਂ ਹੀ ਸੱਜਲ ਰਹਿੰਦੇ ਸਨ । ਰਤਾ ਕੁ ਅਜੇ ਸਿਰਫ ਉਹਨਾਂ ਹੀ ਛੇ ਛੰਤਾਂ ਨੂੰ ਪੜ੍ਹੋ ਜੋ ਉਹਨਾਂ ਆਸਾ ਰਾਗ ਦੇ ਘਰ ਚੌਥੇ ਵਿਚ ਉਚਾਰੇ ਤੇ ਜੋ ਪਿਛੋਂ ਮਹਾਰਾਜ ਦੇ ਸਮੇਂ ਹੀ ਆਸਾ ਦੀ ਵਾਰ ਦਾ ਅਟੁੱਟਵਾਂ ਅੰਗ ਬਣ ਗਏ ਤਾਂ ਪਤਾ ਲੱਗ ਜਾਏਗਾ ਕਿ ਕਿਸ ਅਵਸਥਾ ਵਿਚ ਇਕਾਂਤ ਬੈਠੇ ਵਿਚਰੇ ਸਨ । ਪਹਿਲੇ ਛੰਤ ਦੇ ਪਹਿਲੇ ਅੰਕ ਵਿਚ ਲਿਖਦੇ ਹਨ : ਮੇਰੇ ਨੈਣ ਹਰੀ ਨਾਮ ਰੂਪੀ ਅੰਮ੍ਰਿਤ ਨਾਲ ਭਿੱਜ ਗਏ ਹਨ, ਮਨ ਪ੍ਰੇਮ ਵਿਚ ਰੰਗਿਆ ਗਿਆ ਹੈ, ਇਸ ਰੰਗੇ ਹੋਏ ਮਨ ਨੂੰ ਰਾਮ ਨੇ ਜਦ ਕਸਵੱਟੀ 'ਤੇ ਲਾਇਆ ਤਾਂ ਇਹ ਸੋ ਸਵੰਨੀ ਦਾ ਸੋਨਾ ਹੋ ਗਿਆ । ਇਹ ਕੋਈ ਮੇਰੀ ਖ਼ੂਬੀ ਨਹੀਂ, ਇਸ 'ਤੇ ਗੁਰੂ ਦੀ ਰਹਿਮਤ ਦੁਆਰਾ ਹੀ ਗੂੜ੍ਹਾ ਲਾਲ ਰੰਗ ਚੜ੍ਹਿਆ ਤੇ ਨਾਲ ਹੀ ਇਸ ਨੂੰ ਐਸਾ ਖ਼ੁਸ਼ਬੂ ਵਿਚ ਡਬੋ ਦਿੱਤਾ ਗਿਆ ਕਿ ਚਾਰੇ ਪਾਸੇ ਮਹਿਕ ਛਾ ਗਈ ਤੇ ਸਾਰਾ ਜਨਮ ਹੀ ਧੰਨ ਧੰਨ, ਸਫ਼ਲ ਹੋ ਗਿਆ ।[1]

ਇਹਨਾਂ ਹੀ ਛੰਤਾਂ ਦਾ ਅੰਤਮ ਛੱਕਾ ਹੈ ਕਿ ਇਹ ਕੋਈ ਵੱਖਰੀ ਗੱਲ ਨਹੀਂ ਹੋ ਰਹੀ । ਹਰ ਯੁਗ ਵਿਚ ਪ੍ਰਭੂ ਭਗਤ ਪੈਦਾ ਕਰਦਾ ਰਿਹਾ ਹੈ । ਪਹਿਲਾਂ ਪ੍ਰਹਿਲਾਦ ਨੂੰ ਬਚਾ ਲਿਆ ਸੀ ਤੇ ਦੁਸ਼ਟ ਹਰਣਾਖਸ਼ ਨੂੰ ਮਾਰ ਦਿੱਤਾ ਸੀ, ਹੁਣੇ ਨਿੰਦਕਾਂ ਹੰਕਾਰੀਆਂ ਨੂੰ ਪਿੱਠ ਦੇ ਕੇ ਨਾਮਦੇਵ ਨੂੰ ਪਿਆਰ ਕੀਤਾ ਸੀ । ਉਹਨਾਂ

---

1. ਹਰਿ ਅੰਮ੍ਰਿਤ ਭਿਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮ ਰਾਜੇ ।
ਮਨੁ ਰਾਮ ਕਸਵਟੀ ਲਾਇਆ ਕੰਚਨੁ ਸੋਵਿੰਨਾ ।
ਗੁਰਮੁਖਿ ਰੰਗਿ ਚਲੂਲਿਆ ਮੇਰਾ ਮਨੁ ਤਨੋ ਭਿੰਨਾ ।
ਜਨੁ ਨਾਨਕ ਮੁਸਕਿ ਝਕੋਲਿਆ ਸਭੁ ਜਨਮੁ ਧਨੁ ਧੰਨਾ । ੧। ( ਪੰਨਾ ੪੪੮)

ਨੂੰ ਜੋ ਇਹ ਮਾਣ ਦਿੱਤਾ ਗਿਆ ਹੈ, ਪੈਜ ਰੱਖੀ ਗਈ ਹੈ, ਪਿਆਰ ਮਿਲਿਆ ਹੈ, ਉਸੇ ਦੀ ਇਕ ਕੜੀ ਹੈ :

*ਹਰਿ ਜੁਗੁ ਜੁਗੁ ਭਗਤ ਉਪਾਇਆ*
*ਪੈਜ ਰਖਦਾ ਆਇਆ ਰਾਮ ਰਾਜੇ ॥*
*ਹਰਣਾਖਸੁ ਦੁਸਟੁ ਹਰਿ ਮਾਰਿਆ*
*ਪ੍ਰਹਲਾਦੁ ਤਰਾਇਆ ॥*
*ਅਹੰਕਾਰੀਆ ਨਿੰਦਕਾ ਪਿਠਿ ਦੇਇ*
*ਨਾਮਦੇਉ ਮੁਖਿ ਲਾਇਆ ॥*
*ਜਨ ਨਾਨਕ ਐਸਾ ਹਰਿ ਸੇਵਿਆ*
*ਅੰਤਿ ਲਏ ਛਡਾਇਆ ॥* (ਪੰਨਾ ੪੫੧, ਗੁਰੂ ਗ੍ਰੰਥ ਸਾਹਿਬ)

ਗਿਆਨੀ ਠਾਕੁਰ ਸਿੰਘ ਜੀ ਨੇ 'ਗੁਰਦੁਆਰਾ ਦਰਸ਼ਨ' ਵਿਚ ਲਿਖਿਆ ਹੈ ਕਿ ਸੂਹੀ ਰਾਗ ਵਿਚ ਜੋ ਚਾਰ ਲਾਵਾਂ ਆਉਂਦੀਆਂ ਹਨ, ਉਹ ਆਪ ਜੀ ਨੇ ਗੱਦੀ 'ਤੇ ਬੈਠਦੇ ਸਾਰ ਹੀ ਲਿਖੀਆਂ ਸਨ । ਨਿੱਜੀ ਤਜਰਬੇ ਤੋਂ ਅਨੇਕਾਂ ਹੀ ਤੁਕਾਂ ਲਿਖੀਆਂ ਤੇ ਇਤਿਹਾਸ ਨੂੰ ਸੰਭਾਲਣ ਵਾਲਾ ਪਹਿਲਾ ਕਦਮ ਚੁੱਕਿਆ ।

ਆਪ ਜੀ ਦੀ ਸਮੁੱਚੀ ਬਾਣੀ ਵਿਚ ਹੱਡ ਬੀਤੀ, ਜੱਗ ਬੀਤੀ, ਹਰੀ ਦੇ ਦੁਆਰੇ ਜੋ ਬੀਤੇਗਾ, ਦਾ ਜ਼ਿਕਰ ਹੈ । ਮਹਿਮਾ ਇਕ ਪ੍ਰਭੂ ਦੀ ਢਾਡੀ ਬਣ ਕੇ ਗਾਈ ਹੈ :

*ਹਰਿ ਇਕੋ, ਕਰਤਾ ਇਕੁ,*
*ਇਕੋ ਦੀਬਾਣੁ ਹਰਿ ॥*
*ਹਰਿ ਇਕਸੈ ਦਾ ਹੈ ਅਮਰੁ*
*ਇਕੋ ਹਰਿ ਚਿਤਿ ਧਰਿ ॥*
*ਹਰਿ ਤਿਸੁ ਬਿਨੁ ਕੋਈ ਨਾਹਿ*
*ਡਰੁ ਭ੍ਰਮੁ ਭਉ ਦੂਰਿ ਕਰਿ ॥*
*ਹਰਿ ਤਿਸੈ ਨੋ ਸਾਲਾਹਿ*
*ਜਿ ਤੁਧੁ ਰਖੈ ਬਾਹਰਿ ਘਰਿ ॥* (ਪੰਨਾ ੮੩, ਗੁਰੂ ਗ੍ਰੰਥ ਸਾਹਿਬ)

ਇਸ਼ਟ ਦੀ ਉਪਮਾ ਵੀ ਉਸੇ ਵਜਦ ਵਿਚ ਕੀਤੀ ਹੈ, ਜਿਸ ਵਿਚ ਇਕ ਨੂੰ ਸਲਾਹਿਆ ਹੈ : ''ਜਿਥੈ ਓਹੁ ਜਾਇ ਤਿਥੈ ਓਹੁ ਸੁਰਖਰੂ, ਉਸ ਕੈ ਮੁਹਿ ਡਿਠੈ ਸਭ ਪਾਪੀ ਤਰਿਆ'', ਗੁਰੂ ਰਾਮ ਦਾਸ ਜੀ ਦੀ ਹੀ ਸ੍ਰੀ ਰਾਗ ਕੀ ਵਾਰ ਵਿਚ ਗਾਈ ਤੁਕ ਹੈ ।[1] ਕਿਤਨਾ ਵਿਸ਼ਵਾਸ਼ ਹੈ ਗੁਰੂ ਨਾਨਕ ਦੀ ਤਾਲੀਮ 'ਤੇ ਕਿ ਫੁਰਮਾਂਦੇ ਹਨ :

---

1. ਇਸੇ ਦੇ ਟਾਕਰੇ ਦੇਖੋ, ਉਹ ਪਖੰਡੀਆਂ ਤੇ ਗੁਰੂ ਨਿੰਦਕਾਂ ਬਾਰੇ ਕੀ ਲਿਖਦੇ ਹਨ । ਇਹ ਵੀ ਇਸ਼ਟ ਨੂੰ ਸਲਾਹਣਾ ਹੈ । 'ਜਿਥੈ ਓਹ ਜਾਇ ਤਿਥੈ ਓਹੁ ਝੂਠਾ, ਕੂੜੁ ਬੋਲੇ ਕਿਸੈ ਨ ਭਾਵੈ ਅਤੇ ਓਸ ਪਿਛੈ ਵਜੈ ਫਕੜੀ ਮੁਹੁ ਕਾਲਾ ਆਗੈ ਭਇਆ'
(ਰਾਗ ਸੋਰਠਿ ਵਾਰ ਮਹਲੇ ੪ ਕੀ, ਪੰਨਾ ੬੫੩)

*ਚਾਰਿ ਬਰਨ ਚਾਰਿ ਆਸ੍ਰਮ ਹੈ*
*ਕੋਈ ਮਿਲੈ ਗੁਰੂ ਗੁਰ ਨਾਨਕ ਸੋ*
*ਆਪ ਤਰੈ ਕੁਲ ਸਗਲ ਤਰਾਧੇ ।*[1]

ਗੁਰੂ ਕੋਲ ਹਥਿਆਰ ਤੇ ਬਚਾਅ ਦਾ ਸਮਾਨ ਹਰਿ ਭਗਤੀ ਹੈ, ਜਿਸ ਸਾਵੇਂ ਕੁਝ ਵੀ ਟਿਕ ਨਹੀਂ ਸਕਦਾ :

*ਸਤਿਗੁਰੂ ਕਾ ਖੜਗਿ ਸੰਜੋਉ, ਹਰਿ ਭਗਿਤ ਹੈ,*
*ਜਿਤ ਕਾਲੁ ਕੰਟਕੁ ਮਾਰਿ ਵਿਡਾਰਿਆ ।*
(ਪੰਨਾ ੩੧੨, ਗੁਰੂ ਗ੍ਰੰਥ ਸਾਹਿਬ)

ਫਿਰ ਸਤਿ ਸੰਗਤਿ ਦੀ ਮਹਿਮਾ ਦੱਸੀ ਹੈ । ਸਤਿ ਸੰਗਤਿ ਹੀ ਮੈਲ ਹਰਦੀ ਹੈ । ਸਤਿ ਸੰਗਤਿ ਵਿਚ ਹੀ ਗੁਣ ਪ੍ਰਗਾਸ ਹੁੰਦੇ ਹਨ ਤੇ ਸਤਿ ਸੰਗਤਿ ਵਿਚ ਹੀ ਨਾਮ ਪ੍ਰਕਾਸ਼ ਹੁੰਦਾ ਹੈ । 'ਸਤਿ ਸੰਗਤਿ ਕਾ ਗੁਨ ਬਹੁਤ ਅਧਿਕਾਈ ਪੜਿ ਸੂਆ ਗਨਕ ਉਧਾਰੇ ।' ਸਤਿ ਸੰਗਤਿ ਮਿਲੈ ਤਾ ਦ੍ਰਿੜ੍ਹਤਾ ਆਵੇ ।[2] ਬਾਣੀ ਦੀ ਮਹੱਤਤਾ ਦ੍ਰਿੜ੍ਹਾ ਕੇ ਦੱਸਿਆ ਹੈ ਕਿ ਜੋ ਗੁਰਬਾਣੀ ਦੇ ਉਪਦੇਸ਼ 'ਤੇ ਟੁਰਦੇ ਹਨ, ਉਹਨਾਂ ਹੱਥ ਹੀ ਨਾਮ ਰਤਨ ਪਦਾਰਥ ਆਉਂਦਾ ਹੈ ।

*ਗੁਰਬਾਣੀ ਲਾਗੇ ਤਿਨਿ ਹਥਿ ਚੜ੍ਹਿਆ ਰਾਮ ।*

ਵਾਹਿਗੁਰੂ ਵੀ ਗੁਰ-ਸ਼ਬਦ ਰਾਹੀਂ ਹੀ ਆਪਣੀ ਹੋਂਦ ਜਤਲਾਉਂਦਾ ਹੈ । 'ਗੁਰ ਸਬਦੀ ਗੋਬਿੰਦ ਗਜਿਆ' । ਕੈਸਾ ਸੁੰਦਰ ਦ੍ਰਿਸ਼ਟਾਂਤ ਦਿੱਤਾ ਹੈ : ਵਾਹਿਗੁਰੂ ਨਾਮ ਜਹਾਜ਼ ਹੈ, ਗੁਰੂ ਮਲਾਹ ਹੈ ਪਰ ਚਪੂ ਜਿਹਨਾਂ ਨੇ ਪਾਰ ਉਤਾਰਨਾ ਹੈ ਉਹ ਗੁਰ-ਸ਼ਬਦ ਹੀ ਹਨ :

*ਹਰਿ ਹਰਿ ਨਾਮੁ ਪੋਤੁ ਹੈ ਮੇਰੀ ਜਿੰਦੁੜੀਏ,*
*ਗੁਰ ਖੇਵਟ ਸਬਦਿ ਤਰਾਇਆ ਰਾਮ ।*[3]

ਸਿੱਖਾਂ ਨੂੰ ਵਿਸ਼ਵਾਸ਼ ਦਿਲਵਾ ਦਿੱਤਾ ਕਿ ਬਾਣੀ ਤੇ ਗੁਰੂ ਵਿਚ ਕੋਈ ਫ਼ਰਕ ਨਹੀਂ । ਜੋ ਵੀ ਗੁਰਬਾਣੀ ਦਾ ਕਿਹਾ ਸਿਰ ਮੱਥੇ ਮੰਨ ਲੈਂਦਾ ਹੈ ਅਤੇ ਜੀਵਨ

---

1. ਕਾਨੜਾ ਮਹਲਾ ੪, ਪੰਨਾ ੧੨੬੭ ।
2. ਨਟ ਨਰਾਇਣ, ਮ: ੩, ਪੰਨਾ ੬੮੧ ।
3. ਬਿਹਾਗੜਾ ਮਹਲਾ ੪ ਪੰਨਾ ੫੩੬ । ਵਡਹੰਸ ਰਾਗ ਵਿਚ ਵੀ ਉਚਾਰਿਆ : 'ਹਰਿ ਬੋਹਿਥ ਚੜ੍ਹ ਵਡਭਾਗੀ ਲੰਘੇ, ਗੁਰ ਖੇਵਟ, ਸਬਦ ਤਰਾਏ ।' ਗਉੜੀ ਕੀ ਵਾਰ ਵਿਚ ਭੀ ਫ਼ਰਮਾਇਆ : 'ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ ।' ਜੋ ਕੁਝ ਬਣਨਾ ਹੈ ਗੁਰਬਾਣੀ ਰਾਹੀਂ ਹੀ ਬਣਨਾ ਹੈ : 'ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ, ਗੁਰਬਾਣੀ ਬਣੀਐ ।
(ਪੰਨਾ ੩੦੪)

ਵੀ ਗੁਰਬਾਣੀ ਅਨੁਸਾਰ ਢਾਲ ਲੈਂਦਾ ਹੈ, ਉਸ ਨੂੰ ਗੁਰੂ ਹਾਜ਼ਰ ਨਾਜ਼ਰ ਹਰ ਥਾਂ ਦਿਸਦਾ ਹੈ :

*ਬਾਣੀ ਗੁਰੂ ਗੁਰੂ ਹੈ ਬਾਣੀ*
*ਵਿਚ ਬਾਣੀ ਅੰਮ੍ਰਿਤ ਸਾਰੇ ॥*
*ਗੁਰਬਾਣੀ ਕਹੈ ਸੇਵਕੁ ਜਨ ਮਾਨੈ*
*ਪਰਤਖਿ ਗੁਰੂ ਨਿਸਤਾਰੇ ॥* (ਪੰਨਾ ੯੮੨, ਨਟ ਮਹਲਾ ੪)

ਬਾਣੀ 'ਤੇ ਤੁਰਨ ਵਾਲਾ ਸਤਿਸੰਗੀ, ਜੀਵਨ ਦਾ ਰਹੱਸ ਪਾ ਲੈਂਦਾ ਹੈ ਅਤੇ ਉਸ ਦੀ ਟੋਰ ਮਟਕ ਵਾਲੀ ਤੇ ਚਾਲ ਭਲੀ ਹੋ ਜਾਂਦੀ ਹੈ ।

*ਮਟਕਿ ਮਟਕਿ ਚਲੁ ਸਖੀ ਸਹੇਲੀ*
*ਮੇਰੇ ਠਾਕੁਰ ਕੇ ਗੁਨ ਸਾਰੇ ।*

ਫਿਰ ਭਗਤ ਜਨਾਂ ਪੁਰਾਤਨ ਤੇ ਨਵੀਨ ਸਭਨਾਂ ਦੀ ਮਹਿਮਾ ਗਾਈ । ਧ੍ਰੂ ਪ੍ਰਹਿਲਾਦ ਤੋਂ ਲੈ ਕੇ ਧੰਨਾ ਜੀ ਤਕ ਦੀ ਵਡਿਆਈ ਕੀਤੀ :

*ਨਾਮਾ ਜੈਦੇਉ, ਕਬੀਰੁ, ਤ੍ਰਿਲੋਚਨੁ*
*ਅਉਜਾਤਿ ਰਵਿਦਾਸੁ ਚਮਿਆਰੁ ਚਮਈਆ ॥*
*ਜੋ ਜੋ ਮਿਲੈ ਸਾਧੂ ਜਨ ਸੰਗਤਿ*
*ਧਨੁ ਧੰਨਾ ਜਟੁ ਸੈਣੁ ਮਿਲਿਆ ਹਰਿ ਦਈਆ ॥*
(ਬਿਲਾਵਲ ਮਹਲਾ ੪, ਪੰਨਾ ੮੩੫)

ਫਿਰ ਗੁਰਸਿੱਖਾਂ ਦੀ ਮਹਿਮਾ ਹੀ ਨਹੀਂ ਗਾਈ ਸਗੋਂ ਐਸੇ ਗੁਰਸਿੱਖਾਂ ਦੀ ਧੂੜ ਮੰਗੀ ਜੋ ਅੰਮ੍ਰਿਤ ਵੇਲੇ ਉਠਦੇ, ਇਸ਼ਨਾਨ ਕਰਦੇ, ਨਾਮ ਵਿਚ ਜੁੜਦੇ, ਸਾਧ ਸੰਗਤਿ ਵਿਚ ਜਾਂਦੇ, ਗੁਰਬਾਣੀ ਪੜ੍ਹਦੇ, ਕਿਰਤ ਕਰਦਿਆਂ ਨੂੰ ਵੀ ਉਸ ਨੂੰ ਨਹੀਂ ਵਿਸਾਰਦੇ ਤੇ ਇਸ ਕੋਸ਼ਿਸ਼ ਵਿਚ ਰਹਿੰਦੇ ਕਿ ਦੂਜਾ ਵੀ ਨਾਲ-ਨਾਲ ਨਾਮ ਜਪੇ :

*ਜਨ ਨਾਨਕੁ ਧੂੜਿ ਮੰਗੈ ਤਿਸੁ ਗੁਰ ਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ੨ ॥*

ਜਿਸ ਮਿਠਾਸ, ਨਿਮਰਤਾ ਤੇ ਹਲੀਮੀ ਨਾਲ ਵਾਹਿਗੁਰੂ, ਸੋ ਪੁਰਖ, ਸਤਿਗੁਰੂ, ਸਤਿ ਸੰਗਤਿ, ਬਾਣੀ, ਭਗਤ, ਸੇਵਕ ਤੇ ਸਿੱਖਾਂ ਦਾ ਜ਼ਿਕਰ ਤੇ ਗੁਣ ਗਾਏ ਹਨ, ਉਤਨੀ ਹੀ ਕਰੜੀ, ਠੋਕਵੀਂ ਤੇ ਸਪੱਸ਼ਟ ਬੋਲੀ ਵਿਚ ਨਿੰਦਕਾਂ ਦਾ ਬੁਰਾ ਹਾਲ ਹੁੰਦਾ ਲਿਖਿਆ ਹੈ । ਵਿਰੋਧੀਆਂ, ਪਾਖੰਡੀਆਂ, ਭੇਖੀਆਂ, ਦੁਰਮਤੀਆਂ,[2] ਨਿੰਦਕਾਂ,

1. ਗਉੜੀ ਕੀ ਵਾਰ ਮ: ੪, ਪੰਨਾ ੩੦੬ ।
2. ਦੁਰਮਤਿ ਭਾਗਹੀਨ ਮਤਿ ਫੀਕੇ ਨਾਮੁ ਸੁਨਤ ਆਵੈ ਮਨਿ ਰੋਹੇ । (ਰਾਗ ਗੂਜਰੀ ਮ: ੪, ਪੰਨਾ ੪੯੩) ਐਸੇ ਪੁਰਸ਼ਾਂ ਨੂੰ ਨਾਮ ਦੀ ਗੱਲ ਸੁਣ ਕੇ ਸ਼ਾਂਤੀ ਆਵਣ ਦੀ ਥਾਂ ਰੋਹ ਚੜ੍ਹਦਾ ਹੈ । ਲਾਲ ਪੀਲੇ ਹੁੰਦੇ ਹਨ ਕਿਉਂਕਿ ਉਥੇ ਸੱਚ ਵਰਤਦਾ ਹੈ ।

ਚੁਗਲ-ਖੋਰਾਂ[1], ਗੱਲਫਰੋਸ਼ਾਂ[2], ਮਨਮੁੱਖਾਂ[3] ਅਤੇ ਦੁਸ਼ਟਾਂ[4] ਦੇ ਕਾਰੇ ਵੀ ਬਾਣੀ ਵਿਚ ਲਿਖੇ ਹਨ ਅਤੇ ਨਾਲ ਇਹ ਸਪੱਸ਼ਟ ਕੀਤਾ ਹੈ ਕਿ ਇਹ ਵੀ ਹਰ ਕੀਆਂ ਬਾਤਾਂ ਹਨ ਤਾਂ ਕਿ ਇਹਨਾਂ ਮਨਮਤੀਆਂ ਦਾ ਹੁੰਦਾ ਹਸ਼ਰ ਲੋਕੀਂ ਦੇਖ ਲੈਣ । ਫਾਰਸਟਰ ਨੇ ਗੁਰੂ ਰਾਮ ਦਾਸ ਜੀ ਨੂੰ ਵਿਆਖਿਆਕਾਰ ਵੀ ਕਿਹਾ ਹੈ । ਆਪ ਜੀ ਨੇ ਉਹਨਾਂ ਰਹੱਸਾਂ ਨੂੰ ਖੋਲ੍ਹਿਆ ਜਿਹਨਾਂ 'ਤੇ ਪਰਦਾ ਵੇਦਾਂ, ਸ਼ਾਸਤਰਾਂ ਤੇ ਸਿਮ੍ਰਤੀਆਂ ਨੇ ਪਾ ਦਿੱਤਾ ਸੀ ਤੇ ਲੋਕੀਂ ਨਿਰੀ ਘੁੰਤਰ-ਬਾਜ਼ੀ ਵਿਚ ਪੈ ਕੇ ਅਸਲ ਵਸਤੂ ਵਿਹਾਝਣ ਤੋਂ ਵਾਂਝੇ ਰਹਿ ਗਏ ਸਨ ।

ਪਹਿਲਾਂ ਸਿਰੀ ਰਾਗ ਦੇ ਆਰੰਭ ਵਿਚ ਬ੍ਰਿਹੋਂ ਦੀ ਵਿਆਖਿਆ ਕਰਦੇ ਹਨ । ਬ੍ਰਿਹੋਂ, ਪ੍ਰੇਮ ਤੇ ਪਿਆਰ ਤੋਂ ਉਪਜਦਾ ਹੈ ਤੇ ਇਹੋ ਪਿਆਰ ਹੀ ਪਿਆਰੇ ਪਾਸ ਲੈ ਜਾਂਦਾ ਹੈ । ਵਿਛੋੜਾ, ਹੰਕਾਰ ਕਰ ਕੇ ਹੈ । ਹੰਕਾਰੀ ਕਦੇ ਮਿਲ ਨਹੀਂ ਸਕਦੇ ਅਤੇ ਪ੍ਰੇਮੀ ਦਾ ਕਦੇ ਵਿਛੋੜਾ ਨਹੀਂ ਹੋਇਆ :

*ਸਾਕਤ ਕੂੜੇ ਊਭ ਸੁਕ ਹੂਏ*
*ਮਨਿ ਅਭਿਮਾਨ ਵਿਛੁੜ ਦੂਰ ਗਈਆ ॥* (ਬਿਲਾਵਲ ਮ: ੪)

ਮਾਇਆ ਦੀ ਫਸੋਤੀ ਐਸੀ ਹੈ ਕਿ ਇਸ ਵਿਚ ਫਸਾ ਕੇ ਗਲ-ਫਰੋਸ਼ ਤੇ ਭੇਖੀ ਜਗਿਆਸੂ ਨੂੰ ਭਟਕਾਂਦੇ ਰਹਿੰਦੇ ਹਨ । ਸੋ ਮਾਇਆ ਦੀ ਜੋ ਚਿਕਨਾਈ ਸੀ, ਉਹ ਬਚਨਾਂ ਨਾਲ ਉਤਾਰੀ ਤਾਂ ਕਿ ਇਸ ਦੀ ਚਮਕ ਦਮਕ ਤੋਂ ਸਿੱਖ ਬਚ ਜਾਣ ।

ਮਾਇਆ ਦੇਖਣ ਨੂੰ ਸ਼ੋਖ਼ ਰੰਗ ਵਾਲੀ ਪਰ ਛੇਤੀ ਹੀ ਫਿੱਕੀ ਪੈ ਜਾਣ ਵਾਲੀ ਸ਼ੈ ਹੈ । ਇਹ ਪਰਛਾਵੇਂ ਨਿਆਈਂ ਹੈ । ਕਦੇ ਚੜ੍ਹਦੇ ਪਾਸੇ, ਕਦੇ ਲਹਿੰਦੇ ਵੱਲ । ਇਹ ਉਸ ਚੱਕ ਵਾਂਗ ਹੈ, ਜਿਸ ਨੂੰ ਘੁਮਿਆਰ ਨੇ ਚੱਕਰ ਦਿੱਤਾ ਹੈ ਅਤੇ

---

1. ਹਰਿ ਕੀ ਵਡਿਆਈ ਵਡੀ ਹੈ ਜਾਂ ਨ ਸੁਣਈ ਕਹਿਆ ਚੁਗਲ ਕਾ ।
(ਸ੍ਰੀ ਰਾਗ ਮ: ੪)
2. ਓਹੁ ਗਲ ਫਰੋਸੀ ਕਰੇ ਬਹੁਤੇਰੀ ਓਸ ਦਾ ਬੋਲਿਆ ਕਿਸੈ ਨ ਭਾਇਆ ।
(ਗਉੜੀ ਕੀ ਵਾਰ ਮ: ੪, ਪੰਨਾ ੩੦੩)
3. ਸਾਰਾ ਦਿਨ ਲਾਲਚਿ ਅਟਿਆ ਮਨਮੁਖਿ ਹੋਰੇ ਗਲਾ ।
ਰਾਤੀ ਊਘੈ ਦਬਿਆ ਨਵੇਂ ਸੋਤ ਸਭਿ ਢਿਲਾ । (ਪੰਨਾ ੩੦੪)
ਮਨਮੁਖਾਂ ਦੈ ਸਿਰਿ ਜੋਰਾ (ਔਰਤਾਂ) ਅਮਰ ਹੈ, ਨਿਤ ਦੇਵਹਿ ਭਲਾ ।
4. ਨਿੰਦਕ ਦੁਸਟ ਵਡਿਆਈ ਵੇਖਿ ਨ ਸਕਨਿ ਓਨ੍ਹਾ ਪਰਾਇਆ ਭਲਾ ਨ ਸੁਖਾਈ । ਕਿਆ ਹੋਵੈ ਕਿਸ ਹੀ ਕੀ ਝਖ ਮਾਰੀ ਜਾ ਸਚੇ ਸਿਉ ਬਣਿਆਈ । ਨਿਤ ਨਿਤ ਚੜੈ ਸਵਾਈ, ਝਖਿ ਝਖਿ ਮਰੈ ਲੋਕਾਈ । ੪ ।
(ਬਿਲਾਵਲ ਕੀ ਵਾਰ, ਪੰਨਾ ੮੫੦) ॥

ਟੁਰਦੀ ਫਿਰਦੀ ਰਹਿੰਦੀ ਹੈ । ਇਸ ਦਾ ਮਾਣ ਕੂੜਾ :

*ਖਿਨੁ ਪੂਰਬਿ, ਖਿਨੁ ਪਛਮਿ ਛਾਏ*
*ਜਿਉ ਚਕੁ ਕੁਮ੍ਹਿਆਰਿ ਭਵਾਇਆ ।*[1]

ਮਾਇਆ ਇਹ ਨਹੀਂ ਜੋ ਦਿੱਸਦੀ ਵਸਤੂ ਹੈ ਜਾਂ ਸਿੱਕਾ, ਮੋਤੀ ਹੈ ਜਾਂ ਕੱਪੜਾ ਗਹਿਣਾ ਹੈ, ਮਾਇਆ ਹੈ ਉਸ ਦਾ ਨਾਮ ਵਿੱਸਰ ਜਾਣਾ । ਜੇ ਉਹ ਪ੍ਰਭੂ ਵਿੱਸਰਦਾ ਨਹੀਂ ਅਤੇ ਇਹ ਵਰਤੀ ਜਾ ਰਹੀ ਹੈ ਸੰਸਾਰੀ ਜੀਵਾਂ ਦੇ ਭਲੇ ਲਈ ਤਾਂ 'ਗੁਰਮੁਖਿ ਸਭਿ ਪਵਿਤੁ ਹੈ ਧਨ ਸੰਪੈ ਮਾਇਆ ਹਰਿ ਅਰਥਿ ਜੋ ਖਰਚਦੇ ਦੇਂਦੇ ਸੁਖ ਪਾਇਆ'।[2]

ਸੋਰਠਿ ਰਾਗ ਦੀ ਵਾਰ ਦੀ ਪਉੜੀ ਸੋਲ੍ਹਵੀਂ ਵਿਚ ਮਾਇਆ ਦਾ ਜ਼ੋਰ ਹੀ ਹਟਾ ਦਿੱਤਾ । ਫ਼ੁਰਮਾਇਆ :

*ਤਿਨ ਕਾ ਖਾਧਾ ਪੈਧਾ ਮਾਇਆ ਸਭੁ ਪਵਿਤੁ ਹਹਿ*
*ਜੋ ਨਾਮਿ ਹਰਿ ਰਾਤੇ ।*
*ਤਿਨ ਕੇ ਘਰ ਮੰਦਰ ਮਹਲ ਸਰਾਈ ਸਭਿ ਪਵਿਤੁ ਹਹਿ*
*ਜਿਨੀ ਗੁਰਮੁਖਿ ਸੇਵਕ ਸਿਖ ਅਭਿਆਗਤ*
*ਜਾਇ ਵਰਸਾਤੇ ।*
*ਤਿਨ ਕੇ ਤੁਰੇ ਜੀਨ ਖੁਰਗੀਰ ਸਭਿ ਪਵਿਤੁ ਹਹਿ*
*ਜਿਨੀ ਗੁਰਮੁਖਿ ਸਿਖ ਸਾਧ ਸੰਤ ਚੜਿ ਜਾਤੇ ।* (ਪੰਨਾ ੬੪੮)

ਕਿਆ ਪਤੇ ਦੀ ਗੱਲ ਗੁਰੂ ਅਮਰ ਦਾਸ ਜੀ ਨੇ ਸਾਰੰਗ ਕੀ ਵਾਰ ਮਹਲਾ ੪ ਦੇ ਸਲੋਕ ਵਿਚ ਕਹੀ ਸੀ ਕਿ ਜੇ ਸੱਚ ਪੱਲੇ ਹੈ, ਮਰਨਾ ਚੇਤੇ ਹੈ ਅਤੇ ਹਰਿਨਾਮ ਨਹੀਂ ਵਿਸਰਿਆ ਤਾਂ ਮਾਇਆ ਬਪੁਰੀ ਹੈ ਅਤੇ ਜੇ ਸੱਚ ਦਾ ਜੀਵਨ ਨਹੀਂ, ਮਰਨਾ ਚੇਤੇ ਨਹੀਂ ਅਤੇ ਹਰਿਨਾਮ ਕਦੇ ਚਿਤਵਿਆ ਨਹੀਂ ਤਾਂ ਮਾਇਆ ਤੁਹਾਡੇ 'ਤੇ ਸਵਾਰ ਹੈ । ਜੀਵਨ ਧੰਧਾ ਕਰਦਿਆਂ ਦੁੱਖ ਵਿਚ ਹੀ ਗੁਜ਼ਰ ਜਾਏਗਾ ਤੇ ਝਾਤ ਮਾਰੋਗੇ ਤਾਂ ਸਭ ਕੁਝ ਵਿਅਰਥ ਗਿਆ ਜਾਪੇਗਾ :

*ਮਾਇਆ ਮੋਹਿ ਵਿਸਾਰਿਆ*
*ਸਚੁ ਮਰਣਾ ਹਰਿ ਨਾਮੁ ।*
*ਧੰਧਾ ਕਰਤਿਆ ਜਨਮੁ ਗਇਆ*
*ਅੰਦਰਿ ਦੁਖੁ ਸਹਾਮੁ ।*

ਜਿਨ੍ਹਾਂ ਸੰਗਤਿ ਵਿਚ ਜਾ ਕੇ ਆਪਣੇ ਜੀਵਨ ਨੂੰ ਸ਼ਬਦ ਰਾਹੀਂ ਘੜਾ ਲਿਆ ਉਹ ਨਿਸਲ ਹੋ ਸੌਂਦੇ ਹਨ । ਬੇਪ੍ਰਵਾਹ ਹੋ ਵਿਚਰਦੇ ਹਨ ਅਤੇ ਮਟਕਿ-ਮਟਕਿ ਟੁਰਦੇ ਹਨ । ਸਦਾ ਖੁਸ਼ੀ ਉਹਨਾਂ ਦੇ ਘਰ ਹੈ :

---

1. ਆਸਾ ਮ: ੪, ਪੰਨਾ ੪੪੨ ।
2. ਸਾਰੰਗ ਕੀ ਵਾਰ ਮ: ੪, ਪੰਨਾ ੧੨੪੬ ।

*ਸਭੁ ਕੋਈ ਹਰਿ ਕੈ ਵਸਿ*
*ਭਗਤਾ ਕੈ ਅਨੰਦੁ ਘਰਿ ।*
*ਹਰਿ ਭਗਤਾ ਕਾ ਮੇਲੀ ਸਰਬਤ*
*ਸਉ ਨਿਸੁਲ ਜਨ ਟੰਗ ਧਰਿ ।*[1]

ਇਹ ਯਕੀਨ ਦਿਲਵਾ ਦਿੱਤਾ ਕਿ 'ਹਰਿ ਬਿਨ ਕੋਈ ਮਾਰਿ ਜੀਵਾਲਿ ਨ ਸਕੈ, ਮਨ ਹੋਇ ਨਿਚਿੰਦ ਨਿਸਲੁ ਹੋਇ ਰਹੀਐ ।'[2]

ਪੁਰਤਾਨ ਹੱਥ ਲਿਖਤਾਂ ਜਿਤਨੀਆਂ ਵੀ ਦੇਖੋ ਉਹਨਾਂ ਦੇ ਆਰੰਭ ਵਿਚ ਇਕ ਬੜੀ ਭਾਵ ਪੂਰਤ ਟੂਕ ਦਿੱਤੀ ਹੋਈ ਹੁੰਦੀ ਹੈ 'ਜਪ ਰਾਮ ਦਾਸ ਜੀ ਕਾ ।' ਜੋ ਸਭ ਤੋਂ ਪਹਿਲਾਂ ਆਦਿ ਗ੍ਰੰਥ ਹੈ, ਉਸ 'ਤੇ ਲਿਖਿਆ ਹੈ : 'ਜਪ ਰਾਮ ਦਾਸ ਜੀ ਕਾ' । ਜਿਉਂ-ਜਿਉਂ ਬੀੜਾਂ ਦੀ ਨਕਲ ਹੋਈ ਜਾਏ, ਉਸਦੇ ਆਰੰਭ ਵਿਚ ਇਹ ਹੀ ਲਿਖਿਆ ਹੁੰਦਾ ਸੀ : ਜਪ ਰਾਮ ਦਾਸ ਜੀ ਕਾ ਨਕਲ ਕਾ ਨਕਲ ਕਾ ਨਕਲ । ਇਸ ਸੰਕੇਤ ਤੋਂ ਹੀ ਖੋਜੀ ਬੀੜ ਦਾ ਪੁਰਾਤਨ ਹੋਣ ਦਾ ਅੰਦਾਜ਼ਾ ਲਗਾਂਦੇ ਹਨ ।

ਪਰ ਇਹ 'ਜਪ ਰਾਮ ਦਾਸ ਜੀ ਕਾ' ਕੁਝ ਹੋਰ ਵੀ ਸਾਂਭੀ ਬੈਠਾ ਹੈ । ਇਸ ਤੋਂ ਸਾਫ਼ ਸਪੱਸ਼ਟ ਹੈ ਕਿ ਜਪ ਜੀ ਕਾ ਸੰਗ੍ਰਹਿ ਗੁਰੂ ਰਾਮ ਦਾਸ ਜੀ ਨੇ ਕੀਤਾ । ਮਾਲਵਾ ਇਤਿਹਾਸ ਦੇ ਲੇਖਕ ਸੰਤ ਵਿਸਾਖਾ ਸਿੰਘ ਜੀ ਨੇ ਗੁਰੂ ਰਾਮ ਦਾਸ ਜੀ ਮਹਾਰਾਜ ਦੇ ਸਿਰਲੇਖ ਹੇਠਾਂ ਜਿੱਥੇ ਗੁਰੂ ਰਾਮ ਦਾਸ ਜੀ ਦੇ ਪਰਉਪਕਾਰ ਗਿਣਾਏ ਹਨ ਉਥੇ ਪਹਿਲਾ ਵੱਡਾ ਪਰਉਪਕਾਰ ਹੀ ਇਹ ਲਿਖਿਆ ਹੈ, 'ਜਪ ਨੀਸਾਣ ਨਾਵੇ ਜਪੁਜੀ ਸਾਹਿਬ ਦਾ ਸੰਗ੍ਰਹਿ ਕੀਤਾ ।'' ਫਿਰ ਅੰਮ੍ਰਿਤਸਰ ਦਾ ਸ਼ਹਿਰ ਵਸਾਉਣਾ ਤੇ ਅੰਮ੍ਰਿਤ ਸਰੋਵਰ ਬਣਾਉਣੇ ਲਿਖੇ ਹਨ ।

ਜਪ ਜੀ ਨੂੰ ਇਹ ਮੌਜੂਦਾ ਸ਼ਕਲ ਚੌਥੇ ਪਾਤਸ਼ਾਹ ਨੇ ਹੀ ਦਿੱਤੀ ਤਾਂ ਹੀ ਤਾਂ ਮੁੱਢ ਵਿਚ ਲਿਖਿਆ 'ਜਪ ਰਾਮ ਦਾਸ ਜੀ ਕਾ' ।

ਫਿਰ ਜਪ ਜੀ ਤੇ ਮਹਲਾ ਪਹਿਲਾ ਦਾ ਸੰਕੇਤ ਨਾ ਹੋਣਾ ਇਹ ਹੀ ਦਰਸਾਉਂਦਾ ਹੈ ਕਿ ਗੁਰੂ ਪਾਤਸ਼ਾਹਾਂ ਨੇ ਸਿੱਖਾਂ ਨੂੰ ਜਪ ਕਰਨ ਦੀ ਜਾਚ ਵੀ ਨਾਲ ਹੀ ਨਾਲ ਸਿਖਲਾ ਦਿੱਤੀ । ਜਪ ਕਿਸੇ ਇਕ ਵਿਅਕਤੀ ਦਾ ਨਹੀਂ । ਜਪ ਪਰਵਾਨ ਹੈ ਜੋ ਕੇਵਲ ਕਰਤੇ ਦਾ ਹੈ । ਇਹ ਜਪ ਕੋਈ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ ਜਾਂ ਗੁਰੂ ਅਮਰ ਦਾਸ ਜੀ ਦਾ ਨਹੀਂ ।

ਜਪ ਕਿਸ ਦਾ ਕਰਨਾ ਹੈ, ਆਪ ਜੀ ਨੇ ਸਾਰੰਗ ਰਾਗ ਦੇ ਘਰ ਪੰਜਵੇਂ ਦੇ ਚੌਥੇ ਦੁਪਦੇ ਵਿਚ ਪੜਤਾਲ ਸਿਰਲੇਖ ਹੇਠਾਂ ਉਚਾਰਿਆ :

---

1. ਵਾਰ ਬਿਲਾਵਲ ਮ: ੪, ਪੰਨਾ ੮੪੯ ।
2. ਵਡਹੰਸ ਕੀ ਵਾਰ ਮ: ੪, ਪੰਨਾ ੫੯੪ ।

*ਜਪਿ ਮਨ ਨਿਰਭਉ ॥*
*ਸਤਿ ਸਤਿ ਸਦਾ ਸਤਿ ॥*
*ਨਿਰਵੈਰੁ ਅਕਾਲ ਮੂਰਤਿ ॥*
*ਆਜੂਨੀ ਸੰਭਉ ॥*[1]

ਆਪ ਜੀ ਨੇ ੩੦ ਰਾਗ ਅਤੇ ਫਿਰ ਰਾਗਾਂ ਦੀਆਂ ਅਨੇਕ ਕਿਸਮਾਂ ਵਰਤੀਆਂ। ਕਾਫੀ, ਗਉੜੀ ਗੁਆਰੇਰੀ ਅਤੇ ਉਸ ਦੇ ਕਈ ਰੰਗ, ਬਸੰਤ, ਹਿੰਡੋਲ, ਕਲਿਆਣ, ਭੂਪਾਲੀ, ਮੰਗਲ, ਜਤਿ ਅਤੇ ਪੜਤਾਲਾਂ।[2]

ਲੋਕ-ਰੰਗ ਵੀ ਅੱਖੋਂ ਓਹਲੇ ਨਾ ਕੀਤਾ। ਘੋੜੀਆਂ, ਕਰਹਲੇ, ਵਣਜਾਰਾ, ਪਹਿਰੇ ਲਿਖੇ। ਛੰਤਾਂ ਰਾਹੀਂ ਖੁਸ਼ੀ ਦਾ ਮਾਹੋਲ ਪੈਦਾ ਕੀਤਾ। ਛੰਤ ਦਾ ਠੀਕ ਅਰਥ ਹੀ ਪ੍ਰਸੰਨ ਕਰਨਾ ਹੈ। ਭਾਵੇਂ ਕੋਸ਼ਕਾਰਾਂ ਨੇ 'ਕਜਣਾ' ਤੇ 'ਰੱਖਿਆ ਕਰਨਾ' ਵੀ ਕੀਤੇ ਹਨ। ਸਲੋਕਾਂ ਵਿਚ ਕਟਾਖ ਵੀ ਕੀਤਾ ਹੈ ਤੇ ਸਿਧਾਂਤ ਵੀ ਨਿਖੇੜਿਆ ਹੈ। ਹਰ ਵਾਰ ਵਿਚ ਵੱਖ ਤੇ ਨਵੇਕਲਾ ਮਜ਼ਮੂਨ ਲੈ ਕੇ ਕੌਮ ਨੂੰ ਸੁਚੇਤ ਕੀਤਾ ਹੈ।

ਆਪ ਜੀ ਨੇ ਕੁਲ ਸ਼ਬਦ ੨੪੬, ਅਸ਼ਟਪਦੀਆਂ ੩੧, ਛੰਤ ੩੨, ਸਲੋਕ ੧੩੮ ਅਤੇ ਵਾਰਾਂ ਅੱਠ ਉਚਾਰੀਆਂ ਹਨ। ਇਹ ਇਕਾਂਤ ਸਫ਼ਲ ਇਕਾਂਤ ਸੀ।

ਗਿਆਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿਚ ਇਸੇ ਲਈ ਲਿਖਿਆ ਹੈ ਕਿ ਗੁਰੂ ਜੀ ਦੀ ਬਾਣੀ ਧਰਮ ਨੂੰ ਧਾਰਨ ਕਰਾਉਣ ਦਾ ਸਾਧਨ ਬਣੀ, ਪ੍ਰੇਮ ਵਿਚ ਲੀਨ ਕਰਨ ਦਾ ਵਸੀਲਾ ਹੋਈ, ਸੁਖਾਂ ਦੀ ਦਾਤੀ, ਬਿਰਹੋਂ ਪੈਦਾ ਕਰਦੀ, ਗਿਆਨ ਉਪਜਾਂਦੀ, ਗਿਆਨ ਦਾ ਅਨੰਦ ਵੀ ਦੇਂਦੀ, ਬ੍ਰਹਮ ਤੋਂ ਆਈ ਬ੍ਰਹਮ ਤੱਕ ਲੈ ਜਾਂਦੀ :

*ਗੁਰੁ ਉਚਰੈ ਬਾਨੀ*
*ਧਰਮ ਧਰਾਨੀ*
*ਪ੍ਰੇਮ ਪਗਾਨੀ,*
*ਸੁਖ ਖਾਨੀ*
*ਨਿਰਵੇਦਹਿ ਸਾਨੀ*
*ਬੇਦ ਮਿਲਾਨੀ*
*ਗਿਆਨਦ ਦਾਨੀ*
*ਬ੍ਰਹਮਾਨੀ ॥*[3]

---

1. ਗੁਰੂ ਗ੍ਰੰਥ ਸਾਹਿਬ, ਪੰਨਾ ੧੨੦੧।
2. ਇਹ ਯਾਦ ਰਹੇ ਕਿ ਗੁਰੂ ਨਾਨਕ ਦੇਵ ਜੀ ਨੇ ਕੁਲ ੧੯ ਰਾਗ ਵਰਤੇ ਸਨ ਅਤੇ ਗੁਰੂ ਅਮਰਦਾਸ ਜੀ ਨੇ ੧੭। ਤਿਲੰਗ ਤੇ ਤੁਖਾਰੀ ਵਿਚ ਗੁਰੂ ਅਮਰ ਦਾਸ ਜੀ ਨੇ ਬਾਣੀ ਨਹੀਂ ਸੀ ਰਚੀ।
3. ਸ੍ਰੀ ਗੁਰੂ ਪੰਥ ਪ੍ਰਕਾਸ਼, ਪੂਰਬਾਰਧ ਬਿਸ਼੍ਰਾਮ ੧੭।

ਬਾਣੀ ਪੜ੍ਹਦਿਆਂ ਹੀ ਰਿਧੀਆਂ ਫੁਰਨ ਲੱਗ ਪੈਂਦੀਆਂ ਹਨ ਤੇ ਸਿੱਧੀਆਂ ਦਰ ਆ ਖਲੋਂਦੀਆਂ ਹਨ, ਖ਼ੁਸ਼ੀਆਂ ਵਿਹੜੇ ਵਿਚ ਆ ਜਾਂਦੀਆਂ ਹਨ, ਹਰ ਥਾਵੇਂ ਜਿੱਤ ਹੀ ਪੈਰ ਚੁੰਮਦੀ ਹੈ, ਮੁਕਤੀ ਮਿਲ ਜਾਂਦੀ ਹੈ :

*ਰਿਧਿ ਸਿਧ ਪ੍ਰਦਾਨੀ*
*ਮੋਦ ਮਿਲਾਨੀ*
*ਖਿਜੈ ਕਰਾਨੀ*
*ਧਰ ਮੁਕਤੀ ।*

ਪ੍ਰੋਫ਼ੈਸਰ ਪੂਰਨ ਸਿੰਘ ਜੀ ਨੇ ਬਹੁਤ ਠੀਕ ਕਿਹਾ ਹੈ ਕਿ ਗੁਰੂ ਰਾਮ ਦਾਸ ਜੀ ਦੀ ਬਾਣੀ ਪ੍ਰੀਤਾਂ ਦੀ ਉਹ ਵਗਦੀ ਨੈਂ ਹੈ ਜਿਸ ਦੀ ਮਿੱਠੀ ਠੰਢੀ ਧੁਨੀ ਪਿਆਰੇ ਦੀ ਸਿਕ ਪੁਜਾਂਦੀ ਹੈ ਅਤੇ ਉਸ ਜਾਦੂ-ਮਈ ਝਲਕਾਰੇ ਦਾ ਗਾਇਨ ਹੈ। ਉਸ ਬਿਰਹੋਂ ਕੁੱਠੀ ਪ੍ਰਭੂ ਮਹੇਲੀ ਦੇ ਮੁੱਖੋਂ ਨਿਕਲੀ ਹੈ ਜੋ ਇਕ ਭੋਰੀ ਦਰਸ਼ਨ ਲਈ ਤਰਸਦੀ ਹੈ ਤੇ ਇਕ ਹੋਰ ਲਈ ਯਾਚਨਾ ਕਰਦੀ ਹੈ। ਗੁਰੂ ਜੀ ਦੇ ਬਚਨ ਸਮੁੱਚੀ ਮਨੁੱਖੀ ਆਤਮਾ ਨੂੰ ਜਗਾ ਦੇਂਦੇ ਹਨ ਅਤੇ ਗੁਰੂ ਰਾਮ ਦਾਸ ਜੀ ਦੀ ਬਾਣੀ ਹਰ ਇਕ ਨੂੰ ਪਵਿੱਤਰ ਪੁਨੀਤ ਕਰ ਦੇਂਦੀ ਹੈ ।[1]

ਬਾਣੀ ਰਚਣ ਦੀ ਗਵਾਹੀ ਸੂਰਜ ਪ੍ਰਕਾਸ਼ ਵਿਚ ਇਸ ਪ੍ਰਕਾਰ ਹੈ :

*ਬਿਚ ਰਾਗਨ ਕੇ ਸਬਦ ਬਨਾਵਹਿ ।*
*ਮਧੁਰ ਮਧੁਰ ਮੁਖਤੇ ਧੁਨ ਗਾਵਹਿ ।[2]*

ਗੁਰੂ ਜੀ ਇਕਾਂਤ ਵਿਚ ਸਨ ਕਿ ਸਭ ਪਾਸੇ ਇਹ ਹਲਚਲ ਮਚ ਗਈ ਕਿ ਗੁਰੂ ਜੀ ਸੰਗਤਾਂ ਨੂੰ ਦਰਸ਼ਨ ਕਿਉਂ ਨਹੀਂ ਦੇ ਰਹੇ ? ਕੋਲ ਕੋਈ ਵੀ ਜਾਂਦਾ ਸੀ ਤਾਂ ਉਸ ਨੂੰ ਰਤਾ ਕੁ ਮੁੱਖੋਂ ਕੋਈ ਬਚਨ ਕਹਿ ਕੇ ਧੀਰਜ ਦੇਂਦੇ ਸਨ ਤੇ ਫਿਰ ਇਕ ਪਾਸੇ ਬੈਠਣ ਜਾਂ ਚਲੇ ਜਾਣ ਦਾ ਇਸ਼ਾਰਾ ਕਰ ਦੇਂਦੇ ਸਨ, ਜ਼ਿਆਦਾ ਚਿਰ ਗੁਰੂ ਜੀ ਬਾਣੀ ਲਿਖਦੇ, ਉਚਾਰਦੇ ਤੇ ਗਾਂਦੇ ਸਨ । ਬਹੁਤ ਥੋੜ੍ਹਾ ਸਮਾਂ, ਉਹ ਕਦੇ-ਕਦੇ ਬਿਸਰਾਮ ਕਰਦੇ ਸਨ ।

---

1. The Poetry of Ramdas flows like a stream of love whose cooling melody yearns for the beloved and sings of magic spell of His glance. It is put in the mouth of the Bride of God who pines in her longing for one more glimpse of Him, and still one more. The Master's divine music thrills the soul of a whole people, and this makes everyone pure. (ਪੰਨਾ ੪੩, ਦੀ ਬੁਕ ਔਫ਼ ਦੀ ਟੈੱਨ ਮਾਸਟਰਜ਼)
2. ਮਹਿਮਾ ਪ੍ਰਕਾਸ਼ ਵਿਚ ਵੀ ਕਈ ਦਿਨ ਇਕਾਂਤ ਵਿਚ ਰਹਿ ਕੇ ਵਿਚਰਨ ਦੀ ਗਵਾਹੀ ਮਿਲਦੀ ਹੈ । ਕੇਤਕ ਦਿਨ ਪ੍ਰਭ ਦਿਆਲ, ਏਕ ਰੰਗ ਇਕ ਟਿਕ ਰਹੇ ।
ਜਬ ਉਪਜੈ ਪ੍ਰੇਮ ਬਿਸਾਲ,
ਬਾਕੀ ਰੂਪ ਧਰ ਪ੍ਰਗਟ ਹੋਇ । (ਸਾਖੀ ਪਹਿਲੀ, ਪਾਤਸ਼ਾਹੀ ੪)

'ਠਾਂਢੇ ਰਹਹਿ ਕਿ ਪੋਢਹਿ ਕਥੈ' ਦੀ ਸੂਚਨਾ ਵੀ ਸੂਰਜ ਪ੍ਰਕਾਸ਼ ਨੇ ਦਿੱਤੀ ਹੈ ।

**ਸਿੱਖਾਂ ਦੀਆਂ ਜੋਦੜੀਆਂ ਤੇ ਸੰਗਤਾਂ ਨੂੰ ਦਰਸ਼ਨ**

ਜਦ ਕੁਝ ਚਿਰ ਗੁਰੂ ਜੀ ਦੇ ਖੁਲ੍ਹੇ ਦਰਸ਼ਨ ਦੀਦਾਰ ਸੰਗਤਾਂ ਨੂੰ ਨਾ ਹੋਏ ਤਾਂ ਪ੍ਰਸਿੱਧ ਸਿੱਖ ਬਾਬਾ ਬੁੱਢਾ ਜੀ ਦੀ ਅਗਵਾਈ ਹੇਠ ਇਕੱਤਰ ਹੋਏ । ਸਿੱਖ ਇਤਿਹਾਸ ਨੇ ਉਹਨਾਂ ਦੇ ਨਾਮ ਭਾਈ ਸਚਨਿ ਸਚ, ਮਾਣਕ ਚੰਦ, ਡਲੇ ਨਿਵਾਸੀ ਸਿੱਖ, ਭਾਈ ਸਾਵਣ ਮੱਲ, ਭਾਈ ਮਾਈ ਦਾਸ, ਭਾਈ ਗੰਗੋ ਜੀ, ਪਾਵਣ ਜੋੜੀ ਮਥੋ-ਮੁਰਾਰੀ, ਭਾਈ ਫਿਰਿਯਾ ਕਟਾਰਾ, ਭਾਈ ਖੇਡਾ ਸੋਇਨੀ, ਭਾਈ ਬੇਣੀ ਪੰਡਿਤ, ਭਾਈ ਹਿੰਦਾਲ ਤੇ ਖ਼ਾਸ ਕਰ ਬਾਬਾ ਮੋਹਨ ਜੀ ਤੇ ਮੋਹਰੀ ਜੀ ਵੀ ਸਨ, ਸਾਰੇ ਸੋਚਦੇ ਇਹ ਸਨ ਕਿ :

*ਇਹ ਕਯਾ ਤਿਨਹੁ ਰਿਦੈ ਮੈਂ ਠਾਨੀ ।*
*ਬੈਠਹਿ ਬੀਚ ਨ ਦਰਸ਼ਨ ਦਾਨੀ ।*

ਬਾਬਾ ਬੁੱਢਾ ਜੀ ਨੂੰ ਹੀ ਬੇਨਤੀ ਕੀਤੀ ਕਿ ਉਹ ਹੀ ਹੱਲ ਕੱਢਣ । ਉਥੇ ਵੀ ਬਾਬਾ ਬੁੱਢਾ ਜੀ ਨੇ ਮੋਹਨ ਜੀ ਨੂੰ ਸੰਬੋਧਨ ਕਰ ਕੇ ਕਿਹਾ ਸੀ ਕਿ ਇਹਨਾਂ ਦਾ ਸੁਭਾਅ ਮਸਤਾਨਾ ਹੈ ਤੇ ਵੱਧ ਘੱਟ ਮੂੰਹੋਂ ਬੋਲ ਜਾਂਦੇ ਹਨ । ਸੋ ਠੀਕ ਇਹ ਹੀ ਹੈ ਕਿ ਮੇਰੇ ਨਾਲ ਮੋਹਰੀ ਜੀ ਅੱਗੇ ਲੱਗਣ, ਮੈਂ ਨਾਲ ਹਾਂ, ਸੰਗਤਾਂ ਦੀ ਬੇਨਤੀ ਉਹ ਕਦੇ ਮੋੜਨ ਨਹੀਂ ਲੱਗੇ । ਗੁਰੂ ਨੂੰ ਪ੍ਰਗਟ ਕਰਨ ਲਈ ਬਾਬਾ ਜੀ ਨੇ ਪਹਿਲਾਂ ਵੀ ਵੱਲ ਦੱਸੇ ਸਨ ।

ਜਦ ਗੁਰੂ ਅੰਗਦ ਦੇਵ ਜੀ ਨੂੰ ਵਿਰਾਈ ਦੇ ਮਕਾਨ ਵਿਚ ਟਿਕੇ ਤੋਂ ਬਾਹਰ ਦਰਸ਼ਨ ਲਈ ਖਿੱਚਣਾ ਸੀ ਤਾਂ ਕੀਰਤਨ ਦਾ ਸਹਾਰਾ ਲਿਆ ਸੀ । ਉਸ ਸਮੇਂ ਬਾਬਾ ਬੁੱਢਾ ਜੀ ਨੇ ਬਲਵੰਡ ਜੀ ਨੂੰ ਕਿਹਾ ਸੀ :

ਰਬਾਬ ਵਜਾਇ ਸ਼ਬਦ ਗਾਓ । ਆਪੇ ਗੁਰੂ ਨਾਨਕ ਦੀ ਆਵਾਜ਼ ਸੁਣ ਬਾਹਰ ਆ ਜਾਣਗੇ ।

ਐਸਾ ਹੀ ਹੋਇਆ । ਸ਼ਬਦ ਸੁਣਦੇ ਹੀ ਪ੍ਰਗਟ ਹੋ ਗਏ । ਰਹੱਸ ਖੋਲ੍ਹ ਦਿੱਤਾ ਕਿ ਗੁਰੂ ਨੂੰ ਪਾਉਣਾ ਹੋਵੇ, ਰੀਝਾਉਣਾ ਹੋਵੇ, ਮਿਲਣਾ ਹੋਵੇ ਅਤੇ ਚਰਨ ਪਰਸਣੇ ਹੋਣ ਤਾਂ ਰਾਹ ਇਕੋ ਹੀ ਹੈ – ਕੀਰਤਨ ।

ਫਿਰ ਜਦ ਗੁਰੂ ਅਮਰ ਦਾਸ ਜੀ ਬਾਸਰਕੇ ਜਾ ਟਿਕੇ ਸਨ ਤੇ ਮੁਹਰਲੇ ਦਰਵਾਜ਼ੇ ਲਿਖ ਦਿੱਤਾ ਸੀ ਜੋ ਕੋਈ ਇਸ ਦਰਵਾਜ਼ੇ ਰਾਹੀਂ ਦਰਸ਼ਨ ਕਰਨ ਦੀ ਕੋਸ਼ਿਸ਼ ਕਰੇਗਾ, ਨਾ ਉਹ ਮੇਰਾ ਸਿੱਖ ਹੈ, ਨਾ ਮੈਂ ਉਸ ਦਾ ਗੁਰੂ ।

ਬੜੀ ਉਲਝਣ ਪਈ ਸੀ ਪਰ ਬਾਬਾ ਬੁੱਢਾ ਜੀ ਮੁਸਕਰਾ ਪਏ ਸਨ । ਪਿਛਲੇ ਪਾਸਿਓਂ ਸਨ੍ਹ ਮਾਰ ਗੁਰੂ ਜੀ ਦੇ ਦੀਦਾਰ ਸਭ ਨੂੰ ਕਰਵਾਏ ਸਨ । ਗੁਰੂ ਅਮਰ

ਦਾਸ ਜੀ ਨੇ ਧੰਨ ਧੰਨ ਕਿਹਾ ਸੀ ।

ਉਥੇ ਇਹ ਰਮਜ਼ ਸੀ ਕਿ ਗੁਰੂ ਦਾ ਦੀਦਾਰ ਨੌਂ ਇੰਦਰੀਆਂ ਰਾਹੀਂ ਨਹੀਂ । ਉਸ ਦਾ ਦਰਸ਼ਨ ਕਰਨਾ ਹੈ ਤਾਂ ਨੌਂ ਦਰਵਾਜ਼ੇ ਬੰਦ ਹੀ ਕਰਨੇ ਪੈਣਗੇ ਤੇ ਦਸਵਾਂ ਜੋ ਗੁਪਤ ਹੈ ਤੋੜਨਾ ਪਵੇਗਾ । ਇਹ ਟੁੱਟੇਗਾ ਭਰਪੂਰ ਭਾਵਨਾ ਨਾਲ ।

ਇੱਥੇ ਵੀ ਇਹ ਹੀ ਰਹੱਸ ਸੀ । ਗੁਰੂ ਦਾ ਦੀਦਾਰ ਜੇ ਪਾਉਣਾ ਹੈ ਤਾਂ ਸੰਗਤ ਰੂਪ ਵਿਚ ਜਾਵੋ ।

ਬਾਬਾ ਬੁੱਢਾ ਜੀ ਤੇ ਹੋਰ ਸਿੱਖ ਸੰਗਤਾਂ ਚੁੱਪ ਕਰ ਕੇ ਜਾ ਬੈਠੀਆਂ । ਜਦ ਦੋ ਪਹਿਰ ਹੋ ਗਏ ਅਤੇ ਗੁਰੂ ਜੀ ਦੇ ਨੈਣ ਖੁਲ੍ਹੇ ਤਾਂ ਬਾਬਾ ਜੀ ਨੇ ਬੇਨਤੀ ਕੀਤੀ ਕਿ ਸੰਗਤਾਂ ਵਿਆਕੁਲ ਫਿਰ ਰਹੀਆਂ ਹਨ । ਗੁਰੂ ਅਮਰ ਦਾਸ ਜੀ ਆਪ ਜੀ ਨੂੰ ਆਪਣੀ ਥਾਂ ਆਪਣਾ ਸਰੂਪ ਦੇ ਕੇ ਬਿਠਾਲ ਗਏ ਹਨ, ਹੁਣ ਹੋਰ ਨਾ ਤਰਸਾਓ :

*ਸਭਿਹਿਨਿ ਮਹਿ ਬੈਠਹ ਹਰਖਾਵਹੁ ।*
*ਉਪਦੇਸਹੁ ਸਤਿਨਾਮ ਜਪਾਵਹੁ ।*

ਆਪ ਜੀ ਨੇ ਉਸੇ ਵੇਲੇ ਨਿੰਮ੍ਰ ਹੋ ਕਿਹਾ : ਜਿਵੇਂ ਸੰਗਤਿ ਦਾ ਹੁਕਮ ਹੈ । ਉਸ ਨੂੰ ਆਦਰ ਨਾਲ ਮੰਨਣਾ ਮੇਰਾ ਫ਼ਰਜ਼ ਹੈ । ਮੈਂ ਸੰਗਤਿ ਤੋਂ ਕੋਈ ਬਾਹਰ ਨਹੀਂ :

*ਤੁਮ ਗੁਰ ਸੁਤ ਅਰੁ ਗੁਰ ਸਿਖ ਸਾਰੇ ।*
*ਮੈਂ ਨਿਤ ਹੋਂ ਅਨੁਸਾਰਿ ਤੁਮਾਰੇ । ੫੩ ।*
*ਸਾਦਰ ਬਚਨ ਮਾਨਿਬੋ ਮੋਹਿ ।*
*ਮੋ ਕਹੁ ਮੇਰਾ ਧਰਮ ਇਹੁ ਹੋਹਿ ।*

ਕੈਸੇ ਪੂਰਨੇ ਪਾ ਰਹੇ ਸਨ ਗੁਰੂ ਰਾਮ ਦਾਸ ਜੀ ਪੰਥ ਲਈ । ਉਸ ਵੇਲੇ ਦੀਵਾਨ ਸੱਜ ਗਏ ਤੇ ਗੁਰੂ ਜੀ ਵਿਚਕਾਰ ਆ ਬਿਰਾਜੇ ।

**ਦਰਬਾਰ ਦੀ ਦੱਖ** – ਸੰਗਤਾਂ ਨੇ ਜਦ ਗੁਰੂ ਰਾਮ ਦਾਸ ਜੀ ਨੂੰ ਆਪਣੇ ਵਿਚਕਾਰ ਡਿੱਠਾ ਤਾਂ ਇਸ ਤਰ੍ਹਾਂ ਚਹਿਕੇ ਜਿਵੇਂ ਚਕੋਰ ਚੰਨ ਨੂੰ ਦੇਖ ਕੇ ਖ਼ੁਸ਼ੀਆਂ ਵਿਚ ਝੂਮਦਾ ਹੈ :

*ਸਤਿਗੁਰ ਮੁਖ ਦੇਖ ਸੰਗਤ ਬਿਗਸਾਇ ।*
*ਜਿਮ ਚੰਦ ਚਕੋਰ ਨਿਰਖਤ ਟਕਲਾਇ ।*

ਗੁਰੂ ਜੀ ਨੇ ਬਚਨ ਕੀਤੇ, ਸਿੱਖਾਂ ਨੂੰ ਅਨੁਭਵ ਮਿਲਿਆ । ਗੋਇੰਦਵਾਲ ਰੌਣਕਾਂ ਪਹਿਲੇ ਵਾਂਗ ਹੀ ਹੋ ਗਈਆਂ ।

ਸੰਗਤਾਂ ਆਉਂਦੀਆਂ ਉਪਦੇਸ਼ ਸੁਣਦੀਆਂ, ਉਹਨਾਂ ਦੇ ਕਲੇਸ਼ ਕੱਟੇ ਜਾਂਦੇ । ਜਦ ਘਰਾਂ ਨੂੰ ਮੁੜਦੇ ਤਾਂ ਧਿਆਨ ਵਿਚ ਜੁੜਨ ਦੀ ਜਾਚ ਨਾਲ ਲੈ ਜਾਂਦੇ । ਗ੍ਰਹਿਸਤੀ

ਜਗਤ ਵਿਚ ਰਹਿਣ ਦੀ ਜੁਗਤੀ ਪਾ ਕੇ ਮੁੜਦੇ । ਵਿਰਕਤੀ ਸਾਧੂ ਭਗਤੀ ਪਾ ਮੁੜਦੇ :

*ਜਿਹ ਪਢਿ ਸੁਨ ਭਗਤੀ*
*ਪੈਂਹਿ ਬ੍ਰਿਕਤੀ*
*ਸ਼ਕਤੀ ਜਗਤੀ*
*ਨਰ ਯੁਕਤੀ ।*

ਵਰਤਾਰਾ ਉਸੇ ਤਰ੍ਹਾਂ ਸੀ । ਨਾਮ ਦੀ ਨਦੀ ਵਗਦੀ ਹੀ ਰਹਿੰਦੀ ਸੀ । ਰਬਾਬੀ ਨਾਮ ਜਲ ਦੇ ਛੱਟੇ ਕੀਰਤਨ ਰਾਹੀਂ ਫੱਬਦੀਆਂ ਤੇ ਢੁੱਕਵੀਆਂ ਧੁਨਾਂ ਕੱਢ ਕੇ ਸੰਗਤਾਂ 'ਤੇ ਮਾਰਦੇ ਰਹਿੰਦੇ ਸਨ । ਸਭ ਪ੍ਰਸੰਨ ਚਿੱਤ ਨਾਲ ਰਲ ਕੇ ਵੀ ਗਾਂਦੇ ਸਨ :

*ਪੁਨ ਆਇ ਰਬਾਬੀ*
*ਕਰ ਹੈਂ ਆਬੀ*
*ਰਹਿ ਨਿਤ ਫਾਬੀ*
*ਸ਼ਬਦ ਧੁਨੀ ।*

ਲੰਗਰ ਇਕੋ ਜਿਹਾ ਹਰ ਇਕ ਨੂੰ ਆਦਰ ਨਾਲ ਮਿਲਦਾ ਸੀ । ਪਹਿਲੇ ਵਾਂਗ ਹੀ ਜੋ ਰਸਦ, ਰਕਮ ਆਉਂਦੀ ਰੋਜ਼ ਹੀ ਰੋਜ਼ ਖ਼ਰਚ ਕਰ ਦੇਂਦੇ :

*ਬਹੁ ਸੰਗਤਿ ਆਵਤਿ*
*ਬਿਤ ਚਲਾਵਤਿ*
*ਨਿਤ ਲਗਾਵਤਿ*
*ਗੁਰ ਸੋਈ । ੮੨*

ਪਹਿਲਾ ਉਪਦੇਸ਼ – ਸਾਡੇ ਇਤਿਹਾਸ ਦਾ ਕਹਿਣਾ ਹੈ ਕਿ ਸੰਗਤਾਂ ਨੇ ਜਦ ਉਪਦੇਸ਼ ਮੰਗਿਆ ਤਾਂ ਆਪ ਜੀ ਨੇ ਸਭ ਤੋਂ ਪਹਿਲਾਂ ਧਨਾਸਰੀ ਮਹਲਾ ਪਹਿਲਾ ਦਾ 'ਤੀਰਥੁ ਨਾਵਣ ਜਾਉ ਤੀਰਥੁ ਨਾਮੁ ਹੈ । ਤੀਰਥੁ ਸ਼ਬਦ ਬੀਚਾਰੁ ਅੰਤਰਿ ਗਿਆਨੁ ਹੈ', ਵਾਲਾ ਸਬਦ ਇਸ ਸੁਰ ਨਾਲ ਪੜ੍ਹਿਆ ਕਿ ਸਮਾਧੀ ਲੱਗ ਗਈ । ਫਿਰ ਜਦ ਸਮਝਾਇਆ ਕਿ :

*ਸੰਸਾਰ ਰੋਗੀ ਨਾਮ ਦਾਰੂ ਮੈਲ ਲਾਗੇ ਸਚ ਬਿਨਾ ।*
*ਗੁਰਵਾਕ ਨਿਰਮਲ ਸਦਾ ਚਾਨਣੁ ਨਿਤ ਸਾਚ ਤੀਰਥ ਮਜਨਾ ।*

ਤਾਂ ਸਮਾਂ ਹੀ ਬੱਝ ਗਿਆ । ਕਹਿਣ ਲੱਗੇ : ਮੈਲ ਲੱਗਦੀ ਹੈ ਕਿਉਂਕਿ ਸੰਸਾਰੀ ਜੀਵ ਸੱਚ ਵਿਚ ਨਹੀਂ ਵਰਤਦੇ । ਅਹਾਰ, ਵਿਹਾਰ, ਵਰਤੋਂ ਪਿਆਰ, ਵੈਰ ਵਿਚ ਵਿਚਰਦੇ ਮੈਲ ਲੱਗ ਜਾਂਦੀ ਹੈ । ਇਹ ਕੱਟੀ ਦੀ ਹੈ ਨਾਮ ਦਾਰੂ ਨਾਲ । ਫਿਰ ਚਮੜੇਗੀ ਵੀ ਨਹੀਂ ਜੇ ਕੋਈ ਗੁਰੂ ਉਪਦੇਸ਼ ਤੇ ਵਾਕਾਂ ਦੇ ਚਾਨਣ ਵਿਚ ਟੁਰੇਗਾ ।

---

1. ਸ੍ਰੀ ਗੁਰੂ ਪੰਥ ਪ੍ਰਕਾਸ਼, ਪੂਰਬਾਰਧ ਬਿਸ੍ਰਾਮ ੧੭ ।

ਫਿਰ ਹੋਰ ਨਿੰਮ੍ਰ ਭਾਵ ਵਿਚ ਜਾ ਕੇ ਗਉੜੀ ਗੁਆਰੇਰੀ ਵਿਚ ਸ਼ਬਦ ਉਚਾਰਿਆ :

*ਪੰਡਿਤੁ ਸਾਸਤ ਸਿਮ੍ਰਿਤ ਪੜਿਆ ।*
*ਜੋਗੀ ਗੋਰਖੁ-ਗੋਰਖੁ ਕਰਿਆ ।*
*ਮੈ ਮੂਰਖ ਹਰਿ ਹਰਿ ਜਪੁ ਪੜਿਆ ।*

ਪੂਰਾ ਸ਼ਬਦ ਪੜ੍ਹਨ ਤੋਂ ਬਾਅਦ 'ਮੈਂ ਮੂਰਖ ਹਰਿ ਆਸ ਤੁਮਾਰੀ', ਕਈ ਵਾਰੀ ਪੜ੍ਹਿਆ । ਜੁੜੀਆਂ ਸੰਗਤਾਂ ਨੂੰ ਇਹ ਵੀ ਕਿਹਾ ਜੋ ਵੀ ਅੱਗਾ ਸੰਵਾਰਨਾ ਲੋੜਦਾ ਹੈ :

*ਸੇਵਾ ਕਰਨ ਬਿਖੈ ਚਿਤ ਕਰੈ ।*
*ਉਹ ਹੰਕਾਰ ਨ ਕਬਹੂੰ ਧਰੈ ।*

ਹੱਥੀਂ ਸੇਵਾ ਦਾ ਬਹੁਤ ਫਲ ਹੈ । ਅੰਦਰਲਾ ਨਿਰਮਲ ਹੁੰਦਾ ਹੈ । 'ਤਪ ਤੇ ਦਸ ਗੁਨ ਫਲ ਇਸ ਕੇਰਾ ।' ਫਿਰ ਸ਼ਰਧਾ ਬਹੁਤ ਜ਼ਰੂਰੀ ਹੈ । ਸ਼ਰਧਾ ਨਾਲ ਸਤਿ ਸੰਗਤ ਦੀ ਕੀਤੀ ਸੇਵਾ ਨਾਲ ਭਗਤੀ ਦ੍ਰਿੜ੍ਹ ਹੁੰਦੀ ਹੈ ਅਤੇ ਭਗਤੀ ਨਾਲ ਗਿਆਨ ਉਪਜਦਾ ਹੈ । ਐਸੇ ਗਿਆਨ ਪ੍ਰਾਪਤ ਕਰਨ ਨਾਲ ਮੁਕਤੀ ਹੁੰਦੀ ਹੈ । 'ਸੇਵਾ ਮੂਲ ਸੁ ਕਰਹੁ ਕ੍ਰਿਤਾਰਥ ।' ਮੈਨੂੰ ਉਹ ਹੀ ਪਿਆਰਾ ਲੱਗਦਾ ਹੈ ਜੋ ਨਿੰਮ੍ਰ ਹੋ ਕੇ ਭੁੱਖੇ ਨੂੰ ਖਵਾਂਦਾ ਹੈ । ਨੰਗੇ ਨੂੰ ਕੱਪੜਾ ਦੇਂਦਾ ਹੈ ਅਤੇ ਦੁਖੀਏ ਨੂੰ ਆਸਰਾ । **ਜੋ ਸਰਦਾ ਪੁੱਜਦਾ ਸਿੱਖ ਹੈ, ਉਹ ਲੋਕਾਂ ਦੇ ਰਹਿਣ ਲਈ ਥਾਂ ਬਣਾਏ:**

*ਮੰਦਰ ਚਿਨਹਿ ਚਿਨਾਵਹਿ ਚਾਰੂ ।*
*ਜਹਿ ਬਿਸਰਾਮਹਿ ਰਾਮਹਿ ਸੰਤ ਉਦਾਰੂ ।*

ਸੇਵਾ ਕਰਦਿਆਂ ਕਦੇ ਹੰਕਾਰ ਨਹੀਂ ਲਿਆਉਣਾ । ਉਦਾਹਰਣ ਵੀ ਦਿੱਤੀ ਕਿ ਕੋਈ ਪੰਛੀਆਂ ਨੂੰ ਚੋਗਾ ਪਾਉਂਦਾ ਸੀ । ਚੋਗਾ ਖਿੱਲਰਿਆ ਦੇਖ ਹੰਸ ਵੀ ਆਉਣ ਲੱਗੇ ਤੇ ਉਹ ਮੋਤੀ ਉਗਲ ਜਾਇਆ ਕਰਨ । ਸਿੱਖਾਂ ਦੀ ਸੇਵਾ ਕਰਦੇ-ਕਰਦੇ ਨਾਮ ਮੋਤੀ ਮਿਲ ਜਾਏਗਾ :

*ਹੰਸ ਸਮਾਨ ਸਿੱਖ ਜੋ ਮੇਰੇ ।*
*ਇਨ ਸੇਵੇ ਫਲ ਪਾਇ ਘਨੇਰੇ । ੫੯ ।*

ਫ਼ਰਮਾਇਆ ਕੋਈ ਅਜਿਹੀ ਸੰਸਾਰੀ ਜਾਂ ਪ੍ਰਮਾਰਥਕ ਵਸਤੂ ਨਹੀਂ ਹੈ ਜੋ ਸਿੱਖਾਂ ਦੀ ਸੇਵਾ ਤੋਂ ਨਾ ਮਿਲੇ । ਸਭ ਕੁਝ ਸੇਵਾ ਤੋਂ ਹੀ ਮਿਲਣਾ ਹੈ :

***ਅਲਭ ਵਸਤ ਐਸੀ ਨਹਿ ਕੋਈ ।***
***ਮਮ ਸਿੱਖ ਸੇਵੇ ਪਾਇ ਨਾ ਜੋਈ ।***[1]

ਮੈਕਾਲਫ਼ ਦਾ ਕਹਿਣਾ ਹੈ ਕਿ ਇਹ ਵੀ ਫ਼ਰਮਾਇਆ :

''ਤੁਹਾਡੇ ਲਈ ਗੁਰੂ ਜੀ ਨੇ ਨਿਰਾਲੀ ਤ੍ਰੈਬੇਣੀ ਉਸਾਰੀ ਹੈ : ਉਸ ਦਾ ਜਸ

---

1. ਸ੍ਰੀ ਗੁਰੂ ਪ੍ਰਤਾਪ ਸੂਰਜ : ਰਾਸਿ ਦੂਜੀ, ਅੰਸ਼ ੩ ।

ਗਾਂਵਦੇ ਹੋਏ ਹਰ ਇਕ ਦੇ ਹਿਰਦੇ ਵਿਚ ਉਸ ਪ੍ਰਭੂ ਨੂੰ ਹਾਜ਼ਰ ਨਾਜ਼ਰ ਦੇਖਣਾ ਅਤੇ ਨਾਮ ਪ੍ਰਗਟ ਕਰ ਲੈਣਾ । ਭਗਤ ਕਬੀਰ ਅਤੇ ਰਵਿਦਾਸ ਨੇ ਕਿਹੜੀ ਤ੍ਰੈਬੇਣੀ ਦਾ ਇਸ਼ਨਾਨ ਕੀਤਾ ਸੀ । ਉਹ ਦੋਵੇਂ ਨਾਮ ਦੇ ਤੀਰਥ ਵਾਲੀ ਕੁਟੀਆ ਵਿਚ ਵੱਸਦੇ ਸਨ । ਉਹਨਾਂ ਦੀ ਕੁਟੀਆ ਦੀਆਂ ਕੰਧਾਂ ਆਪਣੀਆਂ ਵਾਸ਼ਨਾਵਾਂ ਨੂੰ ਰੋਕਣਾ ਸੀ । ਛੱਤ ਪ੍ਰੇਮਾ ਭਗਤੀ ਦੀ ਸੀ । ਬ੍ਰਹਮ ਦਾ ਗਿਆਨ, ਵਾਹਿਗੁਰੂ ਦਾ ਧਿਆਨ ਸ਼ਤੀਰ ਸਨ । ਲਾਲਚ ਦੀ ਗਰਮੀ, ਭਰਮਾਂ ਦੀ ਸਰਦੀ, ਕੁਸੰਗਤਿ ਦੇ ਮੀਂਹ ਤੋਂ ਬਚਣ ਲਈ ਉਹਨਾਂ ਹਿਰਦੇ ਵਿਚ ਵਾਹਿਗੁਰੂ ਦਾ ਪਿਆਰ ਪੈਦਾ ਕਰ ਲਿਆ ਸੀ ।[1] ਤੁਸੀਂ ਵੀ ਹਉਮੈ ਦਾ ਅਭਾਵ ਕਰ ਕੇ, ਪਿਆਰ ਵਸਾ ਕੇ ਉਸ ਪ੍ਰਭੂ ਦੇ ਗੁਣ ਗਾਈ ਟੁਰੇ ਜਾਣੇ ਹਨ । ਗੁਣ ਗਾਉਣ ਨਾਲ ਮਨ ਮਾਂਜਿਆ ਜਾਂਦਾ ਹੈ ਅਤੇ ਸੇਵਾ ਕਰਨ ਨਾਲ ਫਿਰ ਹਉਮੈ ਦੀ ਮੈਲ ਨਹੀਂ ਚੰਬੜਦੀ ।''

**ਸਿਧ ਦਰਸ਼ਣਾਂ ਨੂੰ ਆਏ**

ਜਿਸ ਸਮੇਂ ਤੋਂ ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਨੂੰ ਵੰਗਾਰ ਪਾਈ ਸੀ, ਉਹ ਖੁਣਸ ਖਾ ਕਈ ਵਾਰੀ ਆ ਟਕਰਾਏ ਪਰ ਹਰ ਵਾਰੀ ਮੂੰਹ ਦੀ ਹੀ ਖਾਣੀ ਪਈ ਤੇ ਅੰਤ ਵਿਚ : 'ਧਨ ਨਾਨਕ ਤੇਰੀ ਵੱਡੀ ਕਮਾਈ' ਅਤੇ 'ਵੱਡਾ ਪੁਰਖੁ ਪ੍ਰਗਟਿਆ, ਜਿਸ ਕਲਿਜੁਗ ਅੰਦਰਿ ਜੋਤਿ ਜਗਾਈ,' ਕਹਿੰਦੇ ਮੁੜ ਗਏ । ਇਹ ਜੋਤ ਦਾ ਪ੍ਰਕਾਸ਼ ਦੇਖਣ ਲਈ ਇਹਨਾਂ ਦੇ ਮੁਖੀ ਗੁਰੂ ਅੰਗਦ ਦੇਵ ਜੀ ਪਾਸ ਆਏ ਅਤੇ ਐਸੇ ਤਿਖੇ ਬੋਲ ਬੋਲੇ ਪਰ ਗੁਰੂ ਅੰਗਦ ਦੇਵ ਜੀ ਦਾ ਸ਼ਾਂਤ ਨਿੰਮ੍ਰ ਸੁਭਾਅ ਦੇਖ ਜੁਹਾਰਾਂ ਕਰਦੇ ਮੁੜੇ । ਇਸੇ ਤਰ੍ਹਾਂ ਗੁਰੂ ਅਮਰ ਦਾਸ ਜੀ ਪਾਸ ਆਏ ਅਤੇ ਨੂਰਾਨੀ ਚੇਹਰਾ ਦੇਖ ਅਵਾਕ ਹੀ ਹੋ ਗਏ । ਸਵਾਲ ਜਵਾਬ ਤਾਂ ਕਰਦੇ ਰਹੇ ਪਰ ਕੇਵਲ ਸੂਝ ਹਾਸਲ ਕਰਨ ਲਈ ।

ਹੁਣ ਜਦ ਉਹਨਾਂ ਹੀ ਸਿਧਾਂ ਨੇ, ਜਿਨ੍ਹਾਂ ਦੀ ਗਿਣਤੀ ਚੋਰਾਸੀ ਕਹੀ ਜਾਂਦੀ ਹੈ, ਸੁਣਿਆ ਕਿ ਗੁਰੂ ਰਾਮ ਦਾਸ ਜੀ ਗੱਦੀ ਨਸ਼ੀਨ ਹੋਏ ਹਨ ਤਾਂ ਗੋਇੰਦਵਾਲ ਆਏ । ਸਿੱਖਾਂ ਦੀ ਰਹਿਣੀ ਬਹਿਣੀ ਤੇ ਵਿਹਾਰ ਦੇਖ ਕੇ ਪੁੱਛ ਬੈਠੇ : 'ਤੁਸੀਂ ਸੰਗਤਾਂ ਨੂੰ ਅਸ਼ਟ ਜੋਗ ਨਹੀਂ ਸਿਖਾਂਦੇ । ਉਸ ਤੋਂ ਬਗ਼ੈਰ ਮਨ ਠਹਿਰ ਨਹੀਂ ਸਕਦਾ । ਮਨ ਠਹਿਰੇ ਬਗ਼ੈਰ ਆਤਮ ਦਰਸ਼ਨ ਨਹੀਂ ਹੁੰਦਾ । ਆਤਮ ਦਰਸ਼ਨ ਬਗੈਰ ਜੁਗਤ ਨਹੀਂ ਤੇ ਜੁਗਤ ਬਗ਼ੈਰ ਛੁਟਕਾਰਾ ਨਹੀਂ, ਮੁਕਤੀ ਨਹੀਂ, ਮੁਕਤੀ ਬਗ਼ੈਰ ਬੰਧਨ

---

1. They each abode in a hut at the pilgrimage of the name. The restraint of their desires they made the four walls of their lowly dwellings. Love and devotion were their roofs and divine knowlegde and meditation the beams on which the rested. They kept the love of goo in their hearts to preserve them from the rain of bad company, the cold of superstition and the heat of avdrice.

(The Sikh Religion, Vol. II, PP. 257, Ed. 1909)

ਨਹੀਂ ਟੁੱਟਦੇ। ਸਿੱਖ ਵਿਚਾਰੇ ਕੀ ਕਰਦੇ ਹੋਣਗੇ।[1] ਪਹਿਲਾਂ ਤਾਂ ਇਹ ਗੱਲਾਂ ਸੁਣਦੇ ਸਾਰ ਇਤਨੇ ਬਚਨ ਗੁਰੂ ਜੀ ਨੇ ਕਹੇ :

*ਬਿਨ ਪ੍ਰੇਮ ਭਗਤ ਨਹੀਂ ਹਰਿ ਮਿਲੇ,*
*ਬਿਨ ਹਰਿ ਮੁਕਤ ਨ ਜਾਣ।*

ਫਿਰ ਸਮਝਾਂਦੇ ਹੋਏ ਗੁਰੂ ਰਾਮ ਦਾਸ ਜੀ ਨੇ ਕਿਹਾ :

''ਜੋਗੀ ਜੋ ਮਨ ਨੂੰ ਜੋੜਦਾ ਹੈ, ਬ੍ਰਿਤੀਆਂ ਨੂੰ ਹੋੜਦਾ ਹੈ, ਇਕ ਸਾਧਨ ਹੀ ਕਰਦਾ ਹੈ। ਅਸਾਂ ਸਾਧਨ ਸਤਿਨਾਮ ਦਾ ਜਾਪ ਤੇ ਉਸ ਨਾਲ ਪਿਆਰ ਦੱਸਿਆ ਹੈ।

''ਸਿੱਖ ਪ੍ਰਭੂ ਦੇ ਪ੍ਰੇਮ ਰੂਪ ਦਾ ਆਸਰਾ ਲੈਂਦੇ ਹਨ। ਯਾਦ ਨੂੰ ਪਕਾ ਲੈਂਦੇ ਹਨ। ਉਸ ਦੀ ਹਜ਼ੂਰੀ ਦਾ ਅਨੰਦ ਮਾਣਦੇ ਹਨ। ਬਿਰਤੀਆਂ ਆਪਣੇ ਆਪ ਹੀ ਇਕਾਗਰ ਹੋਣ ਲੱਗ ਪੈਂਦੀਆਂ ਹਨ। ਫਿਰ ਵਾਹਿਗੁਰੂ ਜੋ ਆਪ ਪ੍ਰੇਮ ਰੂਪ ਹੈ, ਉਸ ਨੂੰ ਪ੍ਰੇਮੀਆਂ ਨਾਲ ਪਿਆਰ ਹੈ। ਉਹ ਖਿਚਾਂ ਪਾਉਂਦਾ ਰਹਿੰਦਾ ਹੈ, ਦੁੱਖ ਦੂਰ ਕਰਨ ਦਾ ਰਾਹ ਵੀ ਗੁਰੂ ਨੇ ਸਤਿਸੰਗ ਦੱਸਿਆ ਹੈ। ਸਤਿਸੰਗ ਵਿਚ ਕੀਰਤਨ ਸੁਣਦੇ ਮਨ ਇਕਾਗਰ ਹੁੰਦਾ ਹੈ। ਕਿਸੇ ਪਾਸੇ ਧਾਂਦਾ ਨਹੀਂ । ਸੰਗਤ ਕਰਕੇ ਇਹ ਸੋਝੀ ਮਿਲ ਜਾਂਦੀ ਹੈ ਕਿ ਦੁੱਖ ਤਾਂ ਹੈ ਜੋ ਅਸੀਂ ਇਸ ਦੇ ਨਾਲ ਪਿਆਰ ਕਰਦੇ ਹਾਂ। ਦਾਤਾਂ ਨਾਲ ਮੋਹ ਪਾਉਂਦੇ ਹਾਂ। ਦਾਤੇ ਨਾਲ ਪਿਆਰ ਕਰਨ ਨਾਲ ਦੁਖ ਆਪੇ ਹੱਟ ਜਾਂਦੇ ਹਨ। ਹਉਮੈ ਦਾ ਅਭਾਵ ਹੋ ਜਾਂਦਾ ਹੈ। ਹਉਮੈ ਫਿਰ ਜ਼ੋਰ ਨਾ ਪਾਵੇ ਇਸ ਦਾ ਰਾਹ ਸੇਵਾ ਦੱਸਿਆ ਹੈ। ਇਸ ਤਰ੍ਹਾਂ ਸਹਿਜ ਬੈਰਾਗ ਮਿਲ ਜਾਂਦਾ ਹੈ। ਸੰਸਾਰ ਵਿਚ ਰਹਿੰਦੇ ਹੋਏ ਵੀ ਸਿੱਖ, ਸੰਸਾਰ ਤੋਂ ਉੱਚੇ ਰਹਿੰਦੇ ਹਨ।

''ਜੇ ਮਾਇਆ ਗ੍ਰਹਿਸਤੀ ਨੂੰ ਬਾਰ ਬਾਰ ਅਟਕਾਂਦੀ ਹੈ ਤਾਂ ਸਿੱਧ ਲੋਕਾਂ ਦੀ ਖ਼ੂਬਸੂਰਤੀ ਰਿਧ-ਸਿਧ-ਕਰਾਮਾਤ ਅਟਕਾ ਦੇਂਦੀ ਹੈ। ਅਸਲ ਵਿਚ ਚਟਕ ਹੀ ਲੱਗ ਜਾਂਦੀ ਹੈ। ਪ੍ਰਭੂ ਦੇ ਪਿਆਰ ਨਾਲੋਂ ਉਹ ਪ੍ਰਭੂ ਨੂੰ ਸ਼ਕਤੀ ਰੂਪ ਦੇਖ-ਦੇਖ ਆਪ ਵੀ ਸਾਕਤ ਹੋ ਜਾਂਦੇ ਹਨ, ਇਕ ਰੰਗ ਨਹੀਂ ਰਹਿੰਦਾ।[2] ਪ੍ਰੇਮ ਨਾਲ ਇਕ ਰੰਗ ਰਹਿੰਦਾ ਹੈ। ਜੇ ਮਾਇਆ ਜ਼ਰਾ ਕੁ ਅਟਕਾਂਦੀ ਵੀ ਹੈ ਗ੍ਰਹਿਸਤੀ ਨੂੰ ਤਾਂ 'ਪਰੇਮ ਦੇ ਚਾਬਕ' ਮਾਰ ਸੁਰਤਿ ਨੂੰ ਉਤਾਂਹ ਚੁੱਕ ਲੈਂਦੇ ਹਨ।

---

1. ਹੇ ਗੁਰ ਤੁਮਰੀ ਸੰਗਤ ਦੇਖੀ। ਕੁਝ ਜਗ ਸਾਧਨਾ ਜਗਤ ਨ ਪੇਖੀ। ੪।
ਬਿਨਾ ਜੋਗ ਮਨ ਹੋਇ ਨ ਸ਼ਾਂਤ। ਬਿਨ ਜੋਗ ਨਹੀਂ ਮਿਟੇ ਭ੍ਰਾਂਤ।
ਜੋਗ ਤੇ ਹੋਇ ਗਿਆਨ ਪ੍ਰਗਾਸ। ਪਾਇ ਗਿਆਨ ਮੁਕਤ ਸੁਖ ਰਾਸ। ੧੫।
(ਮਹਿਮਾ ਪ੍ਰਕਾਸ਼, ਸਾਖੀ ਦੂਜੀ, ਪਾਤਸ਼ਾਹੀ ਚੋਥੀ)
2. ਸਿਦਾ ਮੁਹੇ ਫਸਿਕੈ ਤਜਿ ਰਸ ਕੋ। ਜਗਤ ਬਾਸਨਾ ਚਾਹਿਤ ਜਸ ਕੋ।
(ਰਾਸ ੨, ਅੰਸ ੨)

''ਜੋਗੀ ਲੋਕ ਉਮਰ ਹੀ ਜ਼ਾਇਆ ਕਰ ਜਾਂਦੇ ਹਨ । ਪਹਿਲਾਂ ਸਾਰਾ ਧਿਆਨ ਸਰੀਰ ਸਵੱਛ ਕਰਨ ਵਿਚ ਲਗਾ ਦੇਂਦੇ ਹਨ । ਫਿਰ ਉਮਰ ਲੰਮੀ ਕਰਨ ਵਿਚ ਅਤੇ ਫਿਰ ਜਗਤ ਵਸ ਕਰਨ ਵਿਚ । ਪ੍ਰਮੇਸ਼ਵਰ ਦੇ ਪਿਆਰੇ ਵਿਚ ਇਹ ਲਾਲਸਾ ਕਿਉਂ ਹੋਵੇ ਕਿ ਕਿਸੇ ਨੂੰ ਵੱਲ ਛਲ ਨਾਲ ਆਪਣਾ ਬਣਾਇਆ ਜਾਵੇ । ਭਲੇ ਪੁਰਸ਼ ਦਾ ਕੰਮ ਹੈ, ਉਪਦੇਸ਼ ਦੇਈ ਜਾਣਾ । ਅਗਲਾ ਮੰਨ ਲਵੇ ਤਾਂ ਉਸ ਦਾ ਭਲਾ ਜੇ ਨਾ ਮੰਨੇ ਤਾਂ ਉਸਦੀ ਰਜ਼ਾ । ਡਰ ਤੇ ਵਰ ਕਿਉਂ ਦੇਈਏ ?

''ਜਿਨ੍ਹਾਂ ਨੂੰ ਕੁਝ ਸੋਝੀ ਆਈ ਹੈ, ਉਹ ਲੋਕਾਂ ਤੋਂ ਦੂਰ ਦੂਰ ਕਿਉਂ ਭੱਜਦੇ ਹਨ । ਇਹਨਾਂ ਲੋਕਾਂ ਵਿਚ ਵਿਚਰੋ । ਹਿੰਮਤ ਦਿਓ ਇਹਨਾਂ ਨੂੰ ਜੂਝਣ ਦੀ । ਐਸਾ ਢੰਗ ਸਿਖਾਓ ਕਿ ਵਾਹਿਗੁਰੂ ਦੀ ਟੇਕ ਰਖਦਿਆਂ ਮਜ਼ਬੂਤ ਦਿਲਾਂ ਵਾਲੇ ਹੋਣ । ਕਦੀ ਸੋਚਿਆ ਜੇ, ਪਰਜਾ ਗਿਆਨ ਵਿਹੂਣੀ ਹੋ ਕੇ ਕੁਰਲਾ ਰਹੀ ਹੈ । ਕਿੰਨੀਆਂ ਸਦੀਆਂ ਇਕੋ ਪਠਾਨ ਘਰਾਣਾ ਰਾਜ ਤੇ ਜ਼ੁਲਮ ਕਰੀ ਜਾਂਦਾ ਰਿਹਾ । ਕੋਈ ਨਾ ਕੁਸਕਿਆ । ਇਕ ਮਰਿਆ, ਦੂਜਾ ਉਸਦੀ ਥਾਂ ਆ ਗਿਆ । ਹੁਣ ਮੁਗ਼ਲ ਆਏ ਹਨ, ਉਹ ਵੀ ਬਦੇਸ਼ੀ ਹਨ । ਲੋਕਾਂ ਵਿਚ ਜਾਓ ਉਹਨਾਂ ਨੂੰ ਹਿੰਮਤਾਂ ਵਾਲੇ ਤੇ ਦਾਈਏ ਵਾਲਾ ਬਣਾਓ ।'' ਜਦ ਇਹ ਗੱਲਾਂ ਗੁਰੂ ਰਾਮ ਦਾਸ ਜੀ ਦੇ ਮੁਖੋਂ ਸੁਣੀਆਂ ਤਾਂ ਸਭ ਸਿਧਾਂ ਨੇ ''ਨਾਨਕ ਜਾਨ ਉਸਤਤ ਮੁੱਖ ਭੰਨ ।''

**ਕਿੰਙਰੀ ਵਜਾਂਦੇ ਜੋਗੀ ਆਏ** – ਜੋਗੀਆਂ ਵਿਚ ਇਕ ਐਸੀ ਸੰਪ੍ਰਦਾਇ ਵੀ ਹੈ ਜੋ ਟੋਲੇ ਬਣਾ ਹੱਥਾਂ ਵਿਚ ਸਾਜ਼, ਕਿੰਙਰੀਆਂ ਆਦਿ ਲੈ ਫਿਰਦੀ ਰਹਿੰਦੀ ਹੈ ਅਤੇ ਲੋਕਾਂ ਨੂੰ ਗਾ-ਗਾ ਗਾਥਾ ਸੁਣਾ ਪ੍ਰਭੂ ਪਾਸੇ ਲਗਾਉਣ ਦੇ ਬਹਾਨੇ ਮਾਇਆ ਬਟੋਰਨ ਵਿਚ ਹੀ ਲੱਗੀ ਰਹਿੰਦੀ ਹੈ ।[1]

ਇਸੇ ਪ੍ਰਕਾਰ ਦਾ ਜੋਗੀਆਂ ਦਾ ਇਕ ਜੱਥਾ ਗੋਇੰਦਵਾਲ ਆਇਆ ਤੇ ਕਿੰਙ ਵਜਾ ਕੇ, ਬਾਹਰੋਂ ਆਈਆਂ ਸੰਗਤਾਂ ਨੂੰ ਗੀਤ ਤੇ ਗਾਥਾ ਸੁਣਾਉਣ ਲੱਗਾ । ਪਿਛੋਂ ਚਾਦਰ ਵਿਛਾ ਮੰਗਾਲੀ ਪਾ ਬੈਠਾ । ਉਹ ਹੀ ਜੱਥਾ ਕਿੰਙਰੀ ਵਜਾਂਦਾ ਗੁਰੂ ਜੀ ਦੇ ਦਰਸ਼ਨਾਂ ਨੂੰ ਜਦ ਆਇਆ ਤਾਂ ਮਹਾਰਾਜ ਨੇ ਕਿਹਾ :

''ਹੱਥ ਵਿਚ ਕਿੰਙਰੀ ਫੜ ਕੇ ਇਤਨਾ ਸੋਹਣਾ ਵਜਾਂਦੇ ਹੋ ਪਰ ਇਹ ਸਭ ਬੇਅਸਰ ਤੇ ਥੋਥੀ ਕਿਰਿਆ ਹੈ ਕਿਉਂਕਿ ਮਨ ਤਾਂ ਹੋਰ ਪਾਸੇ ਭੱਜਦਾ ਰਹਿੰਦਾ ਹੈ ।

''ਇਹ ਤੁਸੀਂ ਇੰਜ ਜਾਣੋ ਕਿ ਕਿਧਰੇ ਖੂਹ ਹੋਵੇ ਤੇ ਬੈਲ ਇਸ ਲਈ ਜੋਤੇ ਜਾਣ ਕਿ ਪੈਲੀਆਂ ਨੂੰ ਜਲ ਮਿਲੇ ਤੇ ਫ਼ਸਲ ਹਰੀ ਭਰੀ ਹੋਵੇ ਪਰ ਫ਼ਸਲ ਪੱਕਦੇ ਹੀ ਬੈਲ ਸਾਰੀ ਖੇਤੀ ਖਾ ਜਾਣ । ਸਭ ਕੀਤਾ ਕਰਾਇਆ ਵਿਅਰਥ ਗਿਆਂ :

---

1. ਇਹ ਨਿਰੀ ਕਿੰਙਰੀ ਵਜਾਉਣ ਵਾਲੇ ਜੋਗੀਆਂ ਨੂੰ ਚੇਤਾਵਨੀ ਨਹੀਂ ਸੀ ਸਗੋਂ ਸਭ ਉਹਨਾਂ ਉਪਦੇਸ਼ਕਾਂ, ਰਾਗੀਆਂ, ਕੀਰਤਨੀਆਂ, ਮਹਾਤਮਾਵਾਂ ਨੂੰ ਸੀ ਜੋ ਕੀਰਤਨ ਜਾਂ ਉਪਦੇਸ਼ ਕਰਨ ਉਪਰੰਤ ਮਾਇਆ ਉਗਰਾਹੁਣ ਲੱਗ ਪੈਂਦੇ ਹਨ ।

*ਗਾਵਹਿ ਰਾਗ ਭਾਤਿ ਬਹੁਤ ਬੋਲਹਿ,*
*ਇਹੁ ਮਨੂਆ ਖੇਲੈ ਖੇਲ ॥*
*ਜੋਵਹਿ ਕੂਪ ਸਿੰਚਨ ਕਉ ਬਸੁਧਾ,*
*ਉਠਿ ਬੈਲ ਗਏ ਚਰਿ ਬੇਲ ॥ ੨ ॥*

(ਆਸਾ ਮਹਲਾ ੪, ਪੰਨਾ ੩੬੮)

"ਕਰੋ ਇਹ ਕਿ ਸਰੀਰ ਨਗਰ ਵਿਚ ਹਰਿ ਨਾਮ ਦਾ ਬੀਜ਼ ਬੀਜ ਕੇ, ਟਿਕੇ ਹੋਏ ਮਨ ਨੂੰ ਬੈਲ ਬਣਾ ਕੇ ਗੁਰੂ ਦੀ ਦਿੱਤੀ ਮਤ ਬਾਣੀ ਰਾਹੀਂ, ਗੀਤਾਂ ਰਾਹੀਂ ਨਹੀਂ, ਕਹਾਣੀਆਂ ਰਾਹੀਂ ਨਹੀਂ, ਸਿੰਚੀ ਜਾਵੇ । ਫੇਰ ਦੇਖਣਾ ਕੈਸੀ ਹਰੀ ਭਰੀ ਨਾਮ ਦੀ ਖੇਤੀ ਪੈਦਾ ਹੁੰਦੀ ਹੈ ।"

*ਕਾਇਆ ਨਗਰ ਮਹਿ ਕਰਮ ਹਰਿ ਬੋਵਹੁ,*
*ਹਰਿ ਜਾਮੈ ਹਰਿਆ ਖੇਤੁ ।*
*ਮਨੂਆ ਅਸਥਿਰੁ ਬੈਲੁ ਮਨੁ ਜੋਵਹੁ,*
*ਹਰਿ ਸਿੰਚਹੁ ਗੁਰਮਤਿ ਜੇਤੁ । ੩ ।*[1]

ਗੁਰੂ ਰਾਮ ਦਾਸ ਜੀ ਨੇ ਜੋਗੀ ਨੂੰ ਸਿੱਖੀ ਬਖ਼ਸ਼ੀ ।

ਜਿਵੇਂ ਸਿੱਧ, ਜੋਗੀ ਕਾਇਆਂ ਸਾਧ ਲੋਕਾਂ ਦੇ ਘਰ ਮੰਗਣ ਟੁਰ ਪੈਂਦੇ ਸਨ, ਐਸੀ ਹੀ ਇਕ ਸ਼ਰੇਣੀ ਤਪਾ ਲੋਕਾਂ ਦੀ ਸੀ ਜੋ ਧੂਣੀਆਂ ਰਮਾ ਜ਼ਰਾ ਕੁ ਇਕਾਗ੍ਰਤਾ ਪਾ ਜਿਥੇ ਵਸੋਂ ਹੁੰਦੀ ਸੀ, ਆ ਡੇਰੇ ਲਗਾਂਦੇ ਸਨ । ਐਸਾ ਹੀ ਇਕ ਤਪਾ ਗੋਇੰਦਵਾਲ ਆ ਵਸਿਆ । ਸਾਰੇ ਸੁਖ ਉਸ ਨੂੰ ਮਿਲਣ ਲੱਗੇ ਪਰ ਜਦ ਦੇਖੇ ਕਿ ਸਿੱਖਾਂ ਦੇ ਚਿਹਰੇ ਨੂਰ ਨਾਲ ਜਗ ਮਗਾ ਰਹੇ ਹਨ, ਨਾ ਕੋਈ ਹੱਠ ਹੈ, ਨਾ ਕੋਈ ਜੋਗ ਸਾਧਨਾ, ਨਾ ਕੋਈ ਸ਼ਾਸਤਰ ਜਾਂ ਬੇਦ ਰੀਤੀ, ਨਾ ਕਿਸੇ ਤੀਰਥ ਯਾਤਰਾ 'ਤੇ ਜਾਣ ਦੀ ਗੱਲ, ਕੇਵਲ ਅੰਮ੍ਰਿਤ ਵੇਲਾ, ਕੀਰਤਨ ਤੇ ਸੇਵਾ ਹੈ ਤਾਂ ਇਕ ਦਿਨ ਹੀਯਾ ਕਰ ਪੁੱਛ ਬੈਠਾ :

**ਤਪਾ ਤਜ ਪਖੰਡਿ ਗੁਰੂ ਕੇ ਸਿੱਖ ਹੋਇਓ**

*ਤੁਮਰੇ ਸਿੱਖ ਦੀਸੈ ਅਭਿਮਾਨੀ ,*
*ਬੇਦ, ਪੁਰਾਨ ਤੀਰਥ ਨਹੀਂ ਜਾਨੀ ।*
*ਤੁਮਰੇ ਸਿੱਖ ਤੁਮ ਹੀ ਕੋ ਜਾਨੇ,*
*ਵਾਹਿਗੁਰੂ ਮੁਖ ਜਾਪ ਬਖਾਨੇ ।*
*ਨਹੀਂ ਦੀਸੈ ਇਤ ਕੋ ਧਰਮ ਸੁਭਾਉ । ੫ ।*[2]

ਸਿੱਖਾਂ ਦੀ ਗਤੀ ਕਿਵੇਂ ਹੋਵੇਗੀ ? ਸੁਰਗਾਂ ਦਾ ਸੁਖ ਇਹ ਕਿਵੇਂ ਲੈਣਗੇ ? ਗੁਰੂ ਜੀ ਨੇ ਕਿਹਾ ਕਿ ਇਹ ਸੁਖਾਂ ਦੀ ਜੋ ਤੁਸਾਂ ਗੱਲ ਕਹੀ ਹੈ ਇਹਨਾਂ ਵਿਚੋਂ ਗੁਰੂ ਘਰ ਨੇ ਸਿੱਖਾਂ ਨੂੰ ਕੱਢ ਲਿਆ ਹੈ । ਇਹ ਸਭ ਲਾਲਸਾਵਾਂ ਹਨ ਤੇ ਅਲਪ

---

1. ਮਹਲਾ ੪, ਰਾਗ ਆਸਾ ਘਰ ੬ ਕੇ ੩, ਪੰਨਾ ੩੬੮ ।
2. ਮਹਿਮਾ ਪ੍ਰਕਾਸ਼, ਸਾਖੀ ੩, ਪਾਤਸ਼ਾਹੀ ਚੌਥੀ ।

ਸੁਖ ਹਨ । ਅਸਲ 'ਆਤਮ ਸੁਖ' ਹੈ । ਨਾਮ ਪ੍ਰਾਪਤੀ ਹੈ । ਜੇ ਤੁਸੀਂ ਤਪ ਸਾਧ ਕੇ ਲੈਣ ਦੀ ਇੱਛਾ ਕਰਦੇ ਹੋ ਪਰ ਫਿਰ ਵੀ ਨਹੀਂ ਮਿਲਦਾ, ਸਿੱਖ ਯਾਦ ਵਿਚੋਂ ਕੱਢ ਲੈਂਦਾ ਹੈ । ਸਿੱਖ ਮਨ ਪ੍ਰਭੂ ਦੀ ਯਾਦ ਵਿਚ ਲਗਾ ਕੇ ਸੋਧ ਪਾ ਲੈਂਦਾ ਹੈ । ਫਿਰ ਪ੍ਰੀਤ ਉਪਜਦੀ ਹੈ । ਧਿਆਨ ਪੱਕਦਾ ਹੈ । ਇਹ ਹਰੀ ਧਿਆਨ ਦੀ ਤੁਲਹਾ ਹੈ ਜੋ ਇਸ ਨੂੰ ਪਾਰ ਲੰਘਾਏਗਾ । ਨਾਮ ਦੀ ਮਹਿਮਾ ਤੇ ਜੋ ਫ਼ਰਜ਼ ਗੁਰੂ ਜੀ ਦੇ ਜ਼ਿੰਮੇ ਲੱਗਾ ਸੀ ਉਸ ਦੀ ਵਿਆਖਿਆ ਕਰਦੇ ਹੋਏ ਫ਼ਰਮਾਇਆ : "ਜਿਸ ਨੇ ਨਾਮ ਚੱਖ ਲਿਆ ਉਸ ਨੂੰ ਛੱਤੀ ਪਦਾਰਥਾਂ ਦਾ ਸੁਆਦ ਆ ਗਿਆ । ਉਹਨਾਂ ਦੀਆਂ ਪੈਨ੍ਹਣ ਅਤੇ ਦਿਖਾਉਣ ਦੀਆਂ ਚਾਹਾਂ ਮੁੱਕ ਗਈਆਂ । ਸਤਿਗੁਰੂ ਨੇ ਇਹ ਕੰਮ ਸਾਨੂੰ ਸੌਂਪਿਆ ਹੈ ਕਿ ਕੇਵਲ ਨਾਮ ਦੀ ਗੱਲ ਜਗਤ ਤੇ ਟੋਰੋ । ਨਾਮ ਜਪਣ ਵਾਲੇ ਨੂੰ ਕਿਸੇ ਦੀ ਵੀ ਖ਼ੁਸ਼ਾਮਦ ਨਹੀਂ ਕਰਨੀ ਪੈਂਦੀ :

*ਹਰਿ ਨਾਮੁ ਹਮਾਰਾ ਭੋਜਨੁ,*
*ਛਤੀਹ ਪਰਕਾਰ*
*ਜਿਤੁ ਖਾਇਐ ਹਮ ਕਉ ਤ੍ਰਿਪਤਿ ਭਈ ।*
*ਹਰਿ ਨਾਮ ਹਮਾਰਾ ਪੈਨਣ,*
*ਜਿਤੁ ਫਿਰਿ ਨੰਗੇ ਨ ਹੋਵਹ*
*ਹੋਰ ਪੈਨਣ ਕੀ ਹਮਾਰੀ ਸਰਧ ਗਈ ।*
*ਹਰਿ ਨਾਮੁ ਹਮਾਰਾ ਵਣਜ,*
*ਹਰਿਨਾਮ ਵਾਪਾਰੁ,*
*ਹਰਿਨਾਮੈ ਕੀ ਹਮ ਕੰਉ ਸਤਿਗੁਰੁ,*
*ਕਾਰਕੁਨੀ ਦੀਈ ।*
*ਹਰਿਨਾਮੈ ਕਾ ਹਮ ਲੇਖਾ ਲਿਖਿਆ*
*ਸਭ ਜਮ ਕੀ ਅਗਲੀ ਕਾਣਿ ਗਈ ।*[1]

ਜਦ ਤਪੇ ਨੇ ਕਿਹਾ ਕਿ ਗ੍ਰਹਿਸਤੀ ਲੋਕ ਖਿਨ ਖਿਨ ਭੁਲਦੇ ਹਨ, ਉਹਨਾਂ ਨੂੰ ਅਭਿਆਸ ਲਈ ਪ੍ਰੇਰਨਾ ਦੀ ਲੋੜ ਰਹਿੰਦੀ ਹੈ, ਇਸ ਦੀ ਗ੍ਰਹਿਸਤੀ ਪੂਰਤੀ ਕਿਵੇਂ ਕਰਦੇ ਹਨ ਤਾਂ ਬਖ਼ਸ਼ਸ਼ ਦਾਤੇ ਗੁਰੂ ਰਾਮ ਦਾਸ ਜੀ ਨੇ ਕਿਹਾ : "ਇਕ ਤਾਂ ਜੋ ਵਾਹਿਗੁਰੂ ਦਾ ਉਚਾਰਨ ਦੱਸਿਆ ਹੈ, ਉਹ ਉਤਸਾਹ ਵਾਲਾ ਹੈ । 'ਵਾਹ' ਆਖਣ ਨਾਲ ਸੁਰਤਿ ਉੱਚੀ ਉਠਦੀ ਹੈ ਤੇ ਗੁਰੂ ਕਹਿਣ ਨਾਲ ਪ੍ਰਕਾਸ਼ ਦਾਤੇ ਤੇ ਅੰਧਕਾਰ ਦੂਰ ਕਰਨ ਵਾਲੇ ਵੱਲ ਧਿਆਨ ਜਾਂਦਾ ਹੈ ।

"ਹੋਰ ਸਤਿ ਸੰਗਤ ਸਭ ਤੋਂ ਵੱਡਾ ਉਪਰਾਲਾ ਹੈ । ਜਿਹੜੇ ਵੀ ਨਾਮ ਰਸੀਏ ਹਨ, ਉਹ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ, ਧਰਮਸਾਲਾ ਦੀਵਾਨ ਲਗਾ ਜੁੜ ਜਾਂਦੇ

1. ਵਡਹੰਸ ਕੀ ਵਾਰ ਮ: ੪, ਪੰਨਾ ੫੯੩ ।

ਹਨ । ਉਥੇ ਕੀਰਤਨ ਸੁਣਦੇ ਹਨ । ਕੀਰਤਨ ਵਿਚ ਪ੍ਰੇਰਨਾ ਹੁੰਦੀ ਹੈ ਤੇ ਮਨ ਜਾਗਿਆ ਰਹਿੰਦਾ ਹੈ । ਪ੍ਰਭੂ ਦਾ ਨਾਮ ਮਿੱਠਾ ਲੱਗਦਾ ਹੈ । 'ਰਾਗ ਤੇ ਭਾਵ-ਬਾਣੀ' ਇਕੱਠੇ ਹੋ ਕੇ ਮਨ ਦੀਆਂ ਹੋਰ ਸੋਚਾਂ ਮੁਕਾ ਦੇਂਦੇ ਹਨ । ਇਕ ਸਰੂਰ ਚੜ੍ਹ ਜਾਂਦਾ ਹੈ ।

''ਇਹ ਲਾਗ ਜੋ ਅੰਮ੍ਰਿਤ ਵੇਲੇ ਲੱਗ ਜਾਂਦੀ ਹੈ, ਮਨ ਨੂੰ ਐਸਾ ਰੁਖ਼ ਦੇ ਦੇਂਦੀ ਹੈ ਕਿ ਮਨ ਸਾਰਾ ਦਿਨ ਸੁਖ ਤੇ ਯਕੀਨ ਦੇ ਘਰ ਰਹਿੰਦਾ ਹੈ ।''

*ਅਬ ਮਨ ਜਾਨਥੋ ਸੰਤ ਮਹਾਤਮ,*
*ਜਿਸ ਤੇ ਪ੍ਰਾਪਤ ਗਯਾਤਾ ਆਤਮ ।*

ਤਪੇ ਨੇ ਬੇਨਤੀ ਕੀਤੀ ਕਿ ਉਸ ਨੂੰ ਵੀ ਸਿੱਖੀ ਦਾਨ ਬਖ਼ਸ਼ੋ । ਮਹਾਰਾਜ ਨੇ ਕਿਰਪਾ ਦ੍ਰਿਸ਼ਟੀ ਕੀਤੀ ਤੇ ਉਸ ਦਾ ਜੀਵਨ ਵੀ ਸਾਵਾਂ ਪੱਧਰਾ ਹੋ ਗਿਆ:

*ਤਜਿ ਪਖੰਡ ਗੁਰ ਕੋ ਸਿਖ ਹੋਇਓ ।*
*ਮਿਲਿ ਸਤਿ ਸੰਗਤਿ ਮਹਿ ਸੁਖ ਜੋਇਓ[1] । ੨੭ ।*

**ਅੰਮ੍ਰਿਤਸਰ ਜਾਣ ਦਾ ਨਿਰਣਾ**

ਆਪ ਜੀ ਦੀ ਦੋਹੀ ਚਾਰੇ ਪਾਸੇ ਫੈਲ ਗਈ ਸੀ । ਸੰਗਤਾਂ ਨੂੰ ਕਿਸੇ ਪ੍ਰਕਾਰ ਦਾ ਕੋਈ ਭੁਲੇਖਾ ਨਹੀਂ ਸੀ ਰਹਿਆ ਕਿ ਜੋਤ ਕਿਸ ਨੂੰ ਸਮਰਪੀ ਗਈ ਹੈ । ਆਪ ਜੀ ਪ੍ਰਚਾਰ ਦੇ ਕੰਮ ਵਲੋਂ ਵੀ ਬੜੇ ਸਾਵਧਾਨ ਸਨ । ਮੰਜੀਦਾਰਾਂ ਦਾ ਇਕੱਠ ਕਰਕੇ ਬੜੀ ਤਾੜਨਾ ਨਾਲ ਸਿੱਖੀ ਕਾਰਜ ਨੂੰ ਨਿਭਾਉਣ ਦਾ ਉਤਸ਼ਾਹ ਦਿੱਤਾ । ਇਹ ਵੀ ਕਿਹਾ ਕਿ ਕੋਈ ਆਪ-ਹੁਦਰੀ ਨਾ ਕਰੇ । ਗੁਰੂ-ਸਿੱਖਿਆ ਹੀ ਸੰਗਤਾਂ ਨੂੰ ਦ੍ਰਿੜ੍ਹ ਕਰਾਉਣੀ ਮੰਜੀਦਾਰਾਂ ਦਾ ਫ਼ਰਜ਼ ਹੈ । ਇਹ ਨਾ ਭੁੱਲਣਾ ਕਿ ਕਿਸੇ ਨੇ ਜੜ੍ਹ ਕੱਟਣ ਦੀ ਕੋਸ਼ਿਸ਼ ਕੀਤੀ ਤਾਂ ਸ਼ਾਖ਼ਾਂ ਕਦੇ ਪ੍ਰਫੁੱਲਤ ਨਹੀਂ ਹੋ ਸਕਣਗੀਆਂ :

*ਪੇਡੁ ਮੰਢਾਹੂੰ ਕਟਿਆ,*
*ਤਿਸੁ ਡਾਲ ਸੁਕੰਦੇ ।*

ਭਾਈ ਗੁਰਦਾਸ ਜੀ ਨੂੰ ਗੁਰੂ ਅਮਰ ਦਾਸ ਜੀ ਨੇ ਜੰਮੂ ਵੱਲ ਪ੍ਰਚਾਰ ਹਿਤ ਭੇਜਿਆ ਸੀ, ਜਦ ਗੋਇੰਦਵਾਲ ਦਰਸ਼ਨਾਂ ਨੂੰ ਆਏ ਤਾਂ ਆਪ ਜੀ ਨੇ ਆਗਰੇ ਜਾਣ ਦਾ ਹੁਕਮ ਕੀਤਾ ਅਤੇ ਕਿਹਾ, ਪੂਰਬ ਦੀ ਸਿੱਖੀ ਦੀ ਸੰਭਾਲ ਆਗਰੇ ਬੈਠ ਕਰੋ:

*ਅਬ ਤੁਮ ਆਗਰੈ ਮਾਹਿ ਸਿਧਾਵਹੁ ।*
*ਤਹਿ ਕੀ ਸੰਗਤਿ ਪ੍ਰੇਰ ਲਿਯਾਵਹੁ ।*

ਭਾਈ ਗੁਰਦਾਸ ਜੀ ਸੰਸਕ੍ਰਿਤ, ਫ਼ਾਰਸੀ ਦੇ ਮਾਹਿਰ ਸਨ । ਬਾਣੀ ਦੇ ਰਹੱਸਾਂ ਨੂੰ ਗੁਰੂ ਅਮਰ ਦਾਸ ਜੀ ਦੇ ਚਰਨਾਂ ਵਿਚ ਬੈਠ ਕੇ ਸਿੱਖਿਆ ਸੀ । ਰਿਸ਼ਤੇ ਵਿਚ

---

1. ਰਾਸ ਦੂਜੀ, ਅੰਸ਼ ੩ ।

ਭਾਈ ਗੁਰਦਾਸ ਜੀ, ਤੀਜੇ ਪਾਤਸ਼ਾਹ ਦੇ ਭਤੀਜੇ ਲੱਗਦੇ ਸਨ ।[1]

ਉਥੇ ਹੀ ਨਿਰਣਾ ਲਿਆ ਕਿ ਹੁਣ ਅੰਮ੍ਰਿਤਸਰ ਦੀ ਵਿਚੇ ਛੱਡੀ ਉਸਾਰੀ ਨੂੰ ਮੁਕੰਮਲ ਕੀਤਾ ਜਾਏ । ਜਿਵੇਂ ਗੁਰੂ ਅਮਰ ਦਾਸ ਜੀ ਫ਼ਰਮਾ ਗਏ ਸਨ, ਅੰਮ੍ਰਿਤਸਰ ਐਸਾ ਸ਼ਹਿਰ ਬਣੇ ਜੋ ਸਿਫਤੀ ਦਾ ਘਰ ਹੋਵੇ, ਜਿਥੇ ਜ਼ਹਿਰ ਕਹਿਰ ਵਾਲੀ ਕੋਈ ਸ਼ੈ ਢੂੰਡਿਆਂ ਵੀ ਨਾ ਮਿਲੇ ।

---

1. ਆਪ ਜੀ ਦੇ ਪਿਤਾ ਦਾ ਨਾਮ ਬਾਬਾ ਈਸ਼ਰ ਦਾਸ ਜੀ ਸੀ । ਈਸ਼ਰ ਦਾਸ ਜੀ ਗੁਰੂ ਅਮਰ ਦਾਸ ਜੀ ਤੋਂ ਛੋਟੇ ਦੂਜੀ ਬਾਵੇਂ ਸਨ ।

6

# ਅੰਮ੍ਰਿਤਸਰ

## ਵਸੇਬਾ, ਉਸਾਰੀ, ਇਤਿਹਾਸ, ਮਹਿਮਾ ਤੇ ਮਹੱਤਾ

ਅੰਮ੍ਰਿਤਸਰ : ਹੁਕਮ ਗੁਰੂ ਅਮਰ ਦਾਸ ਵਸਾਉਣਾ ਗੁਰੂ ਰਾਮ ਦਾਸ ਜੀ ਦਾ: ਗੁਰੂ ਅਮਰ ਦਾਸ ਜੀ ਅਨੁਭਵ ਕਰ ਰਹੇ ਸਨ ਕਿ ਗੋਇੰਦਵਾਲ ਭਾਵੇਂ ਬਹੁਤ ਵੱਸ ਗਿਆ ਹੈ ਪਰ ਬਿਆਸਾ ਤੱਟ ਦੇ ਹੋਣ ਕਾਰਨ ਲਾਂਘਾ ਜਿਹਾ ਵੀ ਬਣ ਗਿਆ ਹੈ। ਹੁਕਮਰਾਨ, ਸ਼ਾਹ, ਫ਼ੌਜਾਂ, ਵਪਾਰੀਆਂ ਦੀ ਨਿੱਤ ਆਵਾਜਾਈ ਹੋਣ ਕਾਰਨ ਕਈਆਂ ਦੀ ਅੱਖਾਂ ਵਿਚ ਰੜਕਦਾ ਵੀ ਹੈ।[1] ਇਹ ਵੀ ਦੇਖ ਰਹੇ ਸਨ ਕਿ ਬੇਟੇ ਆਪਣੇ ਅਧਿਕਾਰ ਵੀ ਕਈ ਤਰੀਕਿਆਂ ਨਾਲ ਪ੍ਰਗਟਾ ਜਾਂਦੇ ਸਨ।

ਫਿਰ ਵੱਧਦੇ ਫੁਲਦੇ ਪੰਥ ਲਈ ਇਕ ਐਸੀ ਰਾਜਧਾਨੀ ਦੀ ਲੋੜ ਸੀ ਜੋ ਪੰਥ ਨੂੰ ਸੁਤੰਤਰ ਰਖੇ, ਜਿਥੇ ਹੋਰ ਕੋਈ ਹੱਕ ਤਾਂ ਇਕ ਪਾਸੇ ਰਿਹਾ, ਨਿੱਜ ਕਰ ਕੇ ਦੇਖ ਵੀ ਨਾ ਸਕੇ। ਸੋ ਬਖ਼ਸ਼ਸ਼ਾਂ ਦੇ ਖ਼ਜ਼ਾਨੇ ਪੰਥ ਲਈ ਖੋਲ੍ਹਣ ਵਾਲੇ ਤੀਜੇ ਪਾਤਸ਼ਾਹ ਨੇ ਆਪੂੰ ਗੁਰੂ ਰਾਮ ਦਾਸ ਜੀ ਨੂੰ ਨਾਲ ਲੈ ਜਾ ਕੇ ਉਹ ਥਾਂ ਦੱਸੀ ਜਿਥੇ ਨਗਰ ਦੀ ਮੋਹੜੀ ਗੱਡਣੀ ਹੈ। ਆਪ ਜੀ ਨੇ ਇਹ ਵੀ ਦੱਸਿਆ ਕਿ ਉਹ ਹੀ ਥਾਂ ਹੈ ਜਿਥੇ ਗੁਰੂ ਨਾਨਕ ਦੇਵ ਜੀ ਨੇ ਚਰਨ ਪਾਏ ਸਨ ਤੇ ਥਾਂ ਪਵਿੱਤਰ ਕੀਤੀ ਸੀ। ਲਤੀਫ਼ ਨੇ ਇਸ ਗੱਲ ਦੀ ਗਵਾਹੀ ਭਰਦੇ ਕਿਹਾ ਹੈ ਕਿ ਗੁਰੂ ਨਾਨਕ ਜੀ ਜਦ ਪਿੰਡ ਤੁੰਗ ਲਾਗੇ ਠਹਿਰੇ ਸਨ ਤਾਂ ਬੁੱਢਾ ਜੀ ਨੂੰ ਕਿਹਾ ਸੀ ਕਿ ਲਾਗੇ ਹੀ ਦਰਖ਼ਤਾਂ ਦੇ ਝੁੰਡ ਤੇ ਬੇਰੀ ਲਾਗੇ ਇਕ ਸਰੋਵਰ ਹੈ, ਉਥੋਂ ਜਲ ਲੈ ਆਵੋ। ਬੁੱਢਾ ਜੀ, ਜੋ ਉਸੇ ਇਲਾਕੇ ਦੇ ਹੀ ਸਨ, ਕਹਿਣ ਲੱਗੇ ਕਿ ਤਾਲ ਤਾਂ ਸੁੱਕਾ ਹੈ। ਮਹਾਰਾਜ ਨੇ ਕਿਹਾ : "ਤੂੰ ਜਾ ਕੇ ਦੇਖ ਤਾਂ ਸਹੀ, ਤਾਲ ਸੁੱਕਾ ਨਹੀਂ। ਜਲ ਨਾਲ ਭਰਿਆ ਹੋਇਆ ਹੈ।" ਜਦ ਬੁੱਢਾ ਜੀ ਦੱਸੇ ਤਾਲ ਲਾਗੇ ਪੁੱਜੇ ਤਾਂ ਦੇਖ ਹੈਰਾਨ ਹੋਏ ਕਿ ਸਰੋਵਰ ਭਰਿਆ ਹੋਇਆ ਹੈ। ਨਿਰਮਲ ਤੇ ਸਵੱਛ ਜਲ ਸੀ। ਸਵੇਰੇ ਉਸ ਆਪ ਡਿੱਠਾ ਸੀ ਕਿ ਕੋਈ ਜਲ ਨਹੀਂ ਸੀ। ਉਹ ਜਲ

---

1. ਯਾਦ ਰਹੇ ਕਿ ਜਹਾਂਗੀਰ ਨੇ ਆਪਣੀ ਤੋਜ਼ਕ ਵਿਚ ਗੁਰੂ ਅਰਜਨ ਦੇਵ ਜੀ ਨੂੰ ਬਿਆਸਾ ਕਿਨਾਰੇ ਵਸੇ ਹੋਏ ਹੀ ਲਿਖਿਆ ਸੀ। ਫਿਰ ਉੱਚੀ ਮੱਮਟੀ ਦੇਖ ਕੇ ਹੀ ਜਹਾਂਗੀਰ ਜਲ ਭੁੰਨ ਗਿਆ ਸੀ ਤੇ ਢਾਹੁਣ ਦੇ ਹੁਕਮ ਦਿੱਤੇ ਸਨ।

ਦਾ ਲੋਟਾ ਭਰ ਕੇ ਲੈ ਆਏ ।[1] ਮਹਾਰਾਜ ਨੇ ਬਚਨ ਕੀਤਾ : ''ਇਥੇ ਇਕ ਵੱਡਾ ਨਗਰ ਵੱਸੇਗਾ । ਮੁਕਤੀ ਦਾ ਦਰ ਵੀ ਇਹ ਹੋਵੇਗਾ ਤੇ ਭਗਤੀ ਦਾ ਕੇਂਦਰ ਵੀ ।''

ਭਾਈ ਮਨੀ ਸਿੰਘ ਜੀ ਦੇ ਲਿਖੇ ਅਨੁਸਾਰ ਤੀਜੇ ਪਾਤਸ਼ਾਹ ਨੇ ਹੁਕਮ ਕੀਤਾ ਸੀ : ''ਪੁਰਖਾ ! ਕੋਈ ਤੀਰਥ ਮੰਦਰ ਦੇਸ਼ ਵਿਚ ਕਰੀਏ ਜੋ ਤਰਲੋਕੀ ਦੇ ਸਭਨਾਂ ਦੇ ਫਲ ਹੋਵਸਿ ਜਿਸ ਦੇ ਇਸ਼ਨਾਨ ਕਰਨ ਤੇ ਫਲ ਤੇ ।''

ਮਹਿਮਾ ਪ੍ਰਕਾਸ਼ ਦੀ ਵੀ ਇਹ ਹੀ ਗਵਾਹੀ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਜੋ ਕਿ ਉਸ ਸ਼ਹਿਰ ਨੂੰ ਵਸਾਉਣ ਤੇ ਅੰਮ੍ਰਿਤਸਰ ਸੰਪੂਰਨ ਕਰਨ 'ਤੇ ਲੱਗੇ ਹੋਏ ਸਨ, ਫ਼ਰਮਾਇਆ ਸੀ ਕਿ ਇਹ ਚੌਹਾਂ ਪਾਤਸ਼ਾਹਾਂ ਦਾ ਹੁਕਮ ਹੈ :

*ਗੁਰੂ ਨਾਨਕ ਗੁਰੂ ਅੰਗਦ ਖ਼ਾਸ ।*
*ਅਮਰ ਦੇਵ ਸ੍ਰੀ ਗੁਰੂ ਰਾਮ ਦਾਸ ।*
*ਚਾਰੋਂ ਗੁਰ ਕੀ ਮਰਜ਼ੀ ਸੰਗਾ ।*
*ਪ੍ਰਗਟਾਯੋਂ ਤੀਰਥ ਇਹ ਚੰਗਾ ।*

ਇਸੇ ਸਬੰਧ ਵਿਚ ਸੂਰਜ ਪ੍ਰਕਾਸ਼ ਅਨੁਸਾਰ ਗੁਰੂ ਅਮਰ ਦਾਸ ਜੀ ਨੇ ਥਾਂ ਤੇ ਨਕਸ਼ਾ ਉਲੀਕਦੇ ਕਿਹਾ ਸੀ :

''ਪਿੰਡ ਤੁੰਗ ਤੋਂ ਥੋੜ੍ਹਾ ਉੱਚੇ ਪਾਸੇ ਅਤੇ ਪਿੰਡ ਗਿਲਵਾਲੀ ਤੋਂ ਪਰ੍ਹੇ, ਪਿੰਡ ਸੁਲਤਾਨ ਪਿੰਡ ਹੈ । ਸੁਲਤਾਨ ਪਿੰਡ ਦੇ ਪੱਛਮ ਪਰ ਜ਼ਰਾ ਕੁ ਹਟਵਾਂ ਸ਼ਹਿਰ ਵਸਾਓ ਤੇ ਆਪਣੇ ਘਰ ਬਣਾ ਕੇ ਟਿਕੋ'' :

*ਗ੍ਰਾਮ ਤੁੰਗ ਤੇ ਅਹੈ ਉਚੇਰੇ ।*
*ਗਿਲਵਾਲੀ ਤੇ ਲਖਹੁ ਪਰੇਰੇ ।*
*ਹੈ ਸੁਲਤਾਨ ਪਿੰਡ ਜਿਸ ਨਾਮੂ ।*
*ਤਿਸ ਤੇ ਪਸ਼ਚਮ ਦਿਸ ਅਭਿਰਾਮੂ ।*
*ਤਹਾ ਜਾਇ ਕਰਿ ਗ੍ਰਾਮ ਬਸਾਵਹੁ ।*
*ਸੁੰਦਰ ਆਪਨੇ ਸਦਨ ਬਨਾਵਹੁ ।*[2]

ਇਹ ਥਾਂ ਜਿਹੜੇ-ਜਿਹੜੇ ਪਿੰਡਾਂ ਦਾ ਸੀ ਉਹਨਾਂ ਨੂੰ ਰੁਪਿਆ ਤਾਰ ਕੇ ਮੁੱਲ ਖ਼ਰੀਦੀ । ਗ਼ਜ਼ਟੀਅਰ ਅੰਮ੍ਰਿਤਸਰ ਦੇ ਕਹਿਣ ਅਨੁਸਾਰ ਸੱਤ ਸੌ ਰੁਪਿਆ ਅਕਬਰੀ ਤਾਰਿਆ ਸੀ ।[3]

---

1. ਹਿਸਟਰੀ ਔਫ਼ ਦੀ ਪੰਜਾਬ, ਪੰਨਾ ੨੪੭ ।
2. ਮਹਿਮਾ ਪ੍ਰਕਾਸ਼, ਸਾਖੀ ਪਾਤਸ਼ਾਹੀ ਪੰਜਵੇਂ ਕੀ ।
3. ਇਹ ਨਿਰਮੂਲ ਹੈ ਕਿ ਅੰਮ੍ਰਿਤਸਰ ਉਸ ਥਾਂ ਵਸਿਆ ਜੋ ਜ਼ਮੀਨ ਅਕਬਰ ਨੇ ਦਿੱਤੀ ਸੀ । ਉਹ ਝਬਾਲ ਵਿਚ ਸੀ ਤੇ ਗੁਰੂ ਜੀ ਨੇ ਕਦੇ ਵਰਤੋਂ ਵਿਚ ਨਹੀਂ ਲਿਆਂਦੀ । ਸ਼ਾਹਜਹਾਨ ਨੇ ਜਾਗੀਰ ਵਾਲੀ ਥਾਂ ਵਾਪਸ ਲੈਣ ਦਾ ਵੀ ਹੁਕਮ ਦਿੱਤਾ ਸੀ ।

ਗੁਰੂ ਅਮਰ ਦਾਸ ਜੀ ਨੂੰ ਉਹ ਬੂਟੀ ਇਥੋਂ ਹੀ ਲੱਭੀ ਸੀ ਜਿਸ ਨਾਲ ਚਿਰਾਂ ਤੋਂ ਦੁਖਦਾ ਰਿਸਦਾ ਗੁਰੂ ਅੰਗਦ ਦੇਵ ਜੀ ਦਾ ਫੱਟ ਠੀਕ ਹੋਇਆ ਸੀ ।

ਸਿੱਖਾਂ ਦੀ ਭਗਤ ਮਾਲਾ ਅਨੁਸਾਰ ਇਹ ਬਚਨ ਵੀ ਕਹੇ ਸਨ : ''ਪੁਰਖਾ ! ਕਲਿਜੁਗ ਦੇ ਜੀਅ ਦੀਆਂ ਆਰਜਾਵਾਂ ਛੋਟੀਆਂ ਹੋਣਗੀਆਂ ਤੇ ਬੁੱਧਾਂ ਮੋਟੀਆਂ, ਸੋ ਐਸਾ ਤੀਰਥ ਬਣਾਈਏ ਜਿੱਥੇ ਥੋੜ੍ਹੇ ਚਿਰ ਵਿਚ ਹੀ ਜੀਵਨ ਰਾਹ ਬਿਬੇਕ ਬੁੱਧੀ ਮਿਲੇ ।''

ਸੋ ਗੁਰੂ ਅਮਰ ਦਾਸ ਜੀ ਦੀ ਹਯਾਤੀ ਵਿਚ ਹੀ ਸ਼ਹਿਰ ਉੱਸਰਨਾ ਆਰੰਭ ਹੋ ਗਿਆ ਸੀ । ਇਹ ੧੫੭੩ ਈ: ਦੇ ਆਰੰਭ ਦੀ ਗੱਲ ਹੈ । ਜਿੱਥੇ ਪਹਿਲੇ ਰਹਿਣ ਲਈ ਘਰ ਬਣਾਏ, ਉਹ ਹੀ 'ਗੁਰ ਕਾ ਮਹਿਲ' ਕਹਿਲਾਏ । ਉਸ ਨਾਲ ਲੱਗਦਾ ਜੋ ਵਪਾਰਕ ਕੇਂਦਰ ਉਸਾਰਿਆ, ਉਹ ਹੀ ਗੁਰੂ ਕਾ ਬਜ਼ਾਰ ਸਦਵਾਇਆ । ਇਸ ਨਗਰ ਦਾ ਨਾਮ ਆਪ ਜੀ ਨੇ 'ਅਮਰਸਰ' ਰਖਿਆ ਪਰ ੧੫੭੭ ਈ: ਤੋਂ ਪਿਛੋਂ ਚੱਕ ਗੁਰੂ ਰਾਮ ਦਾਸ ਕਹਿਲਾਉਣ ਲੱਗ ਪਿਆ ਪਰ ਜਦ ਸਰੋਵਰ ਦਾ ਤਾਲ ਸੰਪੂਰਨ ਹੋ ਗਿਆ ਤੇ ਉਸ ਦੀ ਮਹੱਤਤਾ ਜੱਗ 'ਤੇ ਪ੍ਰਗਟ ਹੋ ਗਈ ਤਾਂ ਸ਼ਹਿਰ ਦਾ ਨਾਮ ਵੀ ਅੰਮ੍ਰਿਤਸਰ ਹੀ ਪ੍ਰਸਿੱਧ ਹੋਇਆ ।

ਗੁਰੂ ਰਾਮ ਦਾਸ ਜੀ ਦਾ ਗੋਇੰਦਵਾਲ ਗੁਰੂ ਗੱਦੀ 'ਤੇ ਬੈਠਣ ਉਪ੍ਰੰਤ ਕੁਝ ਸਮਾਂ ਸੰਗਠਤ ਕਰਨ ਤੇ ਸੰਗਤਾਂ ਨੂੰ ਸੰਭਾਲਣ 'ਤੇ ਲੱਗ ਗਿਆ । ਜਦ ਆਪ ਜੀ ਨੇ ਨਿਰਣਾ ਲੈ ਲਿਆ ਕਿ ਹੁਣ ਨਗਰੀ ਹੁਕਮ ਮੁਤਾਬਕ ਵਸਾਉਣੀ ਹੈ ਤਾਂ ਆਪ ਜੀ ਸਭ ਮੁੱਖੀ ਸਿੱਖਾਂ ਨੂੰ ਨਾਲ ਲੈ ਕੇ ਬਣਾਏ ਹੋਏ ਘਰਾਂ ਵਿਚ ਆ ਟਿਕੇ ਅਤੇ ਅੰਮ੍ਰਿਤਸਰ ਦਾ ਟੱਕ ੧੩ ਜੂਨ, ੧੫੭੭ ਈ: ਨੂੰ ਲਗਾਇਆ ।

ਕੁਝ ਸਮੇਂ ਵਿਚ ਹੀ ਚਾਰੇ ਪਾਸੇ ਖ਼ਬਰਾਂ ਪੁੱਜ ਗਈਆਂ ਕਿ ਗੁਰੂ ਜੀ ਇਕ ਅਨੂਪਮ ਨਗਰੀ ਵਸਾ ਰਹੇ ਹਨ । ਸੰਗਤਾਂ ਨੇ ਵਹੀਰਾਂ ਘੱਤ ਦਿੱਤੀਆਂ। ਸ਼ਹਿਰ ਵੱਸਿਆ ਪ੍ਰੇਮ ਤੇ ਸੇਵਾ ਦੇ ਅਦੁੱਤੀ ਨਜ਼ਾਰੇ ਦੇਖਣ ਵਿਚ ਆਏ । ਤਾਲ ਵੀ ਦਿਨਾਂ ਵਿਚ ਬਣ ਤਿਆਰ ਹੋ ਗਿਆ । ਭਾਈ ਗੁਰਦਾਸ ਜੀ ਦਾ 'ਪੂਰਨ ਤਾਲ ਖਟਾਇਆ, ਅੰਮ੍ਰਿਤਸਰ ਵਿਚ ਜੋਤ ਜਗਾਵੈ' ਦਾ ਜ਼ਿਕਰ ਕੋਈ ਭੁਲੇਖਾ ਰਹਿਣ ਹੀ ਨਹੀਂ ਦੇਂਦਾ ਕਿ ਅੰਮ੍ਰਿਤਸਰ ਬਣ ਤਿਆਰ ਨਹੀਂ ਸੀ ਹੋ ਗਿਆ । ਭੱਟ ਨਲ੍ਹ ਅਤੇ ਮਥਰਾ ਨੇ ਸਵੱਈਏ ਮਹੱਲੇ ਚੌਥੇ ਵਿਚ ਅੰਮ੍ਰਿਤਸਰ ਦੇ ਬਣ ਜਾਣ, ਦੀਵਾਨ ਸੱਜਣ ਤੇ ਮਹਾਂਪੁਰਸ਼ਾਂ ਦੇ ਆਉਣ ਦਾ ਜ਼ਿਕਰ ਰਹੱਸਮਈ ਢੰਗ ਨਾਲ ਕੀਤਾ ਹੈ । ਨਲ੍ਹ ਜੀ ਲਿਖਦੇ ਹਨ ਕਿ ਗੁਰੂ ਦੇ ਦਰ ਅੰਮ੍ਰਿਤ ਦੇ ਚਸ਼ਮੇ ਜਾਰੀ ਹਨ, ਉਸ ਨਿਰਮਲ ਸਰਵੋਰ ਵਿਚ ਸਿੱਖ ਇਸ਼ਨਾਨ ਕਰਦੇ ਹਨ । ਸੰਗਤ ਵਿਚ ਜਾ ਗਿਆਨ ਵੀ ਪ੍ਰਾਪਤ ਕਰਦੇ ਹਨ ।

*ਅੰਮ੍ਰਿਤ ਪਰਵਾਹ ਛੁਟਕੰਤ ਸਦ ਦਵਾਰਿ ਜਿਸ,*
*ਗਿ੍ਆਨ ਗੁਰ ਬਿਮਲ ਸਰ, ਸੰਤ ਸਿੱਖ ਨਾਈਐ ।*

ਭੱਟ ਮਥਰਾ ਨੇ ਦਿਨ ਚੜ੍ਹਨ ਤੋਂ ਪਹਿਲਾਂ, ਅੰਮ੍ਰਿਤ ਵੇਲੇ ਸ਼ਬਦ ਦੀਆਂ ਲਹਿਰਾਂ ਉਠਣ ਦਾ ਜੋ ਇਸ਼ਾਰਾ ਕੀਤਾ ਹੈ, ਨੱਕੋ-ਨੱਕ ਭਰੇ ਸਰੋਵਰ ਦੀ ਗੱਲ ਕਹੀ ਹੈ, ਉਸ ਨਾਲ ਵੀ ਯਕੀਨ ਬੱਝਦਾ ਹੈ ਕਿ ਸਰੋਵਰ ਤਿਆਰ ਹੋ ਗਿਆ ਸੀ :

*ਨਿਰਮਲ ਨਾਮੁ ਸੁਧਾ ਪਰਪੂਰਨ,*
*ਸਬਦ ਤਰੰਗ ਪ੍ਰਗਟਿਤ ਦਿਨ ਆਗਰੁ ।*[1] (ਪੰਨਾ ੧੪੦੪)

ਜਿੱਥੇ ਸਰੋਵਰ ਦੇ ਐਨ ਵਿਚਕਾਰ ਦੀਵਾਨ ਸੱਜਦੇ ਸਨ, ਉਸੇ ਨੂੰ ਭਾਈ ਗੁਰਦਾਸ ਜੀ ਨੇ ਵਾਰ ਚੌਵੀਵੀਂ ਦੀ ਪਉੜੀ ਚੌਦਵੀਂ ਵਿਚ 'ਦੇਵ ਸਥਲ' ਕਿਹਾ ਹੈ ਜਿਸ ਦਾ ਠੀਕ ਤਰਜਮਾ ਹਰਿਮੰਦਰ ਹੈ । ਸੋ ਸ੍ਰੀ ਹਰਿਮੰਦਰ ਸਾਹਿਬ ਦਾ ਮੁੱਢ ਆਪ ਜੀ ਨੇ ਹੀ ਬੰਨ੍ਹਿਆ ਸੀ । ਹਵਾਲੇ ਵਾਲੀ ਪੂਰੀ ਤੁਕ ਹੈ :

*ਦਾਤਾ ਭੁਗਤਾ ਦੈਆ ਦਾਨਿ*
*ਦੇਵ ਸਥਲੁ ਸਤਿ ਸੰਗ ਉਧਾਰਾ ।*[2]

ਬੰਸਾਵਲੀਨਾਮੇ ਦੇ ਕਰਤਾ ਭਾਈ ਕੇਸਰ ਸਿੰਘ ਛਿੱਬਰ ਨੇ ਗੁਰੂ ਰਾਮ ਦਾਸ ਜੀ ਦੇ ਬ੍ਰਿਤਾਂਤ ਵਿਚ ਹੀ ਲਿਖਿਆ ਹੈ ਕਿ ਨਗਰ ਵਸਾਉਣ ਦਾ ਉਪਰਾਲਾ ਕੀਤਾ । ਨਾਮ ਚੱਕ ਗੁਰੂ ਹੀ ਧਰਿਆ ਗਿਆ । ਪੱਕਾ ਤਲਾਓ ਤੇ ਹਰਿਮੰਦਰ ਸਾਹਿਬ ਵੀ ਬਣ ਗਿਆ । ਬਹੁਤ ਵੱਡਾ ਤੀਰਥ ਕਹਿਲਾਇਆ :

*ਤਟਿ ਨਗਰ ਕਰਨ ਕਾ ਕੀਆ ਉਪਾਉ ।*
*ਚਕ ਗੁਰੂ ਕਾ ਧਰਿਆ ਨਾਉ ।*
*ਪਕਾ ਤਲਾਉ ਤੇ ਹਰਿਮੰਦਰ ਬਣਿਆ ।*
*ਤੀਰਥ ਵਡਾ ਵਿਚਿ ਸ਼ਾਸਤਰ ਗਣਿਆ ।*

ਸੂਰਜ ਪ੍ਰਕਾਸ਼ ਦੇ ਕਰਤਾ ਨੇ ਲਿਖਿਆ ਹੈ ਕਿ ਨੀਵਾਂ ਥਾਂ ਬੇਰੀ ਲਾਗੇ[3] ਜਿਸ ਦੀ ਭਾਲ ਗੁਰੂ ਅਮਰ ਦਾਸ ਜੀ ਨੇ ਪੁਆਈ ਸੀ, ਦੇਖਣ ਉਪ੍ਰੰਤ ਤੇ ਨਿਸ਼ਾਨੀ ਰੱਖ ਕੇ 'ਗੁਰੂ ਕੇ ਮਹਲ' ਚਲੇ ਗਏ । ਅਗਲੇ ਦਿਨ ਪ੍ਰਭਾਤ ਵੇਲੇ ਮਠਿਆਈ

---

1. ਸੰਤ ਜਨ ਕਲੋਲ ਕਰਦੇ ਹਨ ਦਾ ਵੀ ਜ਼ਿਕਰ ਮੱਥਰਾ ਜੀ ਨੇ ਹੀ ਕੀਤਾ ਹੈ: "ਸੰਤ ਮਰਾਲ ਕਰਹਿ ਕੰਤੂਹਲ" । ਕਲਸਹਾਰ ਨੇ ਵੀ ਉਪਮਾ ਕਰਦੇ ਇਹ ਹੀ ਕਿਹਾ : ਛੁਟਤ ਪਰਵਾਹ ਅਮਿਅ ਅਮਰਾਪਦ ਅੰਮ੍ਰਿਤ ਸਰੋਵਰ ਸਦ ਭਰਿਆ ।
2. ਗਿਆਨੀ ਹਜ਼ਾਰਾ ਸਿੰਘ ਜੀ ਨੇ ਇਸ ਦਾ ਟੀਕਾ "ਕਿਧਰੇ ਦਇਆ ਕਰਕੇ ਦਾਨੀ ਅਖਵਾ ਕੇ ਦਾਤਾ ਹਨ" ਤੇ ਕਿਤੇ ਆਪ ਹੀ ਭੁਗਤਾ ਹਨ : ਸਤਿਸੰਗ ਜੁੜਨ ਲਈ ਅਰ ਸੰਸਾਰ ਦੇ ਉਧਾਰ ਲਈ ਹਰਿਮੰਦਰ ਦਾ ਮੁੱਢ ਕੀਤਾ ਹੈ ।
3. ਚਕ ਤੇ ਪੂਰਬ ਕੀ ਦਿਸ਼ਾ ਲਹਯੁ । ਨੰਮ੍ਰ ਸਥਾਨ ਨੀਰ ਸਿਮਟਾਵੈ ।
ਬਦਰੀ ਤਰ ਸਮੁਦਾਇ ਦਿਸਾਵੈ । ਤਹਾਂ ਜਾਇ ਅਬ ਤਾਲ ਖਨਾਯੋ ।
(ਰਾਸ ਦੂਜੀ, ਅੰਸ ੧੩)

ਲੈ ਕੇ ਸਿੱਖਾਂ ਸਮੇਤ ਪੁੱਜ ਗਏ । ਅਰਦਾਸ ਆਪੂੰ ਗੁਰੂ ਰਾਮ ਦਾਸ ਜੀ ਨੇ ਕੀਤੀ ਅਤੇ ਗੁਰੂ ਨਾਨਕ ਦੇਵ ਜੀ ਤੇ ਗੁਰੂ ਅਮਰ ਦਾਸ ਜੀ ਦਾ ਨਾਮ ਲੈ ਕੇ ਕਹੀ ਬਾਬਾ ਬੁੱਢਾ ਜੀ ਹੱਥ ਫੜਾਈ । ਉਹਨਾਂ ਨੂੰ ਵੀ ਗੁਰੂ ਦਾ ਨਾਮ ਲੈ ਕੇ ਟੱਕ ਲਗਾਉਣ ਲਈ ਗੁਰੂ ਰਾਮ ਦਾਸ ਜੀ ਨੇ ਕਿਹਾ । ਬੁੱਢਾ ਜੀ ਨੇ ਗੁਰੂ ਦਾ ਨਾਮ ਲੈ ਕੇ ਟੱਕ ਲਗਾਇਆ । ਫਿਰ ਸਭ ਥਾਂ ਖੁਣਨ ਲੱਗ ਪਏ ਤੇ ਖ਼ੁਸ਼ੀਆਂ ਦੇ ਜੈਕਾਰੇ ਛੱਡੇ ਗਏ । ਮਠਿਆਈ ਵੰਡੀ ਗਈ :

*ਸ੍ਰੀ ਨਾਨਕ ਆਦਿਕ ਲੇ ਨਾਇ ।*
*ਕਰਿ ਅਰਦਾਸ ਸੀਸ ਨਿਹੁਰਾਇ । ੧੦ ।*
*ਬ੍ਰਿਧ ਬਚ ਤੇ ਲੇ ਖਨਨੀ ਹਾਥ ।*
*ਟੱਕ ਲਾਇਸ ਚਿਤਵਤਿ ਗੁਰ ਨਾਥ ।*[1]

ਸ਼ਹਿਰ ਨੂੰ ਕਈ ਮਹੱਲਿਆਂ ਤੇ ਬਜ਼ਾਰਾਂ ਵਿਚ ਵੰਡਿਆ । ਹਰ ਮਹੱਲੇ ਦੇ ਬਾਹਰ ਖੂਹ ਲਗਵਾਏ ਤੇ ਨਾਲ ਹੀ ਬਜ਼ਾਰ ਬਣਵਾਏ । ਦੂਰ ਨੇੜੇ ਸੱਦੇ ਭੇਜ ਕੇ ਵਪਾਰੀਆਂ ਨੂੰ ਵੱਸਣ ਲਈ ਕਿਹਾ । ਉਚੇਚੇ ਤੌਰ ਤੇ ਕਾਰੀਗਰਾਂ ਨੂੰ ਬੁਲਾ ਕੇ ਆਦਰ ਸਹਿਤ ਵਸਾਇਆ । ਕਲਾਨੌਰ, ਪੱਟੀ ਤੇ ਕਸੂਰ ਅਤੇ ਹੋਰ ਥਾਵਾਂ ਤੇ ੫੨ ਕਿੱਤਿਆਂ ਦੇ ਨਾਮਵਰ ਪ੍ਰਵਾਰਾਂ ਨੂੰ ਵਸਾਇਆ । ਕਵੀ ਕੰਕਣ, ਜੋ ਗੁਰੂ ਗੋਬਿੰਦ ਸਿੰਘ ਜੀ ਦਾ ਹਜ਼ੂਰੀ ਕਵੀ ਸੀ, ਨੇ ਲਿਖਿਆ ਹੈ ਕਿ :

*ਨਹਿ ਬਾਜ਼ਾਰਨ ਕੋ ਕਈ ਅੰਤ*
*ਔ ਕੂਪਨ ਕਾ ਕੁਛ ਨਹਿ ਸ਼ੁਮਾਰਾ ।*
*ਤਹਿ ਅਨੇਕ ਬਸਹਿ ਧਨਵਾਨ ।*
*ਸਰਾਫ਼ ਕਹਾਵਤ ਓ ਬਨਜਾਰਾ ।*

ਸਿਰਫ਼ ਬਜ਼ਾਰਾਂ ਦੇ ਨਾਵਾਂ ਤੋਂ ਹੀ ਪਤਾ ਲੱਗ ਜਾਏ ਕਿ ਕਿਤਨਾ ਵੱਡਾ ਸ਼ਹਿਰ ਗੁਰੂ ਜੀ ਨੇ ਵਿਉਂਤ-ਬੱਧ ਕੀਤਾ ਸੀ । ਮਹੱਲਾ ਪੱਟ ਰੰਗਾਂ, ਸਬੂਨੀਆਂ, ਮਿਸ਼ਰੀ ਬਜ਼ਾਰ, ਬਾਂਸਾਂਵਾਲਾ, ਚੀਲ ਮੰਡੀ, ਆਟਾ ਮੰਡੀ, ਬਜ਼ਾਰ ਮੋਚੀਆਂ । ਰੇਸ਼ਮ, ਸੂਤ, ਉੱਨ, ਲੋਹਾ, ਪਿੱਤਲ, ਹਾਥੀ ਦੰਦ, ਤੇਲ, ਕਾਲੀਨ ਤੇ ਰੰਗਰੇਜ਼ ਦੇ ਖ਼ਾਸ ਕੰਮਾਂ ਲਈ ਅੰਮ੍ਰਿਤਸਰ ਪ੍ਰਸਿੱਧ ਹੋ ਗਿਆ ।

ਇਕ ਹੋਰ ਇਹਤਿਆਤ ਗੁਰੂ ਰਾਮ ਦਾਸ ਜੀ ਨੇ ਅਨੂਪਮ ਨਗਰੀ ਵਿਚ ਵਰਤੀ ਕਿ ਉਹਨਾਂ ਅਖੌਤੀ ਨੀਵੀਂ ਜਾਤਾਂ ਵਾਲਿਆਂ ਨੂੰ ਪੂਰਬ ਵੱਲ ਵਸਾਇਆ । ਹਰ ਪੁਰਾਤਨ ਵੱਡੇ ਸ਼ਹਿਰ ਇਹਨਾਂ ਕਿਰਤੀਆਂ ਨੂੰ ਪੱਛਮ ਵੱਲ ਅਤੇ ਸ਼ਹਿਰ ਤੋਂ ਬਾਹਰ ਹੀ ਵਸਾਇਆ ਜਾਂਦਾ ਸੀ ।

ਫਿਰ ਸ਼ਹਿਰ ਵਸਾਉਣ ਵੇਲੇ ਰਤਾ ਭਰ ਵੀ ਖੇਤੀ ਜਾਂ ਵਸੋਂ ਨੂੰ ਨਾ ਉਜਾੜਿਆ । ਜੋ ਸਭ ਤੋਂ ਨੀਵੀਂ ਥਾਂ ਸੀ, ਉਸੇ ਨੂੰ ਹੀ ਸਵਾਰ, ਸੁਧਾਰ, ਨਗਰ ਵਸਾਇਆ ।

---

1. ਰਾਸ ੨, ਅੰਸ ੧੩ ।

ਹੋਰ ਚੋਣ ਦੀ ਥਾਂ ਕਮਾਲ ਦੀ ਸੀ । ਪ੍ਰੋਫ਼ੈਸਰ ਪੂਰਨ ਸਿੰਘ ਨੇ ਲਿਖਿਆ ਹੈ ਕਿ ਨਾ ਹੀ ਅਜਿਹਾ ਹਵਾ ਪਾਣੀ ਹੈ ਤੇ ਨਾ ਹੀ ਅੰਮ੍ਰਿਤਸਰ ਵਰਗੀ ਧਰਤੀ ।

''ਇਥੇ ਕਸ਼ਮੀਰ ਦੀਆਂ ਨਾਸ਼ਪਾਤੀਆਂ, ਕੋਇਟੇ ਦੇ ਆੜੂ ਤੇ ਤਲਹਟੀ ਦੇ ਫਲ ਫੁੱਲ ਹੁੰਦੇ ਹਨ । ਸਾਰਾ ਸ਼ਹਿਰ ਸੰਤਰਿਆਂ ਤੇ ਹੋਰ ਫਲਦਾਰ ਬੂਟਿਆਂ ਨਾਲ ਘਿਰਿਆ ਹੋਇਆ ਹੈ ।''[1]

ਜਦ ਸ਼ਹਿਰ ਵੱਸ ਗਿਆ ਤਾਂ ਮਹਾਰਾਜ ਨੇ ਵਪਾਰੀਆਂ ਤੇ ਹੋਰਾਂ ਨੂੰ ਬੁਲਾ ਕੇ ਕਿਹਾ ਕਿ ਤੁਸੀਂ ਹੀ ਸਾਰੀ ਚੜ੍ਹਤ ਤੇ ਹੋਰ ਕਾਰਜਾਂ ਨੂੰ ਸੰਭਾਲੋ ।[2]

ਉਸ ਵਕਤ ਮੁੱਖੀਆਂ ਨੇ ਇਹ ਹੀ ਬੇਨਤੀ ਕੀਤੀ ਕਿ ਸਾਨੂੰ ਕਿਰਤ ਦੀ ਹੀ ਬਰਕਤ ਦਿਓ । ''ਕਿਰਤ ਬ੍ਰਕਤਿ ਅਸਾਂ ਨੂੰ ਦਿਓ ।'' ਆਪ ਜੀ ਨੇ ਇਸ ਨਗਰੀ 'ਤੇ ਬੜੀਆਂ ਰਹਿਮਤਾਂ ਕੀਤੀਆਂ । ਇਹ ਵੀ ਬਚਨ ਕੀਤੇ ਕਿ ਸਹਿਜ ਸੁਭਾਇ ਬਿਨਾਂ ਜਤਨ ਹੀ ਭਗਤੀ ਦੀ ਰੇਲ ਚਲ ਪਵੇਗੀ । ਇਹ 'ਮੁਕਤ ਭੁਗਤ' ਕੀ ਸੀੜੀ ਹੈ । ਗੁਰੂ ਛੇਤਰ ਹੈ ।

**ਮਹੱਤਾ**

ਇਹ ਗੁਰੂ ਕਾ ਚੱਕ ਐਸਾ ਸੀ ਜਿੱਥੇ ਕੋਈ ਜਜ਼ੀਆ, ਕੋਈ ਜ਼ਕਾਤ ਜਾਂ ਕਿਸੇ ਰਾਜੇ, ਬਾਦਸ਼ਾਹ ਦਾ ਕੋਈ ਕਰ ਨਹੀਂ ਸੀ ਲੱਗਦਾ । ਸ਼ਹਿਰ ਆਪਣੇ ਆਪ ਵਿਚ ਸੰਪੂਰਨ ਸੀ । ਜਗਤ ਭਰ ਵਿਚ ਇਹ ਨਵਾਂ ਤਜਰਬਾ ਸੀ ਜੋ ਅੰਮ੍ਰਿਤਸਰ ਉਸਾਰ ਕੇ ਗੁਰੂ ਜੀ ਨੇ ਕੀਤਾ ਸੀ । ਵੱਡੀ ਗਵਾਹੀ ਗੁਰੂ ਅਰਜਨ ਜੀ ਨੇ ਹੀ ਦਿੱਤੀ ਹੈ । ਸੂਹੀ ਰਾਗ ਦੇ ਦੋ ਛੰਦ[3] ਜੋ ਘਰ ਤੀਜਾ ਦੇ ਸਿਰਲੇਖ ਹੇਠਾਂ ਦਰਜ ਹਨ ਇਸੇ ਪਾਸੇ ਦਾ ਪਰਮਾਣ ਹਨ ਕਿ ਕਿਤਨੀ ਖ਼ੁਸ਼ੀ ਮਨਾਈ ਗਈ ਹੋਵੇਗੀ ਇਸ ਨਗਰ ਦੇ ਉਸਰਣ ਅਤੇ ਅੰਮ੍ਰਿਤਸਰ ਦਾ ਸਰੋਵਰ ਬਣਨ 'ਤੇ ।

ਪਹਿਲਾ ਛੰਤ 'ਅਬਚਿਲ ਨਗਰੁ ਗੋਬਿੰਦ ਗੁਰੂ ਕਾ' ਤੋਂ ਆਰੰਭ ਹੁੰਦਾ ਹੈ । ਉਸ ਵਿਚ ਗੁਰੂ ਅਰਜਨ ਦੇਵ ਜੀ ਨੇ ਦੱਸਿਆ ਕਿ ਇਹ ਸ਼ਹਿਰ ਕਰਤੇ ਨੇ ਹੀ ਬਖ਼ਸ਼ਿਸ਼ ਕਰਕੇ ਵਸਾਇਆ ਹੈ । ਉਸ ਤੋਂ ਕੁਰਬਾਨ ਜਾਂਦੇ ਹਾਂ ਜਿਸ ਨੇ ਇਹ ਥਾਨ

---

1. Its soil and climate are so different from the surrounding country that it can grow pears of Kashmir and peaches of Quctta along with the species that grow in sub-montaine regions.

(The Book of Ten Masters, Page 50)

2. ਸਦੇ ਖਤਰੀ ਬਚਨ ਇਹ ਉਚਾਰਿਆ,
ਇਹ ਤੀਰਥ ਹਵਾਲੇ ਤੁਸਾਡੇ ਕਰਾਇਆ ।
ਤੁਸੀਂ ਹੋ ਅਸਾਡੇ, ਅਸਾਂ ਤੁਸਾਂ ਨੂੰ ਆਂਦਾ ਹੈ ਆਪ ।
ਤੀਰਥ ਹੈ ਹਵਾਲੇ ਤੁਹਾਡੇ, ਇਥੇ ਕੋਈ ਬਹਾਲੋ ਥਾਪ ।

(ਬੰਸਾਵਲੀ ਨਾਮਾ, ਚਰਨ ਚੋਥਾ)

3. ਗੁਰੂ ਗ੍ਰੰਥ ਸਾਹਿਬ, ਪੰਨਾ ੭੮੩ ।

ਸੁਹਾਣਾ ਕੀਤਾ ।[1] ਵੱਡਾ ਵਾਧਾ ਨਗਰੀ ਦਾ ਇਹ ਹੈ ਕਿ ਬਜ਼ਾਰ, ਹੱਟੀਆਂ ਤੇ ਮਹੱਲੇ ਹਨ ਪਰ ਨਾਲ ਕਿਰਤ ਦੇ ਕੀਰਤ ਵੀ ਹੈ । ਕਿਰਤ ਕਰਦਿਆਂ ਉਹ ਨਹੀਂ ਵਿਸਰਦਾ ।[2]

ਇਕ ਪਾਸੇ ਤਾਂ ਬਜ਼ਾਰਾਂ ਵਿਚ ਗਹਿਮਾ ਗਹਿਮੀ ਹੈ ਪਰ ਨਾਲ ਹੀ ਅੰਮ੍ਰਿਤ ਵੇਲੇ ਕੀਰਤਨ ਦੀਆਂ ਧੁਨੀਆਂ ਉੱਠਦੀਆਂ ਹਨ ਅਤੇ ਮਹਾਂਪੁਰਸ਼ ਇਕੱਠੇ ਹੋ ਕੇ ਬ੍ਰਹਮ ਵੀਚਾਰਾਂ ਕਰਦੇ ਹਨ ।[3]

ਸ਼ਬਦਾਰਥ ਦੇ ਲਿਖਾਰੀ ਕਹਿੰਦੇ ਹਨ ਕਿ 'ਸੰਤਾਂ ਕੇ ਕਾਰਜਿ ਆਪ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ । ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲ ਛਾਇਆ ਰਾਮ ।' ਵਾਲਾ ਛੰਤ ਅੰਮ੍ਰਿਤ ਸਰੋਵਰ ਦੇ ਤਿਆਰ ਹੋਣ 'ਤੇ ਵਾਹਿਗੁਰੂ ਦੇ ਧੰਨਵਾਦ ਦੇ ਤੌਰ ਤੇ ਉਚਾਰਨ ਹੋਇਆ ਸੀ । ਇਹ ਤੁੱਕ ਤਾਂ ਬੜੀ ਹੀ ਭਾਵ ਪੂਰਤ ਹੈ ਕਿ ਜਿਸ ਨੇ ਤਾਲ ਬਣਾਉਣ ਦਾ ਉਦਮ ਕੀਤਾ, ਉਸ ਦੀ ਉਪਮਾ ਅਸੀਂ ਕਿਵੇਂ ਕਰ ਸਕਦੇ ਹਾਂ । ਇਹ ਪਰਤਖਿ ਇਸ਼ਾਰਾ ਗੁਰੂ ਰਾਮ ਦਾਸ ਜੀ ਵੱਲ ਹੈ :

*ਜਿਨਿ ਉਦਮੁ ਕੀਆ ਤਾਲ ਕੇਰਾ*
*ਤਿਸ ਕੀ ਉਪਮਾ ਕਿਆ ਗਨੀ ।*

ਇਸੇ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਰਾਗ ਆਸਾ ਦੀ ਇਕ ਅਸ਼ਟਪਦੀ ਘਰ ਦੂਜੇ[4] ਵਿਚ ਲਿਖੀ ਹੈ, ਜਿਸ ਵਿਚ ਇਕ ਸੰਕੇਤ ਸਪੱਸ਼ਟ ਤੌਰ 'ਤੇ ਮਿਲਦਾ ਹੈ ਕਿ ਜੋ ਅਬਿਚਲ ਨਗਰੀ ਵਸੀ ਹੈ ਇਹ ਗੁਰੂ ਨਾਨਕ ਦੇਵ ਜੀ ਦੀ ਹੀ ਕਿਰਪਾ ਕਰ ਕੇ ਵਸੀ ਹੈ । ਸ਼ਬਦ ਵਿਚ 'ਨਾਨਕ ਦੇਵਾ' ਵਰਤਣਾ, ਉਸੇ ਅਬਿਚਲ ਨਗਰੀ ਦੀ ਉਪਮਾ ਹੈ ਜਿਸ ਬਾਰੇ ਸੂਹੀ ਰਾਗ ਵਿਚ 'ਅਬਿਚਲ ਨਗਰ ਗੋਬਿੰਦ ਗੁਰੂ ਕਾ' ਕਿਹਾ ਸੀ ।

ਇਸ ਨਵੀਂ ਵਸੀ ਨਗਰੀ ਦੀ ਵੱਡੀ ਸਿਫਤ ਇਹ ਹੈ ਕਿ ਸਾਚ ਧਰਮ ਨੂੰ ਵਾੜ ਲਗਾਣ ਲਈ ਇਹ ਨਗਰੀ ਵਸਾਈ ਹੈ । "ਸਾਚ ਧਰਮ ਕੀ ਕਰਿ ਦੀਨੀ ਵਾਰ ।" ਜਾਂ ਇੰਜ ਕਹਿ ਲਵੋ ਕਿ ਧਰਮ ਦੀ ਜੁਗਤਿ ਸਿਖਾਲਣ ਲਈ ਇਹ ਸ਼ਹਿਰ ਵਸਾਇਆ ਹੈ ।

ਇਥੇ ਇਤਨੀ ਸੁਤੰਤਰਤਾ ਹੈ ਕਿ ਕੋਈ ਜਜ਼ੀਆ ਨਹੀਂ, ਕੋਈ ਜੁਰਮਾਨਾ ਨਹੀਂ, ਕੋਈ ਜ਼ੋਰੀਂ ਟੈਕਸ ਨਹੀਂ, ਕੋਈ ਜ਼ਕਾਤ ਨਹੀਂ । ਨਿਰੋਲ ਧਰਮ ਕਮਾਉਣਾ ਹੀ ਕਾਰ ਹੈ । ਕਿਰਤ ਵੀ ਧਰਮ ਦੀ ਹੀ ਹੈ ।

---

1. ਕਹੁ ਨਾਨਕ ਸਤਿਗੁਰ ਬਲਿਹਾਰੀ ;
2. ਘਰ ਮੰਦਰ ਹਟ ਨਾਲੇ ਸੋਹੇ,
   ਜਿਸ ਵਿਚ ਨਾਮੁ ਨਿਵਾਸੀ ਰਾਮ ।
3. ਅਨਹਦ ਝੁਨਕਾਰੇ ਤਤ ਬੀਚਾਰੇ,
   ਸੰਤ ਗੋਸਟਿ ਨਿਤ ਹੋਵੈ ।
4. ਪੰਨਾ ੪੩੦ ।

ਬੜੇ ਆਰਾਮ ਨਾਲ ਸਭ ਕਾਰੋਬਾਰ ਟੁਰ ਰਹੇ ਹਨ। ਕੋਈ ਲੁੱਟ ਖਸੁੱਟ ਨਹੀਂ, ਵਪਾਰੀ ਤੇ ਸ਼ਾਹ ਇਕ ਦੂਜੇ ਦਾ ਗਲਾ ਨਹੀਂ ਕੱਟਦੇ। ਕੋਈ ਜ਼ਹਿਰ ਨਹੀਂ, ਕੋਈ ਕਹਿਰ ਨਹੀਂ :

*ਸਾਂਤਿ ਸਹਜ ਸੁਖ ਕੇ ਸਭਿ ਹਾਟ।*
*ਸਾਹ ਵਪਾਰੀ ਏਕੈ ਥਾਟ। ੪।*
*ਜੇਜੀਆ ਡੰਨੁ ਕੋ ਲਏ ਨ ਜਗਾਤਿ*
*ਸਤਿਗੁਰ ਕਰ ਦੀਨੀ ਧੁਰ ਕੀ ਛਾਪ। ੫।*

ਮੇਰੀ ਜਾਚੇ ਭਗਤ ਰਵਿਦਾਸ ਜੀ ਨੇ ਗਉੜੀ ਰਾਗ ਵਿਚ ਜਿਸ 'ਬੇਗਮ ਪੁਰਾ ਸ਼ਹਿਰ' ਦਾ ਨਕਸ਼ਾ ਖਿੱਚਿਆ ਅਤੇ ਸੰਕਲਪ ਕੀਤਾ ਹੈ, ਉਸ ਦਾ ਰੂਪ ਕਿਧਰੋਂ ਹੋਰ ਲੱਭਣ ਦੀ ਲੋੜ ਨਹੀਂ। ਇਹ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਹੀ ਹੈ। ਗੁਰੂ ਰਾਮ ਦਾਸ ਜੀ ਨੂੰ ਇਤਿਹਾਸਕਾਰਾਂ ਸਿੱਧਾਂਤਾਂ ਦਾ ਵਿਆਖਿਆਕਾਰ ਵੀ ਕਿਹਾ ਹੈ। ਇਹ ਗੁਰਬਾਣੀ ਵਿਚ ਕਥੇ ਬੇਗਮ-ਪੁਰੇ ਸ਼ਹਿਰ ਦੀ ਅਮਲੀ ਵਿਆਖਿਆ ਸੀ।

ਨਾ ਅੰਦੋਹ, ਨਾ ਚਿੰਤਾ, ਨਾ ਤਸ਼ਵੀਸ਼, ਨਾ ਘਬਰਾਹਟ, ਨਾ ਕੋਈ ਕਿਸੇ ਕੋਲੋਂ ਖ਼ਿਰਾਜ ਲੈਂਦਾ ਹੈ, ਨਾ ਕੋਈ ਦੇਂਦਾ ਹੈ। ਨਾ ਮਾਲੀਆ, ਨਾ ਕਿਸੇ ਦੇ ਹਮਲੇ ਦਾ ਡਰ, ਨਾ ਕੋਈ ਉਕਾਈ, ਨਾ ਕਿਸੇ 'ਤੇ ਕੋਈ ਤਰਸ ਖਾਣ ਵਾਲੀ ਦਸ਼ਾ, ਸਭ ਸੌਖੇ। ਹਰ ਕੋਈ ਕਿਰਤੀ। ਨਾ ਕੋਈ ਜ਼ਵਾਲ, ਨਾ ਘਾਟਾ।[1] ਗੁਰੂ ਰਾਮ ਦਾਸ ਜੀ ਪਾਤਸ਼ਾਹੀ ਸਦਾ ਕਾਇਮ ਦਾਇਮ ਹੈ। ਕੋਈ ਪਹਿਲੇ, ਦੂਜੇ ਜਾਂ ਤੀਜੇ ਦਰਜੇ ਦਾ ਸ਼ਹਿਰੀ ਨਹੀਂ। ਸਿੱਖਾਂ ਪੁੱਤਾਂ ਭਾਈਆਂ ਭਾਉ ਇਕੋ ਜਿਹਾ। ਅੰਨ-ਜਲ ਦੀ ਕਦੇ ਤੋਟ ਨਹੀਂ। ਸਭ ਰੱਜੇ ਹੋਏ। ਹਰ ਕੋਈ ਆਪਣੀ ਮਰਜ਼ੀ ਨਾਲ ਫਿਰਦਾ ਹੈ। ਕੋਈ ਕਿਸੇ ਨੂੰ ਅਟਕਾਂਦਾ ਨਹੀਂ।[2] ਹਰਿਮੰਦਰ ਸਾਹਿਬ ਉਸੇ ਦਾ ਪ੍ਰਤੀਕ ਹੈ।

ਹੁਣ ਇਸ ਨਾਲ ਰਲਾ ਕੇ ਪੜ੍ਹੋ ਦਸ ਗੁਰ ਕਥਾ ਵਿਚ ਵਰਣਨ ਇਸ ਸ਼ਹਿਰ ਦਾ ਜੋ ਕਵੀ ਕੰਕਣ ਨੇ ਅੱਖੀਂ ਡਿੱਠਾ। ਉਸ ਦੱਸਿਆ ਹੈ ਕਿ ਸਾਹਿਬ ਗੁਰੂ ਰਾਮ ਦਾਸ ਜੀ ਹੀ ਸਾਰਾ ਪ੍ਰਬੰਧ ਆਪੂੰ ਦੇਖਦੇ ਤੇ ਚਲਾਂਦੇ ਸਨ। ਉਹ ਸੱਚਾ ਪਾਤਸ਼ਾਹ

---

1. ਬੇਗਮਪੁਰਾ ਸਹਰ ਕੋ ਨਾਉ ॥ ਦੂਖ ਅੰਦੋਹੁ ਨਹੀਂ ਤਿਹਿ ਠਾਉ ॥
ਨਾ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲ ॥

2. ਕਾਇਮੁ ਦਾਇਮੁ ਸਦਾ ਪਾਤਿਸਾਹੀ। ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥ ੨ ॥
ਤਿਉ ਤਿਉ ਸੈਲ ਕਰਹਿ ਤਿਉ ਭਾਵੈ ॥ ਮਹਰਮ ਮਹਲ ਨ ਕੋ ਅਟਕਾਵੈ ॥
(ਗੁਰੂ ਗ੍ਰੰਥ ਸਾਹਿਬ, ਪੰਨਾ ੩੪੫)

ਸਨ ।[1] ਕਿਉਂ ਨਾ ਸ਼ਹਿਰ ਵਿਚ ਅਨੰਦ ਹੁੰਦਾ ਜਦ ਰਾਜ ਹੀ ਗੁਰੂ ਰਾਮ ਦਾਸ ਜੀ ਦਾ ਸੀ । ਭਉ ਸਿੱਰਫ ਪ੍ਰਭੂ ਦਾ ਤੇ ਗੁਰੂ ਰਾਮ ਦਾਸ ਜੀ ਦਾ ਸੀ :

*ਵਾਹਿਗੁਰੂ ਰਾਮ ਦਾਸ ਬਿਨਾ ਤਹਿੰ,*
*ਰੈਨ ਦਿਨਾ ਡਰ ਭੂਪ ਕਾ ਨਾਹੀ ।*
*ਰਾਜ ਕਰੇ ਜਹਿ ਆਪ ਗੁਰੂ ਤਹਿੰ,*
*ਕਿਉਂ ਨ ਅਨੰਦ ਸੋ ਲੋਕ ਬਸਾਂਹੀ ।*

ਕੈਸਾ ਸ਼ਾਂਤ ਵਾਤਾਵਰਣ ਸੀ ਕਿ ਕਿਸੇ ਨੂੰ ਕਦੀ ਮੌਤ ਦੀ ਸਜ਼ਾ ਸੁਣਾਈ ਨਹੀਂ ਸੀ ਜਾਂਦੀ ।[2] "ਦੰਡ ਨ ਕਾਹੂੰ ਕੋ ਕਾਲ ਬਿਨਾ ਤਹਿੰ" ਦਾ ਜ਼ਿਕਰ ਵੀ ਗੁਰੂ ਗਾਥਾ ਵਿਚ ਆਇਆ ਹੈ । ਭਾਈ ਕੇਸਰ ਸਿੰਘ ਨੇ ਵੀ ਬੜੀ ਭਾਵਪੂਰਤ ਗੱਲ ਲਿਖੀ ਹੈ ਕਿ ਸ੍ਰੀ ਅੰਮ੍ਰਿਤਸਰ ਪਹਿਲੀ ਵਾਰੀ ਥਾਣਾ ਕਿਧਰੇ ਸੰਨ ੧੭੩੪ ਵਿਚ ਬੈਠਾਇਆ ਗਿਆ ਸੀ । ਇਸ ਤੋਂ ਪਹਿਲਾਂ ਨ ਕੋਈ ਚੌਕੀ ਤੇ ਨਾ ਕੋਈ ਥਾਣਾ ਸੀ । ਅੰਮ੍ਰਿਤਸਰ ਦਾ ਆਪਣਾ ਦਰੋਗਾ ਹੁੰਦਾ ਸੀ, ਜਿਸ ਦੀ ਨਿਯੁਕਤੀ ਉਥੋਂ ਦੇ ਪੰਚ ਕਰਦੇ ਸਨ, ਜਿਨ੍ਹਾਂ ਦੀ ਗਿਣਤੀ ਇੱਕੀ ਸੀ । ਬੰਸਾਵਲੀ ਨਾਮੇ ਦੇ ਸ਼ਬਦ ਹਨ :

*ਤਬ ਤੁਰਕਾਂ ਬੇਪੀਰਾਂ ਰਾਮ ਦਾਸ ਪੁਰੇ ਥਾਨਾ ਠਹਿਰਾਇਆ ।*
*ਵਿਚ ਨਗਰ ਦੇ ਡੇਰਾ ਪਾਇਆ ।*

ਅੰਮ੍ਰਿਤਸਰ ਦੀ ਮਹਿਮਾ ਗਾਉਂਦੇ ਇਕ ਹਰੀ ਦਾਸ ਨਾਂ ਦੇ ਕਵੀ ਨੇ ਬਹੁਤ ਸੋਹਣਾ ਲਿਖਿਆ ਕਿ ਅੰਮ੍ਰਿਤਸਰ ਨਗਰੀ ਸਵਰਗਾਂ ਤੋਂ ਵੀ ਵੱਡੀ ਤੇ ਭਾਰੀ ਹੈ । ਉਕਤੀ ਦੇਂਦੇ ਉਸ ਲਿਖਿਆ ਕਿ ਜਦ ਤਕੜੀ ਦੇ ਛਾਬੇ ਪਾ ਕੇ ਬੈਕੁੰਠ ਤੇ ਸ੍ਰੀ ਅੰਮ੍ਰਿਤਸਰ ਤੋਲੇ ਗਏ ਤਾਂ ਜੋ ਹਲਕਾ ਸੀ, ਹੋਲਾ ਸੀ, ਹਉਰਾ ਸੀ ਉਹ ਤਾਂ ਉਤੇ ਚੜ੍ਹ ਗਿਆ ਤੇ ਵਜ਼ਨੀ ਹੇਠਾਂ ਧਰਤੀ 'ਤੇ ਆ ਗਿਆ ।

*ਅੰਮ੍ਰਿਤਸਰ ਵੈਕੁੰਠ ਕੋ ਤੋਲਿਓ ਹਰੀ ਹਰੀ ਦਾਸ ।*
*ਗੋਰੋ ਹੁਤੋਂ ਧਰ ਰਹਿਓ, ਹੋਰੋ ਚੜਿਓ ਅਕਾਸ਼ ।*

---

1. ਕਨਿੰਘਮ ਨੇ ਵੀ ਲਿਖਿਆ ਹੈ : ਸੱਚਾ ਪਾਤਸ਼ਾਹ ਪਹਿਲੀ ਵਾਰੀ ਗੁਰੂ ਰਾਮ ਦਾਸ ਜੀ ਨੂੰ ਹੀ ਕਿਹਾ ਗਿਆ ਸੀ ਭਾਵੇਂ ਉਹ ਇਸ ਦੇ ਟਾਕਰੇ ਸੀ ਕਿ ਦੁਨਿਆਵੀ ਪਾਤਸ਼ਾਹਾਂ ਦਾ ਰਾਜ ਦਿਸਦੀ ਹੱਦ ਤੱਕ ਹੈ ਪਰ ਸੱਚਾ ਪਾਤਸ਼ਾਹ ਦਰਗਾਹ ਤੱਕ ਅਗਵਾਈ ਕਰਦਾ ਅਤੇ ਉਸ ਦਾ ਅਮਰ ਆਤਮਾ 'ਤੇ ਪੂਰਾ ਅਧਿਕਾਰ ਹੈ । ਕਨਿੰਘਮ ਨੇ ਸੱਚਾ ਪਾਤਸ਼ਾਹ ਦੇ ਅਰਥ ਕੀਤੇ ਹਨ :
   Who rules the eternal soul
   or guides it to salvation.
2. ਮਹਾਰਾਜਾ ਰਣਜੀਤ ਸਿੰਘ ਜੀ ਨੇ ਇਸੇ ਆਸ਼ੇ ਨੂੰ ਮੁੱਖ ਰੱਖ ਆਪਣੇ ਚਾਲੀ ਸਾਲ ਦੇ ਰਾਜ ਵਿਚ ਕਿਸੇ ਨੂੰ ਸਜ਼ਾਇ ਮੌਤ ਨ ਦਿੱਤੀ । ਇਹ ਯਾਦ ਰਹੇ ਕਿ ਉਸ ਸਮੇਂ ਇੰਗਲੈਂਡ ਵਿਚ ਤਕਰੀਬਨ ੧੩੭ ਜੁਰਮਾਂ ਦੀ ਸਜ਼ਾ ਮੌਤ ਸੀ ।

ਇਕ ਹੋਰ ਪ੍ਰਸਿੱਧ ਕਵੀ ਗਵਾਲ ਜਦ ਮਥਰਾ ਤੋਂ ਇਥੇ ਸ੍ਰੀ ਅੰਮ੍ਰਿਤਸਰ ਆਇਆ ਤਾਂ ਇਥੇ ਮੁਕਤੀ-ਜੁਗਤੀ-ਭੁਗਤੀ ਅਤੇ ਹਰ ਕਿਸੇ ਨੂੰ ਖੇੜੇ ਵਿਚ ਅਤੇ ਦੀਨ ਦੁਨੀ ਦੇ ਦੋਵੇਂ ਰਸ ਇਕੋ ਥਾਂ ਦੇਖ ਕੇ ਖੀਵਾ ਹੋਏ ਪੁਕਾਰ ਉੱਠਿਆ ਕਿ ਬੜਾ ਅਸਚਰਜ ਵਾਤਾਵਰਣ ਹੈ। ਇਥੇ, ਚਾਹੀਦਾ ਤਾਂ ਇਹ ਹੈ ਕਿ ਮੌਤ ਤੋਂ ਲੋਕੀਂ ਡਰਦੇ, ਚਿੰਤਾ ਵਿਚ ਦਿਸਦੇ ਪਰ ਇਥੇ ਤਾਂ ਜਮਕਾਲ ਉਦਾਸ ਹੋਏ ਫਿਰਦਾ ਹੈ। ਕੋਈ ਮੌਤ ਤੋਂ ਨਹੀਂ ਡਰਦਾ।

*ਹਾਸੀ ਗਈ ਭੂਲ, ਜਮਦੂਤਨ ਉਦਾਸੀ ਭਈ*
*ਪਾਪ ਕੀ ਕਲਾਸੀ ਤਾਂ ਤਲਾਸੀ ਕਰੈ ਡਰਕੈ।*

ਹਰ ਵੇਲੇ ਸ੍ਰੀ ਅੰਮ੍ਰਿਤਸਰ ਧਰਮ ਦੀ ਘਟਾ ਛਾਈ ਰਹਿੰਦੀ ਹੈ ਅਤੇ ਪੁੰਨ ਦਾਨ ਦੀ ਬਾਰਸ਼ ਹੁੰਦੀ ਹੈ ਅਤੇ ਕੋਈ ਦੀਨ ਗ਼ਰੀਬ ਦਿਖਾਈ ਨਹੀਂ ਦੇਂਦਾ। ਸਚਾਈ ਦੀਆਂ ਉੱਚਾਈਆਂ ਨੂੰ ਛੋਹਣ ਦੇ ਯਤਨਾਂ ਵਿਚ ਸਾਰੇ ਰੁਝੇ ਹੋਏ ਹਨ।

*ਸਤਿ ਕੀ ਅਟਾਰੀ ਜਹਾਂ, ਧਰਮ ਕੀ ਘਟਾ ਸੀ*
*ਦਾਨ ਪੁੰਨ ਕੀ ਛਟਾ ਸੀ, ਸ਼ੋਕ ਨਾਸੀ ਦੀਨ ਤਰਕੈ।*

ਉਥੇ ਰੋਜ਼ ਸਵੇਰੇ ਕੀਰਤਨ ਦੀਆਂ ਧੁਨਾਂ ਉੱਠਦੀਆਂ ਹਨ ਜੋ ਵੇਦ ਦੀਆਂ ਧੁਨਾਂ ਨੂੰ ਮਾਤ ਪਾ ਦੇਂਦੀਆਂ ਹਨ। ਮਾਇਆ ਹਰ ਇਕ ਦੇ ਪੈਰ ਝੱਸਦੀ ਦਿਖਾਈ ਦੇਂਦੀ ਹੈ। ਹੁਣ ਛੱਡ ਮਨਾ ਕੀ ਜਾਣਾ ਈ ਕਾਸ਼ੀ ਜਾ ਕੇ। ਇਹ ਹੀ ਬੇਨਤੀ ਹੈ ਕਿ ਗੁਰੂ ਰਾਮ ਦਾਸ ਜੀ ਅਗੇ ਕਿ ਇਥੋਂ ਦਾ ਹੀ ਵਾਸੀ ਬਣਾ ਲੈ।

*ਗਵਾਲ ਕਵਿ ਖਾਸੀ, ਧੁਨਿ ਵੇਦ ਕੀ ਪ੍ਰਕਾਸ਼ੀ,*
*ਮਹਾ ਨਾਰੀ ਕਮਲਾ ਸੀ ਭਾਸੀ, ਮੈਂ ਨ ਰੂਪ ਕਰਕੇ।*
*ਕਾਂਸੀ ਕੀ ਨ ਚਾਹ ਅਬਿਨਾਸੀ ਹੈ, ਗਵਾਸੀ ਭਏ ਦਾਸੀ,*
*ਕਰ ਰਾਖੈ ਮੁਕਤਿ ਬਾਸੀ ਸੁਧਾ ਸਰਕੇ।*

ਫਿਰ ਗਵਾਲ ਜੀ ਨੇ ਸੁਰਪੁਰੀ ਤੇ ਅੰਮ੍ਰਿਤਸਰ ਦਾ ਟਾਕਰਾ ਕਰਦੇ ਕਿਹਾ ਕਿ ਉਥੇ ਰਾਜੇਸਵਰ ਹੋਣਗੇ ਪਰ ਇਥੇ ਸਾਧੂ ਐਸੇ ਹਨ ਕਿ ਜੋ ਰਾਜੇ ਸਮਾਨ ਹਨ। ਉਥੇ ਅੰਮ੍ਰਿਤ ਹੈ ਪਰ ਮਿਲਦਾ ਬੜੀ ਕੋਸ਼ਿਸ਼ ਬਾਅਦ, ਇਥੇ ਅੰਮ੍ਰਿਤ ਹਰ ਸਮੇਂ ਮਿਲਦਾ ਹੈ। ਉਥੋਂ ਦਾ ਅੰਮ੍ਰਿਤ ਪੀ ਕੇ ਆਖਦੇ ਹਨ ਕਿ ਅਮਰ ਹੋ ਜਾਈਦਾ ਹੈ ਪਰ ਮਿਲਦਾ ਹੈ ਮੌਤ ਪਿਛੋਂ। ਪਰ ਇਥੋਂ ਦੀ ਵਡਿਆਈ ਦੇਖੋ ਕਿ 'ਜੀਵਨ ਮੁਕਤੀ' ਮਿਲਦੀ ਹੈ। ਉਥੇ ਕੇਵਲ ਯੋਗ ਦਾ ਰਸ ਮਿਲਦਾ ਹੈ, ਇਥੇ ਦੀਨ-ਦੁਨੀ, ਰਾਜ-ਜੋਗ, ਜੋਗ-ਭੋਗ ਦੇ ਦੋਵੇਂ ਰਸ ਮਿਲਦੇ ਹਨ। ਉਥੇ ਸੁਣਿਆ ਹੈ ਕਿ ਹਰਿਮੰਦਰ ਹੈ ਪਰ ਇਥੇ ਤਾਂ ਨਾਲ ਗੁਰੂ ਦੇ ਵੀ ਦਰਸ਼ਨ ਹੁੰਦੇ ਹਨ। ਸੋ ਇਹ ਨਗਰੀ ਸੁਰਪੁਰ ਤੋਂ ਵੀ ਵੱਧ ਮਹੱਤਤਾ ਵਾਲੀ ਹੈ।

*ਰਾਜੇਸਵਰ ਹ੍ਵਾਂ ਤੇ ਤੋ ਈਹਾਂ ਸਾਧ ਸੁਰ ਯੁਤ ਸਾਜੈ,*
*ਹੁਆਂ ਹੈ ਸੁਧਾ, ਈਹਾਂ ਸੁਧਾ ਹਰ ਕੋ ਦਰਸ ਹੈ।*

*ਪਾਨ ਕੀਏ ਵਾਂ ਕੇ, ਹੋਤ ਅਮਰ ਸਮ੍ਰਿਤ,*
*ਹੈ ਕੇ ਜੀਵਨ ਮੁਕਤ, ਯਹ ਸਭ ਕੋ ਪਰਸ ਹੈ ।*
*ਗਵਾਲ ਕਵੀ ਯੋਗਨ ਕੋ ਦੁਰਲਭ ਮਹਾਂ ਹੈ ਵਹੁ,*
*ਯੋਗੀ ਭੋਗੀ ਦੁਹੂਅਨ ਕੋ ਹੋਤ ਈਹਾਂ ਰਸ ਹੈ ।*
*ਹੁਵਾ ਹੈ ਹਰਿਮੰਦਰ, ਈਹਾਂ ਹਰਿ-ਗੁਰ-ਮੰਦਰ ਹੈ ।*
*ਯਾ ਤੇ ਗੁਰਪੁਰ, ਸੁਰਪੁਰ ਤੇ ਸਰਸ ਹੈ ।*

ਜਦ ਹਰਿਮੰਦਰ ਸਾਹਿਬ[1] ਗੁਰੂ ਅਰਜਨ ਦੇਵ ਜੀ ਨੇ ਮੁਕੰਮਲ ਕੀਤਾ ਤਾਂ ਫ਼ਰਮਾਇਆ ਸੀ : "ਅੰਮ੍ਰਿਤਸਰ ਮਾਨਸਰੋਵਰ ਕੀਤਾ ਹੈ ਅਤੇ ਹਰਿਮੰਦਰ ਜੀ ਜਹਾਜ਼ ਬਣਾਇਆ ਹੈ, ਜਿਸ ਦਾ ਬਾਦਬਾਨ ਵਾਹਿਗੁਰੂ ਹੈ ਅਤੇ ਮਲਾਹ ਗੁਰੂ-ਸ਼ਬਦ ।"

ਭਾਈ ਨੰਦ ਲਾਲ ਜੀ ਨੇ ਬਹੁਤ ਸੋਹਣਾ ਕਿਹਾ ਸੀ ਕਿ ਗੰਗਾ ਵਿਚਾਰੀ ਕੀ ਟਾਕਰਾ ਕਰ ਸਕਦੀ ਹੈ ਅੰਮ੍ਰਿਤਸਰ ਦਾ । ਇਥੇ ਤਾਂ ਅਠਾਹਠ ਤੀਰਥ ਹੀ ਸੇਵਕ ਬਣੇ ਦਿਸਦੇ ਹਨ ।[2] ਕੀ ਕਮਾਲ ਨਹੀਂ ਕਿ ਅੰਮ੍ਰਿਤਸਰ ਦੇ ਸਰੋਵਰ ਵਿਚ ਕਦੇ ਡੱਡੂ ਬੋਲੇ ਨਹੀਂ ਤੇ ਬਗਲੇ ਕਦੇ ਕਿਸੇ ਡਿੱਠੇ ਨਹੀਂ ।

ਦਰਬਾਰ ਸਾਹਿਬ ਹੁਸੜ ਕਦੇ ਹੋਇਆ ਨਹੀਂ ਅਤੇ ਪਾਲਾ ਕਦੇ ਲਗਾ ਨਹੀਂ । ਗਿਆਨੀ ਗਿਆਨ ਸਿੰਘ ਜੀ ਕਹਿੰਦੇ ਹਨ ਕਿ ਕਿਸੇ ਪ੍ਰਤੱਖ ਸਵਰਗੀ ਨਜ਼ਾਰੇ ਦੇਖਣੇ ਹੋਣ ਤਾਂ ਅੰਮ੍ਰਿਤਸਰ ਆਵੇ :

*ਜੀਵਤ ਬੈਕੁੰਠ ਜਿਸ ਦੇਖਨੋ ਸੋ ਦੇਖਨ ਆਇ,*
*ਸੁਧਾ ਸੁਰ ਬੀਚ ਝੂਲੇ ਅੰਮ੍ਰਿਤ ਤਰੰਗ ਤੇ ।*

ਪ੍ਰੋਫ਼ੈਸਰ ਪੂਰਨ ਸਿੰਘ ਜੀ ਨੇ ਸੋਹਣਾ ਕਿਹਾ ਹੈ :

"ਅਦ੍ਰਿਸ਼ਟ ਨੂੰ ਦ੍ਰਿਸ਼ਟਮਾਨ ਕਰ ਦਿੱਤਾ ਹੈ ਇਥੇ ਅਤੇ ਦ੍ਰਿਸ਼ਟਮਾਨ ਨੂੰ ਸੁਪਨੇ ਦੇ ਰੰਗ ਦੇ ਕੇ ਅਦ੍ਰਿਸ਼ਟ ਵਤ ਕਰ ਦਿੱਤਾ ਹੈ । ਜਗਤ ਭਰ ਲਈ ਇਕ ਚਿੱਟੀ ਚਮਕਦੀ ਨੂਰ ਦੀ ਖਿਟੀ ਬਣਾ ਕੇ ਧਰੀ ਹੈ । ਇਹ 'ਹਰਿਨਾਮ' ਬਣਾ ਕਿਸ ਤਰ੍ਹਾਂ ਸਾਡੀ ਸੁਰਤਿ ਵਿਚੋਂ ਅਤੇ ਸਾਡੀ ਸੁਰਤਿ ਇਸ ਵਿਚੋਂ ਲੰਘਾਈ ਹੈ ।"

ਭਾਈ ਵੀਰ ਸਿੰਘ ਜੀ ਨੇ ਵੀ ਖ਼ੂਬ ਲਿਖਿਆ ਹੈ ਕਿ ਕਦੇ ਸਿਮਰਨ ਦੀ ਤੰਦ ਟੁੱਟ ਜਾਏ ਤਾਂ ਇਥੇ ਪੁਜਦੇ ਸਾਰ ਉਹ ਰੌ ਫਿਰ ਚਲ ਪੈਂਦੀ ਹੈ ਤੇ ਡੋਰੀ ਸਹਿ ਨਾਲ ਲੱਗ ਜਾਂਦੀ ਹੈ :

*ਟੁੱਟੀ ਡੋਰ ਜਿ ਦੁਆਰ ਤੇਰ ਆਂਵਦਾ,*
*ਲਹਿਰ ਫਿਰੇ ਇਕ ਵਾਰ ਰੌ ਮੁੜ ਧਾਂਵਦਾ ।*

---

1. ਹਰਿਮੰਦਰ ਸਾਹਿਬ ਦੀ ਮਹਿਮਾ ਲਈ ਇਸੇ ਲੇਖਕ ਦੀ ਰਚਿਤ ਪੁਸਤਕ 'ਪਰਤਖ੍ਹ ਹਰਿ' ਦਾ ਅਧਿਆਇ 'ਹਰਿਮੰਦਰ ਸਤਿਗੁਰ ਸਾਜਿਆ' ਦੇਖੋ ।
2. ਚਿਹ ਗੰਗਾ ਮੁਕਾਬਲ-ਬ-ਅੰਮ੍ਰਿਤਸਰਸ਼ ।
ਕਿ ਹਰ ਸਮਤੋ ਹਸ਼ਤ ਆਮਦਹ ਚਾਰਦਸ਼ ।

ਸ੍ਰੀ ਅੰਮ੍ਰਿਤਸਰ ਨੂੰ ਇਸ ਲਈ ਸਿੱਖ ਕੌਮ ਦੀ ਰਾਜਧਾਨੀ ਕਿਹਾ ਹੈ ।

ਲਤੀਫ਼ ਦਾ ਕਹਿਣਾ ਹੈ ਕਿ ਸ੍ਰੀ ਅੰਮ੍ਰਿਤਸਰ ਨੂੰ ਕੇਂਦਰੀ ਅਸਥਾਨ 'ਤੇ ਉਸਾਰ ਕੇ ਗੁਰੂ ਰਾਮ ਦਾਸ ਜੀ ਨੇ ਸਿੱਖਾਂ ਦੀ ਕੌਮ ਤੇ ਭਾਵੀ ਵਡਿਆਈ ਦੀ ਨੀਂਹ ਰਖ ਦਿੱਤੀ ਕਿਉਂਕਿ ਉਹ ਹੁਣ ਇਕ ਸਾਂਝੇ ਇਸ਼ਟ ਵਾਲੀ ਥਾਂ 'ਤੇ ਮਿਲ ਸਕਦੇ ਸਨ ।[1]

ਬੂਟੇ ਸ਼ਾਹ ਲਿਖਦਾ ਹੈ ਕਿ 'ਸਿਖ ਅੰਮ੍ਰਿਤਸਰ ਨੂੰ ਰਬੀ ਭੇਦ ਖੋਲ੍ਹਣ ਵਾਲਾ ਤੇ ਕਰਾਮਾਤਾਂ ਦਾ ਸੁਆਮੀ ਗਿਣਦੇ ਹਨ ।'

ਡਾਕਟਰ ਰੈਨਾ ਨੇ ਠੀਕ ਲਿਖਿਆ ਹੈ ਕਿ ਦੋ ਹੀ ਚੀਜ਼ਾਂ ਕੌਮ ਬਣਾਂਦੀਆਂ ਹਨ । ਇਕ ਸਾਂਝਾ ਕੌਮੀ ਵਿਰਸਾ ਤੇ ਦੂਜਾ ਇਕ ਥਾਵੇਂ ਜੁੜ ਬੈਠਣ ਦੀ ਖ਼ਾਹਿਸ਼ ।[2] ਇਹ ਦੋਵੇਂ ਚੀਜ਼ਾਂ ਗੁਰੂ ਰਾਮ ਦਾਸ ਜੀ ਨੇ ਸਿੱਖਾਂ ਨੂੰ ਪ੍ਰਦਾਨ ਕੀਤੀਆਂ । ਅੰਮ੍ਰਿਤਸਰ ਤਾਂ ਸਿੱਖਾਂ ਦੇ ਹਾਵ ਭਾਵ ਦਾ ਹੀ ਸ਼ੀਸ਼ਾ ਬਣ ਗਿਆ । ਜਹਾਂ ਜਹਾਂ ਗੁਰ ਖਾਲਸਾ ਜੀ ਸਾਹਿਬ ਹੈ, ਉਹ ਦੋ ਵਾਰੀ ਨਹੀਂ ਤਾਂ ਇਕ ਵਾਰੀ ਰੋਜ਼ ਸਾਡੇ ਕੌਮੀ ਵਿਰਸੇ ਨੂੰ ਅਰਦਾਸ ਵਿਚ ਆਪਣੇ ਇਸ਼ਟ ਸਾਹਮਣੇ ਦੁਹਰਾਉਂਦਾ ਹੈ ਅਤੇ ਖ਼ਾਹਿਸ਼ ਦੇ ਰੂਪ ਵਿਚ 'ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ' ਦੀ ਲਾਲਸਾ ਕਰਦਾ ਹੈ ।

ਕਿਤਨਾ ਪਿਆਰ ਉਪਜ ਪਿਆ ਸੀ ਸਿੱਖ ਕੌਮ ਦਾ ਸ੍ਰੀ ਅੰਮ੍ਰਿਤਸਰ ਪ੍ਰਤੀ ਕਿ ਉਸ ਦੀਆਂ ਅਨੇਕਾਂ ਮਿਸਾਲਾਂ ਸਿੱਖ ਇਤਿਹਾਸ ਸਾਂਭੀ ਬੈਠਾ ਹੈ । ਮੈਲਕਮ 'ਦੀ ਸਿੱਖ ਸਕੈੱਚ' ਵਿਚ ਕਹਿੰਦਾ ਹੈ ਕਿ ਕਈ ਸ਼ਹੀਦ ਕਰ ਦਿੱਤੇ ਜਾਂਦੇ, ਕਈ ਪਕੜ ਬੰਦੀ ਵਿਚ ਪਾ ਦਿੱਤੇ ਜਾਂਦੇ ਪਰ ਕਦੇ ਕਿਸੇ ਨਹੀਂ ਸੁਣਿਆ, ਕਿਸੇ ਧਰਮ ਹਾਰਿਆ ਹੋਵੇ, ਜਦ ਉਹ ਸ੍ਰੀ ਅੰਮ੍ਰਿਤਸਰ ਦੇ ਪਾਵਨ ਅਸਥਾਨ ਵੱਲ ਟੁਰ ਪੈਂਦੇ ।[3] ਫਿਰ ਹੋਰ ਵਾਧਾ ਇਹ ਕਿ ਸਤਿਕਾਰ ਇਤਨਾ ਇਸ ਪਾਵਨ ਅਸਥਾਨ ਦਾ ਕਿ ਜਦ ਸਿਖ ਸਰਦਾਰ ਭਲੇ ਜਾਂ ਭੀੜਾ ਸਮੇਂ ਕਿਸੇ ਮੁਤਬਰਕ ਦਿਹਾੜੇ ਮਿਲਦੇ ਤਾਂ ਆਪਣੀਆਂ ਜ਼ਾਤੀ ਰੰਜਸ਼ਾਂ ਛੱਡ ਦੇਂਦੇ ਅਤੇ ਹਰ ਕੋਈ ਆਪਣੇ ਨਿੱਜੀ ਵਿਚਾਰ ਦੀ ਪਾਵਨ ਅਸਥਾਨ ਤੇ ਵਤਨ ਪ੍ਰਸਤੀ ਦੇ ਨਿਰਮਲ ਵਿਚਾਰ ਹਿਤ, ਸਾਂਝੇ ਭਲੇ ਵਾਸਤੇ ਭੇਟ ਚੜ੍ਹਾ ਦੇਂਦਾ । ਉਹ ਹੋਰ ਕੁਝ ਨਾ ਸੋਚਦਾ ਸਿਵਾਏ ਧਰਮ ਦੇ

---

1. In founding of the town of Amritsar at central spot, the Guru laid the foundation of the future greatness of the Sikhs as a nation, for they were enabled to rally at a common place of worship.
(ਹਿਸਟਰੀ ਔਫ਼ ਦੀ ਪੰਜਾਬ, ਪੰਨਾ ੨੫੩, ਐਡੀਸ਼ਨ ੧੯੦੯)
(History of the Punjab, p. 253, Edition 1909)
2. ਡੀਜ਼ਾਇਰ ਟੂ ਲਿਵ ਟੂਗੈਦਰ ।
3. Some might be slain and some might be captured but none were known to abjure their creed, when thus taken on their way to the sacred place. (Page 88)

ਜੈਕਾਰ ਅਤੇ ਖਾਲਸੇ ਦੇ ਬੋਲ ਬਾਲੇ ਲਈ ।[1] ਉਥੇ "ਬਰਾਬਰੀ ਏਕੇ ਤੇ ਜ਼ਿੰਮੇਵਾਰੀ" ਦੇ ਨਜ਼ਾਰੇ ਦੇਖੇ ਜਾ ਸਕਦੇ ਸਨ ।

"ਸਭ ਤੋਂ ਵਾਧਾ ਇਹ ਕਿ ਜੋ ਗੁਰਮਤਾ ਅਕਾਲ ਤਖ਼ਤ 'ਤੇ ਹੋ ਜਾਂਦਾ, ਸਿੱਖ ਜਾਨ ਦੀ ਬਾਜ਼ੀ ਲਗਾ ਕੇ ਵੀ ਨਿਭਾਂਦੇ, ਕਿਉਂਕਿ ਉਹ ਸਮਝਦੇ ਸਨ ਕਿ ਜੋ ਗੁਰਮਤਾ ਹੋਇਆ ਹੈ ਉਸ ਨੂੰ ਗੁਰੂ ਪਾਤਸ਼ਾਹ ਦੀ "ਰੂਹਾਨੀ ਪੁਸ਼ਟੀ ਹੈ ।"[2]

ਅੰਮ੍ਰਿਤਸਰ ਨੂੰ ਅਠਾਰ੍ਹਵੀਂ ਸਦੀ ਵਿਚ ਪੂਰਨ ਦੀ ਵੀ ਕੋਸ਼ਿਸ਼ ਹੋਈ, ਪਰ ਸਿੱਖ ਜਾਨਾਂ ਵਾਰ ਇਸ ਦੀ ਹੋਂਦ ਕਾਇਮ ਰੱਖਦੇ ਰਹੇ । ਅੰਮ੍ਰਿਤਸਰ ਇਤਨਾ ਵੱਡਾ ਸ਼ਹਿਰ ਬਣ ਗਿਆ ਸੀ ਕਿ ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਵਿਚ ਜਦ ਐਮਲੀ ਈਡਨ ਉਥੇ ਆਈ ਤਾਂ ਉਸ 'ਅਪ ਦੀ ਕੰਟਰੀ' ਵਿਚ ਲਿਖਿਆ ਹੈ ਕਿ ਲਾਹੌਰ ਨੂੰ ਮਸੂਲ ਚੁੰਗੀ ਤੋਂ ਆਮਦਨ ਪੰਜਾਹ ਹਜ਼ਾਰ ਹੈ ਅਤੇ ਅੰਮ੍ਰਿਤਸਰ ਦੀ ਨੌਂ ਲੱਖ ।

ਹਿਯੂਗਲ ਜਦ ਇਥੇ ਆਇਆ ਸੀ ਤਾਂ ਉਸ ਦਰਬਾਰ ਸਾਹਿਬ ਦੇ ਝੰਡੇ ਝੁੱਲਦੇ ਦੇਖੇ ਸਨ । ਇਕ 'ਤੇ ਵਾਹਿਗੁਰੂ ਜੀ ਕੀ ਫ਼ਤਹ ਤੇ ਦੂਜੇ 'ਤੇ ਧੰਨ ਗੁਰੂ ਰਾਮ ਦਾਸ ਲਿਖਿਆ ਡਿੱਠਾ ਸੀ । ਅੰਮ੍ਰਿਤਸਰ ਵਿਚ ਰਹਿਣ ਵਾਲਿਆਂ ਦਾ ਸੁਭਾਅ ਸੁਤੰਤਰ ਕਿਤਨਾ ਕੁ ਹੋ ਜਾਂਦਾ ਸੀ, ਉਸ ਦੀਆਂ ਵੀ ਉਦਾਹਰਣਾਂ[3] ਸਿੱਖ ਇਤਿਹਾਸ ਨੇ ਦਿੱਤੀਆਂ ਹਨ । ਇਥੇ ਇਹ ਲਿਖਣਾ ਕੁਥਾਂ ਨਹੀਂ ਹੋਵੇਗਾ ਕਿ ਜੋ ਸ੍ਰੀ ਦਰਬਾਰ ਸਾਹਿਬ ਦੀ ਪ੍ਰਬੰਧਕ ਕਮੇਟੀ ਹੁੰਦੀ ਸੀ, ਉਹ ਹੀ ਸ੍ਰੀ ਅੰਮ੍ਰਿਤਸਰ ਦੀ ਮਿਊਂਸਪਲ ਕਮੇਟੀ । ਇਹ ਤਾਂ ਜਦ ਰਾਜ ਹੀ ਜਾਂਦਾ ਰਿਹਾ, ਸਭ ਕੁਝ ਵਿਚੇ ਰੁਲ ਖੁਲ ਗਿਆ ਪਰ ਜਦ ਅੰਗਰੇਜ਼ਾਂ ਵੀ ਦਸਤੂਰੁਲ ਅਮਲ ਬਣਾਇਆ ਉਸ ਵਿਚ ਸਾਫ਼ ਮੰਨਿਆ :

"ਮਾਲਕ ਇਸ ਅਸਥਾਨ ਦੇ ਸ੍ਰੀ ਗੁਰੂ ਮਹਾਰਾਜ ਜੀ ਆਪ ਹਨ । ਕਿਸੇ ਇਕ ਦੀ ਮਾਲਕੀ ਨਹੀਂ ਹੈ ਅਤੇ ਦਾਵਾ ਸੇਵਕੀ ਦਾ ਸਰਬਤ ਖਾਲਸਾ ਜੀ ਅਤੇ ਸਾਧ ਸੰਗਤ ਨੂੰ ਇਕੋ ਜਿਹਾ ਹੈ ।"

ਬਾਬਾ ਬੁੱਢਾ ਜੀ ਅਤੇ ਪਿਛੋਂ ਗ੍ਰੰਥੀਆਂ ਨੇ ਵੀ ਇਹ ਅਸੂਲ ਬਣਾ ਲਿਆ ਸੀ ਕਿ ਜੋ ਭੇਟਾ ਚੜ੍ਹਾਵੇ ਆਉਣ ਉਹ ਲੰਗਰ ਅਤੇ ਹੋਰ ਸੇਵਾ ਕੰਮਾਂ ਵਿਚ ਲਗਾ ਦੇਣੇ ਅਤੇ ਆਪ ਹੱਥੀਂ ਕਿਰਤ ਕਰ ਕੇ ਨਿਰਬਾਹ ਕਰਨਾ ।

---

1. When the chiefs meet upon the solemn occasion, it is concluded that all private animosities cease and that everyman sacrifices his personal feelings at the principles of pure patriotism, thinks of nothing but the interests of the religion and Commonwealth to which he belongs.
(The Sikh Sketch, Malcolm, Page 125)
2. ਮੈਲਕਮ, ਪੰਨਾ ੧੧੫ ।
3. ਰਿਪੋਰਟ ਸ੍ਰੀ ਦਰਬਾਰ ਸਾਹਿਬ, ਪੰਨਾ ੯੦, ੯੧ ।

ਪੂਜਾ ਦਾ ਧਾਨ ਉੱਕਾ ਨਾ ਵਰਤਣਾ । ਮਨ ਨੂੰ ਵੱਸ ਰਖਣ ਵਾਸਤੇ ਸਾਰਾ ਸਮਾਂ ਭਜਨ ਕੀਰਤਨ ਤੇ ਸੇਵਾ ਵਿਚ ਬਿਤਾਣਾ । ਉਹਨਾਂ ਦੇ ਮਗਰੋਂ ਸਿੱਖ ਰਾਜ ਤਕ ਵੀ ਇਥੋਂ ਦੀ ਸੇਵਾ ਇਸੇ ਅਸੂਲ 'ਤੇ ਹੁੰਦੀ ਰਹੀ ।

ਇਹ ਇਤਿਹਾਸ ਦੇ ਪੰਨਿਆਂ ਤੋਂ ਜ਼ਾਹਰ ਹੈ ਕਿ ਧਾਰਮਿਕ ਮੁੱਖੀਏ, ਗਿਆਨੀ ਤੇ ਗ੍ਰੰਥੀ, ਪੂਜਾ-ਭੇਟਾ ਤੇ ਜਗੀਰਾਂ ਕਬੂਲ ਕਰਨ ਤੋਂ ਸਾਫ਼ ਇਨਕਾਰ ਕਰਦੇ ਰਹੇ ।

ਭਾਈ ਲੱਖਾ ਸਿੰਘ ਜੀ ਨੂੰ ਸੰਨ ੧੭੬੪ ਈ: ਵਿਚ ਅਮਰ ਸਿੰਘ ਬਾਘਾ ਨੇ ਸੁਜਾਣਪੁਰ ਪਰਗਣੇ ਦੀ ਜ਼ਮੀਨ ਪੇਸ਼ ਕੀਤੀ ਸੀ, ਉਹਨਾਂ ਨੇ ਨਾ-ਮਨਜ਼ੂਰ ਕਰ ਦਿੱਤੀ ।

ਭਾਈ ਭਗਤ ਸਿੰਘ ਜੀ ਨੂੰ ਸਰਦਾਰ ਸਦਾ ਸਿੰਘ ਜੀ ਨਕੱਈ ਮਿਸਲ ਵਾਲਿਆਂ ਸੱਤ ਪਿੰਡਾਂ ਦੀ ਜਗੀਰ ਪੇਸ਼ ਕੀਤੀ, ਉਹਨਾਂ ਲੈਣ ਤੋਂ ਸਾਫ਼ ਇਨਕਾਰ ਕਰ ਦਿੱਤਾ ।

ਭਾਈ ਸੁਖਾ ਸਿੰਘ ਜੀ ਨੂੰ ਮੀਰਪੁਰ ਪਰਗਣੇ ਦੀ ਜਾਗੀਰ ਸਰਦਾਰ ਗੁਜਰ ਸਿੰਘ ਗੁਜਰਾਤ ਵਾਲਿਆਂ ਭੇਟ ਕੀਤੀ , ਉਹਨਾਂ ਠੁਕਰਾ ਦਿੱਤੀ ।

ਪੰਡਤ ਨਿਹਾਲ ਸਿੰਘ ਜੀ ਜੋ ਬੜੇ ਪ੍ਰਸਿੱਧ ਵਿਦਵਾਨ ਤੇ ਗਿਆਨੀ ਹੋਏ, ਜਿਨ੍ਹਾਂ ਜਪ ਸਾਹਿਬ ਦਾ ਸੰਸਕ੍ਰਿਤ ਭਾਸ਼ਾ ਵਿਚ 'ਗੁਢਾਰਥ ਦੀਪਕਾ' ਟੀਕਾ ਲਿਖਿਆ, ਉਨ੍ਹਾਂ ਦੀ ਕਰਣੀ ਤੋਂ ਪ੍ਰਸੰਨ ਹੋ ਕੇ ਮਹਾਰਾਜਾ ਰਣਜੀਤ ਸਿੰਘ ਨੇ ਸੰਤੋਖ ਦਾਸ ਦੇ ਅਖਾੜੇ ਕੋਲ ਬਹੁਤ ਸਾਰੀ ਜ਼ਮੀਨ ਪੰਡਿਤ ਜੀ ਦੇ ਨਾਮ ਲਿਖ ਦਿੱਤੀ ਅਤੇ ਪਟਾ ਲਿਖ ਕੇ ਦਿੱਤਾ ਤਾਂ ਮਹਾਰਾਜੇ ਦੇ ਸਾਹਮਣੇ ਹੀ ਪੰਡਿਤ ਜੀ ਨੇ ਪਟੇ ਦਾ ਕਾਗ਼ਜ਼ ਪਾੜ ਸੁੱਟਿਆ ਤੇ ਅਗੋਂ ਵਾਸਤੇ ਮਹਾਰਾਜੇ ਦੇ ਮੂੰਹ ਲਗਣੋਂ ਵੀ ਨਾਂਹ ਕਰ ਦਿੱਤੀ । ਇਸੇ ਤਰ੍ਹਾਂ ਭਾਈ ਦਰਗਾਹ ਸਿੰਘ, ਭਾਈ ਜੈ ਸਿੰਘ, ਠਾਕਰ ਦਿਆਲ ਸਿੰਘ, ਭਾਈ ਪ੍ਰਦੁਮਨ ਸਿੰਘ ਜੀ ਦੀਆਂ ਉਦਾਹਰਣਾਂ ਹਨ । ਇਕ ਹੋਰ ਪ੍ਰਸਿੱਧ ਮਿਸਾਲ ਭਾਈ ਪ੍ਰੇਮ ਸਿੰਘ ਜੀ ਲੌਂਗੋਵਾਲ ਦੀ ਹੈ । ਸਰਕਾਰ ਅੰਗਰੇਜ਼ੀ ਨੇ ਉਹਨਾਂ ਨੂੰ ਇਕ ਪਿੰਡ ਦੇਣਾ ਚਾਹਿਆ ਤਾਂ ਭਾਈ ਜੀ ਨੇ ਉੱਤਰ ਭੇਜਿਆ : ''ਟੋਪੀ ਵਾਲੇ ਦਾ ਦਿੱਤਾ ਹੋਇਆ ਨਹੀਂ ਲੈਣਾ । ਨਾ ਹੀ ਸਲਾਮ ਕਰਾਂਗੇ ਅਤੇ ਨਾ ਹੀ ਤਾਬਿਆਦਾਰੀ ਉਠਾਵਾਂਗੇ ।''

ਬਹੁਤਿਆਂ ਨੂੰ ਨਹੀਂ ਪਤਾ ਕਿ ਅੰਮ੍ਰਿਤਸਰ ਚਾਟੀਵਿੰਡ ਸਵਰਾਜ ਆਸ਼ਰਮ ਵੀ ਸੀ, ਜਿਥੇ ਅਜ਼ਾਦੀ ਦੇ ਪਰਵਾਨੇ ਕੁਰਬਾਨ ਹੋਣ ਦੀ ਸਿਖਿਆ ਪਾਉਂਦੇ ਸਨ ਅਤੇ ਅਜ਼ਾਦੀ ਦੀ ਸ਼ਮ੍ਹਾ ਜਲ੍ਹਿਆਂ ਵਾਲੇ ਬਾਗ਼ ਸ੍ਰੀ ਅੰਮ੍ਰਿਤਸਰ ਤੋਂ ਹੀ ਰੌਸ਼ਨ ਹੋਈ । ਅਕਾਲੀ ਲਹਿਰ ਦਾ ਮੁੱਢ ਵੀ ਇਥੋਂ ਹੀ ਬੱਝਾ ਤੇ ਗੁਰਦੁਆਰੇ ਫਿਰ ਸਰਬਤ ਖਾਲਸਾ ਜੀ ਦੇ ਪ੍ਰਬੰਧ ਹੇਠ ਆਏ । ਗੱਲ ਕੀ, ਗੁਰੂ ਪੰਥ ਦਾ ਸਭ ਕੁਝ ਇਸ ਅੰਮ੍ਰਿਤਸਰ ਦੁਆਲੇ ਘੁੰਮ ਰਿਹਾ ਹੈ ਅਤੇ ਇਹ ਦੇਣ ਸੱਚੇ ਪਾਤਸ਼ਾਹ ਸਾਹਿਬ ਗੁਰੂ ਰਾਮ ਦਾਸ ਜੀ ਦੀ ਹੈ ।

# 7

# ਆਪਣੀ ਜਨਮ ਭੁਇੰ ਤੇ

**ਨਿੱਤ ਕਰਮ**

ਅੰਮ੍ਰਿਤਸਰ ਪੁੱਜਣ ਤੇ ਸ਼ਹਿਰ ਵੱਸ ਜਾਣ 'ਤੇ ਜੋ ਨਿੱਤ ਦੀ ਦਿਨ ਚਿਰਯਾ ਗੁਰੂ ਰਾਮ ਦਾਸ ਜੀ ਦੀ ਸੀ ਉਸ ਨੂੰ ਵੇਰਵੇ ਸਹਿਤ 'ਮਹਿਮਾ ਪ੍ਰਕਾਸ਼' ਅਤੇ 'ਸੂਰਜ ਪ੍ਰਕਾਸ਼' ਨੇ ਲਿਖਿਆ ਹੈ । ਮਰਯਾਦਾ ਪਾਲਕ ਗੁਰੂ ਰਾਮ ਦਾਸ ਜੀ ਪਹਿਰ ਰਾਤ ਰਹਿੰਦੀ ਜਾਗਦੇ । ਸੀਤਲ ਜਲ ਨਾਲ ਇਸ਼ਨਾਨ ਕਰਨ ਉਪ੍ਰੰਤ ਸਮਾਧੀ ਲਗਾਂਦੇ । 'ਰਾਖਹਿ ਅੰਤਰ ਬ੍ਰਿਤਿ ਟਿਕਾਇ' । ਮਹਿਮਾ ਪ੍ਰਕਾਸ਼ ਵਾਰਤਿਕ ਦੇ ਸ਼ਬਦਾਂ ਵਿਚ 'ਫਿਰ ਅਪਨੇ ਸਰੂਪ ਮੇਂ ਲੀਨ ਹੋਤੇ ।'

ਪ੍ਰਭਾਤੇ ਹੀ ਗੁਰੂ ਕੇ ਮਹਲ ਤੋਂ ਚਲ ਕੇ ਉਸ ਥਾਂ ਆਉਂਦੇ ਜਿੱਥੇ ਹੁਣ ਹਰਿਮੰਦਰ ਸਾਹਿਬ ਬਣਿਆ ਹੋਇਆ ਹੈ । ਉਥੇ ਹੀ ਦੀਵਾਨ ਸਜ ਜਾਂਦਾ । ਸੰਗਤਾਂ ਉਡੀਕ ਕਰ ਰਹੀਆਂ ਹੁੰਦੀਆਂ । ਕੀਰਤਨ ਹੁੰਦੇ । ਮਹਿਮਾ ਪ੍ਰਕਾਸ਼ ਵਾਰਤਿਕ ਦੇ ਹੀ ਸ਼ਬਦਾਂ ਵਿਚ : ''ਫੇਰ ਜਬ ਪ੍ਰਭਾਤ ਹੋਤਾ, ਤਬ ਸਤਾ ਰਬਾਬੀ ਚਉਕੀ[1] ਭਜਨ ਕੀ ਕਰਤਾ ।'' ਕੀਰਤਨ ਦੀ ਸਮਾਪਤੀ ਉਪ੍ਰੰਤ ਲੰਗਰ ਤਿਆਰ ਹੋਣ ਦੀ ਅਵਾਜ਼ ਪੈਂਦੀ । ਆਪ ਜੀ ਸੰਗਤ ਸਮੇਤ ਲੰਗਰ ਵਿਚ ਪੁੱਜਦੇ । ਹਰ ਊਚ ਨੀਚ, ਗ਼ਰੀਬ-ਅਮੀਰ, ਧਨੀ-ਰੰਕ ਨੂੰ ਇਕੋ ਜਿਹਾ ਪ੍ਰਸ਼ਾਦ ਮਿਲਦਾ :

*ਇਕ ਸਮਾਨ ਸਭਿ ਦੇਤਿ ਅਹਾਰਾ ।*

ਆਪ ਵੀ ਸੰਗਤ ਵਿਚ ਬੈਠ ਹੀ ਛਕਦੇ ।[2] ਉਸ ਉਪ੍ਰੰਤ ਕੁਝ ਚਿਰ ਅਰਾਮ ਕਰਦੇ ਅਤੇ ਫਿਰ ਉਠਦੇ ਸਾਰ ਉਸਾਰੀ ਦੇ ਕਾਰਜਾਂ ਨੂੰ ਦੇਖਣ ਲਈ ਚਲ ਪੈਂਦੇ । ਸੇਵਾ ਵੀ ਪਹਿਲਾਂ ਵਾਂਗ ਹੀ ਕਰਦੇ । ਫਿਰ ਇਸ਼ਨਾਨ ਕਰ ਕੇ ਸੰਗਤ ਵਿਚ ਪੁੱਜਦੇ । ਸ਼ਾਮ ਨੂੰ ਵੀ ਸੰਗਤ ਇਕੱਠੀ ਹੁੰਦੀ ਸੀ । ਸ਼ਾਮ ਨੂੰ ਕਥਾ ਕਰਨ

---

1. ਦਰਬਾਰ ਸਾਹਿਬ ੮ ਚਉਕੀਆਂ ਰਾਗੀਆਂ ਅਤੇ ੭ ਚਉਕੀਆਂ ਰਬਾਬੀਆਂ ਦੀ ਲਗਣ ਦੀ ਮਰਯਾਦਾ ਸੀ ।
2. ਸੰਗਤਿ ਬੀਚ ਅਚਹਿ ਤ੍ਰਿਪਤਾਵੇ । (ਰਾਸ ਦੂਜੀ, ਅੰਸ਼ ੧੪)

ਦੀ ਮਰਯਾਦਾ ਥਾਪੀ । ਕਥਾ ਸਤਿਗੁਰੂ ਜੀ ਆਪ ਹੀ ਕਰਦੇ । ਜੋ-ਜੋ ਸੰਗਤਾਂ ਦੇ ਮਨ ਜਾਂ ਪ੍ਰਗਟ ਪ੍ਰਸ਼ਨ ਹੁੰਦੇ ਆਪ ਜੀ ਬਾਣੀ ਰਾਹੀਂ ਉਨ੍ਹਾਂ ਦੀ ਆਤਮ-ਤਸੱਲੀ ਕਰਦੇ । ਇਹ ਵੀ ਲਿਖਿਆ ਹੈ ਕਿ ਜਦ ਕਦੇ ਸੰਗਤਾਂ ਬਾਹਰੋਂ ਆਉਂਦੀਆਂ ਤਾਂ ਉਹ ਉਚੇਚਾ ਉਪਦੇਸ਼ ਮੰਗਦੀਆਂ । ਮਹਾਰਾਜ ਜੀ ਉਹਨਾਂ ਨੂੰ ਸ਼ੁਭ ਸਿਖਿਆ ਦੇਂਦੇ :

*ਬਹੁ ਪ੍ਰੇਮੀ ਸਿਖ ਕੋ ਜਬਿ ਆਵੈ ।*
*ਤਿਸ ਕੋ ਸ਼ੁਭ ਉਪਦੇਸ਼ ਬਤਾਵੈਂ ।*

ਉਪਦੇਸ਼ਾਂ ਵਿਚ ਡਰ-ਰਹਿਤ ਜੀਵਨ ਗੁਜ਼ਾਰਨ ਲਈ ਪ੍ਰੇਰਨਾ ਹੁੰਦੀ । ਫ਼ਰਮਾਂਦੇ : 'ਸੋ ਡਰੈ ਜਿ ਪਾਪ ਕਮਾਂਵਦਾ, ਧਰਮੀ ਵਿਗਸੇਤ' **ਸਿਮਰਨ ਦੀ ਵਿਧੀ** ਸੰਗਤਾਂ ਨੂੰ ਦੱਸਦੇ ਹੋਏ ਕਹਿੰਦੇ ਜਿਵੇਂ ਚੰਦਨ ਦੀ ਲੱਕੜੀ ਨੂੰ ਬਾਰ-ਬਾਰ ਘਸਾਉਣ ਨਾਲ ਖ਼ੁਸ਼ਬੂ ਪਸਰਦੀ ਹੈ, ਤਿਵੇਂ ਹੀ ਸਿਮਰਨ ਲਗਾਤਾਰ ਕੀਤਿਆਂ ਸਮੁੱਚਾ ਜੀਵਨ ਹੀ ਖ਼ੁਸ਼ਬੂਦਾਰ ਹੋ ਜਾਂਦਾ ਹੈ । 'ਗੁਰਮੁਖ ਜਾਇ ਲਹਹੁ ਘਰੁ ਅਪਨਾ, **ਘਸਿ ਚੰਦਨੁ ਹਰਿ ਜਸੁ ਘਸੀਐ'** । ਜਦ ਆਤਮਕ ਜੀਵਨ ਲੱਭ ਪੈਂਦਾ ਹੈ ਤਾਂ ਪ੍ਰਭੂ ਦੇ ਦੁਲਾਰੇ ਪਿਆਰੇ ਲੱਗਣ ਲੱਗ ਪੈਂਦੇ ਹਨ : 'ਜੀਵਨੋ ਮੈ ਜੀਵਨੁ ਪਾਇਆ, ਗੁਰਮੁਖਿ ਭਏ ਰਾਮ ।' ਨਿੱਜੀ ਤਜਰਬੇ ਤੋਂ ਕਈ ਉਦਾਹਰਣਾਂ ਦੇਂਦੇ । ਨੈਨ ਮੁੰਦ ਕੇ 'ਜੋ ਹਮਰੀ ਬਿਧ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਨਹੁ ਆਪੇ । ਹਮ ਰੁਲਤੇ ਫਿਰਤੇ ਕੋਈ ਬਾਤ ਨਾ ਪੁਛਤਾ'–, 'ਕੋਈ ਬਾਤ ਨ ਪੁਛਤਾ' ਕਈ ਵਾਰ ਪੜ੍ਹਦੇ ਤਾਂ ਕਿ ਆਈਆਂ ਸੰਗਤਾਂ ਵਿਚ ਨਿਮ੍ਰ ਭਾਵ ਪੈਦਾ ਹੋਵੇ । ਮੰਜੀਦਾਰ ਜਦ ਉਪਦੇਸ਼ ਦੀ ਮੰਗ ਕਰਦੇ ਤਾਂ ਕਰੜੀ ਚੇਤਾਵਨੀ ਦੇਂਦੇ ਹੋਏ ਫ਼ਰਮਾਂਦੇ : ''ਇਹ ਸੱਚ ਹੈ ਕਿ 'ਕੋਈ ਕਰਿ ਗਲ ਸੁਣਾਵੈ ਹਰਿ ਨਾਮ ਕੀ ਸੋ ਲਗੈ ਗੁਰ ਸਿਖਾ ਮਨਿ ਮਿਠਾ' । ਪਰ ਯਾਦ ਰੱਖਣਾ ਜੇ ਤੁਸਾਂ ਕਦੇ ਸਤਿਗੁਰੂ ਦੇ ਆਸ਼ੇ ਵਿਰੁੱਧ ਕੋਈ ਕੰਮ ਕਰਾਉਣਾ ਚਾਹਿਆ ਜਾਂ ਆਪਣੀ ਕੋਈ ਵੱਖਰੀ ਰੀਤ ਚਲਾਈ ਤਾਂ ਇਹ ਸਿੱਖ ਤੁਹਾਡੇ ਨੇੜੇ ਨਹੀਂ ਆਉਣਗੇ । ਇਹ ਵੀ ਨਾ ਭੁੱਲਣਾ ਕਿ ਐਸਾ ਠੱਗੀਆਂ ਕਰਨ ਵਾਲਾ ਵੀ ਦੁੱਖ ਹੀ ਪਾਵੇਗਾ । ਹਾਂ ਜੇ ਗੁਰੂ ਦੀ ਦਸੀ ਮਰਯਾਦਾ ਅਨੁਸਾਰ ਦਿਲੋਂ ਸੇਵਾ ਕਰੇਗਾ, ਸਿੱਖ ਨਾਲ ਹੋ ਕੇ ਬਗੈਰ ਕਿੰਤੂ ਕੀਤੇ ਹੱਥ ਵਟਾਉਣਗੇ ।''

*ਵਿਣੁ ਸਤਿਗੁਰ ਕੇ ਹੁਕਮੈ*
*ਜਿ ਗੁਰ ਸਿਖਾਂ ਪਾਸਹੁ ਕੰਮ ਕਰਾਇਆ ਲੋੜੇ*
*ਤਿਸ ਗੁਰਸਿਖ ਫਿਰ ਨੇੜਿ ਨ ਆਵੈ ॥*
*ਜਿ ਠਗੀ ਆਵੈ ਠਗੀ ਉਠਿ ਜਾਇ*
*ਤਿਸ ਨੇੜੈ ਗੁਰਸਿਖ ਮੂਲਿ ਨ ਆਵੈ ॥*
*ਗੁਰ ਸਤਿਗੁਰ ਅਗੈ ਕੋ ਜੀਉ ਲਾਇ ਘਾਲੈ*
*ਤਿਸ ਅਗੈ ਗੁਰ ਸਿਖ ਕਾਰ ਕਰਾਵੈ ।*
*ਜਿ ਵਿਣ ਸਤਿਗੁਰ ਕੇ ਮਨੁ ਮੰਨੇ ਕੰਮੁ ਕਰਾਏ*
*ਸੋ ਜੰਤ ਮਹਾਂ ਦੁਖੁ ਪਾਵੈ ॥[1]*

---

1. ਗੁਰੂ ਗ੍ਰੰਥ ਸਾਹਿਬ, ਪੰਨਾ ੩੧੭ ।

ਧੜੇ ਨਹੀਂ ਬਣਾਉਣੇ ਕਿਉਂਕਿ ਪੰਥ ਦੇ ਮੁਕੰਮਲ ਹੋਣ ਵਿਚ ਇਹ ਵੱਡੀ ਰੁਕਾਵਟ ਹਨ । 'ਸਭ ਧੜੇ ਮਾਇਆ ਮੋਹ ਪਸਾਰੀ ।' ਬਾਣੀ ਤੇ ਸ਼ਬਦ ਦੀ ਮਹੱਤਤਾ ਤੇ ਬਹੁਤ ਜ਼ੋਰ ਦੇਂਦੇ ਅਤੇ ਨਾਮ ਬਗ਼ੈਰ ਜੀਵਨ ਧ੍ਰਿਗ ਦੱਸਦੇ । ਨਾਮ ਜਪਦਿਆਂ ਕਦੇ ਢਿੱਲ ਮੱਠ ਨਹੀਂ ਕਰਨੀ ਕਿਉਂਕਿ ਕੀ ਪਤਾ ਅਗਲਾ ਸਾਹ ਆਵੇ ਕਿ ਨਾ :

*ਹਰਿ ਜਪਦਿਆਂ ਖਿਨੁ ਢਿਲ ਨਾ ਕੀਜਈ ਮੇਰੀ ਜਿੰਦੁੜੀਏ,*
*ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ ॥*
*ਸਾ ਵੇਲਾ ਸੋ ਮੂਰਤ ਸਾ ਘੜੀ*
*ਸੁ ਮਹਤੁ ਸਫਲੁ ਹੈ ਮੇਰੀ ਜਿੰਦੜੀਏ,*
*ਜਿਤੁ ਹਰਿ ਮੇਰਾ ਚਿਤਿ ਆਵੈ ਰਾਮ ॥*[1]

ਚਿੰਤਾ ਕਦੇ ਕਿਸੇ ਗੱਲ ਦੀ ਨਹੀਂ ਕਰਨੀ ਅਤੇ ਆਸ ਪ੍ਰਭੂ ਤੋਂ ਛੁੱਟ ਹੋਰ ਕਿਸੇ ਦੀ ਨਹੀਂ ਰੱਖਣੀ ।[2] ਆਸਰਾ ਪਰਨਾ ਜਦ ਪ੍ਰਭੂ ਹੋ ਗਿਆ ਤਾਂ ਸਾਡੀ ਚਿੰਤਾ ਵੀ ਉਹ ਹੀ ਕਰੇਗਾ । ਇਹ ਹੀ ਨਾਮ ਦੀ ਵੱਡੀ ਬਰਕਤ ਹੈ :

*ਨ ਕਰਿ ਚਿੰਤ ਚਿੰਤਾ ਹੈ ਕਰਤੇ ।*

ਘਰ-ਬਾਹਰੀ ਜੀਵਨ ਕਾਇਮ ਰੱਖਣ ਅਤੇ ਗ੍ਰਹਿਸਤ ਵਿਚ ਰਹਿੰਦੇ ਹੀ ਜੋ ਪ੍ਰਭੂ ਵੱਲ ਚਿਤ ਲਗਾਈ ਰੱਖਦੇ ਹਨ ਉਹਨਾਂ ਦੀ ਮਹਿਮਾ ਖ਼ਾਸ ਕਰ ਕਰਦੇ । ਫ਼ਰਮਾਂਦੇ :

*ਜਿਤੁ ਗ੍ਰਿਹਿ ਗੁਨ ਗਾਵਤੇ*
*ਹਰਿ ਕੇ ਗੁਨ ਗਾਵਤੇ*
*ਰਾਮ ਗੁਨ ਗਾਵਤੇ*
*ਤਿਤ ਗ੍ਰਿਹਿ ਵਾਜੇ ਪੰਚ ਸਬਦ*
*ਵਡ ਭਾਗ ਮਥੋਰਾ ॥*
*ਤਿਨੑ ਜਨ ਕੇ ਸਭਿ ਪਾਪ ਗਏ*
*ਸਭਿ ਦੋਖ ਗਏ*
*ਸਭ ਰੋਗ ਗਏ*
*ਕਾਮ, ਕ੍ਰੋਧ, ਲੋਭ,*
*ਮੋਹ ਅਭਿਮਾਨ ਗਏ*
*ਤਿਨੑ ਜਨ ਕੇ ਹਰਿ ਮਾਰਿ ਕਢੇ ਪੰਚ ਚੋਰਾ ॥*[3]

(ਸਾਰੰਗ ਮਹਲਾ ੪)

---

1. ਗੁਰੂ ਗ੍ਰੰਥ ਸਾਹਿਬ, ਪੰਨਾ ੫੪੦, ਇਸ ਇਕ ਛਕਾ ਵਿਚ ਤਕਰੀਬਨ ੮੯ ਵਾਰੀ 'ਮੇਰੀ ਜਿੰਦੜੀਏ' ਆਇਆ ਹੈ ।
2. 'ਨ ਕਰਿ ਆਸ ਮੀਤ ਸੁਤ ਭਾਈ । ਨ ਕਰਿ ਆਸ ਕਿਸੈ ਸਾਹ ਬਿਉਹਾਰ ਕੀ ਪਰਾਈ ।' (ਗੁਰੂ ਗ੍ਰੰਥ ਸਾਹਿਬ, ਪੰਨਾ ੧੦੭੦) ਕਿਉਂਕਿ : 'ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ ਮੇਰੇ ਤੇ ਸਭਿ ਆਪਨੈ ਸੁਆਇ ਮਿਲਾਸਾ । ਜਿਤੁ ਦਿਨਿ ਉਨ ਕਾ ਸੁਆਉ ਹੋਇ ਨ ਆਵੈ, ਤਿਤੁ ਦਿਨ ਨੇੜੈ ਕੋ ਨ ਢੁਕਾਸਾ ।' (ਪੰਨਾ ੮੬੦)
3. ਗੁਰੂ ਗ੍ਰੰਥ ਸਾਹਿਬ, ਪੰਨਾ ੧੨੦੧ ।

ਖ਼ਾਸ ਕਰ ਅੰਮ੍ਰਿਤ ਵੇਲੇ ਦੇ ਸਤਿ ਸੰਗਤ ਕਰਨ 'ਤੇ ਬਹੁਤ ਹੀ ਜ਼ੋਰ ਦੇਂਦੇ । ਉਚਾਰ ਸੁਣਾਉਂਦੇ :

*ਹਰਿ ਧਨ ਅੰਮ੍ਰਿਤ ਵੇਲੇ ਵਤੈ ਕਾ ਬੀਜਿਆ,*
*ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀਂ ॥*

ਅਤੇ ਸਤਿ ਸੰਗਤਿ ਮੈਲ ਇਸ ਤਰ੍ਹਾਂ ਕੱਟਦੀ ਤੇ ਹਰਦੀ ਹੈ :

*ਜਿਉ ਮੀਹਿ ਵੁਠੈ*
*ਗਲੀਆਂ ਨਾਲਿਆਂ ਟੋਭਿਆਂ ਕਾ ਜਲੁ*
*ਜਾਇ ਪਵੈ ਵਿਚਿ ਸੁਰਸਰੀ*
*ਸੁਰਸਰੀ ਮਿਲਤ ਪਵਿਤ੍ਰੁ ਪਾਵਨੁ ਹੋਇ ਜਾਵੈ ॥*[1]

ਬਸ, ਉਪਦੇਸ਼ਾਂ ਰਾਹੀਂ ਸਦਾ ਵਿਸ਼ਵਾਸ਼ ਦ੍ਰਿੜ੍ਹ ਕਰਾਂਦੇ ਹੋਏ ਕਹਿੰਦੇ ਰਹਿੰਦੇ :

*ਹਰਿ ਬਿਨ ਕੋਈ ਮਾਰਿ ਜੀਵਾਲਿ ਨ ਸਕੈ ॥*
*ਮਨ ਹੋਇ ਨਚਿੰਦੁ ਨਿਸਲੁ ਹੋਇ ਰਹੀਐ ॥*[2]

ਫਿਰ ਕੁਝ ਸੈਰ ਕਰਨ ਬਾਹਰ ਚਲੇ ਜਾਂਦੇ ਅਤੇ ਚਾਰ ਘੜੀਆਂ ਦਿਨ ਬਾਕੀ ਰਹਿੰਦਾ, ਰਾਤ ਹੋਣ ਵਾਲੀ ਹੁੰਦੀ ਤਾਂ ਸੋਦਰ ਦੀ ਚੌਂਕੀ ਲਗਵਾਂਦੇ ਤੇ ਕੀਰਤਨ ਹੁੰਦਾ । ਰਾਗ ਦੀ ਸਭਾ ਹੁੰਦੀ । ਬੜਾ ਪਿਆਰ ਉਪਜਦਾ । ਸੰਗਤਾਂ ਵਿਚ ਅਤੇ ਵੱਡ-ਭਾਗੀਆਂ ਨੂੰ ਨਾਮ ਦੀ ਲਾਗ ਲੱਗਦੀ :

*ਚਾਰ ਘਟੀ ਬਾਸਰ ਜਬਿ ਰਹੇ*
*ਸ਼ਬਦ ਕੀਰਤਨ ਕੋ ਸੁਖ ਲਹੇ । ੪੧ ।*
*ਅਨਿਕ ਪ੍ਰਕਾਰਨ ਕੇ ਹੁਇ ਰਾਗਾ*
*ਰਾਗਾ ਦ੍ਵੈਖ ਜਿਨ ਸੁਨਿ ਅਘ ਭਾਗਾ ।*
*ਭਾਗਾ ਜਗੇ ਜਿਨ ਕੇ ਹੁਇ ਲਾਗਾ ।*
*ਲਾਗਾ ਸ੍ਵਾਦ ਜਿਨ ਪ੍ਰੇਮ ਸੁ ਪਾਗਾ । ੪੨।*[3]

ਆਪ ਜੀ ਦੇ ਨੈਨ ਵੀ ਪ੍ਰੇਮ ਭਿੰਨੇ ਰਹਿੰਦੇ ਸਨ । ਇਹ ਆਗਿਆ ਦੇ ਰੱਖੀ ਸੀ ਕਿ ਕੀਰਤਨ ਸੁਣਦੇ ਕੋਈ ਨ ਬੁਲਾਵੇ । ਕੀਰਤਨ ਤੇ ਰਾਗ ਸਭਾ ਉਪਰੰਤ ਲੰਗਰ ਵਿਚ ਸਭ ਪ੍ਰਸ਼ਾਦਿ ਛੱਕਦੇ । ਸਾਰੇ ਜਦ ਆਪਣੇ-ਆਪਣੇ ਟਿਕਾਣਿਆਂ 'ਤੇ ਟੁਰ ਜਾਂਦੇ ਤਾਂ ਜਾ ਕੇ ਦੇਖਦੇ ਕਿ ਬਾਹਰੋਂ ਆਇਆਂ ਨੂੰ ਥਾਂ ਟਿਕਾਣਾ ਮਿਲਿਆ ਹੈ ਕਿ ਨਹੀਂ । ਸਭ ਪਿਛੋਂ ਆਪੂੰ ਬਿਸ਼੍ਰਾਮ ਕਰਨ ਗੁਰੂ ਕੇ ਮਹਲ ਜਾਂਦੇ ।

---

1. ਗੁਰੂ ਗ੍ਰੰਥ ਸਾਹਿਬ, ਪੰਨਾ ੮੫੪-੮੫੫ ।
2. ਗੁਰੂ ਗ੍ਰੰਥ ਸਾਹਿਬ, ਪੰਨਾ ੫੯੪ ।
3. ਰਾਸਿ ੨, ਅੰਸ ੧੪ ।
4. ਲੋਚਨ ਮਹਿ ਜਲ ਝਲਕਹਿ ਸਦਾ,
   ਪ੍ਰੇਮ ਪ੍ਰਵਾਹਿ ਨ ਮਿਟਿਹੈ ਕਦਾ ।

ਲਾਹੌਰ ਤੋਂ ਭਾਈ ਸਹਾਰੀ ਮਲ ਜੀ ਅਤੇ ਕਈ ਹੋਰ ਸਿੱਖ ਸੰਬੰਧੀ ਚਿਰ ਤੋਂ ਅਰਜ਼ੋਈਆਂ ਕਰ ਰਹੇ ਸਨ ਕਿ ਆਪਣੀ ਜਨਮ ਭੂਇੰ 'ਚ ਇਕ ਵਾਰੀ ਚਰਨ ਲਾਹੌਰ ਪਿਯਾਨਾ ਪਾਓ । ਪਹਿਲਾਂ ਕੁਝ ਸਮਾਂ ਗੋਇੰਦਵਾਲ ਤੇ ਫਿਰ ਸ੍ਰੀ ਅੰਮ੍ਰਿਤਸਰ ਉਸਾਰੀ ਵਿਚ ਲੱਗ ਜਾਣ ਕਾਰਨ, ਬਾਹਰ ਨਿਕਲਣ ਨ ਹੋਇਆ । ਹੁਣ ਜਦ ਸੰਭਾਲ ਚੰਗੀ ਹੋ ਗਈ ਅਤੇ ਪ੍ਰਿਥੀ ਚੰਦ ਜੀ ਨੇ ਵੀ ਸੇਵਾ ਦੇ ਕਾਰਜ ਨੂੰ ਸੰਭਾਲ ਲਿਆ ਤਾਂ ਆਪ ਜੀ ਲਾਹੌਰ ਜਾਣਾ ਮੰਨ ਗਏ । ਇਹ ਸੰਨ ੧੫੭੯ ਦੇ ਹੀ ਕਰੀਬ ਹੋਇਆ ਲੱਗਦਾ ਹੈ ।

**ਆਸਾ ਦੀ ਵਾਰ ਦੀ ਮਰਯਾਦਾ**

ਆਪ ਜੀ ਦਾ ਲਾਹੌਰ ਆਉਣਾ ਸੁਣ ਕੇ ਸੰਗਤਾਂ ਉਮਡ ਪਈਆਂ । ਬਰਾਦਰੀ ਦੇ ਉਹ ਲੋਕ ਜਿਨ੍ਹਾਂ ਨੇ ਗੁਰੂ ਰਾਮ ਦਾਸ ਜੀ ਨੂੰ ਗੋਇੰਦਵਾਲ ਸੇਵਾ ਕਰਦੇ ਦੇਖ ਕਿਹਾ ਸੀ : 'ਸਹੁਰੇ ਮੇ ਰਹਿ ਕੇ ਮਿੱਟੀ ਢੋਵਤੇ ਹੋ, ਹਮਾਰੇ ਬਡਿਆਂ ਕੇ ਸਿਰ ਖਾਕ ਡਾਲਤੇ ਹੋ', ਹੁਣ ਪ੍ਰਤਾਪ ਦੇਖ ਕੇ ਚਰਨੀਂ ਲੱਗੇ । ਸੇਵਾ, ਭਗਤੀ, ਉਪਕਾਰ, ਦਯਾ, ਉਦਾਰਤਾ ਅਰ ਉਪਾਸ਼ਨਾ ਗੁਣਾਂ ਨਾਲ ਭਰਪੂਰ ਅਤੇ ਨਿਮਰਤਾ ਦੀ ਮੂਰਤ ਦੇਖ ਲਾਹੌਰ ਨਿਵਾਸੀ ਗੱਦ-ਗੱਦ ਹੋਈ ਜਾਣ । ਗੁਰੂ ਰਾਮ ਦਾਸ ਜੀ ਪਹਿਲਾਂ ਕੁਝ ਚਿਰ ਆਪਣੇ ਨਿੱਜੀ ਮਕਾਨ ਵਿਚ ਹੀ ਟਿਕੇ । ਆਪਣੇ ਘਰ ਨੂੰ ਪਿਛੋਂ ਧਰਮਸ਼ਾਲਾ ਤੇ ਨਾਲ ਦੇ ਮਕਾਨ ਨੂੰ ਦੀਵਾਨ ਖ਼ਾਨਾ ਬਣਾ ਦਿੱਤਾ । ਵੱਡਾ ਖੂਹ ਵੀ ਲਵਾ ਦਿੱਤਾ । ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ ਕਿ ਅੰਮ੍ਰਿਤ ਵੇਲੇ ਆਸਾ ਦੀ ਵਾਰ ਲਗਾਉਣ ਦੀ ਮਰਯਾਦਾ ਲਾਹੌਰ ਤੋਂ ਹੀ ਆਰੰਭ ਕੀਤੀ ਕਿਉਂਕਿ ਲਾਹੌਰ ਵਿਖੇ ਹੀ ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਦੀਆਂ ਪਹਿਲੀਆਂ ਪੰਦਰਾਂ ਪਉੜੀਆਂ ਭਾਈ ਦੂਨੀ ਚੰਦ ਦੀ ਡਿਉਢੀ ਉਚਾਰ ਗਾਈਆਂ ਸਨ :

*ਅੰਮ੍ਰਿਤ ਸਮੇਂ ਜਾਗ ਕਰ ਸਾਰੇ ।*
*ਗਾਇ ਸੁਨਹਿ ਸਭ ਆਸਾ ਵਾਰੇ । ੨੦*

ਗ੍ਰਹਿ ਨੂੰ ਧਰਮਸਾਲ ਬਣਾਉਣ ਉਪ੍ਰੰਤ ਆਪ ਜੀ ਰਿਸ਼ਤੇ ਵਿਚ ਵੱਡੇ ਭਾਈ ਸਹਾਰੀ ਮਲ ਦੇ ਘਰ ਜਾ ਟਿਕੇ । ਭਾਈ ਗੁਰਦਾਸ ਜੀ ਨੇ ਭਾਈ ਸਹਾਰੀ ਮੱਲ ਨੂੰ ਸਨਮੁੱਖ ਸਿੱਖ ਲਿਖਿਆ ਹੈ । ਗੁਰੂ ਅਰਜਨ ਦੇਵ ਜੀ ਕਿਉਂਕਿ ਉਹਨਾਂ ਨੂੰ 'ਤਾਇਆ ਜੀ' ਕਰ ਕੇ ਬੁਲਾਉਂਦੇ ਸਨ, ਸੋ ਭਾਈ ਜੀ ਨੇ ਵੀ 'ਤਾਇਆ ਸਹਾਰੀ' ਕਰ ਕੇ ਲਿਖਿਆ ਹੈ :

*ਸਨਮੁੱਖ ਸਿੱਖ ਲਾਹੌਰ ਵਿਚ*
*ਸੋਢੀ ਆਇਣ ਤਾਇਆ ਸਹਾਰੀ ।*

ਭਾਈ ਮਨੀ ਸਿੰਘ ਜੀ ਲਿਖਦੇ ਹਨ ਕਿ ਭਗਤ ਅਕਰੂਰ[2] ਨਿਆਈਂ ਰਿਦੇ

---

1. ਰਾਸ ਦੂਜੀ, ਅੰਸ ੧੪ ।
2. ਅਕਰੂਰ ਦੇ ਅਰਥ ਹਨ – ਜੋ ਕ੍ਰੋਧੀ ਨਹੀਂ ਸ਼ਾਂਤ ਸੁਭਾਉ ਵਾਲਾ । ਉਂਜ ਮਿਥਾਸਕ ਅਕਰੂਰ ਵੀ ਯਾਦਵ ਵੰਸ਼ੀ ਕ੍ਰਿਸ਼ਨ ਜੀ ਦੇ ਚਾਚਾ ਸਨ ।

ਭਗਤ ਸੀ । ਗੁਰੂ ਜੀ ਅਤੇ ਸੰਗਤਾਂ ਦੀ ਟਹਿਲ ਸੇਵਾ ਕਰ ਕੇ ਬਹੁਤ ਹੀ ਪ੍ਰਸੰਨ ਹੁੰਦੇ । ਪਿਛੋਂ ਜਦ ਗੁਰੂ ਅਰਜਨ ਦੇਵ ਜੀ ਨੇ ਇਕ ਵਾਰੀ ਸਹਾਰੀ ਮੱਲ ਜੀ ਨੂੰ ਕਿਹਾ ਕਿ ਤੁਸੀਂ ਰਿਸ਼ਤੇ ਵਿਚ ਵੱਡੇ ਹੋ, ਸੇਵਾ ਤਾਂ ਸਾਨੂੰ ਤੁਹਾਡੀ ਕਰਨੀ ਚਾਹੀਦੀ ਹੈ ਤਾਂ ਸਹਾਰੀ ਮੱਲ ਜੀ ਨੇ ਕਿਹਾ ਸੀ : ''ਆਪਣੀ ਮਾਇਆ ਕਰ ਕੇ ਵੰਚੋ ਨਾਹੀ । ਸੰਸਾਰੀ ਰਿਸ਼ਤਿਆਂ ਦੀ ਦੀਵਾਰ ਉਸਾਰ ਗੁਰੂ ਸੇਵਾ ਤੋਂ ਹਟਕੋ ਨਾਹੀ । ਸਿੱਖੀ ਦਾਨ ਦਿਓ । ਸਿੱਖੀ ਜਿਹਾ ਹੋਰ ਕੋਈ ਮਰਾਤਬਾ ਨਹੀਂ ।'' ਗੁਰੂ ਜੀ ਨੇ ਫ਼ਰਮਾਇਆ ਸੀ : ''ਤਾਇਆ ਜੀ, ਤੁਹਾਡਾ ਮਨ ਨੀਵਾਂ ਹੈ । ਸਿੱਖੀ ਦੀ ਦਾਤ ਆਪ ਜੀ ਨੂੰ ਪ੍ਰਾਪਤ ਹੈ ।''

**ਲਾਹੌਰ ਸ਼ਹਿਰ, ਅੰਮ੍ਰਿਤਸਰ ਸਿਫ਼ਤੀ ਦਾ ਘਰ** – ਭਾਈ ਸਾਈਂ ਦਿੱਤਾ ਤੇ ਸੈਦੋ ਜੀ, ਜੋ ਲਾਹੌਰ ਦੇ ਹੀ ਵਸਨੀਕ ਸਨ, ਨੇ ਦਿਨ ਰਾਤ ਸੇਵਾ ਕੀਤੀ । ਇਹ ਦੋਵੇਂ ਹੀ ਪਹਿਲਾਂ ਗੁਰੂ ਅਮਰ ਦਾਸ ਜੀ ਨੂੰ ਲਾਹੌਰ ਲੈ ਗਏ ਸਨ । ਇਹਨਾਂ ਨੂੰ 'ਸ਼ਬਦ ਵੀਚਾਰੀ' ਕਹਿ ਕੇ ਭਾਈ ਜੀ ਨੇ ਸਤਿਕਾਰਿਆ ਹੈ ।

ਇਹਨਾਂ ਦੀ ਸੇਵਾ ਤੇ ਹੀ ਖ਼ੁਸ਼ ਹੋ ਕੇ ਗੁਰੂ ਅਮਰ ਦਾਸ ਜੀ ਨੇ ਬਚਨ ਕੀਤਾ ਸੀ ਕਿ ਕੁਝ ਮੰਗੋ ।

ਉਹਨਾਂ ਹੱਥ ਜੋੜ ਕੇ ਬੇਨਤੀ ਕੀਤੀ ਸੀ : ''ਗੁਰੂ ਨਾਨਕ ਜੀ ਲਾਹੌਰ ਨੂੰ 'ਜ਼ਹਰ ਕਹਰ' ਕਹਿ ਗਏ ਸਨ, ਅਸੀਂ ਜੋ ਲਾਹੌਰ ਦੇ ਵਸਨੀਕ ਹਾਂ ਕਿਵੇਂ 'ਜ਼ਹਰ ਕਹਰ' 'ਚੋਂ ਬਚੀਏ ।'' ਗੁਰੂ ਅਮਰ ਦਾਸ ਜੀ ਨੇ ਬੜੇ ਭਾਵ ਪੂਰਤ ਬਚਨ ਕੀਤੇ ਸਨ : 'ਲਾਹੌਰ ਸਹਰੁ, ਅੰਮ੍ਰਿਤਸਰੁ ਸਿਫ਼ਤੀ ਦਾ ਘਰੁ ।'' ਜੋ ਸ਼ਹਿਰਾਂ ਦੇ ਰੌਲੇ-ਗੌਲੇ, ਜ਼ਹਰ ਕਹਰ ਵਿਚ ਅੰਮ੍ਰਿਤ ਵੇਲੇ ਦਾ ਸਵਾ ਪਹਿਰ ਬਚਾ ਕੇ ਸਿਫ਼ਤੀ ਦੇ ਘਰ, ਸਤਿ ਸੰਗ ਚਲੇ ਜਾਂਦੇ ਹਨ ਜਾਂ ਨਾਮ ਵਿਚ ਜੁੜ ਜਾਂਦੇ ਹਨ, ਉਹ ਮਾਨੋ ਅੰਮ੍ਰਿਤਸਰ ਦੇ ਹੀ ਵਾਸੀ ਹਨ ।

ਕਿਤਨੇ ਹੀ ਮਹੀਨੇ ਲਾਹੌਰ ਰਹਿ ਕੇ ਗੁਰੂ ਜੀ ਨੇ ਸਿੱਖੀ ਨੂੰ ਬਹੁਤ ਵਧਾਇਆ ।[1] ਵੀਚਾਰਾਂ ਕਰ ਕੇ ਕਈਆਂ ਅਟਕਿਆਂ ਨੂੰ ਅਗੇ ਟੋਰਿਆ ਤੇ ਨਵਿਆਂ ਨੂੰ ਲਗਾਇਆ । ਇਸ ਦੀ ਗਵਾਹੀ ਉਹ ਸਭ ਸਿੱਖ ਹਨ ਜਿਨ੍ਹਾਂ ਅੰਮ੍ਰਿਤਸਰ ਆ ਕੇ ਸ਼ਰਨ ਲਈ ਤੇ ਗੁਰੂ ਅਰਜਨ ਦੇਵ ਜੀ ਵੇਲੇ ਕਈ ਕਾਰਨਾਮੇ ਕੀਤੇ । ਮੁਜ਼ੰਗਾਂ ਦੀ ਸੰਗਤ ਤੇ ਭਾਈ ਕਲਿਯਾਨਾ ਉਹਨਾਂ ਵਿਚੋਂ ਕੁਝ ਉਦਾਹਰਣਾਂ ਹੀ ਹਨ ।

**ਅਕਬਰ ਸ੍ਰੀ ਅੰਮ੍ਰਿਤਸਰ** – ਬੂਟੇ ਸ਼ਾਹ ਲਿਖਦਾ ਹੈ ਕਿ ਗੁਰੂ ਰਾਮਦਾਸ ਜੀ ਦੀ ਸ਼ੁਹਰਤ ਸਭ ਥਾਈਂ ਪੁੱਜ ਗਈ ਸੀ । ਇਕ ਸਮੇਂ ਅਕਬਰ ਦੇ ਦਰਬਾਰ ਜ਼ਿਕਰ ਚਲਿਆ ਕਿ ਕੋਈ ਅਜਿਹਾ ਵੀ ਸੰਸਾਰ ਵਿਚ ਹੈ ਜੋ ਨਿਰੋਲ ਪ੍ਰਭੂ ਪ੍ਰਾਇਣ ਹੋਵੇ ਤਾਂ ਇਕ ਜਾਣੂ ਬੰਦੇ ਨੇ ਕਿਹਾ : ਹਾਂ ! ਗੁਰੂ ਰਾਮ ਦਾਸ ਜੀ ਐਸੇ ਹਨ ਜੋ ਪ੍ਰਭੂ-ਪੂਜ, ਕਰੜੀ ਤਪੱਸਿਆ ਕਰਨ ਵਾਲੇ, ਉਨ੍ਹਾਂ ਵਰਗਾ ਭਰੋਸਾ ਕਿਸੇ ਵਿਚ ਨਹੀਂ । ਜੋ ਵੀ ਰੋਜ਼ ਭੇਟਾ ਵਜੋਂ ਆਉਂਦਾ ਹੈ, ਵੰਡ ਦੇਂਦੇ ਹਨ । ਅਕਬਰ ਨੇ

---

1. ਗੁਰ ਸਿਖੀ ਪੁਰਿ ਬਹੁਤ ਵਧਾਈ ।

ਦਰਸ਼ਨਾਂ ਦੀ ਚਾਹ ਪ੍ਰਗਟ ਕੀਤੀ ਸੀ । ਗੁਰੂ ਰਾਮ ਦਾਸ ਜੀ ਲਾਹੌਰ ਤੋਂ ਅੰਮ੍ਰਿਤਸਰ ਆਏ ਹੀ ਸਨ ਕਿ ਅਕਬਰ ਵੀ ਕਾਬਿਲ ਦੀ ਮੁਹਿੰਮ ਤੋਂ ਮੁੜਦਾ ਸੰਨ ੧੫੭੯ ਨੂੰ ਸ੍ਰੀ ਅੰਮ੍ਰਿਤਸਰ ਆਇਆ । ਰੌਣਕਾਂ ਦੇਖ ਅਸਚਰਜ ਹੋਇਆ । ਗਿਆਨੀ ਗਿਆਨ ਸਿੰਘ ਜੀ ਦੇ ਸ਼ਬਦਾਂ ਵਿਚ :

''ਗੁਰੂ ਰਾਮ ਦਾਸ ਜੀ ਦੇ ਦਰਸ਼ਨ ਕੀਤੇ ਅਤੇ ੧੦੧ ਮੋਹਰਾਂ ਅੱਗੇ ਰੱਖੀਆਂ ਤਾਂ ਗੁਰੂ ਜੀ ਦੀ ਮਰਜ਼ੀ ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਚੁੱਕ ਕੇ ਗ਼ਰੀਬਾਂ, ਮੁਹਤਾਜਾਂ ਨੂੰ ਵੰਡ ਦਿੱਤੀਆਂ । ਜਦ ਅਕਬਰ ਨੇ ਉਹ ਹੀ ਬਾਰ੍ਹਾਂ ਪਿੰਡਾਂ ਦੀ ਜਾਗੀਰ ਇਹਨਾਂ ਦੇ ਨਾਮ ਕਰਨ ਦਾ ਆਪਣੇ ਕਾਰਦਾਰ ਨੂੰ ਕਿਹਾ ਤਾਂ ਗੁਰੂ ਰਾਮ ਦਾਸ ਜੀ ਬੋਲੇ : ''ਫ਼ਕੀਰਾਂ ਦੀ ਜਗੀਰ ਚਾਰੇ ਚੱਕ ਹੈ । ਅਸੀਂ ਗੁਰੂ ਨਾਨਕ ਜੀ ਦੇ ਘਰ ਨੂੰ ਕਿਸੇ ਦਾ ਜਾਗੀਰਦਾਰ ਨਹੀਂ ਕਰਨਾ ਚਾਹੁੰਦੇ ।

''ਜਿਸ ਤਰ੍ਹਾਂ ਮੇਘ ਬਰਸੇ ਤੇ ਸਾਉਣ ਵਿਚ ਮਛਰ, ਭ੍ਰਿੰਡ ਆਦਿ ਪੈਦਾ ਹੁੰਦੇ ਦੁਖਦਾਈ ਹੁੰਦੇ ਹਨ ਤੈਸੇ ਹੀ ਜਾਗੀਰ ਭੀ ਕਾਮ, ਕ੍ਰੋਧ, ਲੋਭ, ਈਰਖਾ, ਬਖੀਲੀ, ਪ੍ਰਾਧੀਨਤਾ, ਲੜਾਈ, ਝਗੜੇ ਪੈਦਾ ਕਰਨ ਵਾਲੀ ਹੈ ।'' ਅਕਬਰ ਨੇ ਇਹ ਬਚਨ ਸੁਣ ਸਿਰ ਨਿਵਾਇਆ ਤੇ ਗੁਰੂ ਜੀ ਨੂੰ 'ਸਚਾ ਸੰਤ ਤੇ ਨਿਰਲੋਭੀ' ਕਿਹਾ ।

**ਬਾਬਾ ਸ੍ਰੀ ਚੰਦ ਜੀ ਆਏ**

ਜਿਵੇਂ ਸਿਧਾਂ ਨੂੰ ਗੁਰੂ ਨਾਨਕ ਦੇਵ ਜੀ ਦਾ ਬੋਲ ਹੇਠਾਂ ਧਰਤ 'ਤੇ ਖਿੱਚ ਲਿਆਇਆ ਸੀ, ਇਸੇ ਤਰ੍ਹਾਂ ਗੁਰੂ ਰਾਮ ਦਾਸ ਜੀ ਦੀ ਨਿੰਮ੍ਰਤਾ ਬਾਬਾ ਸ੍ਰੀ ਚੰਦ ਜੀ ਨੂੰ ਅੰਮ੍ਰਿਤਸਰ ਖਿੱਚ ਲਿਆਈ । ਸ੍ਰੀ ਚੰਦ ਜੀ ਸਾਰੀ ਉਮਰ ਗੁਰੂ ਅੰਗਦ ਦੇਵ ਜੀ ਵਿਰੁਧ ਪ੍ਰਚਾਰ ਕਰਦੇ ਰਹੇ ਅਤੇ ਜਦ ਵੀ ਕੋਈ ਗੱਲ ਕਰਨ ਤਾਂ ਉਹਨਾਂ ਨੂੰ ਸਾਡੇ ਘਰ ਦਾ ਟਹਿਲੂਆ ਹੀ ਕਹਿਣਾ । ਗੁਰੂ ਅਮਰ ਦਾਸ ਜੀ ਨੂੰ ਉਹ ਮਿਲਣ ਤੱਕ ਨਾ ਆਏ ਪਰ ਗੁਰੂ ਰਾਮ ਦਾਸ ਜੀ ਦੀ ਉਪਮਾ ਐਸੀ ਫੈਲੀ ਕਿ ਉਹ ਸ੍ਰੀ ਅੰਮ੍ਰਿਤਸਰ ਸਾਹਿਬ ਦਰਸ਼ਨਾਂ ਨੂੰ ਆਏ । ਅਗੋਂ ਮੰਡਲੀ ਨਾਲ ਆਉਂਦੀ ਦੇਖ ਗੁਰੂ ਰਾਮ ਦਾਸ ਜੀ ਨੇ ਬੜਾ ਆਦਰ ਦਿੱਤਾ । ਇਹ ਉੱਚ ਤੇ ਅਮਿਤ ਸ਼ੇਸ਼ਟਾਚਾਰ ਦਾ ਲਖਾਇਕ ਸੀ । ਬਾਬਾ ਸ੍ਰੀ ਚੰਦ ਜੀ 'ਤੇ ਜਦ ਨੂਰਾਨੀ ਚਿਹਰੇ ਦਾ ਅਲੌਕਿਕ ਪ੍ਰਭਾਵ ਪਿਆ ਤਾਂ ਸੁਭਾਵਕ ਸ੍ਰੀ ਚੰਦ ਜੀ ਦੇ ਮੂੰਹੋਂ ਨਿਕਲਿਆ ਕਿ 'ਇਤਨਾ ਲੰਮਾ ਸੁੰਦਰ ਦਾਹੜਾ ਕੈਸ ਬਧਾਯੋ ।' ਨਿੰਮ੍ਰਤਾ ਦੀ ਮੂਰਤ ਗੁਰੂ ਰਾਮ ਦਾਸ ਜੀ ਨੇ ਕਿਹਾ : ਆਪ ਜੈਸੇ ਮਹਾਂ ਪੁਰਸ਼ਾਂ ਦੇ ਚਰਨ ਝਾੜਨ ਲਈ । ਬਸ ਇਹ ਸੁਣਨਾ ਹੀ ਸੀ ਤਾਂ ਬਾਬਾ ਸ੍ਰੀ ਚੰਦ ਜੀ ਬੋਲੇ ਕਿ ''ਗੁਰੂ ਅੰਗਦ ਦੇਵ ਜੀ ਸੇਵਾ ਕਰਕੇ ਲੈ ਗਏ ਤੇ ਤੁਸੀਂ ਨਿੰਮ੍ਰਤਾ ਤੇ ਪਰੇਮ ਦੀ ਮੂਰਤ ਹੋਣ ਕਾਰਨ ਪਾਈ ਹੈ । ਤੁਹਾਡੀ ਮਹਿਮਾ ਅਗੇ ਵੀ ਬਹੁਤ ਸੁਣੀ ਹੈ ਜਿਸ ਦਾ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ । ਮੈਂ ਸਿਰਫ ਇਤਨਾ ਕਹਿਣਾ ਹੈ ਕਿ ਇਸ ਸਾਜੇ ਸਰੋਵਰ ਵਿਚ ਜੋ ਪਾਪੀ

1. ਧੰਨ ਹਨ ਉਹ ਸਿੱਖ ਜਿਨ੍ਹਾਂ ਇਨ੍ਹਾਂ ਪੂਰਨਿਆਂ 'ਤੇ ਚਲ ਕੇ ਜਾਗੀਰਾਂ ਸਵੀਕਾਰ ਨਾ ਕੀਤੀਆਂ । ਉਹਨਾਂ ਦਾ ਹਾਲ ਪਿਛਲੇ ਅਧਿਆਏ ਛੇਵੇਂ ਵਿਚ ਫੇਰ ਪੜ੍ਹੋ ।

ਵੀ ਇਸ਼ਨਾਨ ਕਰੇਗਾ ਉਸ ਦੀ ਗਤੀ ਹੋਵੇਗੀ ।'' ਇਹ ਨਿੰਮ੍ਰਤਾ ਦਾ ਕਮਾਲ ਸੀ ਕਿ ਸ੍ਰੀ ਚੰਦ ਜੀ ਦੀ ਰੜਕ ਹੀ ਕੱਢ ਦਿੱਤੀ ।[1] ਸੂਰਜ ਪ੍ਰਕਾਸ਼ ਦੇ ਸ਼ਬਦਾਂ ਵਿਚ :

*ਦੇਖਿ ਨਿੰਮ੍ਰਤਾ ਗੁਰੂ ਕੀ ਸ੍ਰੀ ਚੰਦ ਭਏ ਪ੍ਰਸੰਨ,*
*'ਅੰਗਦ ਲੀਨੀ ਸੇਵ ਕਰਿ ।*
*ਤੁਮਰੋ ਪਰੇਮ ਅਨੰਨ' । ੨੯ ।*
*ਤੁਮਰੀ ਮਹਿਮਾ ਅਧਿਕ ਹੈ,*
*ਕਹੀਏ ਕਾਹਿ ਬਨਾਇ ।*
*ਤੁਮਰੇ ਸਰ ਮੈਂ ਜੋ ਮਜਹਿ,*
*ਪਾਪੀ ਭੀ ਗਤਿ-ਪਾਇ । ੩੦ ।*[2]

ਗੁਰ-ਸੁਤ ਘਰ ਆਇਆ ਜਾਣ ਸਤਿਕਾਰ ਵਜੋਂ ਗੁਰੂ ਜੀ ਨੇ ਇਕ ਘੋੜਾ ਅਤੇ ਪੰਜ ਸੌ ਰੁਪਿਆ ਦੇ ਕੇ ਵਿਦਾਇਗੀ ਦਿੱਤੀ ।

---

1. ਇਸ ਤੌਰ ਘਰ ਲੂਟਿਓ ਹਮਾਰਾ । ਜੋ ਬਾਕੀ ਥੀ ਅਬ ਕੁਛ ਮੋ ਪੈ । ਛੀਨ ਲਈ ਯੋਗੀ ਤੁਮ ਸੋ ਪੈ । ਆਪ ਮੰਨਿਆ : ਹਮ ਗੁਰ ਕੇ ਸੁ ਛੂਛ ਰਹਾਏ । ਸੇਵਾ ਤੇ ਮੇਵਾ ਤੁਮ ਪਾਏ । ਹੋਏ ਰੂਪ ਇਲਾਹੀ ਨੂਰੀ । ਅਜਰ ਅਮਰ ਪਦਵੀ ਲੈ ਪੂਰੀ ।
(ਤਵਾਰੀਖ਼ ਗੁਰ ਖਾਲਸਾ, ਪੰਨਾ ੩੫੦)
2. ਰਾਸ ਦੂਜੀ, ਅੰਸ ੧੫ ।

## ਉਪਦੇਸ਼ ਗੁਰਸਿੱਖਾਂ

ਕਨਿੰਘਮ[1] ਦੇ ਇਹਨਾਂ ਸ਼ਬਦਾਂ ਨੇ ਇਕ ਭੁਲੇਖਾ ਪਾ ਦਿੱਤਾ ਕਿ ਗੁਰੂ ਰਾਮ ਦਾਸ
ਜੀ ਦੇ ਜੋਤੀ ਜੋਤ ਸਮਾਉਣ ਵੇਲੇ ਬਤਾਲੀ ਸਾਲਾਂ
ਸਿਖੀ ਅਤੇ ਸੰਗਤੀ ਪਾਰਬ੍ਰਹਮ ਬਾਅਦ ਵੀ ਸ਼ਰਧਾਲੂਆਂ ਤੇ ਸਿੱਖਾਂ ਦੀ ਗਿਣਤੀ
ਕਰ ਨਮਸਕਾਰਿਆ ਦੂਣੀ ਵੀ ਨਾ ਹੋਈ । ਫਿਰ ਹਰੀ ਰਾਮ ਗੁਪਤਾ
ਨੇ ਭੁਲੇਖੇ ਨੂੰ ਹਵਾ ਦਿੱਤੀ । ਇਹ ਜਾਣਦੇ ਬੁਝਦੇ
ਵੀ ਕਿ ਜਿਹੜੀ ਗੱਲ ਫੁੱਟ ਨੋਟ ਵਿਚ ਗੋਰਟ ਨੇ ਦਿੱਤੀ ਹੈ, ਉਹ ਕਨਿੰਘਮ ਦੇ ਸ਼ਬਦਾਂ ਨੂੰ ਕੁਝ ਸਪੱਸ਼ਟ ਕਰ ਦੇਂਦੀ ਹੈ । ਗੱਲ ਨੂੰ ਸਾਫ਼ ਕਰਨ ਦੀ ਥਾਵੇਂ ਉਸ ਨੂੰ ਹੋਰ ਗੁੰਝਲ ਪਾ ਦਿੱਤੀ ।

ਫੁੱਟ ਨੋਟ ਵਿਚ ਇਹ ਲਿਖਿਆ ਸੀ ਕਿ ਇਹ ਸਿੱਖਾਂ ਦੀ ਗਿਣਤੀ ਦੂਣੀ ਤੱਕ ਨਾ ਹੋਣ ਦਾ ਅਰਥ ਉਸ ਕਥਨ ਤੋਂ ਲਿਆ ਗਿਆ ਲੱਗਦਾ ਹੈ ਜੋ ਭਾਈ ਕਾਹਨ ਸਿੰਘ ਨੇ ਇਸ ਸਦੀ (ਵੀਹਵੀਂ) ਦੇ ਆਰੰਭ ਵਿਚ ਇਕ ਹੱਥ ਲਿਖਤ ਵਿਚ ਲੱਭਾ । ਉਸ ਲਿਖਤ ਵਿਚ ਅੰਕਤ ਸੀ : ਉਹਨਾਂ (ਗੁਰੂ ਰਾਮ ਦਾਸ ਜੀ) ਨੇ ਚੌਰਾਸੀ ਸਿੱਖਾਂ ਨਾਲ ਆਤਮ-ਚਰਚਾ[2] ਕੀਤੀ । ਦੇਖਿਆ ਜਾਏ ਤਾਂ ਚੌਰਾਸੀ ਸਿੱਖਾਂ ਦੀ ਗਿਣਤੀ ਜਿਨ੍ਹਾਂ ਨਾਲ ਆਤਮ-ਚਰਚਾ ਕਰਕੇ ਸਿੱਖੀ ਰਾਹ 'ਤੇ ਪਾਇਆ ਗਿਆ ਉਹਨਾਂ ਨਾਲੋਂ ਕਿਧਰੇ ਵੱਧ ਸੀ ਜਿਨ੍ਹਾਂ ਦੀ ਗਿਣਤੀ ਭਾਈ ਗੁਰਦਾਸ ਜੀ ਤੇ ਫਿਰ ਭਾਈ ਮਨੀ ਸਿੰਘ ਜੀ ਨੇ ਸਿੱਖਾਂ ਦੀ ਭਗਤ ਮਾਲਾ ਵਿਚ ਕੀਤੀ, ਜਿਸ ਦਾ ਹਵਾਲਾ ਗੋਰਟ ਨੇ ਕਨਿੰਘਮ ਦੀ ਪੁਸਤਕ ਦੇ ਫੁੱਟ-ਨੋਟ ਵਿਚ ਦਿੱਤਾ ਹੈ ।

---

1. ਹਿਸਟਰੀ ਔਫ਼ ਦੀ ਸਿਖਸ, ਪੰਨਾ ੪੬ ।
2. Such seems to be the meaning of the expression. 'He held holy-converse with eighty-four Sikhs used by Bhai Kahn Singh in a manuscript compilation of the beginning of this century.
(foot-note, page 46)

'ਬਾਬੇ ਤਾਰੇ ਚਾਰ ਚੱਕ' ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਹੀ ਕੀਤਾ ਸੀ ਪਰ ਸਿੱਖਾਂ ਦੀ ਗਿਣਤੀ ਅਤੇ ਉਹਨਾਂ ਨੂੰ ਮਿਲੇ ਉਪਦੇਸ਼ ਦਾ ਜ਼ਿਕਰ ਕਰਦੇ, ਭਾਈ ਗੁਰਦਾਸ ਜੀ ਨੇ ਕੇਵਲ ਵੀਹ[1] ਸਿੱਖ ਹੀ ਲਿਖੇ ਹਨ । ਫਿਰ ਗੁਰੂ ਅੰਗਦ ਦੇਵ ਜੀ ਦੇ ਸਿੱਖਾਂ ਦੀ ਤਹਿਦਾਦ ਕੇਵਲ ਤੇਰ੍ਹਾਂ[2] ਹੀ ਲਿਖੀ ਹੈ । ਭਾਈ ਗੁਰਦਾਸ ਜੀ ਨੇ ਗੁਰੂ ਅਮਰ ਦਾਸ ਜੀ ਦੇ ਤਾਂ ਸਿੱਖਾਂ ਦੀ ਸੂਚੀ ਕੇਵਲ ਤੇਈਸ[3] ਸਿੱਖਾਂ ਦੀ ਦਿੱਤੀ ਹੈ । ਗੁਰੂ ਰਾਮ ਦਾਸ ਜੀ ਦੇ ਸਿੱਖਾਂ ਦੀ ਗਿਣਤੀ ਉਹਨਾਂ ਸਤਾਰ੍ਹਾਂ[4] ਦਿੱਤੀ ਹੈ । ਜ਼ਰਾ ਗਹੁ ਕਰੋ, ਕੀ ਗੁਰੂ ਅਮਰ ਦਾਸ ਜੀ ਤੱਕ ਕੇਵਲ ਪੰਜਾਹ ਸਿੱਖ ਹੀ ਸਨ ? ਐਸਾ ਨਹੀਂ । ਭਾਈ ਗੁਰਦਾਸ ਜੀ ਉਹਨਾਂ ਦਾ ਜ਼ਿਕਰ ਕਰ ਰਹੇ ਸਨ ਜੋ ਸੇਵਾ ਦੇ ਕਿਸੇ ਪੱਖੋਂ ਬਹੁਤ ਉਜਾਗਰ ਹੋ ਗਏ ਸਨ । ਉਹਨਾਂ ਕਰਨੀ ਵਾਲਿਆਂ ਦੀ ਬਹਿਣੀ ਬੈਠ ਅਨੇਕਾਂ ਹੀ ਸਿੱਖ ਹੋਏ । ਸੰਗਤਾਂ ਕਾਇਮ ਹੋਈਆਂ ਤੇ ਸਿੱਖੀ ਘਰ-ਘਰ ਪਹੁੰਚੀ ।

ਫਿਰ ਸ੍ਰੀ ਅੰਮ੍ਰਿਤਸਰ ਦਾ ਇਤਨੀ ਛੇਤੀ ਵੱਸ ਜਾਣਾ ਅਤੇ ਰੋਜ਼ ਦੀਵਾਨ ਸਜਣੇ ਤੇ ਚੜ੍ਹਾਵੇ ਦਾ ਕੋਈ ਅੰਤ ਨਾ ਹੋਣਾ ਸਭ ਭੁਲੇਖਾ ਪਾਊ ਕਥਨਾਂ ਨੂੰ ਝੁਠਲਾਂਦਾ ਹੈ । ਬਾਈ ਮੰਜੀਆਂ ਅਤੇ ਬਾਨਵੇਂ ਪੀੜੇ ਤੇ ਹਰ ਸੂਬੇ ਵਿਚ ਪ੍ਰਚਾਰਕ ਤੇ ਹੁਣ ਮਸੰਦਾਂ ਦਾ ਭੇਜਣਾ ਪ੍ਰਗਟ ਕਰ ਰਿਹਾ ਸੀ ਕਿ ਸਿੱਖੀ ਹਿੰਦੁਸਤਾਨ ਅਤੇ ਇਸ ਤੋਂ ਬਾਹਰ ਕਾਬਲ ਕੰਧਾਰ ਗਜ਼ਨੀ ਤੱਕ ਜਾ ਪਹੁੰਚੀ ਸੀ ।

ਇੱਥੇ ਮੈਕਾਲਫ਼ ਦੇ ਸ਼ਬਦ ਇਨ-ਬਿਨ ਦੁਹਰਾਣੇ ਕੁਥਾਂ ਨਹੀਂ ਹੋਣਗੇ ਕਿ "ਗੁਰੂ ਜੀ ਦੇ ਉਪਦੇਸ਼ਾਂ ਅਤੇ ਭਲੀ ਛਾਪ ਕਾਰਨ ਹਰ ਇਕ ਸ਼ਰੇਣੀ ਅਤੇ ਮਤ ਦੇ ਲੋਕ ਉਹਨਾਂ ਦੇ ਦਰਸ਼ਨ ਅਤੇ ਬਚਨ ਸੁਣਨ ਲਈ ਉੱਮਡ ਕੇ ਪੁੱਜਦੇ ਤੇ ਸਿੱਖੀ ਧਾਰਨ ਕਰਨ ਵਾਲਿਆਂ ਦਾ ਕੋਈ ਸ਼ੁਮਾਰ ਹੀ ਨਹੀਂ ਸੀ ।"[5]

ਸੱਤਾ ਤੇ ਬਲਵੰਡ ਜੀ ਨੇ ਬਹੁਤ ਸੋਹਣਾ ਲਿਖਿਆ ਹੈ ਕਿ ਸਿੱਖਾਂ ਅਤੇ ਸੰਗਤਾਂ ਨੇ ਆਪ ਜੀ ਨੂੰ ਪਾਰਬ੍ਰਹਮ ਦਾ ਰੂਪ ਜਾਣ ਹੀ ਸੀਸ ਨਿਵਾਇਆ ।

---

1. ਵਾਰ ਗਿਆਰ੍ਹਵੀਂ, ਪਉੜੀ ਤੇਰ੍ਹਵੀਂ ਤੇ ਚੌਦਵੀਂ ।
2. ਵਾਰ ਗਿਆਰ੍ਹਵੀਂ, ਪਉੜੀ ਪੰਦਰ੍ਹਵੀਂ ।
3. ਵਾਰ ਗਿਆਰ੍ਹਵੀਂ, ਪਉੜੀ ਸੋਲ੍ਹਵੀਂ ।
4. ਵਾਰ ਗਿਆਰ੍ਹਵੀਂ, ਪਉੜੀ ਸਤਾਰ੍ਹਵੀਂ ।
5. On account of the general impression produced by the Guru's teaching, people of every class and religion flocked to see and hear him, and there was a great of converts.

(Macauliffe, The Sikh Religion, Vol. II, page 260-261.)

ਆਪ ਜੀ ਦੇ ਦਰਸ਼ਨ ਕਰਦਿਆਂ ਹੀ ਮਨ ਟਿਕ ਜਾਂਦਾ ਹੈ :-

*ਸਿੱਖੀ ਅਤੈ ਸੰਗਤੀ, ਪਾਰਬ੍ਰਹਮੁ ਕਰਿ ਨਮਸਕਾਰਿਆ ।*
*ਅਟਲੁ ਅਥਾਹੁ ਅਤੋਲੁ ਤੂ, ਤੇਰਾ ਅੰਤੁ ਨ ਪਾਰਾਵਾਰਿਆ ।*
*ਜਿਨ੍ਹੀ ਤੂੰ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ ।*
*ਗੁਰ ਡਿੱਠਾ ਤਾ ਮਨੁ ਸਾਧਾਰਿਆ ।*

ਹਜ਼ਾਰਾਂ ਹੀ ਸਿੱਖਾਂ ਨੂੰ ਨਿਹਾਲ ਕਰਨ ਅਤੇ ਵਾਹਿਗੁਰੂ ਦੇ ਚਰਨਾਂ ਨਾਲ ਜੁੜਨ ਦੀ ਗੱਲ ਕਨ੍ਹਈਆ ਲਾਲ ਨੇ ਤਾਰੀਖ਼-ਇ-ਪੰਜਾਬ ਵਿਚ ਲਿਖੀ ਹੈ ।

ਜਿੱਥੇ ਭਾਈ ਗੁਰਦਾਸ ਜੀ ਨੇ ਵਾਰ ਚੋਵੀਵੀਂ ਦੀ ਚੋਦਵੀਂ ਤੇ ਪੰਦਰ੍ਹਵੀਂ ਪਉੜੀ ਵਿਚ ਗੁਰੂ ਰਾਮ ਦਾਸ ਜੀ ਦੀ ਮਹਿਮਾ ਗਾਈ ਹੈ ਉਥੇ ਸੋਲ੍ਹਵੀਂ ਪਉੜੀ ਵਿਚ ਉਹਨਾਂ ਦਾ ਕਰਤੱਵ ਨਿਰਮਾਣ ਕੀਤਾ ਹੈ ਅਤੇ ਉਪਦੇਸ਼ਾਂ ਦਾ ਪ੍ਰਭਾਵ ਦੱਸਿਆ ਹੈ । ਭਾਈ ਜੀ ਲਿਖਦੇ ਹਨ ਕਿ ਗੁਰੂ ਜੀ ਸੱਚ ਦਾ ਮਿਲਾਪ ਕਰਵਾ, ਸਚਿਆਰ ਘੜ ਰਹੇ ਹਨ । ਸਭ ਤੋਂ ਨਿਰਾਲੀ ਗੱਲ, ਘਰ ਬਾਰੀ ਪਰਵਾਰ ਵਿਚ ਰਹਿੰਦੇ ਹੀ ਸੰਸਾਰ ਦੇ ਰਸ ਮਾਣਦੇ, ਐਸੀ ਨਵ-ਜੁਗਤੀ ਦਿੱਤੀ ਜਾ ਰਹੀ ਹੈ ਕਿ ਸਿੱਖ ਜੋਗੀਸ਼ੁਰ ਜੋਗੀ ਬਣ ਜਾਣ ।

*ਘਰਬਾਰੀ ਪਰਵਾਰ ਵਿਚਿ ਭੋਗ ਭਗਤਿ ਰਾਜੇ ਰਸ ਭੋਗੀ ।*
*ਆਸਾ ਵਿਚਿ ਨਿਰਾਸ ਹੁਇ ਜੋਗ ਜੁਗਤਿ ਜੋਗੀਸਰੁ ਜੋਗੀ ।*

ਸਿੱਖਾਂ ਦਾ ਮੌਤ ਦਾ ਡਰ ਕੱਢ ਦਿੱਤਾ ਹੈ । ਉਹਨਾਂ ਨੂੰ ਦਰਸਾ ਦਿੱਤਾ ਹੈ ਕਿ ਮੌਤ ਕੋਈ ਵਿਛੋੜੇ ਦਾ ਨਾਂ ਨਹੀਂ, ਇਹ ਵੀ ਇਕ ਮਿਲਾਪ ਦਾ ਸਾਧਨ ਹੈ । ਕੈਸੀ ਸੁੰਦਰ ਆਦਤ ਪਾਈ ਹੈ ਕਿ ਸਿੱਖ ਹੁਣ ਮਾਂਗਤ ਪੱਖ ਵਿਚੋਂ ਨਿਕਲ ਦਾਤੇ-ਪੱਖ ਵਿਚ ਆ ਗਏ ਹਨ । ਦੇ ਕੇ ਖ਼ੁਸ਼ ਹੁੰਦੇ ਹਨ, ਵੰਡ ਕੇ ਅਨੰਦ ਲੈਂਦੇ ਹਨ । ਮਾਂਗਤ ਸੁਭਾਅ ਹੀ ਮੁਕਾ ਦਿੱਤਾ ਹੈ । ਅਪਣਾਈ ਮਰਯਾਦਾ ਦਾ ਸਦਕਾ, ਸਿੱਖ ਨੂੰ ਨਾ ਕੋਈ ਆਤਮਿਕ ਰੋਗ ਚੰਬੜਦਾ ਹੈ ਅਤੇ ਨਾ ਹੀ ਸੰਸਾਰੀ ਦੁੱਖ । ਸਿੱਖ ਸਦਾ ਸੁਚੇਤ, ਨਰੋਏ ਤੇ ਅਰੋਗੀ ਹਨ :

*ਦੇਂਦਾ ਰਹੈ ਨ ਮੰਗੀਐ,*
*ਮਰੈ ਨ ਹੋਇ ਵਿਜੋਗ ਵਿਜੋਗੀ ।*
*ਆਧਿ ਬਿਆਧਿ ਉਪਾਧਿ ਹੈ,*
*ਵਾਇ ਪਿਤ ਕਫੁ ਰੋਗ ਅਰੋਗੀ ।*

ਗੁਰਮਤਿ ਦਾ ਅਜਿਹਾ ਖ਼ਜ਼ਾਨਾ ਸਿੱਖਾਂ ਨੇ ਇਕੱਠਾ ਕਰ ਲਿਆ ਹੈ ਕਿ ਉਹ ਦੁਖ-ਸੁਖ ਨੂੰ ਸਮਸਰ ਜਾਣਦੇ ਹਨ । ਖ਼ੁਸ਼ੀ ਵਿਚ ਟੱਪਦੇ ਨਹੀਂ ਅਤੇ ਗ਼ਮੀ ਵਿਚ ਸੋਗੀ ਨਹੀਂ ਹੁੰਦੇ । ਸਰੀਰ ਤੋਂ ਉਤਾਂਹ ਦੇਖਣ ਦੀ ਸੂਝ ਅਤੇ ਲੋਕਾਂ ਵਿਚ ਰਹਿ ਲੋਕਾਂ ਤੋਂ ਵੱਖ ਟਿਕਣ ਦਾ ਢੰਗ ਗੁਰੂ ਰਾਮ ਦਾਸ ਜੀ ਨੇ ਸਿਖਲਾ ਦਿੱਤਾ

ਹੈ । ਧੰਨ ਹਨ ਗੁਰੂ ਰਾਮ ਦਾਸ ਜੀ ।

*ਦੁਖ ਸੁਖ ਸਮਸਰਿ,*
*ਗੁਰਮਤੀ ਸੰਪੈ, ਹਰਖ ਨ ਅਪਦਾ ਸੋਗੀ ।*
*ਦੇਹ ਬਿਦੇਹੀ ਲੋਗ ਅਲੋਗੀ । ੧੬ ।*

ਭੱਟ ਕਲਸਹਾਰ ਨੇ ਲਿਖਿਆ ਹੈ ਕਿ ਆਪ ਜੀ ਦੇ ਜਸ ਦੀ ਸ਼ਹਿਨਾਈ ਸਾਰੇ ਜਗ ਵਜੀ । ਕਿਤਨੇ ਹੀ ਐਸੇ ਸਿੱਖਾਂ ਦਾ ਹਵਾਲਾ ਸਾਡੇ ਇਤਿਹਾਸ ਨੇ ਦਿੱਤਾ ਹੈ, ਜਿਨ੍ਹਾਂ ਦਾ ਜੀਵਨ ਕੱਚ ਨਿਆਈਂ ਸੀ ਪਰ ਗੁਰ-ਸ਼ਬਦ ਕੰਨੀਂ ਸੁਣਿਆ 'ਕੰਚਨ' ਹੋ ਗਿਆ । ਜਿਨ੍ਹਾਂ ਦੇ ਜੀਵਨ ਜ਼ਹਿਰ ਭਰੇ ਸਨ, ਸਤਿਗੁਰੂ ਨੇ ਰਸਨਾ ਤੋਂ ਨਾਮੁ ਜਪਾ ਅੰਮ੍ਰਿਤਮਈ ਕਰ ਦਿੱਤੇ ।

**ਜਗ ਜਸ ਤੂਰ ਬਜਾਇਅਉ**

*ਕਚਹੁ ਕੰਚਨੁ ਭਇਅਉ,*
*ਸਬਦੁ ਗੁਰ ਸ੍ਰਵਣਹਿ ਸੁਣਿਓ ।*
*ਬਿਖੁ ਤੇ ਅੰਮ੍ਰਿਤ ਹੁਯਉ,*
*ਨਾਮੁ ਸਤਿਗੁਰ ਮੁਖਿ ਭਣਿਅਉ ।*

ਜੋ ਲੋਹੇ ਜੈਸੇ ਸਨ, ਗੁਰੂ ਨੇ ਮਿਹਰ ਦੀ ਦ੍ਰਿਸ਼ਟੀ ਕੀਤੀ, ਕੀਮਤੀ ਲਾਲ ਬਣ ਗਏ ਅਤੇ ਜੋ ਕਠੋਰ ਪੱਥਰ ਵਰਗੇ ਸਨ, ਉਹਨਾਂ ਗੁਰੂ ਦੇ ਦਿੱਤੇ ਗਿਆਨ ਨੂੰ ਵੀਚਾਰਿਆ ਤਾਂ ਵਿੰਨ੍ਹੇ ਗਏ ਅਤੇ ਮੋਤੀ ਮਾਣਕ ਹੋ ਗਏ :

*ਲੋਹਉ ਹੋਯਉ ਲਾਲੁ,*
*ਨਦਰਿ ਸਤਿਗੁਰ ਜਦ ਧਾਰੈ ।*
*ਪਾਹਣ ਮਾਣਕ ਕਰੈ,*
*ਗਿਆਨੁ ਗੁਰ ਕਹਿਅਉ ਬੀਚਾਰੈ ।*

ਜਿਨ੍ਹਾਂ ਸਤਿਗੁਰੂ ਦੇ ਚਰਨ ਪਰਸੇ ਉਹਨਾਂ ਦਾ ਜੀਵਨ ਬਦਲ ਕੇ ਕਾਠ ਤੋਂ ਚੰਦਨ ਹੋ ਗਿਆ । ਉਹ ਖ਼ੁਸ਼ਬੂਈ ਵੰਡਣ ਲੱਗ ਪਏ । ਦੁੱਖ ਦਰਦ ਦਲਿਦਰ ਸਭ ਦੂਰ ਹੋ ਗਏ ਅਤੇ ਪਸ਼ੂਆਂ ਤੇ ਪਰੇਤਾਂ ਵਾਲਾ ਜੀਵਨ ਮੁੱਕ ਗਿਆ । ਉਹ ਦੇਵਤੇ ਹੋ ਜਗ ਵਿਚ ਵਿਚਰੇ :

*ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ,*
*ਦੁਖ ਦਰਿਦ੍ਰ ਤਿਨ ਕੇ ਗਇਅ ।*
*ਸਤਿਗੁਰੂ ਚਰਨ ਜਿਨ੍ ਪਰਸਿਆ,*
*ਸੇ ਪਸੁ ਪਰੇਤ ਸੁਰਿ ਨਰ ਭਇਅ । ੨ । ੬ ।* (ਪੰਨਾ ੧੩੯੯)

ਉਹਨਾਂ ਅਨੇਕਾਂ ਵਿਚੋਂ ਕੁਝ ਕੁ ਉੱਘੇ ਸਿੱਖਾਂ ਦੇ ਨਾਮ ਸਿੱਖ ਇਤਿਹਾਸ ਨੇ ਸਾਂਭ ਰੱਖੇ ਹਨ । ਗੁਰੂ ਰਾਮ ਦਾਸ ਜੀ ਕੋਲੋਂ ਹੀ ਜੀਅ ਦਾਨ ਲੈ ਭਾਈ ਅਦਲੀ, ਭਾਈ ਸੰਗਤੀਆ, ਭਾਈ ਕਲਯਾਨਾ, ਭਾਈ ਹਰਬੰਸ ਤਪਾ ਅਤੇ ਭਾਈ ਪਿਰਾਗਾ

ਨੇ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਹਰਿਗੋਬਿੰਦ ਜੀ ਵੇਲੇ ਐਸੇ ਕਾਰਨਾਮੇ ਕੀਤੇ ਜੋ ਇਤਿਹਾਸ ਵਿਚ ਉਜਾਗਰ ਰਹੇ । ਇਹ ਭਾਈ ਅਦਲੀ ਜੀ ਦਾ ਹੀ ਕਮਾਲ ਸੀ ਕਿ ਭਾਈ ਬਿਧੀ ਚੰਦ ਜੀ ਗੁਰੂ ਘਰ ਵੱਲ ਖਿਚੇ ਆਏ । ਭਾਈ ਕਲਿਯਾਨਾ ਜੀ ਵੱਡੇ ਜੋਧੇ ਬਣੇ । ਭਾਈ ਹਰਬੰਸ ਤਪਾ ਵੱਡੇ ਵਿਆਖਿਆਕਾਰ ਅਤੇ ਭਾਈ ਪਿਰਾਗਾ ਗੁਰੂ ਹਰਿਗੋਬਿੰਦ ਜੀ ਦੇ ਸਿਪਾਹ-ਸਲਾਰ ।

ਐਸੇ ਹੀ ਕਰਨੀ ਵਾਲੇ ਸਨ ਭਾਈ ਸਮਾਣਾ, ਭਾਈ ਸੰਤਾ ਜੀ, ਭਾਈ ਕਾਲੀ ਦਾਸ, ਭਾਈ ਕਿਰਪਾ, ਭਾਈ ਕਰਨਾ, ਭਾਈ ਕਰਮਾ, ਭਾਈ ਕੰਠਾ, ਭਾਈ ਕਮੋਰਾ, ਭਾਈ ਗੁਰਾ, ਭਾਈ ਜਗਤਾ, ਭਾਈ ਚਿੜਾ, ਭਾਈ ਦਰਸਾ, ਭਾਈ ਨਛਿਤਰਾ, ਭਾਈ ਪ੍ਰੇਮ, ਭਾਈ ਪੂਰਨ, ਭਾਈ ਬੰਗਾ, ਭਾਈ ਬੈਰਾਗਾ, ਭਾਈ ਭੂਪਾ, ਭਾਈ ਭਗਵਾਨ, ਭਾਈ ਭਗਤਾ, ਭਾਈ ਮੰਗਲ ਅਤੇ ਭਾਈ ਮੋਹਣਾ । ਉਚੇਚੇ ਤੌਰ ਤੇ ਜਿਨ੍ਹਾਂ ਨੂੰ ਬਚਨ ਜਾਂ ਬਰਕਤਾਂ, ਹਦਾਇਤਾਂ ਜਾਂ ਸਿੱਖਿਆਵਾਂ, ਉਪਦੇਸ਼ ਜਾਂ ਜ਼ਿੰਮੇਵਾਰੀਆਂ ਗੁਰੂ ਰਾਮ ਦਾਸ ਜੀ ਨੇ ਬਖ਼ਸ਼ੀਆਂ ਉਹਨਾਂ ਦਾ ਵੇਰਵੇ ਸਹਿਤ ਜ਼ਿਕਰ ਕਰਨਾ ਠੀਕ ਢੁੱਕੇਗਾ । ਇਹ ਯਾਦ ਰਹੇ ਕਿ ਗੁਰੂ ਪਾਤਸ਼ਾਹ ਕਿਸੇ ਹੋਰ ਧਰਮ ਵਾਂਗ ਕੋਈ ਵੱਗ ਦੇ ਛੇੜੂ ਜਾਂ ਅਯਾਲੀ ਨਹੀਂ ਸਨ ਕਿ ਅੰਤ ਸਮੇਂ ਆ ਸਿਫ਼ਾਰਸ਼ ਕਰਨਗੇ । ਉਹ ਆਪਣੇ ਆਤਮ ਸੁੱਖ ਵਿਚੋਂ ਰੂਹਾਨੀ ਚਿੰਗਾਰੀ ਬਖ਼ਸ਼ ਦੇਂਦੇ ਸਨ ਤੇ ਅਭਿਆਸ ਕਰਦੇ ਜੀਵ ਜੀਵਨ ਦਾਨ ਪਾ ਲੈਂਦੇ ਸਨ । ਨਾਮਦਾਨ ਦੇਂਦੇ ਸਨ, ਜਿਸ ਪੂੰਜੀ ਨਾਲ ਜਨਮ ਖੱਟ ਕੇ ਜੀਊੜੇ ਇਥੋਂ ਜਾਂਦੇ ਸਨ । ਮਰਯਾਦਾ, ਜੁਗਤ ਅਤੇ ਵਲ ਅਜਿਹਾ ਦੱਸਦੇ ਸਨ ਕਿ ਜੀਵਨ ਭਰ ਉਹ ਰਾਹ ਤੋਂ ਨਹੀਂ ਭਟਕਦੇ ਸਨ ।

ਭਾਈ ਨੰਦ ਲਾਲ ਜੀ ਨੇ ਵੀ ਇਹ ਲਿਖਿਆ ਹੈ ਕਿ ਗੁਰੂ ਰਾਮ ਦਾਸ ਜੀ ਦੇ ਬਚਨਾਂ ਤੋਂ ਚੋਹਾਂ ਵੇਦਾਂ ਤੇ ਛੇ ਸ਼ਾਸਤਰਾਂ ਦੇ ਮੋਤੀ ਕਿਰਦੇ ਹਨ :-

*ਅਜ਼ੋ ਰੁਬਾਅ ਹਮ*<br>
*ਸੁਦੱਸ਼ ਗਹੁਰ ਫ਼ਿਸ਼ਾਂ ।*

ਕੈਸੀ ਵਡਿਆਈ ਹੈ ਸੱਚੇ ਪਾਤਸ਼ਾਹ ਦੀ ਕਿ 'ਚਿਹ ਆਅਲਾ, ਚਿਹ ਅਦਨਾ, ਚਿਹ ਸ਼ਾਹ, ਚਿਹ ਫ਼ਕੀਰ' ਸਭ ਹੀ ਦਰ ਸਿਜਦਾ ਕਰਦੇ ਸਨ ।

**ਸਨਮੁਖ ਭਾਈ ਤੀਰਥਾ** – ਭਾਈ ਗੁਰਦਾਸ ਜੀ ਨੇ ਗੁਰੂ ਰਾਮ ਦਾਸ ਜੀ ਦੇ ਸਿੱਖਾਂ ਦੀ ਸੂਚੀ ਵਿਚ ਪਹਿਲਾ ਨਾਮ ਭਾਈ ਤੀਰਥਾ ਦਾ ਲਿਖਿਆ ਹੈ । ਗਿਆਨੀ ਹਜ਼ਾਰਾ ਸਿੰਘ ਜੀ ਨੇ, ਸਨਮੁਖ ਭਾਈ ਤੀਰਥਾ ਸੱਭਰਵਾਲ ਸਭੇ ਸਰਦਾਰਾਂ ਦਾ ਉਲੱਥਾ ਕਰਦੇ ਲਿਖਿਆ ਹੈ ਕਿ ਸੱਭਰਵਾਲ ਦੇ ਸਾਰੇ ਮੁੱਖੀ ਭਾਈ ਤੀਰਥੇ ਸਮੇਤ ਦਰਸ਼ਨਾਂ ਨੂੰ ਆਏ ।

ਭਾਈ ਤੀਰਥਾ ਜੀ ਨੇ ਗੁਰੂ ਚਰਨਾਂ 'ਤੇ ਬੇਨਤੀ ਕੀਤੀ 'ਚਿਤ ਚੈਨ' ਕਿਵੇਂ ਹੋਏ ।

ਗੁਰੂ ਰਾਮ ਦਾਸ ਜੀ ਨੇ ਫ਼ਰਮਾਇਆ ਕਿ ਸੱਚ ਵਿਚ ਟਿਕੇ ਬਗ਼ੈਰ ਮਨ ਠਹਿਰ ਨਹੀਂ ਸਕਦਾ। ਸੋ ਪਹਿਲਾਂ ਉਹ ਸਭ ਪੂਜਾ ਜੋ ਚਿਤ ਬ੍ਰਿਤੀ ਖਿਡਾਉਂਦੀਆਂ ਹਨ, ਦੂਰ ਕਰੋ :

*ਮੜੀ ਮਸਾਣ ਪੀਰ ਮਕਾਨੋ ।*
*ਮਾਨਨ ਪੂਜਨ ਇਨੈ ਨ ਠਾਨੋ ।*

ਸੱਚ ਸਮਾਨ ਹੋਰ ਧਰਮ ਕੋਈ ਨਹੀਂ ਅਤੇ ਅਕਾਲ ਬਗ਼ੈਰ ਕਿਸੇ ਦੀ ਉਪਾਸ਼ਨਾ ਚੈਨ ਨਹੀਂ ਦੇਂਦੀ। ਵਿਹਾਰ ਵੀ ਸੱਚ ਦਾ ਕਰਨਾ, ਮੁੱਖੋਂ ਭੀ ਸੱਚ ਬੋਲਣਾ ਤੇ ਹਿਰਦਿਓਂ ਭੀ ਸਚਿਆਰ ਰਹਿਣਾ। ਸੱਚ ਕਮਾਇਆਂ ਸੱਚ ਵਿਚ ਬਸੇਰਾ ਮਿਲਦਾ ਹੈ। 'ਸੱਚ ਤੇ ਪਾਵਹਿ ਸਾਚ ਬਸੇਰਾ'। ਸੁੱਚੇ ਵਿਹਾਰ ਨਾਲ ਸੁੱਖ ਮਿਲਦਾ ਹੈ ਅਤੇ ਸੰਪੱਤੀ ਵਿਚ ਅਪਾਰ ਵਾਧਾ ਹੁੰਦਾ ਹੈ, ਕਿਰਤ ਤੇ ਵਾਪਾਰ ਕਰਦਿਆਂ ਇਕ ਬੋਲ ਤੇ ਇਕ ਤੋਲ ਰੱਖਣਾ।

ਬਚਨ ਸਨ :

***ਏਕ ਅਕਾਲ ਉਪਾਸੇ ਪਿਆਰੇ ।***
***ਛਕੋ ਧਰਮ ਕੀ ਕਰ ਸਭ ਕਾਰੇ ।***
*ਕਰੋ ਸਾਚ ਕਾ ਸਭ ਬਿਵਹਾਰ ।*
*ਸੁਖ ਸੰਪਤਿ ਜਯੋਂ ਬਢੈ ਅਪਾਰ ।*
*ਏਕ ਬੋਲ ਇਕ ਤੋਲ ਰਖੀਜੈ ।*
*ਸੁਕ੍ਰਿਤ ਕਰੋ ਸਰਬ ਦੁਖ ਛੀਜੈ ।*

ਤੀਰਥਾ ਤੇ ਸਾਥੀਆਂ ਨੇ 'ਬੋਲਤ ਸਾਚ ਗਤਿ ਪਾਈ' ਅਤੇ ਭਾਈ ਤੀਰਥਾ ਸਨਮੁੱਖ ਕਰ ਕੇ ਪ੍ਰਸਿੱਧ ਹੋਇਆ।

**ਬੇੜੀ ਦਾ ਮੇਲਾ ਮਾਨੋ**

ਭਾਈ ਮਾਣਕ ਚੰਦ, ਭਾਈ ਪੂਰੋ ਅਤੇ ਭਾਈ ਬਿਸ਼ਨ ਦਾਸ, ਗੁਰੂ ਰਾਮ ਦਾਸ ਜੀ ਦੇ ਚਰਨਾਂ ਵਿਚ ਸ੍ਰੀ ਅੰਮ੍ਰਿਤਸਰ ਹਾਜ਼ਰ ਹੋਏ ਤੇ ਬੇਨਤੀ ਕੀਤੀ ਕਿ ਐਸਾ ਰਾਹ ਦੱਸੋ ਕਿ "ਜਿਸ ਕਰ ਅਸਾਡਾ ਜਨਮ ਮਰਨ ਕੱਟੇ, ਪਰਵਾਰ ਸੁਧਰੇ।" ਮਹਾਰਾਜ ਨੇ ਬਚਨ ਕੀਤਾ ਕਿ ਇਹ ਅਪਣਤ ਹੀ ਹੈ ਜੋ ਜਨਮ ਮਰਨ ਦੇ ਗੇੜ ਵਿਚ ਰੱਖਦੀ ਹੈ। ਪਹਿਲਾਂ ਇਹ ਅਪਣਤ ਤੱਜ ਦਿਓ, ਸਮਝੋ ਸਭ ਕਰਤਾਰ ਦਾ ਹੈ ਅਤੇ ਉਸੇ ਨੇ ਇਹ ਮੇਲ ਢੁਕਾਏ ਹਨ। ਇੰਝ ਜਾਣੋ ਕਿ ਇਹ ਬੇੜੀ ਦਾ ਮੇਲਾ ਹੈ :

*ਤਜਹਿ ਅਪਨਪੌ ਤਿਨ ਕਾ ਘਨੋ ।*
*ਜਾਨਹਿ ਤਰੀ[2] ਮੇਲ ਗਨ ਮਨੋ ।*

ਐਸਾ ਸਮਝਣ ਤੇ ਜਾਨਣ ਵਾਲੇ ਦੀ ਲਾਜ ਪੱਤ ਤੇ ਰਾਖਾ ਆਪ ਕਰਤਾਰ

1. ਅਪਣਤ।
2. ਬੇੜੀ।

ਹੁੰਦਾ ਹੈ । ਉਹੀ ਰਾਜ਼ਕ ਤੇ ਪਾਲਕ ਬਣ ਜਾਂਦਾ ਹੈ । ਦੁਸ਼ਟਾਂ ਦੀ ਨਵਿਰਤੀ ਵੀ ਉਹ ਹੀ ਕਰ ਦੇਂਦਾ ਹੈ । ਨਿਰਾ ਆਪ ਸੇਵਾ ਨਹੀਂ ਕਰਨੀ, ਪਰਵਾਰ ਕੋਲੋਂ ਵੀ ਕਰਾਉਣੀ, ਇਸ ਤਰ੍ਹਾਂ ਜਾਣਨਾ ਕਿ ਜਿਵੇਂ ਅਸੀਂ ਸਭ ਵਾਹਿਗੁਰੂ ਦੇ ਟਹਿਲੀਏ ਹਾਂ । ਇਹ ਪਰਵਾਰ ਵੀ ਵਾਹਿਗੁਰੂ ਦਾ ਟਹਿਲੀਆ ਹੈ ।

ਜਿਸ ਅਜਿਹਾ ਕੀਤਾ ਉਸ ਦਾ ਰਾਖਾ ਆਪ ਸਤਿਗੁਰੂ ਨਿਰੰਕਾਰ ਹੋਇਆ । ਉਦਾਹਰਣ ਦੇਂਦੇ ਗੁਰੂ ਰਾਮ ਦਾਸ ਜੀ ਨੇ ਕਿਹਾ, ਜਿਵੇਂ ਘੋੜੇ ਦੀ ਸਵਾਰੀ ਕਰ, ਘਰ ਪੁੱਜ ਬੂਹੇ 'ਤੇ ਬੰਨ੍ਹ ਛੱਡੀਦਾ ਹੈ ਤਾਂ ਸਭ ਚਿੰਤਾ ਖਸਮ ਨੂੰ ਹੁੰਦੀ ਹੈ । ਸੋ ਜੋ ਸਭ ਵਾਹਿਗੁਰੂ ਕਰ ਜਾਣਾ ਹੈ । ਵਾਹਿਗੁਰੂ ਨੂੰ ਹੀ ਸ਼ਰਮ ਹੋਈ ਹੈ :

*ਜਥਾ ਖਸਮ ਕੇ ਦਰ ਪਰ ਘੋਰਾ ।*
*ਚਾਕਰ ਚੜਿ ਆਵਹਿ ਦੇ ਛੋਰਾ ।*
*ਤਬਿ ਸਭ ਚਿੰਤ ਖਸਮ ਕੋ ਹੋਇ ।*
*ਖਾਨ ਪਾਨ ਦੇ ਪੋਖਹਿ ਸੋਇ । ੩੯[1]*

ਸਿੱਖਾਂ ਨੇ ਉਪਦੇਸ਼ ਨੂੰ ਐਸਾ ਰਿਦੇ ਵਿਚ ਵਸਾਇਆ ਤੇ ਕਮਾਇਆ ਕਿ ਸਾਰਾ ਪਰਵਾਰ ਹੀ ਸੇਵਾ ਵਿਚ ਜੁਟਿਆ ਰਹੇ । ਭਾਈ ਮਾਣਕ ਚੰਦ ਤੇ ਹੋਰ ਨਾਲ ਦੇ ਸਿੱਖਾਂ ਦਾ ਨਾਮ ਹੀ 'ਸੁਧਰੇ ਹੋਏ ਪਰਵਾਰ ਵਾਲਾ' ਪੈ ਗਿਆ :

*ਪੂਰੋ ਮਾਣਕ ਚੰਦ ਹੈ ਬਿਸ਼ਨ ਦਾਸ ਪ੍ਰਵਾਰ ਸਧਾਰਾ ।*

ਮਹਾਨ ਕੋਸ਼ ਨੇ ਬਿਸ਼ਨ ਦਾਸ ਜੀ ਨੂੰ 'ਆਤਮ ਗਿਆਨੀ' ਸਿੱਖ ਲਿਖਿਆ ਹੈ ਤੇ ਪੂਰੋ ਜੀ ਨੂੰ 'ਪਰਉਪਕਾਰੀ' ।

ਧਰਹੁ ਸਿਦਕ ਉਰ ਡੋਲਹੁ ਨਾਹੀ – ਦੀਵਾਨ ਸੱਜਿਆ ਹੋਇਆ ਸੀ । ਰਬਾਬੀ ਕੀਰਤਨ ਕਰ ਰਹੇ ਸਨ ਕਿ ਭਾਈ ਪਦਾਰਥੁ, ਭਾਈ ਤਾਰੂ ਤੇ ਭਾਰੂ ਜੀ ਨੇ ਆ ਕੇ ਮੱਥਾ ਟੇਕਿਆ । ਇਹਨਾਂ ਸਭਨਾਂ ਨੂੰ ਮਹਾਨ ਕੋਸ਼ ਨੇ 'ਪ੍ਰੇਮੀ ਸਿੱਖ' ਲਿਖਿਆ ਹੈ । ਕਥਾ ਸੁਣਨ ਉਪਰੰਤ ਇਹ ਤਿੰਨੇ ਹੱਥ ਜੋੜ ਖੜੇ ਹੋਏ ਤੇ ਕਿਹਾ ਕਿ ਅਸੀਂ ਗ੍ਰਹਿਸਤ ਕੁਟੰਬਾਂ ਵਿਚ ਲਪੇਟੇ ਹਾਂ, ਬਾਣੀ ਸੁਣਨ ਤਕ ਸੰਗਤ ਵਿਚ ਨਹੀਂ ਜਾ ਸਕਦੇ । ਸਾਡਾ ਕਲਿਆਣ ਕਿਉਂ ਕਰ ਹੋਵੇਗਾ ।

ਗੁਰੂ ਪਾਤਸ਼ਾਹ ਨੇ ਕਿਹਾ ਕਿ ਪਹਿਲਾਂ ਤਾਂ ਇਹ ਮਨ ਵਿਚੋਂ ਭੁਲੇਖਾ ਕੱਢ ਦਿਓ ਕਿ ਅਸੀਂ ਟੱਬਰ ਦੇ ਰਾਜ਼ਕ ਹਾਂ । ਰਾਜ਼ਕ ਪ੍ਰਭੂ ਹੈ । ਉਸ ਨੇ ਸਾਰੇ ਇੰਤਜ਼ਾਮ ਕੀਤੇ ਹੋਏ ਹਨ । ਸਾਡਾ ਫ਼ਰਜ਼ ਕਿਰਤ ਕਰਨਾ, ਨਾਮ ਜਪਣਾ, ਦਸਵੰਧ ਦੇਣਾ ਤੇ ਆਇਆਂ ਦੀ ਸੇਵਾ ਰੁਚ ਕਰ ਕੇ ਕਰਨੀ ਹੈ । ਸੋ ਪਹਿਲਾਂ :

*ਧਰਹੁ ਸਿਦਕ ਉਰ ਡੋਲਹੁ ਨਾਹੀ ।*
*ਸਿਮਰੋ ਵਾਹਿਗੁਰੂ ਮਨ ਮਾਹੀ ।*

---

1. ਰਾਸ ਦੂਜੀ, ਅੰਸ਼ ੧੭ ।

ਆਪਣੇ ਬੇਟਿਆਂ ਨੂੰ ਸਾਰਾ ਕੰਮ ਕਾਜ ਸੌਂਪ ਅਤੇ ਪਰਿਵਾਰ ਨੂੰ ਗੁਰੂ ਦੇ ਦੱਸੇ ਰਾਹ ਪਾ, ਦਿਨ ਰਾਤ ਪਾਣੀ ਪੱਖੇ ਦੀ ਗੁਰੂ ਕੇ ਦੁਆਰੇ ਸਾਧ ਸੰਗਤਿ ਦੀ ਸੇਵਾ ਵਿਚ ਜੁੱਟ ਗਏ । ਇਤਨੀ ਨਿਰਮਾਣ ਹੋ ਕੇ ਸੇਵਾ ਕੀਤੀ ਕਿ ਗੁਰੂ 'ਦੁਆਰੇ ਦੇ ਦਾਸ' ਕਰ ਕੇ ਸਲਾਹੇ ਤੇ ਸਨਮਾਨੇ ਗਏ :

*ਪੁਰਖੁ ਪਦਾਰਥ ਜਾਣੀਐ*
*ਤਾਰੂ ਭਾਰੂ ਦਾਸ ਦੁਆਰਾ ।*

**ਅਪਨੋ ਸਰੂਪ ਪਛਾਨਹੁ** – ਭਾਈ ਮਹਾਂ ਨੰਦ ਜੀ ਤੇ ਭਾਈ ਬਿਧੀ ਚੰਦ ਜੀ ਗੁਰੂ ਸ਼ਰਨ ਆਏ ਕਿ ਥਾਂ-ਥਾਂ ਸੁੱਖ ਪ੍ਰਾਪਤ ਕਰਨ ਲਈ ਬਹੁਤ ਭਟਕੇ ਹਾਂ ਪਰ ਅੰਦਰ ਦਾ ਸੁੱਖ ਨਹੀਂ ਮਿਲਿਆ । ਇੰਜ ਲੱਗਦਾ ਹੈ ਕਿ ਰਾਗ ਦ੍ਵੈਸ਼ ਸਗੋਂ ਹੋਰ ਵੱਧ ਗਿਆ ਹੈ । ਕ੍ਰਿਪਾ ਕਰ ਕੇ ਦੱਸੋ ਕਿ ਅਸਲ ਸੁੱਖ ਕਿੱਥੇ ਮਿਲੇ, ਜਨਮ ਮਰਨ ਦਾ ਦੁੱਖ ਕੱਟੇ ।

ਸਾਹਿਬ ਗੁਰੂ ਰਾਮ ਦਾਸ ਜੀ ਨੇ ਕਿਹਾ :

*ਅਪਨੋ ਜਬੈ ਸਰੂਪ ਪਛਾਨਹੁ ।*
*ਜਨਮ ਮਰਨ ਤਬਿ ਬੰਧਨ ਹਾਨਹੁ ।*

ਸਿੱਖਾਂ ਨੇ ਕਿਹਾ : "ਅਸੀਂ ਤਾਂ ਸੱਚੇ ਪਾਤਸ਼ਾਹ, ਆਪਣਾ ਸਰੂਪ ਇਹ ਹੀ ਜਾਣਦੇ ਹਾਂ ਕਿ ਖੱਤਰੀਆਂ ਦੇ ਪੁੱਤਰ ਹਾਂ ਜਾਂ ਜੱਟ ਹਾਂ । ਇਸ ਤੋਂ ਉੱਤੇ ਕੁਝ ਨਹੀਂ ਪਤਾ ।"

ਹੋਰ ਕਿਰਪਾ ਕਰ ਕੇ ਗੁਰੂ ਪਾਤਸ਼ਾਹ ਨੇ ਕਿਹਾ :

"ਇਹ ਜੱਟ ਖੱਤਰੀ ਤਾਂ ਤੁਹਾਨੂੰ ਮਾਤ ਪਿਤਾ ਨੇ ਆਖਿਆ ਹੈ ਜਾਂ ਲੋਕਾਂ ਪੁਕਾਰਿਆ । ਕਦੀ ਸੋਚਿਆ ਜੇ ਕਿ ਤੁਸੀਂ ਨਿਰਾ ਸਰੀਰ ਨਹੀਂ ਹੋ । ਸਰੀਰ ਵਿਚ ਹੋਰ ਵੀ ਕੋਈ ਕੀਮਤੀ ਵਸਤੂ ਹੈ । ਇਹ ਸਰੀਰ ਤਾਂ ਇੱਥੇ ਹੀ ਰਹਿ ਜਾਏਗਾ । ਸਰੀਰ ਨੂੰ ਪਹਿਰਣ ਵਾਲਾ ਬਸਤਰ ਸਾਥੀ ਜਾਣਨਾ । ਐਸਾ ਜਾਣੋਗੇ ਤਾਂ ਤੁਹਾਡਾ ਉਦਾਰ ਹੋਵੇਗਾ ।"

ਉਹਨਾਂ ਦੀ ਅਗਲੀ ਬੇਨਤੀ ਸੀ ਕਿ ਆਪਣਾ ਸਰੂਪ ਪਛਾਣੀਏ ਕਿਵੇਂ ?

ਸਾਹਿਬ ਨੇ ਬਚਨ ਕੀਤਾ ਕਿ ਸਦਾ ਕਥਾ ਕੀਰਤਨ, ਨੇਮ ਨਾਲ ਸੁਣਨਾ । ਸੰਗਤ ਦੀ ਸੇਵਾ ਹਿਤ ਨਾਲ ਕਰਨੀ, ਬਾਣੀ ਦੇ ਅਰਥ ਵਿਚਾਰ ਕਰਦਿਆਂ, ਆਪਣਾ ਹਿਰਦਾ ਤੋਲਦੇ ਰਹਿਣਾ, ਦੇਖਣਾ ਕਦ ਡੋਲਦਾ ਹੈ ਤੇ ਡੋਲਦੇ ਨੂੰ ਬਾਣੀ ਦੀ ਵਿਚਾਰ ਨਾਲ ਥੰਮ੍ਹ ਲੈਣਾ । ਅਜਿਹਾ ਕਰਨ ਨਾਲ ਸਰੂਪ ਦੀ ਪਛਾਣ ਹੋ ਜਾਏਗੀ :

*ਸਤਿ ਸੰਗਤਿ ਕੀਜਹਿ ਚਿਤ ਲਾਈ ।*
*ਕਥਾ ਨੇਮ ਤੇ ਸੁਨੀਅਹਿ ਕਾਨ ।*

*ਗੁਰ ਸਿਖਨ ਸੇਵਹੁ ਹਿਤ ਠਾਨਿ । ੧੪।*
*ਕਰਹੁ ਬਿਚਾਰਨ ਸਤਿਗੁਰ ਬਾਨੀ ।*
*ਅਰਥ ਲਖਹੁ ਕਰ ਪ੍ਰੀਤ ਮਹਾਨੀ ।*
*ਤਿਸ ਕੈ ਸਾਥ ਰਿਦਾ ਨਿਜ ਤੋਲਹੁ ।*
*ਦੁਖ ਸੁਖ ਬਿਖੈ ਨ ਕਬਹੂੰ ਡੋਲਹੁ । ੧੫ ।*

ਉਹਨਾਂ ਐਸਾ ਹੀ ਕੀਤਾ । ਭਾਈ ਮਹਾਂ ਨੰਦ ਜੀ ਮਹਾਂਪੁਰਖ ਕਰ ਕੇ ਸਤਿਕਾਰੇ ਗਏ ਅਤੇ ਬਿਧੀ ਚੰਦ ਜੀ 'ਉੱਜਲ ਬੁੱਧ' ਤੇ ਵਿਚਾਰਵਾਨ, ਬੁਧਿ ਵੀਚਾਰਾ, ਕਰਕੇ ਪ੍ਰਸਿੱਧ ਹੋਏ ।

**ਸਿੱਖ ਕੋ ਕਾਰਜ ਦੀਜੈ ਸਾਰ** – ਸੱਤ ਸਿੱਖ : ਭਾਈ ਧਰਮ ਦਾਸ, ਭਾਈ ਡੂਗਰ ਦਾਸ, ਭਾਈ ਦੀਪਾ, ਭਾਈ ਜੇਠਾ, ਭਾਈ ਸੰਸਾਰੂ, ਭਾਈ ਬੂਲਾ ਤੇ ਭਾਈ ਤੀਰਥਾ, ਗੁਰੂ ਰਾਮ ਦਾਸ ਜੀ ਪਾਸ ਆਏ ਤੇ ਬੇਨਤੀ ਕੀਤੀ ਕਿ ਕਿਵੇਂ ਵੀ ਹੋਵੇ ਸਾਡਾ ਉਧਾਰ ਕਰੋ ।

ਗੁਰੂ ਰਾਮ ਦਾਸ ਜੀ ਨੇ ਕਿਹਾ ਕਿ ਪਹਿਲਾਂ ਤਾਂ ਮਨ ਦਾ ਹੰਕਾਰ ਤਿਆਗਹੁ ਕਿ ਅਸੀਂ ਵੱਡੀ ਜਾਤ ਜਾਂ ਖ਼ਾਨਦਾਨ ਦੇ ਹਾਂ । ਨਿਮ੍ਰਤਾ ਗ੍ਰਹਿਣ ਕਰਕੇ ਨਿੰਦਾ ਕਦੇ ਕਿਸੇ ਦੀ ਨਾ ਕਰਨੀ । ਫਿਰ ਨਿਮ੍ਰਤਾ ਸਹਿਤ ਸੇਵਾ ਵਿਚ ਲੱਗ ਜਾਣਾ । ਕੋਈ ਸਿੱਖ ਤੁਰ ਕੇ ਘਰ ਆਉਂਦਾ ਦੇਖੋ ਤਾਂ ਸਾਰੇ ਆਪਣੀ ਹੱਥੀਂ ਘਰ-ਘਰ ਸੇਵਾ ਕਰਨੀ । ਉਸ ਨੂੰ ਮਹਿਸੂਸ ਹੀ ਨਾ ਹੋਵੇ ਕਿ ਉਹ ਓਪਰਾ ਹੈ । ਜੇ ਉਹ ਕੋਈ ਆਪਣੀ ਲੋੜ ਦੱਸੇ ਤਾਂ ਪਹਿਲਾਂ ਆਪ ਹੀ ਪੂਰੀ ਕਰ ਦੇਣੀ ਪਰ ਜੇ ਦੇਖੋ ਕਿ ਇਕੱਲਿਆਂ ਮਦਦ ਕੀਤਿਆਂ ਉਸਦਾ ਕਾਜ ਨਹੀਂ ਸਰਦਾ ਤਾਂ ਆਪਣਾ ਤੇ ਹੋਰਨਾਂ ਕੋਲੋਂ ਧਨ ਇਕੱਠਾ ਕਰ ਕੇ ਕੰਮ ਵੀ ਸਾਰ ਦੇਣਾ ਤਾਂ ਕਿ ਬਰਕਤ ਪਵੇ । ਅਰਦਾਸ ਵੀ ਕਰਨੀ । ਐਸਾ ਕਰਨ ਨਾਲ ਅਲੌਕਿਕ ਸੁਖ ਮਿਲੇਗਾ :

*ਜੇ ਸਿੱਖ ਕੁ ਹੁਇ ਕਾਜ ਬਡੇਰਾ ।*
*ਬਿਨ ਧਨ ਸਰਹਿ ਨ ਜੋ ਅਸ ਹੇਰਾ ।*
*ਸਭ ਮਿਲ ਕਰ ਉਚਰਹੁ ਅਰਦਾਸ ।*
*ਸਭਿ ਤੇ ਇਕ ਥਲ ਕਰ ਨਿਜ ਪਾਸ ।*
*ਸਿਖ ਕੋ ਕਾਰਜ ਦੀਜੈ ਸਾਰ ।*
*ਤਬਿ ਪ੍ਰਾਪਤਿ ਤੁਮ ਕੋ ਸੁਖ ਸਾਰ । ੨੩ ।*[1]

ਜਿੱਥੇ ਸੁਣਹੁ ਕਿ ਕੀਰਤਨ ਤੇ ਕਥਾ ਹੋਈ ਹੈ, ਉਚੇਚ ਕਰ ਪੁੱਜਣਾ । ਜੇ ਵਾਹਿਗੁਰੂ ਤੁਹਾਨੂੰ ਬਲ ਬਖ਼ਸ਼ੇ ਤਾਂ ਆਪਣੇ ਇਲਾਕੇ ਧਰਮਸ਼ਾਲ ਬਣਾ ਲੈਣੀ :

*ਜਿਸ ਮਹਿ ਜਥਾ ਸ਼ਕਤਿ ਹੁਇ ਆਵਹਿ ।*
*ਧਰਮਸਾਲ ਆਪੇ ਬਨਵਾਵਹਿ ।*

---

1. ਰਾਸ ਦੂਜੀ, ਅੰਸ ੧੯ ।

ਧਰਮਸਾਲ ਵਿਚ ਅਜਿਹਾ ਪ੍ਰਬੰਧ ਜ਼ਰੂਰ ਕਰਨਾ ਕਿ ਉਸ ਵਿਚ ਐਸਾ ਨਿਰਮਾਣ ਸਿੱਖ ਸੇਵਾਦਾਰ ਹੋਵੇ ਜੋ ਆਏ ਮੁਸਾਫ਼ਰ ਨੂੰ ਟਿਕਾਵੇ ਵੀ ਤੇ ਪ੍ਰਸ਼ਾਦ ਵੀ ਛਕਾਇ । ਮੈਕਾਲਫ਼ ਨੇ ਤਾਂ ਇੱਥੋਂ ਤਕ ਲਿਖਿਆ ਹੈ ਕਿ ਐਸਾ ਸਿੱਖ ਪ੍ਰਬੰਧਕ ਗ੍ਰੰਥੀ ਨਿਯਤ ਕਰਨਾ ਜੋ ਇਸ ਗੱਲ ਦੇ ਯੋਗ ਹੋਵੇ ਕਿ ਸ਼ਬਦ ਬਾਣੀ ਦੀ ਵਿਆਖਿਆ ਵੀ ਕਰ ਸਕੇ[1] :

*ਆਪੁੰ ਪਾਛਲ ਰਾਤਿ ਕਰਹੁ ਇਸ਼ਨਾਨ ।*
*ਗੁਰਬਾਨੀ ਪੜੀਅਹਿ ਹਿਤ ਠਾਨ ।*

ਹੋਰ ਕਿਰਤ ਕਾਰ ਜੋ ਕਰਨੀ ਸੱਚ ਬੋਲਣਾ, ਸੱਚ ਕਮਾਵਣਾ । ਮੈਂ ਤੁਹਾਡਾ ਸਦਾ ਸੰਗੀ ਹੋਵਾਂਗਾ ।[2] ਐਸੀ ਕਾਰ ਉਹਨਾਂ ਕਮਾਈ ਕਿ 'ਸਚਿਆਰਾ'[3] ਕਹਿ ਕੇ ਸਤਿਕਾਰੇ ਗਏ । ਮਹਾਨ ਕੋਸ਼ ਨੇ ਇਹਨਾਂ ਨੂੰ ਅਨੰਨ ਸੇਵਕ ਤੇ ਗਿਆਨੀ ਸਿੱਖ ਕਰ ਕੇ ਵੀ ਲਿਖਿਆ ਹੈ ।

ਅੰਮ੍ਰਿਤ ਵੇਲਾ ਪੁੰਨ ਮਹਾਨ – ਭਾਈ ਮਈਆ, ਭਾਈ ਜਾਪਾ, ਭਾਈ ਨਈਆ ਅਤੇ ਭਾਈ ਤੁਲਸਾ ਜੀ ਗੁਰੂ ਸ਼ਰਨ ਆਏ ਅਤੇ ਬੇਨਤੀ ਕੀਤੀ ਕਿ ਐਸੇ ਗ੍ਰਹਿਸਤ ਲਪੇਟੇ ਹਾਂ, ਰਾਹ ਦੱਸ ਕਿ ਉਦਾਰ ਹੋਵੇ ।

ਗੁਰੂ ਜੀ ਨੇ ਬਚਨ ਕੀਤਾ ਕਿ ਜੈਸੇ ਆਪਣੇ ਘਰ ਦਿਆਂ ਕੰਮਾਂ ਨਾਲ ਪਿਆਰ ਕਰਦੇ ਹੋ, ਤੈਸਾ ਹੀ ਗੁਰਬਾਣੀ ਨਾਲ ਪਿਆਰ ਕਰੋ । ਅੰਮ੍ਰਿਤ ਵੇਲੇ ਉੱਠ ਕੇ ਜਦ ਬਾਣੀ ਦੇ ਅਰਥਾਂ ਵੱਲ ਧਿਆਨ ਦਿਓਗੇ ਤਾਂ ਮੋਹ ਟੁੱਟ ਜਾਏਗਾ । ਬਾਣੀ ਦਾ ਉਚਾਰ ਤੇ ਵਿਚਾਰ ਹੀ, ਗੁਰੂ ਵੱਲ ਧਿਆਨ ਦੇਣਾ ਹੈ । ਮਨ ਨੂੰ ਇਹ ਕਹਿੰਦੇ ਰਹਿਣਾ, "ਕਯਾ ਗੁਰ ਕਹੈ । ਕਰੈਂ ਹਮ ਕਿਆ ?" ਐਸਾ ਕਰਦਿਆਂ ਹੌਲੇ ਮਨ ਦਾ ਰੁਖ਼ ਬਦਲ ਜਾਏਗਾ । ਅੰਮ੍ਰਿਤ ਵੇਲੇ ਇਸ ਤਰ੍ਹਾਂ ਮਨ ਨੂੰ ਮੋੜ ਕੇ ਦਿਹਾੜੀ ਕਿਰਤ ਕਰਦੇ ਰਹਿਣਾ । ਕਿਰਤ ਛੱਡਣੀ ਨਹੀਂ । ਜਿਵੇਂ ਘੋੜਾ ਰੋਗੀ ਹੋਵੇ ਤਾਂ ਮਸਾਲਾ ਦੇਈਦਾ ਹੈ ਅਤੇ ਕੁਝ ਚਿਰ ਲਈ ਮੂੰਹ ਬੰਦ ਕਰ ਦੇਈਦਾ ਹੈ । ਐਸਾ ਕਰਨ ਨਾਲ ਉਹ ਨਰੋਆ ਹੋ ਜਾਂਦਾ ਹੈ, ਫਿਰ ਜੋ ਮਰਜ਼ੀ ਖਾਏ । ਇਸੇ ਤਰ੍ਹਾਂ ਅੰਮ੍ਰਿਤ ਵੇਲੇ ਬਾਣੀ ਰਿਦੇ ਸਮਾਈ ਅਤੇ ਧਿਆਨ ਕੁਝ ਚਿਰ ਲਈ ਵਾਹਿਗੁਰੂ ਦੇ ਜਾਪ ਵਿਚ ਲਗਾਇਆਂ, ਦਿਹਾੜੀ ਸੋਹਣੀ ਲੱਗੇਗੀ । ਮੋਹ ਦਾ ਰੋਗ ਵਿਆਪੇਗਾ ਨਹੀਂ । ਹੋਰ ਉਦਾਹਰਣ ਦਿੱਤੀ : ਜਿਵੇਂ ਪਾਣੀ ਭਰਨ ਜਾਂਦੀਆਂ ਸੁਆਣੀਆਂ ਗੱਲਾਂ ਕਰਦੀਆਂ ਜਾਂਦੀਆਂ ਹਨ ਪਰ ਧਿਆਨ ਘੜੇ ਵੱਲ ਹੁੰਦਾ ਹੈ । ਕੰਮ-ਕਾਜ, ਕਿਰਤ ਕਾਰ ਕਰਦਿਆਂ, ਧਿਆਨ ਵਾਹਿਗੁਰੂ ਜੀ ਵੱਲ ਰੱਖਣਾ:

---

1. To the best of your ability rear to God a beautiful temple, and appoint thereto a priest who is competent to expound His word.
(page 275, Vol. II.)
2. ਸਿੱਖਾਂ ਦੀ ਭਗਤ ਮਾਲਾ ।
3. ਵਾਰ ੧੧ਵੀਂ, ਪਉੜੀ ੧੭ਵੀਂ ।

*ਰਿਦਾ ਧਰਹੁ ਸਤਿਗੁਰ ਕੇ ਸੰਗ ।*
*ਅਮਰ ਕ੍ਰਿਯਾ ਕਰਿਜਹਿ ਸਭ ਅੰਗ ।*

ਕਲਿਆਣ ਨਾਮ ਨੇ ਕਰਨੀ ਹੈ । ਸੋ ਨਾਮ ਕਦੇ ਨਹੀਂ ਵਿਸਾਰਣਾ । ਸਿੱਖਾਂ ਨੇ ਉਪਦੇਸ਼ ਹਿਰਦੇ ਵਸਾਇਆ ਤੇ ਗੁਰੂ ਪਿਆਰੇ ਅਤੇ ਆਚਾਰੀ ਕਹਿਲਾਏ :

*ਮਾਈਆ ਜਾਪਾ ਜਾਣੀਅਹਿ*
*ਨਈਆ ਖੁਲਰੁ ਗੁਰੂ ਪਿਆਰਾ ।*
*ਤੁਲਸਾ ਵਹੁਰਾ ਜਾਣੀਐ*
*ਗੁਰ ਉਪਦੇਸ਼ ਅਵੇਸ ਅਚਾਰਾ ।*

**ਭਾਈ ਭਿਖਾਰੀ** – ਗਿਆਨੀ ਗਿਆਨ ਸਿੰਘ ਜੀ ਨੇ ਭਾਈ ਭਿਖਾਰੀ[1] ਜੀ ਨੂੰ ਗੁਰੂ ਰਾਮ ਦਾਸ ਜੀ ਵੇਲੇ ਹੀ ਹੋਇਆ ਲਿਖਿਆ ਹੈ । ਭਾਈ ਸੁੰਮਣ ਜਿਨ੍ਹਾਂ ਆਪਣੇ ਪੁੱਤਰ ਦੇ ਅਚਾਨਕ ਮਰਨ 'ਤੇ ਵੀ ਭਾਣਾ ਮਿੱਠਾ ਕਰਕੇ ਮੰਨਿਆ, ਉਸ ਨੂੰ ਗੁਰੂ ਅਰਜਨ ਦੇਵ ਜੀ ਦੇ ਸਮੇਂ ਦਾ ਲਿਖਿਆ ਹੈ ।

ਇਕ ਦਿਨ ਪੇਸ਼ਾਵਰ ਤੋਂ ਆਏ ਇਕ ਸਿੱਖ ਨੇ ਗੁਰ ਸਿੱਖ ਦਾ ਦਰਸ਼ਨ ਕਰਨਾ ਚਾਹਿਆ । ਮਹਾਰਾਜ ਨੇ ਗੁਜਰਾਤ ਦੇ ਰਹਿਣ ਵਾਲੇ ਭਾਈ ਭਿਖਾਰੀ ਜੀ ਪਾਸ ਭੇਜਿਆ । ਗੁਰੂ ਪਾਸੋਂ ਆਇਆ ਸਿੱਖ ਜਾਣ ਭਾਈ ਭਿਖਾਰੀ ਜੀ ਨੇ ਬੜਾ ਆਦਰ ਕੀਤਾ । ਉਹ ਵੀ ਇਹਨਾਂ ਦੀ ਕਰਨੀ ਤੇ ਕਥਨੀ ਨੂੰ ਵਾਚਦਾ ਰਿਹਾ । ਦੇਵ ਨੇਤ ਉਹਨਾਂ ਦਿਨਾਂ ਵਿਚ ਭਾਈ ਭਿਖਾਰੀ ਜੀ ਦੇ ਲੜਕੇ ਦੀ ਸ਼ਾਦੀ ਸੀ । ਭਾਈ ਜੀ ਸਭ ਸੰਬੰਧੀਆਂ ਨਾਲ ਰਲ ਕੇ ਖ਼ੁਸ਼ੀ ਦਾ ਕਾਰਜ ਕਰਦੇ ਰਹੇ । ਪਰ ਨਾਲ ਹੀ ਉਸ ਸਿੱਖ ਨੇ ਡਿੱਠਾ ਕਿ ਕਮਰੇ ਵਿਚ ਚੰਦਨ ਦੀਆਂ ਲੱਕੜਾਂ ਦਾ ਬਿਬਾਨ ਮ੍ਰਿਤਕ ਵੀ ਬਣਿਆ ਪਿਆ ਹੈ । ਜਦ ਨੂੰਹ ਘਰ ਆਈ ਤਾਂ ਬੇਟੇ ਨੂੰ ਐਸਾ ਸੂਲ ਉੱਠਿਆ ਕਿ ਉਹ ਚੜ੍ਹਾਈ ਕਰ ਗਿਆ । ਭਾਈ ਜੀ ਨੇ ਉਵੇਂ ਹੀ ਸ਼ਾਂਤ ਚਿੱਤ ਸੰਸਕਾਰ ਕੀਤਾ । ਭਾਣੇ ਨੂੰ ਮਿੱਠਾ ਕਰ ਜਾਣਿਆ ।

ਆਏ ਸਿੱਖ ਕੋਲੋਂ ਰਿਹਾ ਨਾ ਗਿਆ । ਉਸ ਪੁੱਛਿਆ ਕਿ ਜੇ ਤੁਹਾਨੂੰ ਪਤਾ ਸੀ ਕਿ ਇਹ ਕਾਰਾ ਘਟਣਾ ਹੈ ਤਾਂ ਸ਼ਾਦੀ ਹੀ ਕਿਉਂ ਕੀਤੀ ?

ਭਾਈ ਜੀ ਨੇ ਕਿਹਾ : ''ਸਭ ਕੁਝ ਜਾਣਦਿਆਂ, ਬੁਝਦਿਆਂ ਸਮਰੱਥ ਹੁੰਦਿਆਂ ਪ੍ਰਭੂ ਦੀ ਰਜ਼ਾ ਵਿਚ ਵਰਤਣਾ ਏ, ਉਸ ਦੇ ਕੀਤੇ ਨੂੰ ਹੱਸ ਸਿਰ ਮੱਥੇ ਮੰਨਣਾ ਹੀ ਗੁਰਮੁਖ ਪੁਣਾ ਹੈ ।''

ਜਦ ਫਿਰ ਸਿੱਖ ਨੇ ਕਿਹਾ ਕਿ ਤੁਸੀਂ ਤਾਂ ਗੁਰੂ ਦੇ ਅਤਿ ਪਿਆਰ ਵਾਲੇ ਤੇ ਨੇੜੇ ਸੀ । ਬੇਟੇ ਦੀ ਜ਼ਿੰਦਗੀ ਹੀ ਮੰਗ ਲੈਣੀ ਸੀ ਤਾਂ ਭਾਈ ਜੀ ਨੇ ਕਿਹਾ :

---

1. ਭਾਈ ਗੁਰਦਾਸ ਜੀ ਨੇ ਛੇਵੇਂ ਪਾਤਸ਼ਾਹ ਵੇਲੇ ਹੋਇਆ ਦਸਿਆ :
''ਗੁਜਰਾਤੇ ਵਿਚਿ ਜਾਣੀਐ,
ਭੇਖਾਰੀ ਭਾਬੜਾ ਸੁਲਸਾ ।

ਗੁਰੂ ਥੀਂ ਝੂਠੇ ਪਦਾਰਥ ਕਿਆ ਮੰਗਣੇ ਹੈਨਿ । ਰਜ਼ਾ ਵਿਚ ਰਹਿਣ ਦਾ ਸਵਾਦ ਹੀ ਹੋਰ ਹੈ ।

**ਭਾਈ ਸੋਮਾ ਸ਼ਾਹ** – ਜਿਹਲਮ ਤੋਂ ਇਕ ਸੋਮਾ ਨਾਂ ਦੇ ਸਿੱਖ ਨੇ ਸਰੋਵਰ ਲਾਗੇ ਹੱਟੀ ਪਾ ਲਈ ਸੀ । ਬੜਾ ਸੰਤੋਖੀ ਸੁਭਾਅ ਸੀ । ਜਦ ਗੁਜ਼ਾਰੇ ਜਿਤਨੇ ਪੈਸੇ ਹੋ ਜਾਂਦੇ ਤਾਂ ਹੱਟੀ ਵਧਾ ਕੇ ਸੇਵਾ ਵਿਚ ਜੁੱਟ ਜਾਂਦਾ ।

ਇਕ ਦਿਨ ਗੁਰੂ ਰਾਮ ਦਾਸ ਜੀ ਨੇ ਉਸ ਕੋਲੋਂ ਜਾ ਵੱਟਕ ਪੁੱਛੀ ਤਾਂ ਉਸ ਨੇ ਸਾਰੀ ਹੀ ਭੇਂਟ ਕਰ ਦਿੱਤੀ । ਬੇਪ੍ਰਵਾਹ ਗੁਰੂ ਨੇ ਉਸੇ ਸਮੇਂ ਮਜ਼ਦੂਰਾਂ ਨੂੰ ਵੰਡ ਦਿੱਤੀ । ਇਸ ਤਰ੍ਹਾਂ ਉਸ ਦੀ ਵਟਕ ਪੰਜ ਦਿਨ ਵੰਡਦੇ ਰਹੇ । ਸੋਮਾ ਦੇ ਨਾ ਚਿਹਰੇ 'ਤੇ ਮਲਾਲ ਆਇਆ ਨਾ ਵਿਹਾਰ ਵਿਚ ਅੰਤਰ । ਜਦ ਛੇਵੇਂ ਦਿਨ ਗੁਰੂ ਜੀ ਨੂੰ ਆਪਣੇ ਵੱਲ ਆਉਂਦਿਆਂ ਦੇਖ, ਆਪੂੰ ਹੀ ਸਾਰੀ ਵੱਟਕ ਅੱਗੇ ਰੱਖ ਦਿੱਤੀ ਤਾਂ ਬਖ਼ਸ਼ਿਸ਼ ਦੇ ਘਰ ਟਿਕੇ ਗੁਰੂ ਜੀ ਨੇ ਬਚਨ ਕੀਤਾ :

*ਸੋਮਾ ਸ਼ਾਹ,*
*ਬੇਪ੍ਰਵਾਹ,*
*ਗੁਰੂ ਕਾ ਸ਼ਾਹ ।*

ਐਸੀ ਬਰਕਤ ਪਈ ਕਿ ਵੱਡਾ ਸ਼ਾਹ ਬਣਿਆ । ਉਸ ਦੇ ਪੁੱਤਰ ਰਾਮ ਸ਼ਾਹ ਨੂੰ ਗੁਰੂ ਅਰਜਨ ਦੇਵ ਜੀ ਨੇ ਮੁਲਤਾਨ ਤੇ ਸੱਖਰ ਤਕ ਸਿੱਖੀ ਦਾ ਪ੍ਰਚਾਰ ਕਰਨ ਲਈ ਨਿਯਤ ਕੀਤਾ । ਇਸ ਨੇ ਉਸ ਇਲਾਕੇ ਬੜੀ ਸਿੱਖੀ ਫੈਲਾਈ । ਇਸੇ ਦੇ ਪੋਤਰੇ 'ਮੋਹਰ ਸ਼ਾਹ' ਨੂੰ ਗੁਰੂ ਗੋਬਿੰਦ ਸਿੰਘ ਜੀ ਨੇ 'ਬਖਸ਼ੰਦ ਫ਼ਰਜ਼ੰਦ' ਦਾ ਖ਼ਿਤਾਬ ਦਿੱਤਾ ਸੀ । ਉਹ ਗੁਰੂ ਕੀ ਭੇਟ ਆਖ਼ਰੀ-ਕੋਡੀ ਤੱਕ ਦਰਬਾਰ ਪਹੁੰਚਾਂਦਾ ਸੀ ।

ਪਾਕਿਸਤਾਨ ਬਣਨ ਤਕ ਇਹਨਾਂ ਦਾ ਟਿਕਾਣਾ ਜਿਹਲਮ ਸੀ ਤੇ ਭਾਈ ਅਤਰ ਸਿੰਘ ਪ੍ਰਚਾਰ ਕਰਦੇ ਸਨ ।

**ਭਾਈ ਉਦਮੂ** – ਸਿੱਖ ਇਤਿਹਾਸ ਨੇ ਉਹਨਾਂ ਨੂੰ ਆਦਮ ਕਰ ਕੇ ਵੀ ਲਿਖਿਆ ਹੈ, ਪਰ ਗਿਆਨੀ ਗਿਆਨ ਸਿੰਘ ਜੀ ਤਵਾਰੀਖ਼ ਗੁਰ ਖ਼ਾਲਸਾ ਵਿਚ ਉਹਨਾਂ ਦਾ ਨਾਮ ਉਦਮੂ ਲਿਖਿਆ ਹੈ ।

ਇਹਨਾਂ ਦਾ ਸਾਰਾ ਪਰਿਵਾਰ ਗੁਰੂ ਦੇ ਲੰਗਰ ਵਿਚ ਸੇਵਾ ਕਰਦਾ ਸੀ । ਲੱਕੜਾਂ ਜੰਗਲ ਵਿਚੋਂ ਕੱਟ ਲਿਆਉਣੀਆਂ ; ਇਕ ਪੰਡ ਲੰਗਰ ਵਿਚ ਪਾ ਦੇਣੀ ਤੇ ਦੂਜੀ ਘਰ ਸੰਭਾਲ ਰੱਖਣੀ । ਇਕ ਸਮੇਂ ਬਹੁਤ ਬਾਰਸ਼ ਹੋਈ ਤੇ ਲੰਗਰ ਦੀ ਲੱਕੜ 'ਤੇ ਝੜੀ ਅਜਿਹੀ ਲੱਗੀ ਕਿ ਸੁੱਕੀ ਲੱਕੜ ਲੱਭੇ ਨਾ । ਇਹਨਾਂ ਜੋ ਇਸ ਸਮੇਂ ਲਈ ਆਪਣੀ ਵਰਤੋਂ ਲਈ ਸਾਂਭ ਰੱਖੀ ਸੀ, ਲੰਗਰ ਪਹੁੰਚਾਈ ਤੇ ਕੋਈ ਅਹੰਕਾਰ ਨਾ ਜਤਾਇਆ । ਮਨ ਨੀਵਾਂ ਰਖਿਆ । ਗੁਰੂ ਮਹਾਰਾਜ ਨੇ ਪ੍ਰਸੰਨ ਹੋ ਕੇ ਜਦ ਮੰਗਣ ਲਈ ਕੁਝ ਕਿਹਾ ਤਾਂ ਇਹ ਚੁੱਪ ਰਹੇ ਪਰ ਬੇਟੀ ਨੇ ਕਿਹਾ ਕਿ ਇਕ ਭਰਾ ਦੀ ਖ਼ਾਹਿਸ਼ ਹੈ । ਗੁਰੂ ਜੀ ਨੇ ਮਿਹਰ ਦੀ ਨਜ਼ਰ ਕੀਤੀ । ਇਹਨਾਂ ਘਰ

ਭਾਈ ਭਗਤੂ ਹੋਇਆ । ਇਸ ਭਗਤੂ ਨੇ ਸਤਵੇਂ ਪਾਤਸ਼ਾਹ ਤਕ ਬਹੁਤ ਹੀ ਸੇਵਾ ਕੀਤੀ ।[1]

**ਚਰਨ ਸ਼ਰਨ**

ਕਨ੍ਹਈਆ ਲਾਲ ਨੇ ਤਵਾਰੀਖ਼-ਇ-ਪੰਜਾਬ ਵਿਚ ਕਈ ਸਾਖੀਆਂ ਦਾ ਜ਼ਿਕਰ ਕੀਤਾ ਹੈ । ਇਕ ਇਹ ਲਿਖੀ ਹੈ ਕਿ ਮੁਲਤਾਨ ਦੇ ਰਾਜੇ ਨੂੰ ਮੁਲਤਾਨ ਦਾ ਰਾਜਾ ਐਸਾ ਰੋਗ ਨੇ ਗ੍ਰਸ ਲਿਆ ਜਿਸ ਦਾ ਕੋਈ ਇਲਾਜ ਨਹੀਂ ਸੀ । ਸਿੱਖਾਂ ਦਾ ਗੁਰੂ ਪ੍ਰਤੀ ਵਿਸ਼ਵਾਸ਼ ਤੇ ਇਹ ਸੋਆਂ ਸੁਣ ਕੇ ਕਿ ਗੁਰੂ ਰਾਮ ਦਾਸ ਜੀ ਨੇ ਐਸਾ ਸਰੋਵਰ ਸਾਜਿਆ ਹੈ ਜਿੱਥੇ ਪਿੰਗਲੇ ਨਰੋਏ ਤੇ ਰੋਗੀ ਅਰੋਗ ਹੋ ਮੁੜਦੇ ਹਨ ਤਾਂ ਗੁਰੂ ਦਰਸ਼ਨਾਂ ਨੂੰ ਆਇਆ । ਦਰਸ਼ਨ ਕਰਦਿਆਂ ਤ੍ਰਿਪਤੀ ਹੋਈ ਤੇ ਇਸ਼ਨਾਨ ਕਰ ਕੇ ਨਰੋਆ ਹੋਇਆ ।[2]

**ਦੇ ਕੇ ਨਸ਼ਰ ਨ ਕਰੋ**

ਕਨ੍ਹਈਆ ਲਾਲ ਨੇ ਹੀ ਲਿਖਿਆ ਹੈ ਕਿ ਇਕ ਮਾਈ ਨੇ ਬੜੇ ਚਾਅ ਨਾਲ ਮੋਤੀਆਂ ਦੀ ਇਕ ਕੀਮਤੀ ਮਾਲਾ ਗੁਰੂ ਜੀ ਨੂੰ ਭੇਂਟ ਕੀਤੀ । ਮਹਾਰਾਜ ਨੇ ਹੱਥ ਲੈ ਕੇ ਕੋਲ ਹੀ ਖੜੇ ਇਕ ਅਭਿਆਗਤ ਨੂੰ ਦੇ ਦਿੱਤੀ । ਮਾਈ ਦਾ ਚਿਹਰਾ ਉਤਰ ਗਿਆ ਤੇ ਉਹ ਰੋਣ-ਹਾਕੀ ਹੋ ਗਈ । ਮਹਾਰਾਜ ਨੇ ਉਸ ਨੂੰ ਸਮਝਾਇਆ ਕਿ ਇਸ ਦੀ ਲੋੜ ਪੂਰੀ ਹੋਣ ਨਾਲ ਦੀਨ ਦੁਨੀ ਵਿਚ ਤੇਰਾ ਉਦਾਰ ਹੋਵੇਗਾ । ਮਾਈ ਨੂੰ ਸੋਝੀ ਮਿਲੀ ਤੇ ਉਸ ਨੂੰ ਨਾਮ-ਧਨ ਪ੍ਰਾਪਤ ਹੋਇਆ ।

ਇਸੇ ਤਰ੍ਹਾਂ ਲਾਲ ਚੰਦ ਨਾਂ ਦੇ ਇਕ ਸੌਦਾਗਰ ਨੇ ਕੀਮਤੀ ਸੱਚੇ ਮੋਤੀਆਂ ਦਾ ਕੈਂਠਾ ਗੁਰੂ ਜੀ ਨੂੰ ਭੇਂਟ ਕੀਤਾ । ਗੁਰੂ ਜੀ ਨੇ ਉਸ ਸਮੇਂ ਉਹ ਕੈਂਠਾ ਇਕ ਮਲੰਗ ਫ਼ਕੀਰ ਨੂੰ, ਜੋ ਦੂਰ ਖੜਾ ਹੱਥ ਅੱਡ ਰਾਹ ਜਾਂਦਿਆਂ ਕੋਲੋਂ ਮੰਗ ਰਿਹਾ ਸੀ, ਦੇ ਦਿੱਤਾ । ਗੁਰੂ ਜੀ ਦੀ ਉਪਮਾ ਦੀ ਜਦ ਉਸ ਦੁਹਾਈ ਚੁੱਕੀ ਤਾਂ ਆਪ ਜੀ ਨੇ ਮਨ੍ਹਾ ਕੀਤਾ ਅਤੇ ਕਿਹਾ : 'ਦਿੱਤੇ ਨੂੰ ਨਸ਼ਰ ਕਰਨਾ ਖੇਤੀ ਨੂੰ ਬੀਜ ਰੂਪ ਵਿਚ ਹੀ ਉਖਾੜ ਬਾਹਰ ਸੁੱਟਣਾ ਹੈ ।'

ਇਸ ਤਰ੍ਹਾਂ ਉਪਦੇਸ਼ਾਂ ਦੀ ਝੜੀ ਲਗਾ ਗੁਰੂ ਰਾਮ ਦਾਸ ਜੀ ਸਿੱਖਾਂ ਅਤੇ ਸੰਗਤਾਂ ਦੀਆਂ ਆਤਮਾਵਾਂ ਉੱਚੀਆਂ ਤੇ ਮਨ ਹਰੇ ਤੇ ਜੀਵਨ ਸੁਖਾਲਾ ਕਰ ਰਹੇ

---

1. ਵਿਸਥਾਰ ਲਈ ਜੀਵਨੀ ਗੁਰੂ ਹਰਿ ਰਾਇ ਜੀ 'ਨਿਰਭਉ-ਨਿਰਵੈਰ' ਦੇਖਣ ਦੀ ਕ੍ਰਿਪਾਲਤਾ ਕਰਨੀ ।
2. ਇਹ ਲਿਖਣਾ ਕੁਥਾਂ ਨਹੀਂ ਕਿ ਸ੍ਰੀ ਅੰਮ੍ਰਿਤਸਰ ਗੁਰੂ ਤੇਗ਼ ਬਹਾਦਰ ਮੈਡੀਕਲ ਕਾਲਜ ਵਿਚ ਹੁਣ ਇਸ ਗੱਲ ਦੀ ਖੋਜ ਹੋ ਰਹੀ ਹੈ ਕਿ ਦੁਖ ਭੰਜਨੀ ਦਾ ਇਸ਼ਨਾਨ ਅਰੋਗ ਕਿਵੇਂ ਕਰਦਾ ਹੈ । The Curative value of dips under Dukh Bhanjani. ਉਥੇ ਇਹ ਖੋਜ ਵੀ ਹੋਈ ਹੈ ਕਿ ਸੁਖਮਨੀ ਸਾਹਿਬ ਦਾ ਪਾਠ ਨਿਤ ਕਰਨ ਵਾਲੇ ਦਾ ਬਲੱਡ ਪ੍ਰੈਸ਼ਰ ਕਦੇ ਨਹੀਂ ਚੜ੍ਹਦਾ ।

ਸਨ। ਸੱਚ ਕਿਹਾ ਹੈ ਭੱਟ ਨਲ੍ਹ ਨੇ ਕਿ ਗੁਰੂ ਰਾਮ ਦਾਸ ਜੀ ਸੁੱਖ ਦੇਣ ਵਾਲੇ ਸੁਰਮੇ ਹਨ, ਉਹਨਾਂ ਦੀ ਬਾਣੀ ਸੁਣਦਿਆਂ ਹੀ ਸਮਾਧੀ ਲੱਗ ਜਾਂਦੀ ਹੈ। ਗੁਰੂ ਜੀ ਦੇ ਬਤਨ ਦੁਖ ਨਾਸ ਕਰਨ ਵਾਲੇ ਹਨ ਅਤੇ ਕਲਿਜੁਗ ਵਿਚ ਤਾਰਨ ਲਈ ਸਮਰੱਥ ਜਹਾਜ਼ ਹਨ :

*ਤਾਰਣ ਤਰਣ ਸਮ੍ਰਥੁ ਕਲਿਜੁਗਿ ਸੁਨਤ ਸਮਾਧਿ ਸਬਦ ਜਿਸੁ ਕੇਰੇ।*
*ਫੁਨਿ ਦੁਖਨਿ ਨਾਸੁ ਸੁਖ ਦਾਯਕੁ ਸੂਰਉ,*
*ਜੋ ਧਰਤ ਧਿਆਨੁ ਬਸਤ ਤਿਹ ਨੇਰੇ।*[1]

---

1. ਪੰਨਾ ੧੪੦੦, ਗੁਰੂ ਗ੍ਰੰਥ ਸਾਹਿਬ ।

## 9

# ਕੀਆ ਪੂਰਨ ਪਾਰਬ੍ਰਹਮ ਦਾ ਪੰਥ

ਪਾਰਬ੍ਰਹਮ ਕਾ ਪੰਥ ਕਰਨਾ

ਭਾਈ ਨੰਦ ਲਾਲ ਜੀ ਨੇ 'ਗੰਜ ਨਾਮਾ' ਵਿਚ ਲਿਖਿਆ ਹੈ ਕਿ ਜਦ ਗੁਰੂ ਨਾਨਕ ਦੇਵ ਜੀ ਵਾਹਿਗੁਰੂ ਦੇ ਹਜ਼ੂਰ ਹੋਏ ਤਾਂ ਖ਼ੁਦਾ ਨੇ ਇਹ ਹੀ ਆਗਿਆ ਕੀਤੀ ਕਿ ਮੇਰੇ ਸਿਮਰਨ ਦਾ ਰਾਹ ਪੰਥ ਇਸ ਜਹਾਨ ਨੂੰ ਵਿਖਾ । ਪੰਥ ਛੱਡ ਕੇ ਆਲਮ ਕੁਰਾਹੇ ਪਿਆ ਹੈ । ਜਾਦੂਗਰਾਂ ਪਿੱਛੇ ਨੱਸਦਾ ਹੈ । ਉਹਨਾਂ ਦੇ ਰਾਹ ਨੂੰ ਮੇਰੇ ਵੱਲ ਮੋੜ ਤਾਂ ਕਿ ਸਿਮਰਨ ਤੋਂ ਛੁੱਟ ਕਿਸੇ ਹੋਰ ਰਾਹ ਨਾ ਜਾਣ । ਉਹਨਾਂ ਸਭਨਾਂ ਦਾ ਮੂੰਹ ਮੇਰੇ ਧਿਆਨ ਵੱਲ ਭਵਾ ਦੇ ਤਾਂ ਜੋ ਮੇਰੇ ਸਿਮਰਨ ਤੋਂ ਬਿਨਾਂ ਹੋਰ ਕਿਸੇ ਨੂੰ ਮਿੱਤ੍ਰ ਨਾ ਸਮਝਣ :

*ਤੂ ਨੁਮਾ ਜੁਮਲਾ ਰਾਇ ਸੂਇ ਫ਼ਿਕਰਮ ।*
*ਕਿ ਨਦਾਰੰਦ ਦੋਸਤ ਜੁਜ਼ ਜ਼ਿਕਰਮ । ੪੬ ।*

ਉਹਨਾਂ ਦੇ ਹਿਰਦਿਆਂ ਵਿਚੋਂ ਦੂਈ ਦਾ ਮੋਹ ਕੱਢ ਅਤੇ ਉਹਨਾਂ ਸਭਨਾਂ ਨੂੰ ਸੱਚਾ ਮਾਰਗ ਵਿਖਾ :

*ਹੁਬਿ ਗ਼ੈਰ ਅਜ਼ ਜ਼ਮੀਰਿ ਸ਼ਾਂ ਬਜ਼ਦਾਇ ।*
*ਹਮਗਨਾਂ ਰਾ ਤੂ ਰਾਹਿ ਰਾਸਤ ਨੁਮਾਇ ।*

ਸੋ ਗੁਰ ਗੱਦੀ ਦੀ ਜ਼ਿਮੇਵਾਰੀ ਸੌਂਪਣ ਵੇਲੇ ਜਿੱਥੇ ਗੁਰੂ ਨਾਨਕ ਦੇਵ ਜੀ ਨੇ ਹੋਰ ਬਚਨ ਗੁਰੂ ਅੰਗਦ ਦੇਵ ਜੀ ਨੂੰ ਕਹੇ ਸਨ, ਉਥੇ ਇਕ ਇਹ ਵੀ ਸੀ ਕਿ 'ਪਾਰਬ੍ਰਹਮ ਦਾ ਪੰਥ ਕਰਨਾ' । ਇਹ ਹੀ ਹੁਕਮ ਗੁਰੂ ਅਮਰ ਦਾਸ ਜੀ ਨੂੰ ਸੀ ਅਤੇ ਇਹ ਹੀ ਆਗਿਆ ਗੁਰੂ ਰਾਮ ਦਾਸ ਜੀ ਨੂੰ ਹੋਈ ਸੀ । 'ਪਾਰਬ੍ਰਹਮ ਦਾ ਪੰਥ' ਹੀ ਦਸ਼ਮੇਸ਼ ਪਿਤਾ ਵੇਲੇ 'ਵਾਹਿਗੁਰੂ ਜੀ ਕਾ ਖਾਲਸਾ' ਬਣਿਆ ।

ਪਾਰਬ੍ਰਹਮ ਦਾ ਪੰਥ ਬਣਾਉਣ ਲਈ ਗੁਰੂ ਅੰਗਦ ਦੇਵ ਜੀ ਨੇ ਕਈ ਉਪਰਾਲੇ ਕੀਤੇ ਅਤੇ ਗੁਰੂ ਅਮਰ ਦਾਸ ਜੀ ਨੂੰ ਬੜੀ ਜਦੋਜਹਿਦ ਕਰਨੀ ਪਈ ਜਿਨ੍ਹਾਂ ਦਾ ਵੇਰਵਾ ਗੁਰੂ ਰਾਮ ਦਾਸ ਜੀ ਨੇ ਗੁਰਬਾਣੀ ਵਿਚ ਦਿੱਤਾ ਹੈ ।

**ਵਿਰਸਾ ਸੰਭਾਲਿਆ**

ਪੰਥ ਦੀ ਸੰਭਾਲ ਲਈ ਸਭ ਤੋਂ ਪਹਿਲਾਂ ਉਸ ਸਾਂਝੇ ਕੀਮਤੀ ਵਿਰਸੇ ਸੰਭਾਲਿਆ ਫਿਰ ਸੰਭਾਲਿਆ ਵੀ ਉਸ ਥਾਵੇਂ ਜਿੱਥਿਂ ਕੋਈ ਭੰਨ-ਤੋੜ ਨਾ ਕਰ ਸਕੇ। ਹਰ ਉਸ ਘਟਨਾ, ਬੋਲ, ਸਾਖੀ ਤੇ ਹੁਕਮ ਨੂੰ ਸੰਭਾਲ ਲਿਆ ਤਾਂ ਕਿ ਮਾਰਗ ਦਰਸ਼ਨ ਹੁੰਦਾ ਰਹੇ। ਗਉੜੀ ਕੀ ਵਾਰ, ਤੁਖਾਰੀ ਮਹਲਾ ਚੌਥਾ ਦਾ 'ਨਾਵਣੁ ਪੁਰਬੁ ਅਭੀਚੁ' ਵਾਲਾ ਸ਼ਬਦ ਇਸੇ ਪਾਸੇ ਦੀਆਂ ਮੁੱਖ ਉਦਾਹਰਣਾਂ ਹਨ।

**ਇਕ ਦਾ ਸਿਮਰਨ**

ਵੱਖ-ਵੱਖ ਰਾਹ ਬਣ ਜਾਣ ਦਾ ਕਾਰਨ ਹੋਰ ਕੋਈ ਨਹੀਂ ਹੋ ਕੇ ਕੇਵਲ ਪੂਜਾ ਦੇ ਢੰਗ ਹੀ ਹਨ। ਗੁਰੂ ਜੀ ਨੇ ਦੇਖ ਲਿਆ ਸੀ ਕਿ ਇਸਲਾਮ ਜੇ ਹੈ ਤਾਂ ਇਕ ਦਾ ਪੁਜਾਰੀ, ਪਰ ਉਸ ਦੇ ਅਨੇਕਾਂ ਫ਼ਿਰਕੇ ਬਣ ਗਏ। ਇਥੋਂ ਤੱਕ ਕਿ ਪੱਥਰ ਪੂਜ ਹੀ ਬਣ ਗਏ। ਦਰਗਾਹਾਂ ਦੇ ਬਹਾਨੇ ਕਬਰਾਂ ਪੂਜਣ ਲੱਗ ਪਏ। ਹਿੰਦੂਆਂ ਨੇ ਤਾਂ ਅਵਤਾਰ ਪੂਜਾ ਤੇ ਪੱਥਰ ਪੂਜਾ ਨੂੰ ਤਾਂ ਮੁੱਖ ਰੱਖਿਆ ਹੀ ਹੋਇਆ ਸੀ। ਪੂਜਾ ਮਰਯਾਦਾ ਦਾ ਹਿੱਸਾ ਨਾ ਬਣ ਜਾਏ, ਇਸ ਲਈ ਸਿਮਰਨ 'ਤੇ ਜ਼ੋਰ ਦਿੱਤਾ। ਇਕ ਦਾ ਸਿਮਰਨ, ਇਕ ਦੀ ਸੇਵਾ, ਇਕ ਦੀ ਲਗਨ ਤੇ ਇਕਾ ਬਾਣੀ ਨੂੰ ਪ੍ਰਚਾਰਿਆ :

*ਹਰਿ ਇਕੋ ਦਾਤਾ ਸੇਵੀਐ,*
*ਹਰਿ ਇਕ ਧਿਆਈਐ।*
*ਹਰਿ ਇਕੋ ਦਾਤਾ ਮੰਗੀਐ,*
*ਮਨ ਚਿੰਦਿਆ ਪਾਈਐ।*
*ਜੇ ਦੂਜੇ ਪਾਸਹੁ ਮੰਗੀਐ,*
*ਤਾ ਲਾਜ ਮਰਾਈਐ।*

ਸੂਹੀ ਕੀ ਵਾਰ ਮਹਲੇ ੪ ਦਾ ਮੁੱਖ ਧੁਰਾ ਹੀ 'ਇਕਾ ਬਾਣੀ, ਇਕ ਗੁਰ, ਇਕੋ ਸ਼ਬਦ ਵੀਚਾਰ' ਸੀ। 'ਓਅੰਕਾਰ' ਦੀ ਬਾਣੀ ਜੋ ਗੁਰੂ ਨਾਨਕ ਦੇਵ ਜੀ ਨੇ ਦੱਖਣੀ ਤਰਜ਼ ਦੀ ਰਾਮਕਲੀ ਵਿਚ ਗਾਈ ਸੀ, ਉਸ ਵਿਚ ਪ੍ਰਗਟ ਕਰ ਗਏ ਸਨ ਕਿ ਜੋ ਪੰਥ ਉਹ ਸਾਜ ਰਹੇ ਹਨ, ਉਸ ਵਿਚ ਕੋਈ ਹੋਰ ਪਗ-ਡੰਡੀਆਂ ਨਹੀਂ ਹਨ :

*'ਥਿਰੁ ਨਾਰਾਇਣ, ਥਿਰੁ ਗੁਰੂ,*
*ਥਿਰੁ ਸਾਚਾ ਬੀਚਾਰ' ਹੈ।*

ਉਹ ਹੁਣ ਗੁਰੂ ਰਾਮ ਦਾਸ ਜੀ ਵੇਲੇ ਪੂਰਨ ਹੋਇ ਆਇਆ। ਨਿਰਾ ਤਾਲ ਹੀ ਪੂਰਨ ਨਹੀਂ ਹੋਇਆ। ਪੰਥ ਵੀ ਪੂਰਨ ਹੋਇਆ, ਜਗ ਵਿਚ ਪ੍ਰਗਟ ਹੋਇਆ।

**ਪੇੜੁ ਮੁੱਢਾਹੁ ਕਟਿਆ ਤਿਸੁ ਡਾਲ ਸੁਕੰਦੇ**

ਮੰਜੀਆਂ ਦੇ ਬਣ ਜਾਣ ਬਾਅਦ ਇਹ ਚਿਤਾਵਨੀ ਉੱਠੀ ਸੀ ਕਿ ਕਿਧਰੇ ਇਹ ਮੰਜੀਆਂ ਵਾਲੇ ਅਲੱਗ-ਅਲੱਗ ਰਾਹ ਹੀ ਨਾ ਘੜ ਲੈਣ। ਸੋ ਗੁਰੂ ਰਾਮ ਦਾਸ ਜੀ ਨੇ ਇਹਨਾਂ ਮੰਜੀਆਂ ਨੂੰ ਤਾੜਨਾ[1] ਸੰਬੋਧਨ ਤੇ ਧੁਰੇ ਨਾਲ ਜੋੜੀ ਰੱਖਣ ਲਈ 'ਮਸੰਦ' ਦੀ ਪ੍ਰਥਾ ਬਣਾਈ। ਇਹ ਉੱਚੇ ਸੁੱਚੇ ਆਚਰਣ ਵਾਲੇ ਵਿਦਵਾਨ ਪੁਰਸ਼ ਹੁੰਦੇ ਸਨ ਅਤੇ ਗੁਰੂ ਜੀ ਦੇ ਵਿਚਾਰ ਨੂੰ ਸੰਗਤਾਂ, ਸਿੱਖਾਂ ਤੇ ਮੰਜੀਦਾਰਾਂ ਤਕ ਪਹੁੰਚਾਉਣਾ ਉਹਨਾਂ ਦਾ ਕਰਮ ਸੀ। ਜੋ ਭੇਟਾ ਮੰਜੀਆਂ ਵਾਲੇ ਲੈਂਦੇ, ਇਹ ਇਕੱਠੀ ਕਰਕੇ ਗੁਰੂ-ਘਰ ਪਹੁੰਚਾ ਦੇਂਦੇ। ਬਾਈ ਮਸੰਦਾਂ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਕੀਤਾ ਹੈ ਜੋ ਦੂਰ ਦੁਰਾਡੇ ਜਾ ਕੇ ਸਿੱਖੀ ਦੇ ਮਾਰਗ ਨੂੰ ਸਾਵਾਂ ਪੱਧਰਾ ਰੱਖਦੇ ਸਨ। ਜਦ ਕਿਸੇ ਨੇ ਮਸੰਦ ਕੋਲੋਂ ਪੁੱਛਿਆ ਸੀ ਕਿ ਤੁਸੀਂ ਗੁਰੂ ਦੀ ਕੌਡੀ ਨੂੰ ਕਿਵੇਂ ਜਾਣਦੇ ਹੋ ਤਾਂ ਭਾਈ ਅਜਬ ਜੀ ਨੇ ਕਿਹਾ ਸੀ : 'ਸ਼ਿਵ ਨਿਰਮਾਇਲ', ਭਾਵ ਜ਼ਹਿਰ। ਇਸ ਤਰ੍ਹਾਂ ਪੰਥ ਵਿਚ ਪੂਜਾ ਦਾ ਜ਼ਹਿਰ ਨਾ ਪੈਣ ਦਿੱਤਾ ਅਤੇ ਧੁਰੇ ਨਾਲੋਂ ਕੋਈ ਟੁੱਟਿਆ ਵੀ ਨਾ। ਅੰਮ੍ਰਿਤਸਰ ਦੀ ਹੋਂਦ ਨੇ ਪੰਥ ਨੂੰ ਕਦੇ ਵੀ ਖੇਰੂੰ-ਖੇਰੂੰ ਨਾ ਹੋਣ ਦਿੱਤਾ।

**ਮਰਯਾਦਾ ਪੱਕੀਆਂ ਕੀਤੀਆਂ**

ਜਨਮ, ਵਿਆਹ, ਮੌਤ ਤੇ ਨਿਤਨੇਮ ਦੀ ਮਰਯਾਦਾ ਨੂੰ ਗੁਰੂ ਰਾਮ ਦਾਸ ਜੀ ਨੇ ਪੱਕਿਆਂ ਕਰ ਦਿੱਤਾ। ਅਨੰਦ ਵਿਆਹ ਪ੍ਰਚਲਤ ਹੋਣ ਨਾਲ ਪੰਥ ਦੀ ਪੂਰਨਤਾ ਦਾ ਐਲਾਨ ਹੋ ਗਿਆ। ਜਦ ਪਿਛੋਂ ਅਨੰਦ ਮੈਰਿਜ ਐਕਟ ਬਣਿਆ ਤਾਂ ਡਾਕਟਰ ਤਾਰਾ ਚੰਦ ਨੇ ਲਿਖਿਆ ਕਿ ਇਹ ਕੋਈ ਨਿਰੇ ਵਿਆਹ ਨੂੰ ਸਵਿਕਿਰਤੀ ਮਿਲਣ ਵਾਲੀ ਗੱਲ ਤਕ ਹੀ ਸੀਮਤ ਨਹੀਂ ਸੀ। ਇਸ ਦੇ ਪ੍ਰਭਾਵ ਵਿਆਪਕ ਸਨ। ਇਸ ਨਾਲ ਉਹ ਖਿੜਕੀ ਖੁੱਲ੍ਹ ਗਈ ਜਿਸ ਰਾਹੀਂ ਖੁੱਲ੍ਹੇ ਜਗਤ ਤੋਂ ਅੰਦਰ ਤਾਜ਼ਾ ਹਵਾ ਆਉਣ ਲੱਗੀ। ਫੋਕੀਆਂ ਰੀਤਾਂ ਤੇ ਫ਼ਜ਼ੂਲ ਰਸਮਾਂ ਦੇ ਚੁਲ੍ਹੇ ਹੇਠੋਂ ਕੌਮ ਇਸ ਐਕਟ ਅਧੀਨ ਛੁਟਕਾਰਾ ਪਾਉਣ ਤੇ ਹੋਰ ਅੱਗੇ ਨੂੰ ਧਾਹ ਸਕਣ ਲਈ ਸਮਰੱਥ ਹੋਈ।[2] ਇਸ ਦੀ ਹੋਂਦ ਸਦਕਾ ਹਿੰਦੂਆਂ ਨਾਲੋਂ ਪੰਥ ਸਾਫ਼ ਨਿਖੜ ਗਿਆ। ਅਨੰਦ ਵਿਆਹ ਗੁਰਮਤਿ ਰੀਤੀ ਨਾਲ ਹੋਣ ਨਾਲ ਹੋਰ ਪ੍ਰਭਾਵ ਇਹ

---

1. "ਵਿਣ ਸਤਿਗੁਰ ਕੇ ਹੁਕਮੈ ਜਿ ਗੁਰ ਸਿਖਾ ਪਾਸਹੁ ਕੰਮ ਕਰਾਇਆ ਲੋੜੇ ਤਿਸੁ ਫਿਰਿ ਨੇੜਿ ਨ ਆਵੈ। ਜਿ ਵਿਣੁ ਸਤਿਗੁਰ ਕੇ ਮਨੁ ਮੰਨੇ ਕੰਮ ਕਰਾਏ ਸੋ ਜੰਤ ਮਹਾ ਦੁਖੁ ਪਾਵੈ।" ਦੇ ਹੁਕਮ ਇਸੇ ਲਈ ਸਨ।
2. It opened a window on the larger world and let in fresh air. Freed, under its impact, from the tramples of empty ritual and spurious ceremonies, the community could now forge ahead on path to progress.........
   This Constituted a distinct break with Hinduism.
   (History of Freedom Movement in India, Vol. II, Page 396)

ਪਿਆ ਕਿ ਕੌਮ ਵਿਚ ਆਪਣੇ 'ਤੇ ਵਿਸ਼ਵਾਸ਼ ਜਾਗਿਆ । ਪ੍ਰੋਹਿਤ, ਪੰਡਿਤ, ਮੁੱਲਾਂ, ਕਾਜ਼ੀ ਤੋਂ ਪੰਥ ਬੇਨਿਆਜ਼ ਹੋ ਗਿਆ ।

''ਹਰ ਕਾਰਜ ਦੀ ਆਰੰਭਤਾ ਵੇਲੇ ਕੇਵਲ ਵਾਹਿਗੁਰੂ ਅੱਗੇ ਅਰਦਾਸ ਕਰੋ'', ਆਖ ਕੇ ਕਿਤਨਾ ਸਹਿਲ ਬਣਾ ਦਿੱਤਾ ਪੰਥ 'ਤੇ ਟੁਰਨਾ । ਪੰਥ ਹਰ ਕਾਰਜ ਕਰਨ ਵੇਲੇ ਹੁਣ ਸ੍ਰੀ ਰਾਗ ਦੀ ਪਉੜੀ :

*ਕੀਤਾ ਲੋੜੀਐ ਕੰਮੁ,*
*ਸੁ ਹਰਿ ਪਹਿ ਆਖੀਐ ।*

ਪੜ੍ਹਦਾ । ਪੰਥ ਦਾ ਵਿਸ਼ਵਾਸ਼ ਹੈ ਕਿ ਸਤਿਗੁਰੂ ਸਾਖੀ ਹੋ ਕੇ ਕਾਰਜ ਨੂੰ ਸਿਰੇ ਚਾੜ੍ਹ ਦੇਂਦਾ ਹੈ । ਧਰਮਸਾਲ (ਗੁਰਦੁਆਰਿਆਂ), ਧਰਮਸਾਲੀਆਂ ਤੇ ਪ੍ਰਬੰਧਕਾਂ ਲਈ ਵੀ ਮਰਯਾਦਾ ਦੱਸੀ । ਗੁਰੂ ਜੀ ਨੇ ਸਿੱਖ ਨੂੰ ਖ਼ਾਸ ਕਰ ਜੋ ਨਿੱਤ ਦੀ ਮਰਯਾਦਾ ਦੱਸੀ, ਉਹ ਪੰਥ ਨੂੰ ਪੂਰਨ ਕਰਨ ਵਿਚ ਬਹੁਤ ਹੀ ਸਹਾਇਕ ਹੋਈ । ਖੱਬੇ ਸੱਜੇ ਦੇਖਣ, ਪੁੱਛਣ, ਸੁੱਖਾਂ ਸੁੱਖਣ, ਸ਼ਗਨ, ਅਪਸ਼ਗਨ ਤੇ ਹੋਰ ਡਰਾਂ ਤੋਂ ਕੌਮ ਨੂੰ ਮੁਕਤ ਕਰ ਦਿੱਤਾ । ਮਰਯਾਦਾ ਸੀ :

ਸਤਿਗੁਰੂ ਦਾ ਜੋ ਸਿੱਖ ਅਖਵਾਂਦਾ ਹੈ ਉਹ ਹਰ ਰੋਜ਼ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ, ਫਿਰ ਨਾਮ ਦੇ ਸਰੋਵਰ ਵਿਚ ਟੁਭਕੀ ਲਗਾਏ । ਟੁਭਕੀ ਲਗਾਉਣੀ ਇਹ ਹੈ ਕਿ ਬਾਣੀ ਦੇ ਹਰ ਸ਼ਬਦ ਦੀ ਵੀਚਾਰ ਕਰਕੇ ਹਿਰਦੇ ਨੂੰ ਤੋਲੇ । ਐਸਾ ਕਰਨ ਨਾਲ ਹੀ ਸਾਰੇ ਪਾਪ, ਵਿਕਾਰ ਮੁੱਕ ਜਾਣਗੇ ਤੇ ਉਹ ਹੋਲਾ-ਹੋਲਾ ਮਹਿਸੂਸ ਕਰੇਗਾ । ਜਦ ਦਿਨ ਚੜ੍ਹੇ ਤਾਂ ਬਾਣੀ ਦਾ ਕੀਰਤਨ ਕਰੇ, ਸੰਗਤ ਵਿਚ ਪੁੱਜੇ । ਫਿਰ ਦਿਹਾੜੀ ਉੱਠਦਿਆਂ, ਬੈਠਦਿਆਂ, ਵਿਹਾਰ, ਕਿਰਤ-ਕਾਰ ਕਰਦਿਆਂ ਪ੍ਰਭੂ ਨੂੰ ਨ ਵਿਸਾਰੇ । ਐਸਾ ਸਿੱਖ ਹੀ ਗੁਰੂ ਨੂੰ ਪਿਆਰਾ ਹੈ ਜੋ ਹਰ ਵੇਲੇ ਵਾਹਿਗੁਰੂ ਨੂੰ ਯਾਦ ਰੱਖਦਾ ਹੈ । ਇਹ ਆਪਣੇ ਜ਼ੋਰ ਕੁਝ ਨਹੀਂ ਹੋਣਾ । ਇਹ ਸਤਿਗੁਰੂ ਦੀ ਕਿਰਪਾ ਦ੍ਰਿਸ਼ਟੀ ਨਾਲ ਹੋਣਾ ਹੈ । ਭਾਵ ਕਦੇ ਵੀ ਹੰਕਾਰ ਵਿਚ ਨਾ ਆਵੇ । ਨਿੰਮ੍ਰਤਾ ਦੇ ਘਰ ਰਹੇ । ਫਿਰ ਇਤਨਾ ਕੁਝ ਪ੍ਰਾਪਤ ਕਰ ਕੇ ਪੰਥ ਦਾ ਰਾਹੀ ਇਕੱਲਿਆਂ ਹੀ ਨਾ ਜਾਏ । ਪੰਥ ਹੈ ਹੀ ਹਮ-ਖ਼ਿਆਲੀਆਂ ਦਾ ਸਮੂਹ । ਆਪ ਜਪੈ ਤੇ ਹੋਰਨਾਂ ਨੂੰ ਵੀ ਜਪਾਵੇ । ਇਕੱਲਾ ਟੁਰਨਾ ਆਸਾਨ ਹੈ ਪਰ ਇਕ ਨੂੰ ਹੋਰ ਲੈ ਕੇ ਟੁਰਨਾ ਹੋਵੇ ਤਾਂ ਰਤਾ ਕੁ ਖੇਚਲ ਤੇ ਮਿਹਨਤ ਕਰਨੀ ਪੈਂਦੀ ਹੈ, ਪਰ ਰਾਹ ਛੇਤੀ ਕੱਟਿਆ ਜਾਂਦਾ ਹੈ ਅਤੇ ਇਕ ਦੂਜੇ ਦੀ ਲੋੜ ਦਾ ਅਹਿਸਾਸ ਹਉਮੈ ਨੂੰ ਕੱਟਦਾ ਰਹਿੰਦਾ ਹੈ । ਲੋਕੀਂ ਆਤਮ ਜਗਿਆਸੂ ਨੂੰ 'ਇਕੇਲੇ ਦੀ ਉੜਾਨ ਏਕਲੇ ਵੱਲ' ਕਹਿੰਦੇ ਸਨ ਅਤੇ ਹਿੰਦੋਸਤਾਨੀ 'ਸਾਧੂ ਨਾ ਚਲੇ ਜਮਾਤ' ਕਹਿੰਦਾ ਸੀ, ਇਥੇ ਤਾਂ ਉਸੇ ਤੋਂ ਕੁਰਬਾਨ ਹੁੰਦਾ ਹੈ ਜੋ ਆਪਣੇ ਆਤਮ ਸੁੱਖ ਵਿਚੋਂ ਤੇ ਦੁਨਿਆਵੀ ਬਰਕਤਾਂ ਵਿਚੋਂ ਵੰਡਦਾ ਰਹਿੰਦਾ ਹੈ । ਹਵਾਲੇ ਦਾ ਸਲੋਕ ਹੈ :

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ,*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*

*ਉਦਮੁ ਕਰੇ ਭਲਕੇ ਪਰਭਾਤੀ,*
*ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ,*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰ ਚੜੈ ਦਿਵਸੁ ਗੁਰਬਾਣੀ ਗਾਵੈ,*
*ਬਹਿਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ,*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ,*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ,*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ੨ ॥*

(ਪੰਨਾ ੩੦੫, ਗੁਰੂ ਗ੍ਰੰਥ ਸਾਹਿਬ)

ਇਥੇ ਇਕ ਇਹ ਗੱਲ ਵੀ ਚੇਤੇ ਰੱਖਣ ਵਾਲੀ ਹੈ ਕਿ ਸਲੋਕ ਐਨ ਉਸ ਸਲੋਕ ਦੇ ਪਿਛੋਂ ਹੈ ਜਿਸ ਵਿਚ ਤਪੇ ਦਾ ਪਾਜ ਉਘੜਦਾ ਤੇ ਉਸ ਦੀ ਨਮੋਸ਼ੀ ਦਾ ਜ਼ਿਕਰ ਸੀ । ਤਪੇ ਦੀ ਰਹਿਣੀ ਉਲਟ ਸਿੱਖ ਦੀ ਮਰਯਾਦਾ ਦੱਸੀ ਹੈ ਜਿਸ ਵਿਚ ਸਦਾ ਅਨੰਦ ਰਹੇ ਦਿਨ ਰਾਤੀ ਹੈ ਅਤੇ ਕੋਈ ਈਰਖਾ, ਸਾੜਾ, ਖਖੀਲੀ ਜਾਂ ਅੰਦਰ ਭੁੱਖ ਨਹੀਂ ।

**ਪੀੜ੍ਹੀ ਦੀ ਗੱਲ ਕਰਨੀ**

ਪੀੜ੍ਹੀ ਦੀ ਗੱਲ ਕਰਨ ਦਾ ਵੀ ਇਹ ਭਾਵ ਸੀ ਕਿ ਇਹ ਪੰਥ ਵਿਚ ਇਕਸਾਰਤਾ ਹੈ, ਲਗਾਤਾਰਤਾ ਹੈ ਤੇ ਕੋਈ ਗੁਰੂ ਨਵਾਂ ਰਾਹ ਨਹੀਂ ਚਲਾ ਰਹਿਆ । ਗੁਰੂ ਨਾਨਕ ਦੇਵ ਜੀ ਦੇ ਦੱਸੇ ਹੋਏ ਰਾਹ ਨੂੰ ਹੀ ਬਾਕੀ ਗੁਰੂ ਸਾਹਿਬਾਨ ਪ੍ਰਗਟ ਕਰ ਰਹੇ ਹਨ । ਇਸ ਲਈ ਕਦੇ ਵਿਅਕਤੀ ਜਾਂ ਸਰੀਰਾਂ ਵੱਲ ਧਿਆਨ ਦੇਣ ਲਈ ਕਿਸੇ ਗੁਰੂ ਜੀ ਨੇ ਨਹੀਂ ਕਿਹਾ । ਸਾਰਾ ਜ਼ੋਰ ਬਾਣੀ, ਸ਼ਬਦ, ਕੀਰਤਨ, ਸਤਿ ਸੰਗਤ ਕਰ ਕੇ ਸੁਣਨ, ਮੰਨਣ ਤੇ ਧਿਆਨ ਲਗਾਉਣ ਵਿਚ ਕਿਹਾ ।[1]

**ਦਸਵੰਧ**

ਪੰਥ ਦੀ ਪੂਰਨਤਾ ਵਿਚ ਜਿਸ ਹੁਕਮ ਨੇ ਇਕ ਬਹੁਤ ਵੱਡਾ ਹਿੱਸਾ ਪਾਇਆ, ਉਹ ਕਿਰਤ ਵਿਚੋਂ ਦਸਵੰਧ ਦੇਣ ਦੀ ਰੀਤ ਸੀ । ਸਿੱਖ ਵਿਚ ਇਹ ਇਹਸਾਸ ਪੈਦਾ ਹੋ ਗਿਆ ਕਿ ਉਹ ਵੱਡੇ ਟੱਬਰ ਦਾ ਹਿੱਸਾ ਹੈ । ਜਿਵੇਂ ਉਸ ਨੇ ਆਪਣੇ ਧੀ, ਪੁੱਤਰ ਸਾਕ ਸਨਬੰਧੀ ਦਾ ਖ਼ਿਆਲ ਰੱਖਣਾ ਹੈ, ਤਿਵੇਂ ਪੰਥ ਦੀਆਂ ਸਮਾਜਿਕ, ਆਰਥਿਕ ਤੇ ਧਾਰਮਿਕ ਲੋੜਾਂ ਦਾ ਭਾਰ ਉਸ 'ਤੇ ਹੈ । ਮਹਾਰਾਜ ਨੇ ਇਹ ਸਮਝਾ ਦਿੱਤਾ ਸੀ :

---

1. ਗੁਰਮਤਿ ਮਨ ਠਹਿਰਾਇਆ ਮੇਰੀ ਜਿੰਦੁੜੀਏ, ਅਨਤ ਨ ਕਾਹੂੰ ਡੋਲੇ ਰਾਮ ।
(ਬਿਹਾਗੜਾ ਮ: ੪)

*ਨਿਤ ਸਉਦਾ ਸੂਦੁ ਕੀਚੈ ਬਹੁਤ ਭਾਤਿ ਕਰਿ*
*ਮਾਇਆ ਕੈ ਤਾਈ ॥*
*ਜਾ ਲਾਹਾ ਦੇਇ ਤਾਂ ਸੁਖੁ ਮਨੇ*
*ਤੋਟੈ ਮਰਿ ਜਾਈ ॥ ੩ ॥*
*ਜੋ ਗੁਣ ਸਾਝੀ ਗੁਰ ਸਿਉਂ ਕਰੇ*
*ਨਿਤ ਨਿਤ ਸੁਖੁ ਪਾਈ ॥* [1]

ਮੁਹਸਨ ਫ਼ਾਨੀ ਨੇ ਠੀਕ ਲਿਖਿਆ ਹੈ ਕਿ ਸਰਕਾਰ ਨੂੰ ਕਰ ਉਗਰਾਹੁਣੇ ਹੁੰਦੇ ਤਾਂ ਕਈ ਹੀਲੇ ਤੇ ਤਰੱਦਦ ਕਰਨੇ ਪੈਂਦੇ ਸਨ ਪਰ ਇਹ ਨਹੀਂ ਸੁਣਿਆ ਡਿੱਠਾ ਕਿ ਕਿਸੇ ਸਿੱਖ ਨੇ ਦਸਵੰਧ ਦੇਣ ਵਿਚ ਢਿੱਲ ਕੀਤੀ ਹੋਵੇ । ਪੰਥ ਦੀ ਚੜ੍ਹਦੀ ਕਲਾ ਦਾ ਇਹ ਦਸਵੰਧ ਇਕ ਰਾਜ਼ ਸੀ ।

**ਆਪੇ ਗੁਰ ਚੇਲਾ ਦੀ ਨੀਂਹ**

ਸਿੱਖ ਆਪਣੀ ਜ਼ਿੰਮੇਵਾਰੀ ਉਠਾਉਣ ਯੋਗ ਹੋ ਜਾਏ, ਇਸ ਲਈ ਮੁੱਢ ਤੋਂ ਹੀ ਤਿਆਰੀਆਂ ਆਰੰਭ ਸਨ । ਗੁਰੂ ਅੰਗਦ ਦੇਵ ਜੀ ਨੇ ਬਲਵੰਡ ਜੀ ਦਾ ਕੀਰਤਨ ਸੁਣਨ ਤੋਂ ਇਨਕਾਰ ਕਰ ਦਿੱਤਾ ਜਦ ਉਸ ਨੇ ਬਾਬਾ ਬੁੱਢਾ ਜੀ ਨੂੰ ਉਹਨਾਂ ਦਾ ਚਿੱਤ ਕੀਰਤਨ ਸੁਣਨ ਹੋਣ ਵੇਲੇ ਇਨਕਾਰ ਕਰ ਦਿੱਤਾ ਸੀ । ਗੁਰੂ ਅਮਰਦਾਸ ਜੀ ਨੇ ਪਰਤੱਖ ਦਿਖਲਾ ਦਿੱਤਾ ਸੀ ਕਿ ਜੋ ਸਿੱਖ ਲੰਗਰ ਵਿਚ ਪ੍ਰਸ਼ਾਦਿ ਛਕਦੇ ਹਨ, ਉਸ ਦਾ ਸਵਾਦ ਉਹਨਾਂ ਨੂੰ ਪੂਰਾ ਪੂਰਾ ਮਿਲਦਾ ਹੈ । ਗੁਰੂ ਜੀ ਵੀ ਸਿੱਖ ਤੇ ਪੂਰੀ ਜ਼ਿੰਮੇਵਾਰੀ ਪਾ ਰਹੇ ਸਨ । ਅਸਲ ਵਿਚ ਸਾਰਾ ਸਿੱਖ ਇਤਿਹਾਸ ਹੈ ਹੀ ਸਿੱਖ ਨੂੰ ਜ਼ਿੰਮੇਵਾਰ ਬਣਾਉਣ ਦਾ ਇਤਿਹਾਸ । ਜਦ ਦਸ਼ਮੇਸ਼ ਜੀ ਨੇ ਡਿੱਠਾ ਕਿ ਸਿੱਖ, ਸੰਗਤ ਹੁਣ ਖਾਲਸਾ ਦੇ ਰੂਪ ਵਿਚ ਸ਼ਬਦ ਦੀ ਜ਼ਿੰਮੇਵਾਰੀ ਉਠਾਉਣ ਯੋਗ ਹੋ ਗਿਆ ਹੈ ਤਾਂ ਆਪਾ ਸੰਕੋਚ ਲਿਆ ।

ਗੁਰੂ ਰਾਮ ਦਾਸ ਜੀ ਨੇ ਇਹ ਸਪੱਸ਼ਟ ਕਰ ਦਿੱਤਾ ਸੀ ਕਿ ਗੁਰੂ ਤੇ ਸਿੱਖ ਵਿਚ ਰਤਾ ਵੀ ਅੰਤਰ ਨਹੀਂ ਕਿਉਂਕਿ ਸਿੱਖ ਵੀ ਉਹ ਹੀ ਸਿੱਖਿਆ ਦੀ ਪ੍ਰਣਾਲੀ ਚਲਾਉਂਦਾ ਹੈ, ਜੋ ਗੁਰੂ ਚਲਾਉਂਦਾ ਹੈ । ਸਿੱਖ ਵਿਚ ਆਪ-ਹੁਦਰਾ-ਪਨ ਹੈ ਹੀ ਨਹੀਂ । ਹੁਕਮ ਕੀਤਾ :

*ਗੁਰੂ ਸਿੱਖ, ਸਿੱਖ ਗੁਰੂ ਹੈ*
*ਏਕੋ ਗੁਰ ਉਪਦੇਸ਼ ਚਲਾਏ ।* [2]

**ਸਭ ਡਰ ਕੱਢ ਘੱਤੇ** : ਸਭ ਡਰ ਗੁਰੂ ਸਾਹਿਬਾਨ ਨੇ ਕੱਢ ਦਿੱਤੇ ਅਤੇ ਇਸ ਸਾਜੇ ਪੰਥ 'ਤੇ ਟੁਰਨ ਵਾਲੇ ਕਿਤਨੇ ਨਿਰਭਉ ਸਨ, ਉਸ ਦੀ ਸਾਖ ਸਾਡਾ ਸਾਰਾ ਇਤਿਹਾਸ ਹੈ । ਪਹਿਲਾਂ ਕਰਮਾਂ ਦਾ ਡਰ ਲਾਹਿਆ । ਫਿਰ ਸੰਸਾਰੀ ਹੁਕਮਰਾਨਾਂ, ਸਿਕਦਾਰਾਂ, ਨਵਾਬਾਂ, ਸ਼ਾਹਾਂ, ਬਾਦਸ਼ਾਹਾਂ, ਚੋਧਰੀਆਂ ਅਤੇ ਸਰਕਾਰਾਂ ਦਾ । ਉਹਨਾਂ ਦੱਸਿਆ ਕਿ :

---

1. ਗਉੜੀ ਬੈਰਾਗਨ ਮ: ੪, ਪੰਨਾ ੧੬੬ ।
2. ਗੁਰੂ ਗ੍ਰੰਥ ਸਾਹਿਬ, ਪੰਨਾ ੪੪੪ ।

*ਜਿਤਨੇ ਸਾਹ ਪਾਤਿਸ਼ਾਹ ਉਮਰਾਵ*
*ਸਿਕਦਾਰ ਚਉਧਰੀ ਸਭਿ*
*ਮਿਥਿਆ ਝੂਠੁ ਭਾਉ ਦੂਜਾ ਜਾਣੁ ।*
*ਜਿਤਨੇ ਧਨਵੰਤ ਕੁਲਵੰਤ ਮਿਲਖਵੰਤ ਦੀਸਹਿ ਮਨ ਮੇਰੇ*
*ਸਭਿ ਬਿਨਸਿ ਜਾਹਿ*
*ਜਿਉਂ ਰੰਗ ਕਸੁੰਭ ਕਚਾਣੁ ।*
*ਉਹ ਸਭ ਤੇ ਊਚਾ ਸਭ ਤੇ ਸੂਚਾ*
*ਜਾਕੈ ਹਿਰਦੈ ਵਸਿਆ ਭਗਵਾਨੁ ।* [1]

ਇਹ ਹੀ ਤਾਂ ਹੈ ਵਾਹਿਗੁਰੂ ਜੀ ਕੇ ਖਾਲਸੇ ਦਾ ਲੱਛਣ । ਕਿਆ ਖ਼ੂਬ ਬਾਤ ਗੁਰੂ ਰਾਮ ਦਾਸ ਜੀ ਨੇ ਕਹੀ :

*ਪਉੜੀ : ਖਾਨ ਮਲੂਕ ਕਹਾਇਦੇ*
*ਕੋ ਰਹਣ ਨ ਪਾਈ ॥*
*ਗੜ੍ਹ ਮੰਦਰ ਗਚਗੀਰੀਆਂ*
*ਕਿਛੁ ਸਾਥਿ ਨ ਜਾਈ ॥*[2]

**ਪੰਥ ਦੇ ਰਾਹ ਆਉਂਦੀਆਂ ਰੁਕਾਵਟਾਂ ਵੀ ਹਟਾਈਆਂ** — ਚੌਥੇ ਪਾਤਸ਼ਾਹ ਨੇ ਨਿਰਾ ਪੰਥ ਹੀ ਸੰਪੂਰਨ ਨਾ ਕੀਤਾ ਸਗੋਂ ਹਰ ਉਸ ਰੁਕਾਵਟ ਤੋਂ ਵੀ ਸੁਚੇਤ ਕੀਤਾ ਜੋ ਪੰਥ ਨੂੰ ਇਸ ਰਾਹ ਟੁਰਦੇ ਆਵੇਗੀ । ਪਹਿਲਾਂ ਆਪ-ਹੁਦਰੇਪਣ ਤੋਂ ਵਰਜਿਆ । ਸੁਆਰਥੀਆਂ ਖ਼ੁਦਗ਼ਰਜ਼ਾਂ ਤੋਂ ਸੁਚੇਤ ਕੀਤਾ ।[3] ਐਸੇ ਲੋਕਾਂ ਤੋਂ ਬਚੋ ਜੋ ਹਰ ਕੰਮ, ਜ਼ਾਤ ਤੇ ਨਿਜ ਨੂੰ ਮੁੱਖ ਰਖ ਕੇ ਕਰਦੇ ਹਨ । ਚੇਤਾਵਨੀ ਦਿੱਤੀ :

*ਜੋ ਸੰਸਾਰੈ ਕੇ ਕੁਟੰਬ*
*ਮਿਤ੍ਰ ਭਾਈ ਦੀਸਹਿ ਮਨ ਮੇਰੇ*
*ਤੇ ਸਭਿ ਆਪਨੈ ਸੁਆਇ ਮਿਲਾਸਾ ॥*
*ਜਿਤੁ ਦਿਨਿ ਉਨ੍ਹ ਕਾ ਸੁਆਉ ਹੋਇ ਨਾ ਆਵੈ*
*ਤਿਤੁ ਦਿਨਿ ਨੇੜੈ ਕੋ ਨ ਢੁਕਾਸਾ ॥*[4]

ਪਰ ਪੰਥ ਦਾ ਰਾਹੀ ਇਕ ਦੂਜੇ ਲਈ ਨਿਰਸੁਆਰਥ ਹੋ ਕਾਰਜ ਕਰੇਗਾ । ਹਥਹੁ ਦੇ ਕੇ ਭਲਾ ਮਨਾਏਗਾ । ਪੰਥ ਵਿਚ ਕਦੇ ਧੜਾ ਨਹੀਂ ਬਣਨ ਦੇਣਾ । ਇਹ ਜਿਤਨੇ ਧੜੇ ਬਣਦੇ ਹਨ, ਸਾਹਿਬ ਗੁਰੂ ਰਾਮ ਦਾਸ ਜੀ ਨੇ ਕਿਹਾ ਕਿ ਮਾਇਆ ਲਈ ਜਾਂ ਆਪਣੀ ਹੋਂਦ ਜਤਾਣ ਲਈ ਹਨ । ਇਹ ਗ਼ਲਤ ਲੋਕ ਹੀ ਧੜੇ ਬਣਾਉਂਦੇ ਹਨ । ਫਿਰ ਸਭ ਤੋਂ ਮਾੜੀ ਗੱਲ ਇਹ ਕਿ ਧੜਿਆਂ ਵਿਚ ਬੱਧੇ ਲੋਕ ਜਿੱਥੇ ਵੀ

---

1. ਗੋਂਡ ਮਹਲਾ ੪, ਪੰਨਾ ੮੬੧ ।
2. ਸਾਰੰਗ ਕੀ ਵਾਰ ਮਹਲਾ ੪, ਪੰਨਾ ੧੨੪੬ ।
3. ਆਪਣ ਸੁਆਇ ਕਰਹਿ ਬਹੁ ਬਾਤਾ
   ਤਿਨ ਕਾ ਵਿਸਾਹੁ ਕਿਆ ਕੀਜੈ ।
4. ਗੋਂਡ ਮਹਲਾ ੪, ਪੰਨਾ ੮੬੦ ।

ਬੈਠਣਗੇ, ਪੁਰਾਣੇ ਨੁਕਸ, ਅਟਕਲ ਪਚੂ ਲਗਾ ਕੇ, ਅਫਵਾਹਾਂ ਫੈਲਾ ਕੇ, ਛਾਂਟਦੇ ਰਹਿਣਗੇ, ਇਹ ਵੀ ਇਕ ਅਹੰਕਾਰ ਦੀ ਹੀ ਨਿਸ਼ਾਨੀ ਹੈ । ਪੰਥ ਵਿਚ ਐਸੇ ਲੋਕ ਬਹੁਤ ਹੀ ਵਿਘਨਕਾਰੀ ਹਨ । ਸੁਚੇਤ ਕਰਦੇ ਕਿਹਾ :

*ਏਹ ਸਭਿ ਧੜੇ ਮਾਇਆ ਮੋਹ ਪਸਾਰੀ ॥*
*ਮਾਇਆ ਕਉ ਲੂਝਹਿ ਗਾਵਾਰੀ ॥ ੩ ॥*
*ਮਿਥਿਆ ਦੂਜਾ ਭਾਉ ਧੜੇ ਬਹਿ ਪਾਵੈ ॥*
*ਪਰਾਇਆ ਛਿਦ੍ਰੁ ਅਟਕਲੈ*
*ਅਪਣਾ ਅਹੰਕਾਰੁ ਵਧਾਵੈ ॥ ੫ ॥*

ਪੰਥ 'ਤੇ ਟੁਰਨ ਵਾਲੇ ਨੇ ਇਹ ਹੀ ਕਹਿੰਦੇ ਰਹਿਣਾ ਹੈ :

*ਮੈ ਹਰਿ ਬਿਨੁ ਪਖੁ ਧੜਾ ਅਵਰੁ ਨ ਕੋਈ ॥*[1]

ਭਟ ਕੀਰਤ ਨਾਲ ਰਲ ਕੇ ਇਹ ਹੀ ਬੇਨਤੀ ਕਰਨੀ ਹੈ ਕਿ ਅਸੀਂ ਅਉਗੁਣਾਂ ਨਾਲ ਭਰੇ ਹੋਏ ਹਾਂ, ਇਕ ਵੀ ਗੁਣ ਨਹੀਂ ਹੈ । ਅੰਮ੍ਰਿਤ ਨੂੰ ਛੱਡ ਕੇ ਨਿਰੀ ਵਿਹੁ ਹੀ ਖਾਣ ਵਿਚ ਜੁੱਟੇ ਹੋਏ ਹਾਂ । ਮਾਇਆ ਦੇ ਮੋਹ ਤੇ ਭਰਮਾਂ ਵਿਚ ਪੈ ਕੇ ਸਹੀ ਜੀਵਨ ਦੇ ਰਾਹ ਤੋਂ ਭੁੱਲੇ ਹੋਏ ਹਾਂ । ਪੁੱਤਰ, ਇਸਤਰੀ ਦੇ ਮੋਹ ਤੋਂ ਰਤਾ ਵੀ ਉੱਚਾ ਨਹੀਂ ਉੱਠੇ । ਪਰ ਇਹ ਸੁਣਿਆ ਹੈ ਕਿ 'ਸਤਿਗੁਰੂ ਦੀ ਸੰਗਤਿ ਵਾਲਾ ਇਕ ਉੱਚਾ ਪੰਥੁ ਹੈ' । ਉਸ 'ਤੇ ਟੁਰ ਕੇ, ਵਿਚ ਰਲ ਕੇ, ਵੱਡੇ ਤੋਂ ਵੱਡਾ ਡਰ, ਜੋ ਜਮ ਦਾ ਹੈ, ਮੇਟ ਲਿਆ ਹੈ :

*ਇਕ ਉਤਮ ਪੰਥੁ ਸੁਨਿਓ ਗੁਰ ਸੰਗਤਿ*
*ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥*
*ਇਕ ਅਰਦਾਸਿ ਭਾਟ ਕੀਰਤਿ ਕੀ*
*ਗੁਰ ਰਾਮ ਦਾਸ ਰਾਖਹੁ ਸਰਣਾਈ ॥*

---

1. ਰਾਗ ਆਸਾ, ਘਰ ਦੂਜਾ, ਮਹਲਾ ੪, ਪੰਨਾ ੩੬੬ ।

# ਛਤ੍ਰ ਸਿੰਘਾਸਨੁ ਪਿਰਥਮੀ ਗੁਰ ਅਰਜਨੁ ਕਉ

**ਬਾਬਾ ਪ੍ਰਿਥੀ ਚੰਦ**

ਗੁਰੂ ਰਾਮ ਦਾਸ ਜੀ ਦੇ ਵੱਡੇ ਸਪੁੱਤਰ ਦਾ ਨਾਮ ਪ੍ਰਿਥੀ ਚੰਦ ਸੀ । ਬਾਬਾ ਪ੍ਰਿਥੀ ਚੰਦ ਜੀ ਦਾ ਜਨਮ ਸੰਨ ੧੫੫੭ ਈ. ਵਿਚ ਗੋਇੰਦਵਾਲ ਵਿਖੇ ਹੋਇਆ ਸੀ । ਉਹਨਾਂ ਦੇ ਸੁਭਾਅ ਬਾਰੇ ਲਿਖਿਆ ਹੈ : ''ਵਿਦਿਆ ਸੀ ਪਰ ਵਿਚਾਰ ਨਹੀਂ ਸੀ । ਬੁੱਧੀ ਸੀ ਪਰ ਬਿਬੇਕ ਨਹੀਂ ਸੀ । ਸੇਵਾ ਸੀ ਪਰ ਹੰਕਾਰ ਭਰੀ ਤੇ ਦਿਖਾਵੇ ਵਾਲੀ । ਛਿਤੇ ਕਾਹਲੇ ਸਨ ।'' ਲਤੀਫ਼ ਨੇ ਉਹਨਾਂ ਨੂੰ ਪੂਰਾ ਦੁਨੀਆਦਾਰ (ਵਰਲਡਲੀ ਮਾਈਂਡਿਡ) ਹੀ ਲਿਖਿਆ ਹੈ । ਭਾਈ ਗੁਰਦਾਸ ਜੀ ਨੇ ਉਸ ਲਈ ਉਚੇਚਾ ਸ਼ਬਦ ਮੀਣਾ ਲਿਖਿਆ ਹੈ । ਮੀਣੇ ਰਾਜਸਥਾਨ ਦੇ ਉਹ ਹਿੰਦੂ ਕਜ਼ਾਕ, ਡਾਕੂ ਹੁੰਦੇ ਸਨ ਜੋ ਰਾਹ ਜਾਂਦਿਆਂ ਨੂੰ ਲੁੱਟ ਲੈਂਦੇ ਸਨ, ਪਰ ਮੈਕਾਲਫ਼ ਦਾ ਲਿਖਣਾ ਹੈ ਕਿ ਪੰਜਾਬ ਵਿਚ ਉਸ ਨੂੰ ਮੀਣਾ ਭੇਖੀ ਕਹਿੰਦੇ ਹਨ ਜੋ ਵੇਖਣ ਨੂੰ ਮਾਸੂਮ ਪਰ ਪੂਰਾ ਪਾਜੀ ਹੋਵੇ ।[1]

ਭਾਈ ਗੁਰਦਾਸ ਜੀ ਨੇ ਵਾਰ ਛਬੀਵੀਂ ਦੀ ਪਉੜੀ ਤੇਤੀਵੀਂ ਵਿਚ ਪ੍ਰਿਥੀ ਚੰਦ ਬਾਰੇ ਲਿਖਿਆ ਹੈ ਕਿ ਉਹ ਮੀਣਾ ਕਰ ਕੇ ਜਾਣਿਆ ਗਿਆ ਅਤੇ ਉਸ ਐਸੇ ਪੁੱਠੇ ਚਾਲੇ ਪਕੜੇ ਜਿਵੇਂ ਉਸ ਨੂੰ ਕੋਈ ਸ਼ੁਦਾ ਹੋ ਗਿਆ ਹੋਵੇ :

*ਮੀਣਾ ਹੋਆ ਪ੍ਰਿਥੀਆ*
*ਕਰਿ ਕਰਿ ਟੇਢਕ ਬਰਲੁ ਚਲਾਇਆ ।*

ਬਾਬਾ ਬੁੱਢਾ ਜੀ ਨੇ ਉਸ ਦੀਆਂ ਉਹਨਾਂ ਕਰਤੂਤਾਂ ਨੂੰ ਹੀ ਦੇਖ ਕਿਹਾ ਸੀ : ਪ੍ਰਿਥੀ ਚੰਦ ! ਇਹ ਵਸਤੂ ਬਖ਼ੀਲੀ ਕਾਰਨ ਹੱਥ ਨਹੀਂ ਆਉਂਦੀ । ਜਿਸ ਪੱਲੇ ਨਿਮ੍ਰਤਾ ਹੈ, ਉਸ ਦੀ ਹੀ ਝੋਲੀ ਪੈਂਦੀ ਹੈ ।[2] ਗੁਰੂ ਰਾਮ ਦਾਸ ਜੀ ਨੇ ਵੀ ਸਮਝਾਉਂਦੇ ਹੋਏ ਕਿਹਾ ਸੀ : ਇਹ ਨਾ ਭੁੱਲੋ ਕਿ ਸੇਵਾ ਉਹ ਹੀ ਹੈ ਜੋ ਨਿਮ੍ਰਤਾ

---

1. In Punjab the name is now applied to a villain with a smiling face.
2. ਕਰੈ ਬਖੀਲੀ ਹਾਥ ਨ ਆਵੈ ।
   ਗਹਹਿ ਨਿੰਮ੍ਰਤਾ ਬਾਂਛਤ ਪਾਵੈ । ੩੪ ।    (ਰਾਸ ੨, ਅੰਸ਼ ੨੨)

ਸਹਿਤ ਕੀਤੀ ਜਾਵੇ । ਪ੍ਰਿਥੀ ਚੰਦ ! ਤੂੰ ਕਾਹਦੀ ਸੇਵਾ ਕਰ ਰਿਹਾ ਹੈਂ, ਤੂੰ ਤਾਂ ਹੰਕਾਰੀ ਹੋਈ ਜਾ ਰਿਹਾ ਹੈਂ :

*ਬਿਨਾ ਨਿਮ੍ਰਤਾ ਹੋਇ ਨ ਸੇਵਾ ।*
*ਸੇਵਾ ਕਹਾ ਮਹਾਂ ਅਹੰਮੇਵਾ ।*

ਸ਼ਰਧਾ ਸਭ ਦੀ ਮੂਲ ਹੈ । ਸ਼ਰਧਾ ਤੋਂ ਹੀ ਪ੍ਰੇਮ ਦੀ ਕੋਂਪਲ ਫੁੱਟਦੀ ਹੈ । ਪ੍ਰੇਮ ਹੀ ਫਿਰ ਸੁਖਦਾਈ ਹੁੰਦਾ ਹੈ । ਸੇਵਾ ਤਾਂ ਇਕ ਉੱਪਰਲੀ ਛਾਲ ਹੈ ਜੋ ਸ਼ਰਧਾ ਤੇ ਪ੍ਰੇਮ ਨੂੰ ਆਂਚ ਨਹੀਂ ਲੱਗਣ ਦੇਂਦੀ । ਹੌਲੇ-ਹੌਲੇ ਪ੍ਰੇਮ ਦਾ ਟਾਹਣ ਮਜ਼ਬੂਤ ਹੋ ਜਾਂਦਾ ਹੈ । ਇਹਨਾਂ ਤਿੰਨਾਂ–ਸ਼ਰਧਾ, ਪਰੇਮ ਅਤੇ ਸੇਵਾ ਤੋਂ ਫਿਰ ਵੈਰਾਗ ਉਪਜਦਾ ਹੈ । ਪਕੜ ਹਟਦੀ ਹੈ । ਮੋਹ ਟੁੱਟਦਾ ਹੈ । ਮੋਹ ਟੁੱਟਣ ਨਾਲ ਹਰੀ ਨਾਮ ਦਾ ਫਲ ਲੱਗਦਾ ਹੈ :

*ਸ਼ਰਧਾ ਸਭਿ ਕੀ ਮੂਲ ਮਹਾਨੀ ।*
*ਅੰਕੁਰ ਪ੍ਰੇਮ ਹੋਤ ਸੁਖਦਾਨੀ । ੫੬ ।*
*ਤ੍ਵਚ ਸੇਵਾ ਜਿਸ ਕੋ ਦ੍ਰਿੜ ਕਰਤਾ ।*
*ਕਾਂਡ ਬਡੇ ਵੈਰਾਗ ਪ੍ਰਵਿੱਤਰਤਾ ।*

ਫਿਰ ਸਾਧ ਸੰਗਤਿ ਕਰ ਕੇ ਨਾਮ ਦਾ ਫਲ ਉੱਗ ਪੈਂਦਾ ਹੈ ਅਤੇ ਇਨ੍ਹਾਂ ਫੁੱਲਾਂ ਕਾਰਨ ਮੁਰਝਾਂਦਾ ਨਹੀਂ, ਖ਼ੁਸ਼ਬੂ ਫੈਲਦੀ ਅਤੇ ਜਗਤ ਤੇ ਸ਼ੋਭਾ ਪਾਉਂਦਾ ਹੈ । ਇਸ ਨੂੰ ਫਿਰ ਅਨੇਕਾਂ ਹੀ ਦੁਨਿਆਵੀ, ਦੈਵੀ, ਬਿਬੇਕ ਤੇ ਗਿਆਨ ਦੇ ਪੱਤੇ ਲੱਗਦੇ ਹਨ ਜੋ ਉਸ ਬ੍ਰਿਛ ਨੂੰ ਹੋਰ ਘਣ-ਛਾਵਾਂ ਬਣਾਉਂਦੇ ਹਨ :

*ਹਰਿ ਕਾ ਨਾਮ ਸੁ ਮਨ ਤੇ ਫੂਲਾ ।*
*ਸਤਿ ਸੰਗਤਿ ਮਹਿ ਸ਼ੋਭਤਿ ਝੂਲਾ । ੫੭ ।*
*ਦੈਵਿ ਸੰਪਦਾ ਗੁਣ ਜਿ ਅਨੇਕਾ ।*
*ਗੁਣ ਦਲ ਕਲਿਤ ਸੁ ਬਲਿਤ ਬਿਬੇਕਾ ।*

ਫਿਰ 'ਆਤਮ-ਗਿਆਨ' ਦਾ ਫਲ ਲੱਗਦਾ ਹੈ ਅਤੇ ਆਤਮ-ਗਿਆਨੀ ਨੂੰ ਅਨੰਦ ਮਿਲਦਾ ਹੈ । ਕ੍ਰੋੜਾਂ ਕਲਪ ਬ੍ਰਿਛ ਜੋ ਮਨ-ਇੱਛਤ ਫਲ ਦੇਣ ਵਾਲੇ ਕਹੇ ਜਾਂਦੇ ਹਨ, ਇਸ ਦੇ ਤੁਲ ਨਹੀਂ ਹੋ ਸਕਦੇ । ਸ਼ਰਧਾ ਤੇ ਮੋਹਰ ਕਿਤਨੀ ਕਿਰਪਾ ਕਰਦੇ ਹਨ ਇਹ ਕੀ ਜਾਣੇ ਪ੍ਰਿਥੀ ਚੰਦ :

*ਆਤਮ ਗਿਆਨ ਲਗਯੋ ਫਲ ਸੁੰਦਰ ।*
*ਅਤ ਅਨੰਦ ਰਸ ਜਿਸ ਕੇ ਅੰਦਰ । ੫੮ ।*
*ਕੋਟ ਕਲਪਤਰੁ ਹੋਵ ਨ ਪਟੰਤਰ ।*
*ਪ੍ਰਭੁ ਕ੍ਰਿਪਾ ਤੇ ਲਹੈ ਸੁ ਅੰਤਰ ।*

ਬਾਬਾ ਪ੍ਰਿਥੀ ਚੰਦ ਛਲ ਬਲ ਦੇ ਸਹਾਰੇ ਗੁਰਿਆਈ ਲੋੜਦੇ ਸਨ । ਕਿਤਨੇ ਹੰਕਾਰੀ ਹੋ ਗਏ ਸਨ, ਉਸ ਦੀ ਸਾਖ ਉਹ ਕਥੋਲ ਹਨ ਜੋ ਉਹ ਲੋਕਾਂ ਨੂੰ ਕਹਿੰਦੇ ਰਹਿੰਦੇ ਸਨ, ਆਖਦੇ ਸਨ : 'ਪਿਤਾ (ਗੁਰੂ ਰਾਮ ਦਾਸ ਜੀ) ਤਾਂ ਇਕ ਨਾਮ ਮਾਤ੍ਰ ਹੀ ਗੁਰੂ ਬਣੇ ਹੋਏ ਹਨ, ਮੈਂ ਹੀ ਇਤਨਾ ਵੱਡਾ ਕਾਰਜ ਨਿਭਾ ਰਿਹਾ ਹਾਂ । ਮੇਰੇ ਬਗ਼ੈਰ ਇਥੇ ਹੈ ਕੀ ?'

*ਪਿਤ ਤੋ ਗੁਰੂ ਨਾਮ ਇਕ ਬਨੇ ।*
*ਮੈਂ ਬਿਵਹਾਰ ਚਲਾਵਤਿ ਘਨੇ ।*

'ਮੈਂ ਨਿਜ ਬਲ ਤੇ ਦਯੋ ਉਲਟਾਇ' ਦੇ ਸ਼ਬਦ ਵੀ ਉਸ ਆਖੇ ਸਨ ।

ਗੁਰੂ ਰਾਮ ਦਾਸ ਜੀ ਦੇ ਹੀ ਉਚਾਰੇ ਹੋਏ ਸਾਰੰਗ ਦੇ ਸ਼ਬਦ ਤੋਂ ਪ੍ਰਤੀਤ ਹੁੰਦਾ ਹੈ ਕਿ ਪ੍ਰਿਥੀ ਚੰਦ ਝਗੜਾ ਬਹੁਤ ਪਾਉਣ ਲੱਗ ਪਿਆ ਸੀ । ਧੀਰਜ ਦੀ ਮੂਰਤ ਗੁਰੂ ਰਾਮ ਦਾਸ ਜੀ ਨੇ ਬੜੇ ਧੀਰਜ ਨਾਲ ਸਮਝਾਇਆ : ਬੇਟਾ ! ਪਿਤਾ ਨਾਲ ਝਗੜੇ ਪਾਉਣੇ ਕੋਈ ਚੰਗੀ ਗੱਲ ਨਹੀਂ । ਜਿਸ ਜੰਮਿਆ, ਪਾਲਿਆ, ਪੋਸਿਆ ਤੇ ਵੱਡਾ ਕੀਤਾ ਹੈ ਤਿਸ ਨਾਲ ਝਗੜਨਾ ਤਾਂ 'ਪਾਪ' ਨਿਆਈਂ ਹੈ :

*ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥*
*ਜਿਣ ਕੇ ਜਣੇ ਬਡੀਰੇ ਤੁਮ ਹਉ*
*ਤਿਨ ਸਿਉ ਝਗਰਤ ਪਾਪ ॥ ੧ ॥ ਰਹਾਉ ॥*

ਇਸ ਸ਼ਬਦ ਤੋਂ ਸਾਫ਼ ਪਿਆ ਪਤਾ ਲੱਗਦਾ ਹੈ ਕਿ ਪ੍ਰਿਥੀ ਚੰਦ ਨੇ ਗੁਰੂ ਜੀ ਦੀ ਹਯਾਤੀ ਵਿਚ ਹੀ ਮਸੰਦਾਂ ਨਾਲ ਸਾਜ਼-ਬਾਜ਼ ਕਰ ਲਈ ਸੀ ਅਤੇ ਗੁਰੂ ਦੇ ਹੁਕਮ ਵਿਰੁਧ ਮਾਯਾ ਘਰੀਂ ਪਾਈ ਜਾ ਰਿਹਾ ਸੀ । ਜੋ ਧਨ ਲੋਕ-ਜਨ ਲਈ ਸੀ, ਉਹ ਨਿੱਜ ਲਈ ਖ਼ਰਚ ਕਰਦਾ ਸੀ । ਧਮਕੀਆਂ ਵੀ ਦੇਂਦਾ ਸੀ । ਇਹ ਆਖ ਵੀ ਗਿਆ ਸੀ ਕਿ ਤੁਹਾਨੂੰ ਤੇ ਤੁਹਾਡੇ ਪੁੱਤਰ ਗੁਰੂ ਅਰਜਨ ਜੀ ਨੂੰ ਐਸਾ ਕਸ਼ਟ ਦਿਆਂਗਾ ਕਿ ਸਾਰੇ ਦੇਖਦੇ ਹੀ ਰਹਿ ਜਾਣਗੇ ।

ਇਸ ਲਈ ਦੀਨ-ਦੁਨੀ ਦੇ ਮਾਲਕ ਗੁਰੂ ਰਾਮ ਦਾਸ ਜੀ ਨੇ ਕਿਹਾ ਕਿ ਜਿਹੜੇ ਧਨ, ਬਾਹਵਾਂ ਤੇ ਜ਼ੋਰ ਦਾ ਜ਼ਿਕਰ ਨਿੱਤ ਕਰਦੇ ਹੋ, ਉਹ ਧਨ ਕਦੇ ਵੀ ਕਿਸੇ ਦਾ ਆਪਣਾ ਨਹੀਂ ਬਣਿਆ । ਇਸ ਮਾਇਆ ਦੇ ਚਸਕੇ ਦਾ ਨਸ਼ਾ ਖਿਨ ਪਲ ਵਿਚ ਲਹਿ ਜਾਂਦਾ ਹੈ । ਜਦੋਂ ਉਤਰਦਾ ਹੈ ਤਾਂ ਹਉਕੇ ਵੀ ਉਹ ਹੀ ਲੈਂਦਾ ਹੈ । ਮਾਇਆ ਦਾ ਡਰ ਦੇਣ ਵਾਲੇ ਨੂੰ ਹੀ ਇਹ ਮਾਰੂ ਰੂਪ ਹੋ ਟਕਰਦਾ ਹੈ :

*ਜਿਸ ਧਨ ਕਾ ਤੁਮ ਗਰਬੁ ਕਰਤ ਹਉ*
*ਸੋ ਧਨੁ ਕਿਸਹਿ ਨ ਆਪ ॥*
*ਖਿਨ ਮਹਿ ਛੋਡਿ ਜਾਇ ਬਿਖਿਆ ਰਸੁ*
*ਤਉ ਲਾਗੈ ਪਛੁਤਾਪ ॥ ੧ ॥*

(ਸਾਰੰਗ ਮ: ੪, ਪੰਨਾ ੧੨੦੦)

ਸੂਹੀ ਰਾਗ ਦੇ ਇਕ ਹੋਰ ਸ਼ਬਦ ਵਿਚ, ਪ੍ਰਿਥੀ ਚੰਦ ਦੀ ਆਤਮਾ ਜੋ ਸੁੱਤੀ ਹੋਈ ਸੀ, ਨੂੰ ਟੁੰਭ ਜਗਾਉਣ ਲਈ ਫੁਰਮਾਇਆ ਕਿ ਬੇਟਾ ! ਉਂਜ ਤਾਂ ਮਨੁੱਖ ਲਈ ਅੰਦਰ ਦੀ ਫਿਟਕਾਰ ਹੀ ਕਾਫ਼ੀ ਹੁੰਦੀ ਹੈ ਪਰ ਫਿਰ ਵੀ ਜਗਤ ਦੇ ਗੁਰੂ ਨਾਨਕ ਦੇਵ ਜੀ ਦੀ ਵੀਚਾਰ ਦੇਂਦਾ ਹਾਂ ਤਾਂ ਕਿ ਤੁਸੀਂ ਰਤਾ ਕੁ ਸੋਚ ਕੇ ਨਿਰਣਾ ਲਵੋ । ਇਸ ਗੁਰੂ ਘਰ ਵਿਚ ਆਰੰਭ ਤੋਂ ਹੁਣ ਤੱਕ ਅਤੇ ਜਦ ਤੋਂ ਜਗਤ ਬਣਿਆ ਹੈ, ਕਦੇ ਕਿਸੇ ਈਰਖਾ ਰਾਹੀਂ ਆਤਮਕ ਧਨ ਨਹੀਂ ਪਾਇਆ । ਜਿਸ ਕਿਸੇ ਸਫਲਤਾ ਪਾਈ ਸੇਵਕੀ ਤੇ ਨਿਮ੍ਰਤਾ ਭਾਵ ਵਿਚ ਰਹਿੰਦਿਆਂ ਹੀ ਪਾਈ :

*ਜਿਸੁ ਘਰਿ ਵਿਰਤੀ ਸੋਈ ਜਾਣੈ,*
*ਜਗਤ ਗੁਰ ਨਾਨਕ ਪੂਛਿ ਕਰਹੁ ਬੀਚਾਰਾ ॥*
*ਚਹੁ ਪੀੜੀ ਆਦਿ ਜੁਗਾਦਿ,*
*ਬਖੀਲੀ ਕਿਨੈ ਨ ਪਾਇਓ,*
*ਹਰਿ ਸੇਵਕ ਭਾਇ ਨਿਸਤਾਰਾ ॥*

(ਪੰਨਾ ੭੩੩, ਗੁਰੂ ਗ੍ਰੰਥ ਸਾਹਿਬ)

ਸੋ ਪ੍ਰਿਥੀ ਚੰਦ ਜੀ ਨਿਮ੍ਰਤਾ ਰੱਖਣ ਦੀ ਥਾਵੇਂ, ਈਰਖਾ, ਬਖੀਲੀ, ਚੁਗਲੀ, ਨਿੰਦਾ, ਹੱਕ ਜਾਂ ਆਪਣੇ ਬਲ ਦੀ ਹੀ ਗੱਲ ਕਰਦੇ ਸਨ ।

**ਬਾਬਾ ਮਹਾਂਦੇਵ ਜੀ**

ਦੂਜੇ ਛੋਟੇ ਪੁੱਤਰ ਦਾ ਨਾਂ ਬਾਬਾ ਮਹਾਂ ਦੇਵ ਜੀ ਸੀ । ਇਹ ਬਾਲ ਜਤੀ ਸਨ ਦੁਨੀਆਂ ਨੂੰ ਬੰਧਨ ਅਤੇ ਸੇਵਾ ਨੂੰ ਗ਼ੈਰ ਜ਼ਰੂਰੀ ਅੰਗ ਸਮਝਦੇ ਸਨ । 'ਮਸਤ ਸੁਭਾਉ' ਕਰਕੇ ਸਾਡੇ ਇਤਿਹਾਸਕਾਰਾਂ ਲਿਖਿਆ ਹੈ । ਕਨ੍ਹਈਆ ਲਾਲ ਦੇ ਸ਼ਬਦਾਂ ਵਿਚ : "ਪ੍ਰਿਥੀ ਚੰਦ ਤਾਂ ਪਿਤਾ ਦੀ ਆਗਿਆ ਵਿਰੁੱਧ ਹੀ ਟੁਰਦਾ ਸੀ ਅਤੇ ਮਹਾਂਦੇਵ ਹਰ ਵੇਲੇ ਮਸਤ ਰਹਿੰਦਾ ਸੀ, 'ਨਾ ਲੱਥੀ ਦੀ ਸੀ ਤੇ ਨਾ ਚੜ੍ਹੀ ਦੀ ।' ਜੋ ਮੂੰਹ ਵਿਚ ਆਏ ਕਹਿ ਦੇਂਦੇ ਸਨ । ਜਿਸ ਵੇਲੇ ਗੁਰੂ ਰਾਮ ਦਾਸ ਜੀ ਨੇ ਲਾਹੌਰ ਜਾਣ ਦੀ ਆਗਿਆ ਕੀਤੀ ਤਾਂ ਬਹੁਤ ਹੀ ਕੋਝੇ ਸ਼ਬਦ ਕਹੇ । 'ਉਪਦੇਸ਼ ਦਾਤਾ' ਹੀ ਬਣ ਬੈਠੇ ।" ਕਹਿਣ ਲੱਗੇ : "ਕੌਣ ਕਿਸੇ ਦਾ ਇਥੇ ਕੋਈ ਰਿਸ਼ਤੇਦਾਰ ਹੈ ? ਜਾਣ ਦਾ ਕੀ ਲਾਭ ਹੈ ? ਮੈਨੂੰ ਹੋਰ ਕਿਸੇ ਨਾਲ ਅਗੋਂ ਬਨਾਉਣ ਦਾ ਚਾਅ ਨਹੀਂ ਹੈ !" ਫਿਰ ਕਹਿਣ ਲੱਗੇ : "ਦੁਨੀਆਂ ਵਿਚ ਸੰਬੰਧੀਆਂ ਦੀ ਕੀ ਹਾਲਤ ਹੈ । ਸਾਰੇ ਹੀ ਗ਼ਰਜ਼ੂ ਹਨ । ਧਨ-ਹੀਨ ਰਿਸ਼ਤੇਦਾਰ ਦੇ ਤਾਂ ਕੋਈ ਨੇੜੇ ਨਹੀਂ ਜਾਂਦਾ । ਪਰ ਧਨੀ ਪੁਰਸ਼ ਦੇ ਬਹੁਤੇਰੇ ਹੋ ਜਾਂਦੇ ਹਨ । ਅੱਜ ਅਮੀਰ ਭਰਾ ਦੇ ਪੁੱਤਰ ਦੀ ਸ਼ਾਦੀ ਹੈ ਤਾਂ ਉਚੇਚ ਹੋ ਰਹੇ ਹਨ" :

*ਕੋ ਬੰਧੁ ਕਿਸ ਕੋ ? ਕਿਤ ਜਾਊ ।*
*ਨਹਿ ਮੇਰੀ ਕਿਸ ਸਾਥ ਚਿਨਾਰੀ ।*
*ਨਹਿ ਚਾਹੋਂ ਮੈਂ ਕਰਨ ਅਗਾਰੀ । ੩ ।*
*ਕਯਾ ਸਨਬੰਧਨਿ ਕੀ ਗਤਿ ਅਹੈ ?*

ਗਏ । ਯਮਨਾ ਨਗਰ ਮੈਂ ਕਾਲਜ ਦੀ ਅਸਥਾਪਨਾ ਲਈ ਪੁੱਜ ਗਿਆ । ਹੁਣ ਫਿਰ ਵਿੱਦਿਆ ਦੇ ਖੇਤਰ ਵਿਚ ਸਾਂ । ਸਭ ਸਹੂਲਤਾਂ ਪਰ ਬੇੜੀਆਂ ਅਨੇਕ ।

੧੩ ਸਾਲ ਗੁਰਮਤਿ ਕਾਲਜ, ਖ਼ਾਲਸਾ ਕਾਲਜ ਯਮਨਾ ਨਗਰ, ਖ਼ਾਲਸਾ ਕਾਲਜ ਕਰਨਾਲ ਸੇਵਾ ਕਰਨ ਉਪਰੰਤ ਇਹ ਮਨ ਬਣਾ ਲਿਆ ਕਿ ਨੌਕਰੀ ਮੇਰੇ ਸੁਭਾਅ ਅਨੁਸਾਰ ਮੇਲ ਨਹੀਂ ਖਾਂਦੀ :

*'ਮੇਰੇ ਮੌਲਾ ਕੋ ਏਕ ਹੀ ਸਿਜਦਾ ਕਾਫ਼ੀ ਦੂਰ ਸੇ ਵੁਹ ਭੀ,*
*ਦਰ-ਇ-ਇਨਸਾਨ ਪੇ ਸੌ ਸੌ ਬਾਰ ਦਸਤਕ ਦੇਨੀ ਪੜਤੀ ਹੈ ।'*

'ਚਾਕਰੀ ਵਿਡਾਣੀ, ਖਰੀ ਦੁਹੇਲੀ ਆਪੁ ਵੇਚਿ ਧਰਮ ਗਵਾਉਣ' ਵਾਲੀ ਗੱਲ ਸੀ ।

ਹਾਂ ! ਇਹਨਾਂ ਕਾਲਜਾਂ ਵਿਚ ਪੜ੍ਹਾਉਂਦੇ ਕਈ ਵਿਦਿਆਰਥੀ ਤੇ ਪ੍ਰੋਫ਼ੈਸਰ ਅਜਿਹੇ ਮਿਲੇ ਜੋ ਗੁਰਮਤਿ ਖੇਤਰ ਵਿਚ ਤੇ ਹੋਰਨਾਂ ਖੇਤਰਾਂ ਵਿਚ ਮੈਨੂੰ ਪੂਰਨ ਵਿਸ਼ਵਾਸ਼ ਸੀ ਨਾਮਣਾ ਖੱਟਣਗੇ । ਕਈਆਂ ਦੇ ਨਾਂ ਯਾਦ ਆ ਰਹੇ ਹਨ ਪਰ ਸਰਦਾਰ ਸੁਰਿੰਦਰ ਸਿੰਘ, ਸਰਦਾਰ ਪਸ਼ੌਰਾ ਸਿੰਘ ਜੀ, ਸਰਦਾਰ ਮਹਿੰਦਰ ਸਿੰਘ, ਡਾਕਟਰ ਭੁਪਿੰਦਰ ਸਿੰਘ, ਡਾਕਟਰ ਜਾਗੀਰ ਸਿੰਘ ਅਨੇਕਾਂ ਵਿਚੋਂ ਕੁਝ ਹਨ ।

ਪੰਜਾਬੀ ਯੂਨੀਵਰਸਿਟੀ ਸਾਡੇ ਘੋਲ ਵਿਚੋਂ ਹੀ ਰੋਲ ਨਿਕਲੀ ਸੀ । ਪੰਜਾਬੀ ਤੇ ਪੰਜਾਬ ਦੇ ਇਤਿਹਾਸ ਨੂੰ ਉਜਾਗਰ ਕਰਨਾ, ਇਸ ਦਾ ਇਕ ਮੁੱਖ ਮੰਤਵ ਸੀ । ਯੂਨੀਵਰਸਿਟੀ ਨੇ ਮੈਨੂੰ ਗੁਰੂ ਹਰਿਗੋਬਿੰਦ ਜੀ ਦੀ ਜੀਵਨੀ ਲਿਖਣ ਲਈ ਕਿਹਾ । ਜਦ ਜੀਵਨੀ ਛਪ ਆਈ ਤਾਂ ਭਰਪੂਰ ਸਵਾਗਤ ਹੋਇਆ । ਪ੍ਰੋਫ਼ੈਸਰ ਹਰਬੰਸ ਸਿੰਘ ਜੀ ਜਿਨ੍ਹਾਂ ਦਾ ਪਿਆਰ ਮੈਂ ਪਿਛਲੇ ਕਈ ਸਾਲਾਂ ਤੋਂ ਲੈ ਰਿਹਾ ਸਾਂ, ਕਹਿਣ ਲੱਗੇ ਕਿ ਜੇ ਸਾਰੀਆਂ ਹੀ ਗੁਰ-ਜੀਵਨੀਆਂ ਇਤਨੇ ਹੀ ਆਕਾਰ ਦੀਆਂ ਲਿਖੀਆਂ ਜਾਣ ਤਾਂ ਕਈ ਗੱਲਾਂ ਨਜਿੱਠਣ ਵਿਚ ਬਹੁਤ ਅਸਾਨੀ ਹੋ ਸਕਦੀ ਹੈ ।

ਸੋ ਸਾਮੱਗਰੀ ਇਕੱਠੀ ਕਰਨ, ਪੁਰਾਤਨ ਲਿਖਤਾਂ ਪੜ੍ਹਨ ਤੇ ਨਵੀਆਂ ਨੂੰ ਵਾਚਣ ਲਈ ਉਚੇਰਾ ਸਮਾਂ ਦੇਣ ਲੱਗਾ । ਜਿਉਂ-ਜਿਉਂ ਪੜ੍ਹਾਂ, ਇਹ ਯਕੀਨ ਬੱਝੀ ਜਾਵੇ ਕਿ ਗੁਰੂ ਇਹ ਕਾਰਜ ਆਪ ਹੀ ਕਰਵਾ ਰਿਹਾ ਹੈ । ਨਹੀਂ ਤਾਂ ਕੋਈ ਅਸਾਨ ਕਾਰਜ ਨਹੀਂ ਸੀ, ਗੁਰੂ ਅੰਗਦ ਦੇਵ ਜੀ, ਗੁਰੂ ਰਾਮ ਦਾਸ ਜੀ, ਸ੍ਰੀ ਗੁਰੂ ਹਰਿ ਰਾਇ ਜੀ ਤੇ ਗੁਰੂ ਹਰਿ ਕ੍ਰਿਸ਼ਨ ਜੀ 'ਤੇ ਪੂਰੀ ਪੁਸਤਕ ਲਿਖਣੀ ।

ਕੁਦਰਤ ਦੀ ਖੇਡ ਕਿ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੀ ਤੀਜੀ ਸ਼ਤਾਬਦੀ ਪਟਨਾ ਸਾਹਿਬ ਮੇਰੇ ਕਹਿਣ 'ਤੇ ਜਦ ਮਨਾਈ ਗਈ ਤਾਂ ਉਸ ਉਪਰੰਤ ਐਸੀ ਪਿਰਤ ਪਈ ਕਿ ਕੌਮ ਵਿਚ ਲਹਿਰ ਹੀ ਚਲ ਪਈ । ਇਹ ਵੀ ਇਕ ਦੇਵ ਨੇਤ ਹੀ ਸੀ ਕਿ ਸਾਰੀਆਂ ਸ਼ਤਾਬਦੀਆਂ ਉਲੀਕਣ, ਮਨਾਉਣ ਤੇ ਸਿਰੇ ਚਾੜ੍ਹਣ ਦੇ ਫ਼ਰਾਇਜ਼ ਮੈਨੂੰ ਹੀ ਮਿਲਦੇ ਰਹੇ । ਸਰਦਾਰ ਗੁਰਚਰਨ ਸਿੰਘ ਟੌਹੜਾ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਥਾਪੇ ਜਾਣ 'ਤੇ ਤਾਂ ਵਿਖੇਵਾਂ ਹੀ ਮੁੱਕ ਗਿਆ । ਇਸੇ ਦੌਰਾਨ ਗੁਰੂ ਨਾਨਕ ਦੇਵ ਜੀ ਦਾ ਪੰਜ ਸੌ-ਸਾਲਾ ਪ੍ਰਕਾਸ਼ ਉਤਵਸ, ਗੁਰੂ ਤੇਗ

ਇਹ ਬਚਨ ਪਏ ਕਰਦੇ ਸਨ ਤਾਂ ਮਾਤਾ ਭਾਨੀ ਜੀ ਵੀ ਆ ਗਏ ਅਤੇ ਕਿਹਾ : ਦੋਹਿਤਾ ਜੇ ਦੋਹਿਤਾ । ਤਾਂ ਗੁਰੂ ਅਮਰ ਦਾਸ ਜੀ ਨੇ ਹੋਰ ਵਾਕ ਬੋਲਦੇ ਕਿਹਾ : 'ਦੋਹਿਤਾ ! ਬਾਣੀ ਕਾ ਬੋਹਿਥਾ ।' ਚੁੱਕ ਛਾਤੀ ਨਾਲ ਲਗਾਇਆ ਤੇ ਬਚਨ ਕੀਤੇ :

*ਭਾਗੀ ਗੁਰੂ ਜਗ ਮੈ ਬਿਦਤੈ ਹੈ ।*
*ਬਾਣੀ ਕੋ ਬੋਹਿਥ ਬਡ ਹ੍ਵੈ ਹੈ ।*

ਇਕ ਵਾਰੀ ਗੁਰੂ ਜੀ ਲੰਗਰ ਪਏ ਪਾਉਂਦੇ ਸਨ ਕਿ ਬਾਲ (ਗੁਰੂ) ਅਰਜਨ ਜੀ ਆ ਬਾਰ ਬਾਰ ਉਨ੍ਹਾਂ ਦੇ ਓਗਰੇ ਦੀ ਕਟੋਰੀ ਨੂੰ ਖਿਲੇਰ ਦੇਂਦੇ ਸਨ ਤਾਂ ਫੇਰ ਕਿਹਾ ਸੀ :

*ਠਹਰ ਓਇ, ਥਾਲ ਦੇ ਮਾਲਕਾ ।*

ਗੁਰਮੁਖੀ ਅੱਖਰ ਆਪ ਜੀ ਨੇ ਨਾਨੇ ਗੁਰੂ ਅਮਰ ਦਾਸ ਜੀ ਕੋਲੋਂ ਹੀ ਸਿਖੇ । ਮੋਹਰੀ ਜੀ ਨੇ ਗਣਿਤ ਤੇ ਹੋਰ ਵਿਦਿਆ ਸਿਖਲਾਈ । ਆਪ ਜੀ ਦੇ ਸਹਿਪਾਠੀ ਭਾਈ ਗੁਰਦਾਸ ਜੀ ਸਨ । ਦੇਵ ਨਾਗਰੀ ਪਿੰਡ ਦੇ ਪਾਂਧੇ ਪਾਸੋਂ ਤੇ ਸੰਸਕ੍ਰਿਤ ਪੰਡਿਤ ਬੇਣੀ ਨੇ ਸਿਖਲਾਈ । ਬਾਬਾ ਮੋਹਨ ਜੀ ਪਾਸ ਬਿਠਲਾ ਧਿਆਨ ਲਗਾਉਣ ਦੀ ਵਿਧੀ ਸਿਖਾਉਂਦੇ ਸਨ । ਕੀਰਤਨ ਵੀ ਛੋਟੀ ਉਮਰੇ ਹੀ ਕਰਨ ਲੱਗ ਪਏ ਸਨ । ਬੜੀ ਭਾਵ ਪੂਰਤ ਤੁਕ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਵਿਚ ਕਹੀ ਹੈ : 'ਬਹੁ ਸਾਸਤ੍ਰ ਬਹੁ ਸ੍ਰਿਮ੍ਰਿਤੀ ਪੇਖੇ ਸਰਬ ਢੰਢੋਲਿ' ਪਰ "ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ ।" ਸਪੱਸ਼ਟ ਹੈ ਕਿ ਸਭ ਗਿਆਨਾਂ ਦੇ ਗਿਆਤਾ ਬਾਲਪਣ ਵਿਚ ਹੀ ਹੋ ਗਏ ਸਨ । 'ਤੈਂ ਜਨਮਤ ਗੁਰਮਤਿ ਬ੍ਰਹਮ ਪਛਾਨਿਓ' ਦਾ ਵਾਕ ਭਟਾਂ ਵੀ ਕਿਹਾ ਹੈ ।

ਇਕ ਨਿਪੁੰਨ ਚਿੱਤ੍ਰਕਾਰ ਵੀ ਸਨ । ਲਾਹੌਰ ਤੋਂ ਜਦ ਪਿਤਾ ਗੁਰੂ ਨੂੰ ਪਾਤੀ ਲਿਖੀ ਸੀ ਤਾਂ 'ਪਪੀਹੇ' ਦੀ ਸੂਰਤ ਬਣਾ ਕੇ ਭੇਜੀ ਸੀ । ਇਧਰੋਂ ਗੁਰੂ ਜੀ ਨੇ ਬਾਣ ਦਾ ਚਿੱਤਰ ਬਣਾ ਪਰਤਾਵਾਂ ਉੱਤਰ ਭੇਜਿਆ ਸੀ ।

ਸੇਵਾ ਵਿਚ ਪੂਰਾ ਹਿੱਸਾ ਪਾਉਂਦੇ । ਉਸਾਰੀ-ਕਲਾ ਤੇ ਸ਼ਿਲਪ-ਕਲਾ ਵਿਚ ਵੀ ਨਿਪੁੰਨ ਸਨ । ਹਰਿਮੰਦਰ ਸਾਹਿਬ ਤੇ ਅਨੇਕਾਂ ਹੋਰ ਥਾਵਾਂ ਇਸ ਗੱਲ ਦਾ ਪ੍ਰਗਟਾਵਾ ਹਨ ।

ਘੋੜ ਸਵਾਰੀ ਦੇ ਮਾਹਰ ਸਨ । ਨੇਜ਼ਾ-ਬਾਜ਼ੀ ਉਹਨਾਂ ਵਰਗੀ ਹੋਰ ਕੋਈ ਕਰ ਨਹੀਂ ਸੀ ਸਕਦਾ । ਇਸ ਦਾ ਚਮਤਕਾਰ ਪਿੰਡ 'ਮਉ' ਵਾਲਿਆਂ ਡਿੱਠਾ ਜਦ ਬਰਾਤ ਲੈ ਕੇ ਗਏ ਸਨ । ਉਹਨਾਂ ਕਿਹਾ ਕਿ ਪਿੰਡ ਦੀ ਰੀਤ ਹੈ ਕਿ ਲਾੜ੍ਹਾ ਗੱਡੀ ਕਿਲੀ ਨੂੰ ਉਖਾੜੇ ਤਾਂ ਉਸ ਨੂੰ ਵਰ ਦੇ ਯੋਗ ਸਮਝਿਆ ਜਾਂਦਾ ਹੈ । ਪਿੰਡ ਵਾਸੀਆਂ ਠੱਠਾ ਕਰਨ ਲਈ ਇਕ ਜੰਡ ਦੇ ਦਰੱਖ਼ਤ ਨੂੰ ਕੱਟ ਕੇ ਘੜ ਕਿਲੀ

ਬਣਾ ਦਿੱਤੀ ਸੀ । ਪਹਿਲੀ ਫਿਰਣੀ ਵੇਲੇ ਹੀ ਉਸ ਜੰਡ ਨੁਮਾਂ ਕਿਲੀ ਨੂੰ (ਗੁਰੂ) ਅਰਜਨ ਦੇਵ ਜੀ ਨੇ ਜੜ੍ਹੋਂ ਉਖਾੜ ਸੁੱਟ ਦਿੱਤਾ । ਇੱਟ ਨੂੰ ਮੁੱਕਾ ਮਾਰ ਚਾਰ ਟੋਟੇ ਕਰਨ ਦੀ ਗੱਲ ਗੁਰ ਬਿਲਾਸ ਪਾਤਸ਼ਾਹੀ ਛੇਵੀਂ ਨੇ ਲਿਖੀ ਹੈ । ਲੰਗਰ ਦੇ ਜੂਠੇ ਭਾਂਡੇ ਮਾਂਜਦੇ ਤੇ ਸੰਗਤਾਂ ਜਦ ਰਾਤੀਂ ਆਰਾਮ ਕਰਦੀਆਂ ਤਾਂ ਮੁੱਠੀ ਚਾਪੀ ਵੀ ਕਰਦੇ ।

ਗੋਇੰਦਵਾਲ ਵਿਚ ਗੁਰੂ ਅਮਰ ਦਾਸ ਜੀ ਦੇ ਪਾਸ ਰਹਿ ਡੂੰਘੀ ਛਾਪ ਆਪ ਦੇ ਹਿਰਦੇ ਲੱਗ ਗਈ ।

ਅੰਮ੍ਰਿਤਸਰ ਪੁਜ ਕੇ ਉਸੇ ਤਰ੍ਹਾਂ ਜੋ ਸਿਖਿਆ ਪ੍ਰਾਪਤ ਕੀਤੀ ਸੀ, ਪੂਰਨੇ ਪਾਉਂਦੇ ਰਹਿੰਦੇ । ਆਪੂੰ ਜਾ ਜਾ ਦੇਖਦੇ ਕਿ ਤਲਾ ਦੇ ਪੌੜਿਆਂ ਹੋਣ ਵੇਲੇ ਕੋਈ ਕੱਚੀ ਪਿੱਲੀ ਇੱਟ ਤਾਂ ਨਹੀਂ ਲੱਗ ਰਹੀ । ਬੰਦੋਬਸਤ ਸਾਰਾ ਪ੍ਰਿਥੀ ਚੰਦ ਜੀ ਨੇ ਸੰਭਾਲ ਲਿਆ ਸੀ । (ਗੁਰੂ) ਅਰਜਨ ਜੀ ਇਹ ਜਾਣ ਗਏ ਸਨ ਕਿ ਇਹ ਵਸਤ ਤਾਂ ਉਸੇ ਨੂੰ ਮਿਲਣੀ ਹੈ ਜਿਸ ਉੱਤੇ ਦਇਆ ਦ੍ਰਿਸ਼ਟੀ ਹੋਣੀ ਹੈ । ਮਾਤਾ ਜੀ ਨੇ ਵੀ ਸਾਫ਼ ਸਮਝਾ ਦਿੱਤਾ ਸੀ ਕਿ ਮੋਹ ਵਾਲੀ ਕੋਈ ਸ਼ੈਅ ਪਿਤਾ-ਗੁਰੂ ਵਿਚ ਨਹੀਂ । ਉਹਨਾਂ ਵਾਂਗ ਘਾਲ ਕਰ ਹੀ ਮਿਲੇਗੀ । ਹਾਂ ਮਾਤਾ ਭਾਨੀ ਨੂੰ ਯਕੀਨ ਬਹੁਤ ਸੀ ਤਾਂ ਉਨ੍ਹਾਂ ਕਿਹਾ ਸੀ :

"ਮੇਰੀ ਸਾਰੀ ਆਸ ਬੇਟਾ ਤੂੰ ਹੈਂ ।" ਕਲਗੀਧਰ ਨੇ ਬੜੇ ਭਾਵ ਪੂਰਤ ਬਚਨ ਇਕ ਵਾਰੀ ਕਹੇ ਸਨ :

*"ਪੁਤਰ ਨਹੀਂ ਕੋਈ ਅਰਜਨ ਵੈਸਾ ।"*

ਆਨੰਦ ਵਿਆਹ ਬੀਬੀ ਰਾਮਦਈ (ਗੰਗਾ ਦੇਵੀ ਜੀ) ਸਪੁੱਤਰੀ ਭਾਈ ਕ੍ਰਿਸ਼ਨ ਚੰਦ ਜੀ ਨਾਲ ਪਿੰਡ 'ਮਉ' ਦੁਆਬਾ ਵਿਖੇ ਹੋ ਗਿਆ ਸੀ । ਗੰਗਾ ਜੀ ਵੀ ਧਰਮੀ, ਨੇਮੀ ਤੇ ਸੁਸ਼ੀਲ ਸੁਭਾਅ ਦੇ ਸਨ ।

ਭਾਈ ਸਹਾਰੀ ਮੱਲ ਜਿਥੇ ਗੁਰੂ ਜੀ ਦੇ ਚਾਚੇ ਪੁੱਤ ਵੱਡੇ ਭਰਾ ਸਨ, ਉਥੇ ਇਕ ਅਨੰਨ ਸਿੱਖ ਵੀ ਸਨ । ਉਨ੍ਹਾਂ ਦੇ ਲੜਕੇ ਦੀ ਸ਼ਾਦੀ ਲਾਹੌਰ ਜਾਣ ਦਾ ਹੁਕਮ ਸੀ । ਆਪੂੰ ਬੇਨਤੀ ਕਰਨ ਆਏ ਕਿ ਉਹਨਾਂ ਦੇ ਲਾਹੌਰ ਚਰਨ ਪਾਉਣ ਨਾਲ ਸਿੱਖਾਂ ਨੂੰ ਬਹੁਤ ਮਾਣ ਮਿਲੇਗਾ । ਮਹਾਰਾਜ ਨੇ ਕਿਹਾ ਕਿ ਮੇਰੇ ਜਾਣ ਨਾਲ ਤੁਹਾਨੂੰ ਬਹੁਤ ਖੇਚਲ ਹੋਵੇਗੀ । ਅਣਗਿਣਤ ਸੰਗਤ ਦਰਸ਼ਨਾਂ ਨੂੰ ਆਵੇਗੀ ਤੇ ਰੋਕ ਨਾ ਹੋਣ ਕਾਰਨ ਬਰਾਤ ਸੰਭਾਲਣਾ ਕਠਿਨ ਹੋ ਜਾਵੇਗਾ । ਮੈਂ ਵੱਡੇ ਪੁੱਤਰ ਨੂੰ ਭੇਜ ਦਿੰਦਾ ਹਾਂ ।

ਇਹ ਦੇਖਣ ਨੂੰ ਤਾਂ ਬਰਾਤ ਦੀ ਗੱਲ ਹੋ ਰਹੀ ਸੀ ਪਰ ਗੁਰੂ ਜੀ ਪਰਖ ਪ੍ਰੀਖਿਆ ਵੀ ਨਾਲ ਹੀ ਕਰ ਰਹੇ ਸਨ । ਇਹ ਪ੍ਰੀਖਿਆਕਾਰ ਦੀ ਮਰਜ਼ੀ ਹੈ, ਪਰਚਾ ਸਹਿਲਾ ਜਾਂ ਕਰੜਾ ਪਾਏ । 'ਮੁਰਦਾ ਖਾਹ' ਦਾ ਵੀ ਪਰਚਾ ਸੀ । 'ਗੋਇੰਦਵਾਲ ਪਧਾਰੋ'

ਦਾ ਵੀ ਪਰਚਾ ਹੀ ਸੀ । 'ਥੜੇ ਬਣਾਓ' ਵੀ ਪ੍ਰੀਖਿਆ ਹੀ ਸੀ । 'ਸੀਸ ਚਾਹੀਦੇ ਹਨ' ਕਲਗੀਧਰ ਵਲੋਂ ਪਰਚਾ ਹੀ ਸੀ । ਇਥੇ ਲਾਹੌਰ ਅੱਜ ਸ਼ਾਦੀ ਸੀ, ਜਸ਼ਨ ਸੀ, ਖ਼ੁਸ਼ੀਆਂ ਦੇ ਮੇਲੇ ਸਨ; ਕਲ੍ਹ ਉਸੇ ਲਾਹੌਰ ਤੱਤੀ ਤਵੀ 'ਤੇ ਬੈਠਣਾ ਸੀ, ਤੱਤੇ ਰੇਤੇ ਸਨ, ਦੇਗ ਉਬਾਲਾ ਸੀ, ਦਰਿਆ ਵਿਚ ਬੰਧੇ ਰੋੜ੍ਹਿਆ ਜਾਣਾ ਸੀ । ਸ਼ਹੀਦ ਹੋਣਾ ਸੀ । ਗੁਰੂ ਰਾਮ ਦਾਸ ਜੀ ਦੀ ਲੰਮੀ ਨਜ਼ਰ ਸਭ ਕੁਝ ਦੇਖ ਰਹੀ ਸੀ । ਪ੍ਰਿਥੀ ਚੰਦ ਨੂੰ ਕਿਹਾ ਸੀ ਕਿ 'ਤਾਇਆ ਜੀ ਨਾਲ ਜਾਓ' । ਪ੍ਰਿਥੀ ਚੰਦ ਕਹਿਣ ਲੱਗੇ : ਤੁਸੀਂ ਤਾਂ ਚੰਗੀ ਤਰ੍ਹਾਂ ਦੇਖ ਰਹੇ ਹੋ ਕਿ ਮੇਰਾ ਨਿਕਲਣ ਨਹੀਂ ਹੋ ਸਕਦਾ । ਹਜ਼ਾਰਾਂ ਦਾ ਰੋਜ਼ ਲੈਣ ਦੇਣ ਹੈ । ਇਹ ਕੌਣ ਕਰੇਗਾ :

*ਆਪ ਬਿਲੋਕਤ ਹੋ ਸਭ ਸਮੈ,*
*ਰਹਤ ਕਾਜ ਜਿਸ ਬਿਧ ਕੋ ਮੋ ਹੈ । ੫੧ ।*
*ਦੇਨਿ ਲੇਨਿ ਨਿਤਿ ਹੋਤਿ ਹਜ਼ਾਰਨਿ,*
*ਇਕ ਆਵਤਿ ਇਕ ਕਰਤਿ ਪਧਾਰਨ ।*
*ਖਰਚ ਦੇਗ ਕੋ ਸਦਾ ਸੰਭਾਰਤਿ,*
*ਲੋਕਰ ਅੰਨ ਰਾਸ ਕੋ ਡਾਰਤਿ । ੫੨ ।*
*ਕਿਸੁ ਛਿਨ ਮਮ ਅਵਕਾਸ਼ ਨ ਜਾਨੋ ।*

ਮਹਾਰਾਜ ਨੇ ਫਿਰ ਕਿਹਾ: "ਕੋਈ ਗੱਲ ਨਹੀਂ, ਕੰਮ ਹੋਰ ਕੋਈ ਸੰਭਾਲ ਲਵੇਗਾ।"[1]

ਫਿਰ ਪ੍ਰਿਥੀ ਚੰਦ ਬੋਲ ਉਠੇ : "ਪਿਤਾ ਜੀ, ਆਪ ਜੀ ਨੂੰ ਤਾਂ ਕੁਝ ਪਤਾ ਨਹੀਂ । ਤੁਹਾਨੂੰ ਵਾਧ ਘਾਟ ਨਾਲ ਕੁਝ ਨਹੀਂ, ਗੱਲ ਤਾਂ ਮੇਰੇ 'ਤੇ ਆਉਣੀ ਹੈ । ਫਿਰ ਰਾਹ ਦੀ ਇਤਨੀ ਗਰਮੀ ਹੈ ਕਿ ਜਾਣ ਵੀ ਨਹੀਂ ਹੋਣਾ । ਹੋਰ ਵਿਆਹ ਸ਼ਾਦੀਆਂ 'ਤੇ ਇਤਨਾ ਖਪ-ਖਾਨਾ ਹੁੰਦਾ ਹੈ ਕਿ ਮੇਰੇ ਕੋਲੋਂ ਸਹਾਰਿਆ ਨਹੀਂ ਜਾਂਦਾ । ਮੈਂ ਤਾਂ ਸ਼ਾਂਤੀ ਲੋੜਦਾ ਹਾਂ" :

*ਪਿਤਾ ਜੀ ! ਤੁਮ ਹੋ ਵੇਪਰਵਾਹੁ ।*
*ਹਾਨ ਨ ਲਾਭ ਲਖਹੁ ਮਮ ਮਾਹੁ ।*
*ਮੁਝ ਤੇ ਜਾਯੋ ਜਾਇ ਨ ਤਹਾਂ ।*
*ਨਿਤ ਮਰਾ ਤਾਮਸ ਹੋਵਤਿ ਮਹਾਂ । ੫੪ ।*
*ਮਹਾ ਕੁਲਾਨ ਬੀਚ ਬਰਾਤ ।*
*ਮੋਹਿ ਸੁਹਦਿ ਨ ਰਹਿ ਚਿਤ ਸ਼ਾਂਤ ।*

ਲੱਗਦਾ ਇੰਜ ਹੈ ਕਿ ਹਰ ਕਿਸੇ ਨੂੰ ਪਤਾ ਸੀ ਕਿ ਗੁਰੂ ਅਮਰ ਦਾਸ ਜੀ ਆਪਣੀ ਆਯੂ ਵਿਚੋਂ ਛੇ ਸਾਲ, ਗਿਆਰਾਂ ਮਹੀਨੇ ਤੇ ਅਠਾਰਾਂ ਦਿਨ, ਗੁਰੂ ਰਾਮ

---

1. ਸਤਿਗੁਰੂ ਕਹਯੋ : ਸੰਭਾਰਹਿ ਔਰ ।
ਤੁਮ ਕੋ ਉਚਿਤ ਗਮਨ ਤਿਸ ਠੌਰ । ੫੩ ।

ਦਾਸ ਜੀ ਨੂੰ ਦੇ ਗਏ ਸਨ ; ਉਹ ਪੂਰੇ ਹੋਣ 'ਤੇ ਸਨ । ਪ੍ਰਿਥੀ ਚੰਦ ਨੇੜੇ ਰਹਿਣਾ ਚਾਹੁੰਦਾ ਸੀ ਤਾਂ ਕਿ ਮੌਕਾ ਪਾ ਕੇ ਗੁਰੂ ਗੱਦੀ ਹਥਿਆ ਸਕੇ । ਉਧਰ ਗੁਰੂ ਜੀ ਨੇ ਦੇਖ ਲਿਆ ਕਿ ਜੋ ਅੱਜ ਗੁਰ ਆਗਿਆ ਮੰਨ ਕੇ ਲਾਹੌਰ ਨਹੀਂ ਜਾ ਰਿਹਾ, ਗਰਮੀ ਦੇ ਬਹਾਨੇ ਬਣਾਉਂਦਾ, ਲੈਣ ਦੇਣ ਵਿਚਾਰਦਾ ਹੈ, ਉਹ ਸਮਾਂ ਆਉਣ 'ਤੇ ਸੰਗਤਾਂ ਦੀ ਅਗਵਾਈ ਕਿਵੇਂ ਕਰ ਸਕੇਗਾ ।

ਜਦ ਮਹਾਂ ਦੇਵ ਜੀ ਨੂੰ ਕਿਹਾ ਗਿਆ ਤਾਂ ਉਹਨਾਂ ਸਾਫ਼ ਇਨਕਾਰ ਹੀ ਨਾ ਕੀਤਾ, ਕਈ ਊਜਾਂ ਲਗਾਈਆਂ ਤੇ ਫਿਰ ਕਹਿ ਦਿੱਤਾ ਕਿ ਮੇਰੇ ਕੋਲੋਂ ਨਹੀਂ ਹੁੰਦੀ ਇਹ ਖੇਚਲ :

*ਮੋ ਤੇ ਨਹਿ ਤਹਿ ਜਾਯਹੁ ਜਾਇ ।*
*ਆਵਨ ਜਾਵਨ ਸਮ ਕੋ ਪਾਇ ।*

ਮਹਾਰਾਜ ਨੇ ਦੇਖ ਲਿਆ ਕਿ ਜੋ ਹੁਣ ਬਰਾਤ 'ਤੇ ਨਹੀਂ ਜਾਂਦਾ, ਦੂਜੇ ਦੇ ਦੁੱਖ-ਸੁੱਖ ਦਾ ਭਾਈਵਾਲ ਕਿਵੇਂ ਹੋ ਸਕਦਾ ਹੈ । ਗ੍ਰਹਿਸਤੀ ਨੇ ਤਾਂ ਨਿਤ ਅਗਵਾਈ ਲੈਣੀ ਹੈ । ਮਹਾਂ ਦੇਵ ਵਰਗਾ ਅਗਵਾਈ ਕਿਵੇਂ ਦੇ ਸਕਦਾ ਹੈ ?

ਜਦ ਗੁਰੂ ਅਰਜਨ ਦੇਵ ਜੀ ਨੂੰ ਕੋਲ ਬੁਲਾ ਕੇ ਲਾਹੌਰ ਜਾਣ ਦੀ ਆਗਿਆ ਕੀਤੀ ਤਾਂ ਹੱਥ ਜੋੜ (ਗੁਰੂ) ਅਰਜਨ ਦੇਵ ਜੀ ਕਹਿਣ ਲੱਗੇ,''ਪਿਤਾ ਜੀ, ਇਹ ਤਾਂ ਤੁਸੀਂ ਮੈਨੂੰ ਸੁਹਾਵਣੇ ਕਾਰਜ ਟੋਰ ਰਹੇ ਹੋ, ਜਿਥੇ ਨਿਰੀ ਖ਼ੁਸ਼ੀ ਹੈ । ਜਿਥੇ ਜਾਵਣ ਵਿਚ ਜਿੰਦ ਖ਼ਤਰੇ ਵਿਚ ਪਵੇ, ਬੇਸ਼ੱਕ ਉਥੇ ਜਾਣ ਦੀ ਆਗਿਆ ਕਰੋ । ਉਥੇ ਜਾਣ ਵਿਚ ਰਤਾ ਢਿੱਲ ਨਹੀਂ ਕਰਾਂਗਾ । ਮੈਂ ਪਰਾਣ ਦੇ ਕੇ ਵੀ ਉਥੇ ਜਾਣ ਤੋਂ ਨਹੀਂ ਟਰਾਂਗਾ ।''

*ਪਿਤਾ ਗੁਰ ਕੇ ਸੁਣ ਪਰਮਾਨੇ ।*
*ਹਾਥਿ ਜੋਰ ਕਰਿ ਬਾਕ ਬਖਾਨੇ ।*
*ਇਹ ਤੋ ਸੁਗਮ ਕਾਜ ਮਹਿ ਮੋਹਿ ।*
*ਪਰਹੁ ਆਪ ਜਹਿ ਆਨੰਦ ਹੋਹਿ । ੧੧ ।*
*ਜਹਿ ਜਾਵਨ ਮਹਿ ਜੀਵਨ ਸੰਸੈ ।*
*ਤਿਹ ਆਇਸੁ ਮੁਝ ਦੇਹੁ ਨਿਸੰਸੈ ।*
*ਦੇਰ ਨਾ ਕਰੋ ਪਿਤਾ ਜੀ ਉਹਾਂ ।*
*ਪ੍ਰਾਨ ਦੇਉ ਮੈਂ ਤੁਰਨ ਤਹਾਂ । ੧੨ ।*[1]

ਗੱਲਾਂ ਅਸਲ ਵਿਚ ਹੋ ਹੀ ਰਹੀਆਂ ਸਨ ਪ੍ਰਾਣ ਦੇਣ, ਸ਼ਹਾਦਤ ਲੈਣ, ਦੁੱਖ ਝੱਲਣ ਤੇ ਕੁਰਬਾਨੀ ਦੇਣ ਦੀਆਂ । ਨਾ ਸਮਝ ਸਕਿਆ ਸੰਸਾਰੀ ਪ੍ਰਿਥੀ ਚੰਦ ਅਤੇ ਨਾ ਜਾਣ ਸਕੇ ਹੰਕਾਰੀ ਮਹਾਂ ਦੇਵ ।

ਗੁਰੂ ਰਾਮ ਦਾਸ ਜੀ ਨੇ ਪ੍ਰਸੰਨ ਚਿਤ ਥਾਪੀ ਦਿੱਤੀ ਅਤੇ ਉਸੇ ਵੇਲੇ ਫ਼ਰਮਾਇਆ :

---

1. ਰਾਸ ਦੂਜੀ, ਅੰਸ਼ ੧੬ ।

ਦੇ ਹਵਾਲੇ ਕਰ ਦਿੱਤਾ ਅੁਤੇ ਆਪ ਬਨਵਾਸੀ ਹੋ ਗਿਆ :

*ਰਹਾ ਗੀਤ ਰਾਜਾ । ੪ ।*
*ਦੀਆ ਸਰਬ ਸਾਜਾ ।*
*ਲਯੋ ਬਨ ਬਾਸੰ ।*

ਤਖ਼ਤ 'ਤੇ ਬੈਠਣ ਵਾਲੇ ਦਾ ਨਾਮ 'ਅੰਮ੍ਰਿਤ ਰਾਇ' ਸੀ ਅਤੇ ਬਨਬਾਸੀ ਰਾਜੇ ਦਾ ਨਾਮ 'ਜਗਤ ਰਾਇ' ਸੀ ।

ਬੇਦੀ ਵੀ ਸਰਬ ਸੁੱਖਾਂ ਦਾ ਸਮਾਨ ਦੇਖ ਆਪਾ ਭੁੱਲ ਗਏ । ਸੁਰਤਿ ਨਿਵਾਣ ਵੱਲ ਚਲੀ ਗਈ । ਕੁਕਰਮ ਕਰਨ ਲੱਗ ਪਏ । ਰਾਜ ਜਾਂਦਾ ਦਿੱਸਿਆ ਹੀ ਨਾ । ਕੇਵਲ ਵੀਹ ਪਿੰਡ ਰਹਿ ਗਏ ਜਿਨ੍ਹਾਂ ਵਿਚ ਇਸ ਅੰਸ ਦੇ ਲੋਕੀਂ ਕਿਰਸਾਣੀ ਕਰ ਕੇ ਨਿਰਬਾਹ ਕਰਦੇ ਸਨ ।

ਉਧਰ ਭਟਕ ਭਟਕ ਜਦ ਸੋਢੀਆਂ ਨੂੰ ਕਿਧਰੇ ਚੈਨ ਨਾ ਆਇਆ ਤਾਂ ਉਹ ਦਰਬਾਰ, ਕਾਰ-ਵਿਹਾਰ ਤੇ ਵਪਾਰਾਂ ਵਿਚ ਪੈ ਗਏ । ਕਈ ਲੇਖਾ ਜੋਖਾ ਤੇ ਮੁਨੀਮੀ ਕਰਨ ਲੱਗੇ. ਅਤੇ ਕਈਆਂ ਨੇ ਸ਼ਾਹੂਕਾਰਾ ਧੰਦਾ ਅਪਣਾ ਲਿਆ । ਬੁੱਧੀ ਤੀਖਣ ਤੇ ਸੁਭਾਅ ਉਤਸ਼ਾਹੀ ਹੋਣ ਕਾਰਨ ਉਹ ਜਿੱਥੇ ਵੀ ਬੈਠੇ ਕਾਮਯਾਬ ਹੋਏ । ਸ਼ਾਹੂਕਾਰਾ ਕਰਨ ਵੇਲੇ, ਲੈਣ ਦੇਣ ਸਮੇਂ ਉਹ ਸੂਦ-ਖ਼ੋਰਾਂ ਵਾਂਗੂੰ ਸਖ਼ਤੀ ਨਹੀਂ ਸਨ ਕਰਦੇ ਸਗੋਂ ਬੜੀ ਸਹੂਲਤ  ਦੇਂਦੇ ਸਨ । ਵਾਰ ਅੱਠਵੀਂ ਦੀ ਪਉੜੀ ਦੱਸਵੀਂ ਵਿਚ ਇਸ ਵੰਸ਼ ਦਾ ਹਾਲ ਦੱਸਦੇ ਹੋਏ ਬੜੀ ਭਾਵ ਪੂਰਤ ਗੱਲ ਭਾਈ ਗੁਰਦਾਸ ਜੀ ਨੇ ਲਿਖੀ ਹੈ ਕਿ ਉਹ ਸਭ ਜਾਤਾਂ ਦੇ ਗੇੜ ਵਿਚ ਫਸੇ ਹਨ ਪਰ ਕੁਝ ਐਸੇ ਹਨ ਜਿਨ੍ਹਾਂ 'ਤੇ ਅਕਾਲ ਪੁਰਖ ਦੀ ਮੇਹਰ ਹੋ ਗਈ, ਉਹ ਧਰਮ ਪਛਾਣ ਗਏ । ਐਸੇ ਲੋਕ ਦਾਨ ਦੇਣ, ਸੂਰਮਿਆਂ ਵਾਂਗ ਰਹਿਣ, ਭਗਤੀ ਨੂੰ ਮੰਤਰ ਜਾਣ ਸਾਰੀ ਜ਼ਿੰਦਗੀ ਸਿਫ਼ਤ ਸਲਾਹ ਵਿਚ ਗੁਜ਼ਾਰ ਰਹੇ ਹਨ :

*ਦਾਨ ਖੜਗ ਮੁਤੰ ਭਗਤਿ ਸਾਲਾਹੀ ।*

ਇਬਟਸਨ ਨੇ ਸਰ ਜਾਰਜ ਕੈਂਬਲ ਦੇ ਹਵਾਲੇ ਨਾਲ ਲਿਖਿਆ ਹੈ ਕਿ ਉਹ ਸ਼ਕਲ ਸੂਰਤ ਤੋਂ ਸੁਹਣੇ ਤੇ ਸੁਣੱਖੇ (ਫ਼ਾਈਨ ਐਂਡ ਫ਼ੇਅਰ) ਹੁੰਦੇ ਸਨ ।

ਇਸੇ ਹੀ ਵੰਸ਼ ਦੇ ਇਕ ਗੁਰਦਿਆਲ  ਸੋਢੀ ਨੇ ਆਪਣਾ ਟਿਕਾਣਾ ਲਾਹੌਰ ਚੂਨਾ ਮੰਡੀ ਕੀਤਾ । ਉਸ ਦੇ ਘਰ ਦੋ ਲੜਕੇ ਹੋਏ ਅਤੇ ਦੂਜੇ ਦਾ ਨਾਮ ਠਾਕੁਰ ਦਾਸ ਰਖਿਆ ਗਿਆ  । ਉਸ ਦੀ ਘਰਵਾਲੀ ਦਾ ਨਾਮ ਬੀਬੀ ਕਰਮੋ ਸੀ । ਮੈਕਾਲਫ਼ ਦਾ ਕਹਿਣਾ ਹੈ ਕਿ ਕਰਮੋ ਨੇ ਬਹੁਤ ਜਸ ਖੱਟਿਆ, ਇਸ ਕਰ ਕੇ 'ਜਸਵੰਤੀ' ਵੀ ਕਹਿਲਾਈ । ਬੰਸਾਵਲੀ-ਨਾਮਾ ਕ੍ਰਿਤ ਭਾਈ ਕੇਸਰ ਸਿੰਘ ਛਿਬਰ ਦੇ ਲਿਖੇ ਅਨੁਸਾਰ ਇਹ ਸੰਮਤ ੧੫੩੧ ਦਾ ਵਾਕਿਆ ਹੈ :

*ਸੰਮਤ ਪੰਦਰਾਂ ਸੈ ਇਕੱਤੀ ਤਬ ਥੇ ਗਏ ।*
*ਜਬ ਠਾਕੁਰ ਦਾਸ ਸੋਢੀ ਜਨਮ ਲਏ ।*

ਅਤੇ ਪਰਮਾਤਮਾ ਤੇਰੀ ਸਦਾ ਪੈਜ ਰੱਖੇ । ਸਦਾ ਆਤਮਿਕ ਜੀਵਨ ਬਣਿਆ ਰਵ੍ਹੇ । ਕਦੇ ਚਿੰਤਾ ਨੇੜੇ ਨਾ ਆਵੇ । ਜਦ ਗੁਰ-ਗੱਦੀ ਦੀ ਜ਼ਿੰਮੇਵਾਰੀ ਗੁਰੂ ਅਰਜਨ ਦੇਵ ਜੀ ਨੂੰ ਮਿਲੀ ਤਾਂ ਚਾਈਂ-ਚਾਈਂ ਰਾਗ ਗੁਜਰੀ ਦੇ ਸ਼ਬਦ ਵਿਚ ਦੱਸਿਆ ਕਿ ਅਸੀਸ 'ਤੇ ਟੁਰ ਕੇ ਕਿਤਨਾ ਕੁਝ ਖੱਟਿਆ ਹੈ :

*ਮਾਈ ਖਾਟਿ ਆਇਓ ਘਰਿ ਪੂਤਾ ॥*
*ਹਰਿ ਧਨੁ ਚਲਤੇ ਹਰਿ ਧਨੁ ਬੈਸੇ,*
*ਹਰਿ ਧਨ ਜਾਗਤ ਸੂਤਾ ॥ ਰਹਾਉ ॥* [1]

ਕਿਤਨੀ ਭਾਗਾਂ ਵਾਲੀ ਮਾਤਾ ਭਾਨੀ ਸੀ ਕਿ ਜਿਸ ਦੀ ਦਿੱਤੀ ਇਕ-ਇਕ ਅਸੀਸ ਨੂੰ ਉਹਨਾਂ ਦੀ ਹਯਾਤੀ ਵਿਚ ਹੀ ਫਲ ਲੱਗਾ । ਜ਼ਰਾ ਟਾਕਰਾ ਕਰਕੇ ਦੇਖੋ । ਅਸੀਸ ਸੀ :

*ਸੰਤ ਸੰਗ ਤੇਰੀ ਪ੍ਰੀਤ*
ਅਤੇ :
*ਨਿਮਖ ਨ ਬਿਸਰਉ, ਭੋਜਨ ਕੀਰਤਨ ਨੀਤਿ*
ਤਾਂ

ਗੁਰੂ ਅਰਜਨ ਜੀ ਫ਼ਰਮਾਉਂਦੇ ਹਨ :

*ਹਰਿ ਧਨ ਜਾਪੁ*
*ਹਰਿ ਧਨ ਤਾਪੁ ॥*
*ਹਰਿ ਧਨ ਭੋਜਨੁ ਭਾਇਆ ॥*
*ਨਿਮਖ ਨ ਬਿਸਰਉ ਮਨ ਤੇ ਹਰਿ ਹਰਿ*
*ਸਾਧ ਸੰਗਤਿ ਮਹਿ ਪਾਇਆ ॥*

ਜਦ ਸ਼ਾਦੀ ਤੋਂ ਵਿਹਲ ਮਿਲੀ ਤਾਂ ਸਾਰਾ ਸਮਾਂ ਸੰਗਤਾਂ ਨੂੰ ਨਾਮ ਜਲ ਦੇ ਛੱਟੇ ਮਾਰਨ ਤੇ ਉਸਾਰੀ ਦੇ ਕੰਮਾਂ ਵਿਚ ਰੁੱਝ ਗਏ । ਚੂਨਾ ਮੰਡੀ

**ਲਾਹੌਰ ਵਿਖੇ**

ਜਨਮ ਅਸਥਾਨ ਲਾਗੇ ਜਿਸ ਨੂੰ ਹੁਣ ਦੀਵਾਨਖ਼ਾਨਾ ਕਹਿੰਦੇ ਹਨ, ਦੀਵਾਨ ਲਗਾਉਂਦੇ । ਉਥੋਂ ਫ਼ਾਰਗ਼ ਹੋ ਕੇ ਕੁਝ ਸਮਾਂ ਫ਼ਕੀਰਾਂ, ਭਗਤਾਂ ਤੇ ਲਾਹੌਰ ਦੇ ਪੀਰਾਂ ਨਾਲ ਗੁਜ਼ਾਰਦੇ । ਮੀਆਂ ਮੀਰ ਨਾਲ ਮੇਲ ਇਸੇ ਦੌਰਾਨ ਹੋਇਆ ਲੱਗਦਾ ਹੈ ।

ਗੁਰੂ ਰਾਮ ਦਾਸ ਜੀ ਨੇ ਅਜੇ ਅੰਮ੍ਰਿਤਸਰ ਵਾਪਸ ਬੁਲਾਉਣਾ ਮੁਨਾਸਬ ਨਾ ਜਾਤਾ । ਦੁਬਿਧਾ ਪ੍ਰਿਥੀ ਚੰਦ ਨੇ ਪਾ ਦਿੱਤੀ ਸੀ । ਇਧਰ ਗੁਰੂ ਅਰਜਨ ਦੇਵ ਜੀ ਦਰਸ਼ਨਾਂ ਲਈ ਤਰਸ ਰਹੇ ਸਨ । ਚਿੱਠੀਆਂ ਵੀ ਪਾਈਆਂ :

*ਮਹਾ ਪ੍ਰੀਤ ਤੇ ਚਿਤ ਉਮਗਾਵੈ ।*
*ਲੋਚਨ ਭਰੇ ਨੀਰ ਝਲਕਾਵੈ ।*

---

1. ਗੁਰੂ ਗ੍ਰੰਥ ਸਾਹਿਬ, ਪੰਨਾ ੪੯੫ ।

ਇਸੇ ਦਸ਼ਾ ਵਿਚ ਚਾਤ੍ਰਿਕ ਦੀ ਤਸਵੀਰ ਬਣਾ ਕੇ ਭੇਜੀ, ਪਰ ਸਤਿਗੁਰੂ ਰਾਮ ਦਾਸ ਜੀ ਨੇ 'ਮੇਘ ਬਾਣ' ਬਣਾ ਕੇ ਪਰਤਾ ਘੱਲੀ । ਭਾਵ ਸੀ ਪਪੀਹੇ ਨੂੰ ਕਾਹਲੀ ਦੀ ਲੋੜ ਨਹੀਂ ਜਦ ਮੇਘ ਵੱਸੇਗਾ, ਸਵਾਂਤ ਬੂੰਦ ਮਿਲ ਜਾਵੇਗੀ :

*ਸ੍ਰੀ ਅਰਜਨ ਲਾਹੌਰ ਤੇ ਚਾਤ੍ਰਿਕ ਕੀ ਤਸਵੀਰ ।*
*ਪ੍ਰਗਟ ਕਰਨ ਆਪਨ ਦਸ਼ਾ ਭੇਜੀ ਸਤਿਗੁਰ ਤੀਰ ।*
*ਰਾਮ ਦਾਸ ਸਤਿਗੁਰ ਮੇਘ ਬਾਣ ਲਿਖ ਦੀਨ ।*
*ਸ੍ਰੀ ਅਰਜਨ ਅਨੰਦ ਭੈ ਵਾਂਛਤ ਉਤਰ ਦੀਨ ।*

ਜਿਉਂ-ਜਿਉਂ ਸਮਾਂ ਬੀਤਦਾ ਜਾਏ, ਵਿਛੋੜਾ ਅਸਹਿ ਹੋਈ ਜਾਏ । ਉਸ ਅਵੱਸਥਾ ਵਿਚ ਕਦੇ ਉੱਚੀ ਸੁਰ ਨਾਲ ਕੀਰਤਨ ਕਰਦੇ ਅਤੇ ਕਦੇ ਗੁਰ-ਮਹਿਮਾ ਕਰਦੇ ਹੋਏ ਸੰਗਤ ਵਿਚ ਹੀ ਨੈਣਾਂ ਵਿਚੋਂ ਜਲ ਵਹਿ ਤੁਰਦਾ ।

ਆਪਣੀ ਸਾਰੀ ਅਵੱਸਥਾ ਨੂੰ ਇਕ ਪੱਤਰ ਰਾਹੀਂ ਸ੍ਰੀ ਅੰਮ੍ਰਿਤਸਰ ਭੇਜਿਆ । ਉਹ ਖ਼ਤ ਪ੍ਰਿਥੀ ਚੰਦ ਨੇ ਗੁਰੂ ਜੀ ਤੱਕ ਪਹੁੰਚਣ ਹੀ ਨਾ ਦਿੱਤਾ । ਇਧਰ ਖ਼ਤ ਛੁਪਾਇਆ, ਉਧਰ ਗੁਰੂ ਜੀ ਨੂੰ ਕਹਿਣਾ ਆਰੰਭ ਕਰ ਦਿੱਤਾ ਕਿ ਲਾਹੌਰ ਜਾ ਕੇ ਕੋਈ ਸੁਖ ਸਨੇਹਾ ਵੀ ਨਹੀਂ ਭੇਜਿਆ । ਉਥੇ ਹੀ ਗੁਰੂ ਬਣ ਬੈਠਾ ਹੈ । ਅੰਤਰਜਾਮੀ ਸਭ ਬਿਧ ਜਾਣਦੇ ਸਨ । (ਗੁਰੂ) ਅਰਜਨ ਦੇਵ ਜੀ ਨੇ ਦੂਜੀ ਪਾਤੀ ਲਿਖੀ । ਪ੍ਰਿਥੀ ਚੰਦ ਨੇ ਉਹ ਵੀ ਹਥਿਆ ਲਈ ਅਤੇ ਲਿਆਉਣ ਵਾਲੇ ਸਿੱਖਾਂ ਨੂੰ ਉੱਤਰ ਕੋਲੋਂ ਹੀ ਬਣਾ ਘੜ ਭੇਜਿਆ : "ਗੁਰੂ ਜੀ ਕਹਿੰਦੇ ਹਨ ਕਿ ਉਥੇ ਰਹਿ ਕੇ ਧਰਮਸਾਲਾ ਬਣਵਾਵੇ । ਸਤਿ ਸੰਗਤ ਦਾ ਦਰਸ਼ਨ ਹੀ ਉਹਨਾਂ ਦੇ ਦਰਸ਼ਨ ਹਨ ।"

ਪ੍ਰਿਥੀ ਚੰਦ ਇਹ ਚਾਲਾਂ ਇਸ ਲਈ ਚਲ ਰਿਹਾ ਸੀ ਕਿ ਗੁਰੂ ਜੀ ਦਾ ਜੋਤੀ ਜੋਤ ਸਮਾਉਣ ਦਾ ਸਮਾਂ ਨੇੜੇ ਆ ਰਿਹਾ ਸੀ ਤੇ ਪ੍ਰਿਥੀ ਚੰਦ ਇਹ ਖ਼ਿਆਲ ਕਰੀ ਬੈਠਾ ਸੀ ਕਿ (ਗੁਰੂ) ਅਰਜਨ ਦੇਵ ਜੀ ਦੇ ਉਥੇ ਅੰਮ੍ਰਿਤਸਰ ਨਾ ਹੋਣ ਕਾਰਨ ਇਕ ਵਾਰੀ ਆਪਣੇ ਆਪ ਨੂੰ ਗੁਰੂ ਬਣਵਾ ਲਵੇਗਾ, ਇਕ ਵਾਰੀ ਗੱਦੀ ਆਈ, ਫਿਰ ਖੋਹਣ ਵਾਲਾ ਕੌਣ ਹੈ ? ਬੜਾ ਭੁਲੇਖਾ ਸੀ, ਉਸ ਨੂੰ :

*ਸਮਾਂ ਸਮੀਪ ਆਇ ਸੋ ਗਇਉ ।*
*ਗੁਰਤਾ ਤਿਲਕ ਤ ਥਹਿ ਸੋ ਲਇਉ ।*

ਤੀਜੀ ਚਿੱਠੀ ਭੇਜਣ ਵੇਲੇ (ਗੁਰੂ) ਅਰਜਨ ਦੇਵ ਜੀ ਨੇ ਪੱਕੀ ਕਰ ਭੇਜੀ ਕਿ ਸਿਵਾਏ ਗੁਰੂ ਪਿਤਾ ਤੋਂ ਹੋਰ ਕਿਸੇ ਹੱਥ ਕਦਾਚਿਤ ਨਹੀਂ ਦੇਣੀ । ਉਸ ਸਿੱਖ ਨੇ ਭਰੇ ਦੀਵਾਨ ਵਿਚ ਹੀ ਚਿੱਠੀ ਗੁਰੂ ਜੀ ਨੂੰ ਦਿੱਤੀ । ਅੰਕ 'ਤੀਜਾ' ਪੜ੍ਹ ਕੇ ਗੁਰੂ ਜੀ ਨੇ ਚਿੱਠੀ ਲਿਆਉਣ ਵਾਲੇ ਨੂੰ ਪੁੱਛਿਆ ਕਿ ਪਹਿਲੀਆਂ ਦੋ ਕਿੱਥੇ ਹਨ ? ਤਾਂ ਉਸ ਦੱਸਿਆ ਕਿ ਪ੍ਰਿਥੀ ਚੰਦ ਜੀ ਨੇ ਲੈ ਲਈਆਂ ਸਨ ਅਤੇ ਆਪ ਜੀ ਵਲੋਂ ਉੱਤਰ ਵੀ ਪਹੁੰਚਾਉਂਦੇ ਰਹੇ ਹਨ ।

ਜਦ ਗੁਰੂ ਜੀ ਨੇ ਪ੍ਰਿਥੀ ਚੰਦ ਕੋਲੋਂ ਪਹਿਲੀਆਂ ਦੋ ਚਿੱਠੀਆਂ ਬਾਰੇ ਪੁੱਛਿਆ

ਤਾਂ ਖਿੱਝ ਕੇ ਕਹਿਣ ਲੱਗਾ :

"ਮੈਂ ਕੀ ਕਰਨੀਆਂ ਸਨ, ਇਹ ਚਿੱਠੀਆਂ ਲੈ ਕੇ। ਦੋ ਉਂਗਲਾਂ ਕਾਗ਼ਜ਼ ਨਾਲ ਕਿਹੜੀ ਗੁੱਡੀ ਚੜ੍ਹਾ ਲੈਣੀ ਸੀ ? ਇਹ ਕਿਹੜੀ ਹੁੰਡੀ ਸੀ ਜਿਸ ਨੂੰ ਤੁੜਾ ਕੇ ਮੈਂ ਧਨ ਲੈਣਾ ਸੀ।"

ਗੱਲ ਤਾਂ ਇਤਬਾਰ ਦੀ ਸੀ। ਗੁਰੂ ਪਿਤਾ ਨੂੰ ਉਹ ਜਾਣੀ ਜਾਣ ਨਹੀਂ ਸੀ ਗਿਣਦਾ। ਤਿੰਨ ਵਾਰ ਗੁਰੂ ਪਿਤਾ ਦੇ ਬਚਨ ਉਲਟਾਏ :

*ਪਿਤਾ ਗੁਰ ਕੋ ਸਰਬ ਗਯ ਨ ਜਾਣਾ ।*

ਗੁਰੂ ਜੀ ਨੇ ਉਸ ਦੇ ਘਰ ਸੇਵਕ ਨੂੰ ਭੇਜ ਕੇ, ਸਾਰਿਆਂ ਸਾਹਮਣੇ ਹੀ ਚਿੱਠੀਆਂ ਘਰੋਂ ਲਿਆਂਦੀ ਕਮੀਜ਼ ਦੀ ਜੇਬ ਵਿਚੋਂ ਹੀ ਕੱਢ ਦਿਖਾਲੀਆਂ। ਸਭ ਨੂੰ ਗੁਰੂ ਜੀ ਨੇ ਕਿਹਾ : "ਇਹ ਕੈਸੀ ਗੁਰਮੁਖਤਾਈ ਹੈ ? ਇਹ ਕਿਹੋ ਜਿਹੀ ਗ਼ਰੀਬੀ ਦੱਸਦਾ ਰਿਹਾ ਹੈ ? ਦੇਖੋ ਜੋ ਕਪਟਹੀਣ ਬਣਦਾ ਸੀ। ਇਹ ਮੀਣਾ ਹੈ।[1] ਇਹ ਹੈ ਇਸ ਦਾ ਆਚਰਨ ਜਿਸ ਸਹਾਰੇ ਗੱਦੀ ਲੋੜਦਾ ਹੈ। ਇਸ ਵਿਚ ਤਾਂ ਵਾਸ਼ਨਾ, ਤ੍ਰਿਸ਼ਨਾ ਦੀ ਹੀ ਭੀੜ ਹੈ, ਪਕੜ ਹੀ ਪਕੜ ਹੈ। ਗੁਰਿਆਈ ਤਾਂ ਦੇਣ ਮਾਰਗ ਹੈ। 'ਨਹੀਂ ਉੱਚ ਪਦ ਇਸ ਕੇ ਭਾਗ'। ਇਹ ਛਲ ਬਲ ਕਰ ਚਾਹਤਿ ਗੁਰਿਆਈ। ਇਹ ਨਾਮ ਧਨ ਦੇ ਨੇੜੇ ਨਹੀਂ ਗਿਆ। ਸੰਸਾਰੀ ਧਨ ਹੀ ਇਕੱਠਾ ਕਰਦਾ ਰਿਹਾ ਹੈ। ਜਗਤ ਭਰ ਦੀ ਚਤੁਰਾਈ ਹੀ ਸਿੱਖਦਾ ਰਿਹਾ ਹੈ। ਆਪਣੀ ਮਨਮਾਨੀ ਹੀ ਕਰਦਾ ਰਿਹਾ ਹੈ। ਗੁਰੂ-ਘਰ ਵਿਚ ਨਾਲਾਇਕ ਜਨਮਿਆ ਹੈ":

*ਓਰਕ ਲੋ ਹਠ ਕੋ ਨਿਰਬਹੀਆ ।*
*ਭਯੋ ਨਿਲਾਇਕ ਗੁਰ ਕੁਲ ਮਹੀਆ । ੩੪ ।*
*ਕਰ ਹੰਕਾਰ ਨ ਕਬਿ ਬਚ ਮਾਨਾ ।*
*ਧਨ ਕੋ ਸਾਂਭਤਿ ਰਹਯੋ ਮਹਾਨਾ ।*
*ਜਗ ਬਿਵਹਾਰਨ ਮਹਿ ਚੁਤਰਾਈ ।*
*ਇਕ ਭੀ ਗੁਨ ਨਹਿ ਲੇ ਗੁਰਿਆਈ । ੪੭ ।*[2]

ਉਸੇ ਸਮੇਂ ਭਰੀ ਸੰਗਤ ਵਿਚ ਕਿਹਾ ਕਿ ਗੁਰਿਆਈ ਦਾ ਭਾਰ ਕੇਵਲ ਗੁਰੂ ਅਰਜਨ

**ਛਤਰ ਸਿਘਾਸਨੁ ਪਿਰਥਮੀ ਗੁਰ ਅਰਜਨੁ ਕਉ ਦੇ ਆਇਅਉ**

ਹੀ ਚੁੱਕਣ ਯੋਗ ਹਨ। ਬਾਬਾ ਬੁੱਢਾ ਜੀ ਨੂੰ ਆਗਿਆ ਕੀਤੀ ਕਿ ਪੰਜ ਸਿੱਖਾਂ ਨੂੰ ਨਾਲ ਲੈ ਜਾ ਕੇ ਲਾਹੌਰ ਤੋਂ ਆਦਰ ਨਾਲ ਗੁਰੂ ਅਰਜਨ ਦੇਵ ਜੀ ਨੂੰ ਲਿਆਓ। ਗੁਰੂ ਅਰਜਨ ਦੇਵ ਜੀ ਦੇ ਪੁੱਜਣ 'ਤੇ ਮਰਯਾਦਾ ਅਨੁਸਾਰ ਗੁਰੂ-ਗੱਦੀ ਦਿੱਤੀ। ਗੋਸ਼ਟ ਮਿਹਰਬਾਨ ਦੇ

---

1. ਮਹਾਨ ਕੋਸ਼ ਵਿਚ ਮੀਣਾ ਦੇ ਅਰਥ 'ਮਿਨ੍ਹਾਂ, ਕਪਟੀ, ਜੋ ਮਨ ਦਾ ਛਲ ਨਾ ਪ੍ਰਗਟ ਹੋਣ ਦੇਵੇ', ਕੀਤੇ ਹਨ। ਮਾਲਵੇ ਵਿਚ ਸਿੰਙ ਹੀਨ ਬੈਲ ਨੂੰ ਵੀ ਮੀਣਾ ਕਹਿੰਦੇ ਹਨ।
2. ਰਾਸ ਦੂਜੀ, ਅੰਸ ੨੧।

ਸ਼ਬਦਾਂ ਅਨੁਸਾਰ :

"ਤਬ ਗੁਰੂ ਰਾਮ ਦਾਸ ਜੀ ਸੰਮਤ ੧੬੩੮ ਭਾਦਉ ਸੁਦੀ ਤਿੰਨ ਸ਼ਬਦ ਕੀ ਥਾਪਣਾ ਗੁਰੂ ਅਰਜਨ ਕਉ ਦੇ ਕਰਿ ਸਚ ਖੰਡ ਕਉ ਸਿਧਾਰੇ।"

ਇਸ ਹਿਸਾਬ ਨਾਲ ੨੮ ਅਗਸਤ ੧੫੮੧ ਈ: ਬਣਦਾ ਹੈ। ਪ੍ਰਿਥੀ ਚੰਦ ਨੇ ਬਹੁਤ ਰੌਲਾ ਪਾਇਆ ਪਰ ਹੁਣ ਤਾਂ ਕੇਵਲ ਹੱਥ ਮਲਣ ਵਾਲੀ ਗੱਲ ਸੀ।

**ਗੁਰੂ ਰਾਮ ਦਾਸ ਜੀ ਦਾ ਜੋਤੀ ਜੋਤ ਸਮਾਉਣਾ** – ਦੋ ਦਿਨ ਆਪ ਜੀ ਸ੍ਰੀ ਅੰਮ੍ਰਿਤਸਰ ਰਹੇ। ਪ੍ਰਿਥੀ ਚੰਦ ਨੂੰ ਫਿਰ ਸਮਝਾਇਆ ਕਿ ਇਹ ਸਭ ਚੀਖ਼ ਚਿਹਾੜਾ ਵਿਅਰਥ ਹੈ, ਜਿਵੇਂ ਵੱਡਿਆਂ ਦਾ ਕਿਹਾ, ਮੋਹਨ ਮੋਹਰੀ ਨੇ ਮੰਨ ਲਿਆ, ਤੁਹਾਨੂੰ ਭੀ ਚਾਹੀਏ ਤਿਉਂ ਹੀ ਕੀਆ।[1] ਕੁਝ ਅਸਰ ਹੋਇਆ ਜਾਪਿਆ। ਉਹ ਵੀ ਗੁਰੂ ਅਰਜਨ ਦੇਵ ਜੀ ਦੇ ਪੈਰੀਂ ਪਿਆ ਪਰ ਇਹ ਵਕਤੀ ਸੀ। ਦੁਬਿਧਾ ਉਸ ਬਣਾਈ ਰੱਖੀ :

*ਗੁਰੂ ਰਾਮ ਦਾਸ ਜੀ ਪ੍ਰਿਥੀਏ ਹੈ ਮਨਾਇਆ।*
*ਸਭਨਾਂ ਨੂੰ ਗੁਰ ਅਰਜਨ ਦੇ ਪੈਰੀਂ ਪਾਇਆ।*
*ਪਰ ਮਨ ਪ੍ਰਿਥੀਏ ਦੇ ਦੁਬਿਧਾ ਰਹੀ।*
*ਉਸ ਵੇਲੇ ਤਾਂ ਮੰਨੀ ਪਿਉ ਦੀ ਕਹੀ।*

ਦੁਬਿਧਾ ਦਾ ਪ੍ਰਗਟਾਵਾ, ਪ੍ਰਿਥੀ ਚੰਦ ਨੇ ਉਸ ਸਮੇਂ ਜ਼ਹਿਰ ਉਗਲ ਕੇ ਕੀਤਾ ਜਦ ਤੀਜੇ ਦਿਨ, ਗੋਇੰਦਵਾਲ ਜਾਂਦਿਆਂ ਹੀ ਗੁਰੂ ਰਾਮ ਦਾਸ ਜੀ ਜੋਤੀ ਜੋਤ ਸਮਾ ਗਏ। ਉਸ ਇਹ ਪ੍ਰਚਾਰ ਕੀਤਾ ਤੇ ਕਰਵਾਇਆ ਕਿ ਗੁਰੂ ਅਰਜਨ ਦੇਵ ਜੀ ਨੇ ਗੁਰੂ ਰਾਮ ਦਾਸ ਜੀ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ ਹੈ। ਦੋ ਦਿਨ ਵੀ ਸਬਰ ਨਹੀਂ ਕੀਤਾ ਸੂ। ਪੂਜਾ ਦੇ ਲਾਲਚ ਪਿੱਛੇ ਗੁਰੂ ਰਾਮ ਦਾਸ ਜੀ ਨੂੰ ਮਾਰ ਦਿੱਤਾ। ਪ੍ਰਿਥੀ ਚੰਦ ਨੂੰ ਬੜੀਆਂ ਲਾਹਨਤਾਂ ਸੰਗਤਾਂ ਤੇ ਮੋਹਰੀ ਜੀ ਨੇ ਪਾਈਆਂ ਕਿ ਕੁਝ ਤਾਂ ਖ਼ਿਆਲ ਕਰੋ। ਤੁਹਾਨੂੰ ਮੁਨਾਸਬ ਵਾਕ ਬੋਲਣੇ ਚਾਹੀਦੇ ਹਨ। ਪਰ ਉਹ ਕਹੀ ਜਾਏ :

*ਗੁਰਤਾ ਤਿਲਕ ਭਲੋ ਇਨ ਪਾਯੋ।*
*ਦੁਇ ਦਿਨ ਬਿਤੇ ਨ ਬਿਸ ਕੋ ਖਵਾਯੋ। ੧੧।*
*ਪੂਜਵਾਵਨ ਕੋ ਲਾਲਚ ਕਰਕੈ।*
*ਮਾਰਯੋ ਪਿਤਾ ਕਪਟ ਕੋ ਧਰਿਕੈ।*

ਗੁਰੂ ਰਾਮ ਦਾਸ ਜੀ ਤਾਂ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਗੋਇੰਦਵਾਲ ਵਿਖੇ ਵੀ ਕਹਿ ਗਏ ਸਨ :

"ਸਤਿਨਾਮ ਦਾ ਧਿਆਨ ਕਰਨਾ। ਗੁਰੂ ਅਰਜਨ ਦੇਵ ਜੀ ਵਿਚ ਚਾਰਾਂ ਗੁਰਾਂ ਦੇ ਦਰਸ਼ਨ ਕਰਨੇ। ਕੋਈ ਭੇਦ ਨਹੀਂ ਹੈ। ਗੁਰੂ ਅਰਜਨ ਦੇਵ ਜੀ ਸਮੁੰਦਰ ਵਾਂਗ

1. ਬੰਸਾਵਲੀ ਨਾਮਾ

ਸ਼ਾਂਤ ਤੇ ਰਤਨਾਂ ਨਾਲ ਭਰਪੂਰ ਹਨ। ਜੋ ਇਸ ਨਾਲ ਵੈਰ ਕਮਾਏਗਾ, ਉਸ ਦਾ ਇਥੇ ਤਾਂ ਕੁਝ ਬਣਨਾ ਇਕ ਪਾਸੇ, ਦੀਨ-ਦੁਨੀ ਵਿਚ ਦੁੱਖ ਕਮਾਏਗਾ'' :

*ਇਸ ਕੈ ਸੰਗ ਜੋ ਰਚੈ ਖੁਟਾਈ।*
*ਪੁਜਹਿ ਨ ਦੀਨ ਦੁਨੀ ਦੁਖ ਪਾਈ।* (ਰਾਸ ਦੂਜੀ, ਅੰਸ ੨੩)

ਤੀਜੇ ਦਿਨ ਗੁਰੂ ਰਾਮ ਦਾਸ ਜੀ ਸਮੇਤ ਗੁਰੂ ਅਰਜਨ ਦੇਵ ਜੀ ਗੋਇੰਦਵਾਲ ਆ ਗਏ। ਪ੍ਰਿਥੀ ਚੰਦ ਤੇ ਮਹਾਂਦੇਵ ਜੀ ਅੰਮ੍ਰਿਤਸਰ ਹੀ ਰਹੇ।

੧ ਸਤੰਬਰ, ੧੫੮੧ ਈ. ਨੂੰ ਅੰਮ੍ਰਿਤ ਵੇਲੇ ਬਾਉਲੀ ਸਾਹਿਬ ਇਸ਼ਨਾਨ ਕਰ ਕੇ ਆਪਣੇ ਨਿਤ ਦੇ ਨੇਮ ਵਾਂਗੂੰ ਦੀਵਾਨ ਵਿਚ ਆਏ। ਆਸਾ ਦੀ ਵਾਰ ਦਾ ਕੀਰਤਨ ਸੁਣਿਆ ਤੇ ਫਿਰ ਸੰਗਤਾਂ ਨੂੰ ਫ਼ਰਮਾਇਆ : ''ਗੁਰੂ ਅਰਜਨ ਮੇਰਾ ਤੇ ਚੌਹਾਂ ਗੁਰੂ ਸਾਹਿਬਾਨ ਦਾ ਰੂਪ ਹੈ। ਰਤਾ ਭਰ ਵੀ ਭੇਦ ਨਹੀਂ।''

ਗੁਰੂ ਅਰਜਨ ਦੇਵ ਜੀ ਨੂੰ ਅੰਮ੍ਰਿਤਸਰ ਵਿਚਕਾਰ ਹਰਿਮੰਦਰ ਸਾਹਿਬ ਉਸਾਰਨ ਦੀ ਵੀ ਆਗਿਆ ਕੀਤੀ। ਐਸਾ ਹਰਿਮੰਦਰ ਹੋਵੇ ਕਿ ਦੇਖਣ ਵਾਲੇ ਨੂੰ ਲੱਗੇ ਕਿ ਪ੍ਰਭੂ ਦਾ ਬਿਬਾਨ ਮਾਨੋਂ ਅਕਾਸ਼ ਵਿਚ ਟਿਕਿਆ ਹੈ :

*ਚੁਹ ਦਿਸ਼ ਤੇ ਸੋਪਾਨ¹ ਬਨਾਵਤ।*
*ਹਰਿ ਮੰਦਰ ਸੁੰਦਰ ਉਸਰਾਵਹੁ। ੫੫।*
*ਤਾਲ ਬਿਖੈ ਸ਼ੋਭਾ ਹੁਇ ਐਸੇ।*
*ਹਰਿ ਬਿਮਾਨ ਕਥਿਤ ਨਭ ਮਹਿ ਜੈਸੇ।*

ਬੀਬੀ ਭਾਨੀ ਜੀ ਨੇ ਜਦ ਕਿਹਾ ਕਿ ਆਗਿਆ ਬਖ਼ਸ਼ੋ ਕਿ ਨਾਲ ਹੀ ਪ੍ਰਾਨ ਤਿਆਗਾਂ ਤਾਂ ਗੁਰੂ ਰਾਮ ਦਾਸ ਜੀ ਨੇ ਕਿਹਾ ਕਿ ਸਰੀਰ ਵਾਹਿਗੁਰੂ ਨੇ ਬਣਾਇਆ ਹੈ। ਜਿਸ ਨੇ ਬਣਾਇਆ ਹੈ ਉਸੇ ਦਾ ਹੱਕ ਤੇ ਕੰਮ ਹੈ, ਲੈਣ ਦਾ। ਇਹ ਕਦਾਚਿਤ ਨਾ ਸੋਚਣਾ। ਫਿਰ ਕਹਿਣ ਲੱਗੇ :

''ਹੇ ਬਹੁਤ ਜਸਵਾਲੀ, ਮਹਾਂ ਜਸੇ, ਤੇਰੇ ਸਮਾਨ ਤਾਂ ਕੋਈ ਵਿਰਲੀ ਹੈ। ਤੂੰ ਹਰ ਵੇਲੇ ਪਹਿਲਾਂ ਪਿਤਾ ਦੇ ਹੁਕਮ ਵਿਚ ਰਹੀ ਤੇ ਹੁਣ ਜਿਵੇਂ ਅਸਾਂ ਕਿਹਾ, ਕਰਦੇ ਰਹੇ। ਕਿਤਨੇ ਭਾਗਾਂ ਵਾਲੀ ਤੂੰ ਹੈਂ, ਜਿਸ ਘਰ ਗੁਰੂ ਅਰਜਨ ਵਰਗਾ ਬੇਟਾ ਹੋਇਆ ਹੈ। ਤੁਸਾਂ ਹੀ ਹੁਣ ਇਸ ਵਧ ਰਹੀ ਈਰਖਾ ਨੂੰ ਰੋਕਣਾ ਹੈ। ਤੁਸੀਂ ਸਭ ਨੂੰ ਸੇਵਾ ਵਿਚ ਲਗਾ, ਧੀਰਜ ਵੰਡਦੇ ਰਹਿਣਾ।''

ਕਿਤਨੀ ਆਗਿਆ ਪਾਲੀ ਬੀਬੀ ਭਾਨੀ ਜੀ ਨੇ ਕਿ ਗੁਰੂ ਰਾਮ ਦਾਸ ਜੀ ਦੇ ਜੋਤੀ ਜੋਤ ਸਮਾਉਣ ਉਪ੍ਰੰਤ ਕੋਲ ਬੈਠੇ ਰਹੇ, ਸ਼ਬਦ ਵਿਚ ਲੀਨ ਰਹੇ ਤੇ ਅੱਥਰੂ ਤਕ ਨਾ ਵਗਾਏ :

---

1. ਪਉੜੀਆਂ।

*ਧਰੀ ਧੀਰ ਭਾਨੀ ਨਹਿ ਰੋਈ ।*
*ਬੈਠ ਪਤੀ ਸਮੀਪੀ ਹੋਈ । ੧੮ ।*

ਸਾਰੀ ਸੰਗਤ ਨੂੰ ਸੰਬੋਧਨ ਕਰਦੇ ਹੋਏ ਗੁਰੂ ਰਾਮ ਦਾਸ ਜੀ ਨੇ ਕਿਹਾ :

''ਮੇਰੇ ਜਾਣ ਪਿਛੋਂ ਕਿਸੇ ਪ੍ਰਕਾਰ ਦਾ ਸੋਗ ਜਾਂ ਬਿਓਗ ਨ ਕਰਨਾ । ਨਿਰੋਲ ਕੀਰਤਨ ਤੇ ਭਜਨ ਕਰਨਾ ।''[1]

*ਮਮ ਪਾਛੈ ਭਜਨ ਕੀਰਤਨ ਕਰਨਾ ।*
*ਸ਼ੋਕ ਬਿਓਗ ਮਨ ਮੇਂ ਨਹੀਂ ਕਰਨਾ ।* [2]

ਇਤਨੇ ਬਚਨ ਆਖ ਕੇ ਚੁੱਪ ਕਰ ਗਏ । ਬਾਬਾ ਬੁੱਢਾ ਜੀ ਵੱਲ ਦੇਖਿਆ । ਬੈਠੇ ਬੈਠੇ ਹੀ ਗੁਰੂ ਅਰਜਨ ਜੀ ਅੱਗੇ ਫਿਰ ਸਿਰ ਝੁਕਾਇਆ । ਚਿਹਰੇ ਵੱਲ ਸੰਗਤ ਟਿਕ-ਟਿਕੀ ਲਗਾ ਦੇਖ ਰਹੀ ਸੀ । ਇੰਜ ਪਿਆ ਲੱਗੇ ਕਿ ਲੀਨ ਹੋ ਰਹੇ ਹਨ ਜਿਵੇਂ ਜਲ-ਜਲ ਵਿਚ, ਅਗਨ-ਅਗਨ ਵਿਚ ਅਤੇ ਪਾਉਣ ਅਕਾਸ਼ ਵਿਚ ਸਹਿਜੇ ਹੀ ਸਮਾ ਜਾਂਦੀ ਹੈ :

*ਤਬ ਅਦਭੁਤ ਚਲਤ ਦਿਆਲ ਗੁਰ ਕੀਨ ।*
*ਜੋਤ ਮਾਹਿ ਜੋਤ ਭਈ ਲੀਨ ।*
*ਜੈਸੇ ਜਲ ਮਹਿ ਜਲ ਮਿਲ ਜਾਇ ।*
*ਅਗਨ ਮਹਿ ਜਿਉ ਅਗਨ ਸਮਾਇ ।*
*ਜਿਮ ਅਕਾਸ਼ ਪਵਨ ਹੋਇ ਲੀਨ ।*
*ਅਚਰਜ ਲੀਲਾ ਸਤਿਗੁਰ ਕੀਨ ।*[3]

ਉਧਰ ਗੁਰ-ਜੋਤ ਜੋਤੀ ਵਿਚ ਸਮਾ ਰਹੀ ਸੀ, ਇਧਰ ਗੋਇੰਦਵਾਲ ਵਿਖੇ ਚਾਰੇ ਪਾਸੇ ਵਾਤਾਵਰਣ ਸੁਗੰਧਿਤ ਹੋਈ ਜਾ ਰਿਹਾ ਸੀ । ਅਕਾਸ਼ ਗੁਲਾਬੀ ਭਾਅ ਮਾਰਨ ਲੱਗ ਪਿਆ । ਹਵਾ ਰੁਮਕਦੀ ਜੈ ਜੈ ਦੀ ਅਵਾਜ਼ ਕੱਢ ਰਹੀ ਸੀ । ਇਤਨੀ ਖ਼ੁਸ਼ਬੂ ਫੈਲੀ ਕਿ ਇੰਜ ਲਗੇ ਕੋਈ ਫੁੱਲਾਂ ਦੀ ਵਰਖਾ ਕਰ ਰਿਹਾ ਹੈ । ਆਤਮ-ਭਰਪੂਰ ਹੋ ਗਿਆ ਸਾਰਾ ਗੋਇੰਦਵਾਲ । ਸਸਕਾਰ ਬਿਆਸ ਕਿਨਾਰੇ ਹੀ ਕੀਤਾ ਗਿਆ ।[4] ਭੱਟ ਹਰਿਬੰਸ ਜੀ ਦੇਵ ਨੇਤ ਉਥੇ ਹੀ ਸਨ ਜਦ ਗੁਰੂ ਰਾਮ ਦਾਸ ਜੀ ਜੋਤੀ ਜੋਤ ਸਮਾਏ । ਉਹਨਾਂ ਲਿਖਿਆ ਕਿ ਗੁਰੂ ਰਾਮ ਦਾਸ ਜੀ ਰਜ਼ਾ ਵਿਚ ਟਿਕੇ ਹੀ ਸੱਚ ਖੰਡ ਗਏ ਹਨ । ਹਰੀ ਨੇ ਹੀ ਤਖ਼ਤ ਬਖ਼ਸ਼ਿਆ ਸੀ । ਸਾਰੇ ਇਥੇ ਤੇ ਉਥੇ ਜੈ ਜੈ ਕਾਰ ਕਰ ਰਹੇ ਹਨ । ਐਸਾ ਉਪਦੇਸ਼ ਤੇ ਵਾਤਾਵਰਣ ਗੁਰੂ ਜੀ ਬਣਾ ਗਏ

1. ਰਾਸ ਦੂਜੀ, ਅੰਸ ੨੪ ।
2. ਮਹਿਮਾ ਪ੍ਰਕਾਸ਼, ਸਾਖੀ ਅਠ, ਪਾਤਸ਼ਾਹੀ ਚੌਥੀ ।
3. ਮਹਿਮਾ ਪ੍ਰਕਾਸ਼ ।
4. ਬਿਆਸਾ ਕੰਢੇ ਭਇਆ ਸਸਕਾਰ (ਮਹਿਮਾ ਪ੍ਰਕਾਸ਼) । ਦੇਹਰਾ ਬਣਾਇਆ ਗਿਆ ਸੀ ਪਰ ਬਿਆਸਾ ਰੋੜ੍ਹ ਕੇ ਲੈ ਗਈ । ਗੁਰੂ ਤਾਂ ਹਰ ਹਿਰਦੇ ਹੈ ।

ਕਿ ਦੇਖੀ, ਦੁਸ਼ਟ ਤੇ ਦੈਂਤਾਂ ਦੀ ਦਾਲ ਨਹੀਂ ਗਲ ਸਕਦੀ । ਉਹ ਸਭ ਭੱਜ ਗਏ ਕਿਉਂਕਿ ਅੰਦਰ ਦਾ ਪਾਪ ਗੁਰੂ ਜੀ ਨੇ ਉਹਨਾਂ ਨੂੰ ਦਿਖਲਾ ਦਿੱਤਾ । ਉਹਨਾਂ ਸਭਨਾਂ ਦੇ ਪਾਪ ਕੱਟੇ ਗਏ ਜਿਨ੍ਹਾਂ ਗੁਰੂ ਰਾਮ ਦਾਸ ਜੀ ਦੀ ਛੁਹ ਪ੍ਰਾਪਤ ਕੀਤੀ । ਗੁਰੂ ਰਾਮ ਦਾਸ ਜੀ ਹੁਣ ਸਾਰੀ ਜ਼ਿੰਮੇਵਾਰੀ, ਛਤ੍ਰ ਤੇ ਸਿੰਘਾਸਨ ਗੁਰੂ ਅਰਜਨ ਦੇਵ ਜੀ ਨੂੰ ਦੇ ਗਏ :

*ਦੇਵਪੁਰੀ ਮਹਿ ਗਯਉ,*
*ਆਪਿ ਪ੍ਰੇਮੇਸੁਰ ਭਾਯਉ ।*
*ਹਰਿ ਸਿੰਘਾਸਣੁ ਦੀਅਉ,*
*ਸਿਰੀ ਗੁਰੁ ਤਹ ਬੈਠਾਯਉ ।*
*ਰਹਸੁ ਕੀਅਉ ਸੁਰ ਦੇਵ,*
*ਤੋਹਿ ਜਸੁ ਜਯ ਜਯ ਜੰਪਹਿ ।*
*ਅਸੁਰ ਗਏ ਤੇ ਭਾਗਿ,*
*ਪਾਪ ਤਿਨ੍ ਭੀਤਰਿ ਕੰਪਹਿ ।*
*ਕਾਟੇ ਸੁ ਪਾਪ ਤਿਨ ਨਰਹੁ ਕੇ,*
*ਗੁਰ ਰਾਮਦਾਸ ਜਿਨ ਪਾਇਯਉ ।*
*ਛਤ੍ਰ ਸਿੰਘਾਸਨੁ ਪਿਰਥਮੀ,*
*ਗੁਰ ਅਰਜਨ ਕਉ ਦੇ ਆਇਅਉ ।੨।*[1]

ਭਾਈ ਗੁਰਦਾਸ ਜੀ ਦੇ ਉਹਨਾਂ ਸ਼ਬਦਾਂ ਨਾਲ ਇਹ ਬ੍ਰਿਤਾਂਤ ਸਮਾਪਤ ਕਰਨਾ ਢੁਕੇਗਾ, ਜਿਸ ਵਿਚ ਉਹਨਾਂ ਕਿਹਾ : ਪਿਤਾ (ਗੁਰੂ ਰਾਮ ਦਾਸ), ਦਾਦਾ (ਗੁਰੂ ਅਮਰ ਦਾਸ), ਪੜਦਾਦਾ (ਗੁਰੂ ਅੰਗਦ ਦੇਵ ਤੇ ਗੁਰੂ ਨਾਨਕ) ਦੀ ਕੁਲ ਦੇ ਦੀਪਕ ਪੜਪੋਤਾ ਗੁਰੂ ਅਰਜਨ ਦੇਵ ਜੀ ਅਜਿਹੇ ਹੋਏ ਜੋ ਅਜਰ ਵਸਤੂ ਨੂੰ ਜਰਨ ਵਾਲੇ ਹਨ । ਤਖ਼ਤ ਦੇ ਮਾਲਕ ਬਣੇ ਤੇ ਬਰਕਤਾਂ ਉਹਨਾਂ ਦਿਵਾਲੇ ਫਿਰਨ ਲੱਗੀਆਂ । ਸ਼ਬਦ ਤੇ ਸੁਰਤਿ ਦਾ ਐਸਾ ਉੱਚਾ ਵਪਾਰ ਕੀਤਾ ਕਿ ਸਭ ਨੂੰ ਇਹ ਸੁਰਤਿ ਵਿਚ ਸ਼ਬਦ ਲੀਨ ਕਰਨ ਦੀ ਜਾਚ ਆਈ । ਗੁਰਬਾਣੀ ਦਾ ਭੰਡਾਰ, ਗੁਰੂ ਗਰੰਥ ਸਾਹਿਬ ਤਿਆਰ ਕੀਤਾ ਅਤੇ ਦਰਬਾਰ ਸਾਹਿਬ ਉਸਾਰ[2] ਕੇ ਕੀਰਤਨ ਦੇ ਅੱਠੇ ਪਹਿਰ ਰੰਗ ਲਗਾ ਦਿੱਤੇ :

*ਪਿਉ ਦਾਦੇ ਪੜਦਾਦਿਅਹੁ,*
*ਕੁਲ ਦੀਪਕੁ ਅਜਰਾਵਰ ਨਤਾ ।*
*ਤਖਤੁ ਬਖਤੁ ਲੈ ਮਲਿਆ,*
*ਸਬਦ ਸੁਰਤਿ ਵਾਪਾਰਿ ਸਮਤਾ ।*
*ਗੁਰਬਾਣੀ ਭੰਡਾਰ ਭਰਿ,*
*ਕੀਰਤਨ ਕਥਾ ਰਹੈ ਰੰਗ ਰਤਾ ।*

---

1. ਸਵਈਏ ਮਹਲੇ ਪੰਜਵੇਂ ਕੇ । (ਗੁਰੂ ਗ੍ਰੰਥ ਸਾਹਿਬ, ਪੰਨਾ ੧੪੦੯)
2. ਹੋਰ ਵਿਸਥਾਰ ਲਈ ਜੀਵਨੀ ਗੁਰੂ ਅਰਜਨ ਦੇਵ ਜੀ 'ਪਰਤਖੁ ਹਰਿ' ਪੜ੍ਹੋ ।

11

# ਪੂਰੀ ਹੋਈ ਕਰਾਮਾਤਿ

## (ਸਮੁੱਚੇ ਜੀਵਨ ਤੇ ਇਕ ਝਾਤ)

''ਵਡੇ ਕੀਆਂ ਵਡਿਆਈਆਂ, ਕਿਛੁ ਕਹਣਾ ਕਹਣ ਨ ਜਾਇ'', ਵਾਲੀ ਗੱਲ ਹੁੰਦੀ ਹੈ ਜਦ ਗੁਰੂ ਪਾਤਸ਼ਾਹਾਂ ਦੀ ਜੀਵਨੀ ਬਾਰੇ ਲਿਖਣ ਦਾ ਯਤਨ ਕੀਤਾ ਜਾਏ । ਗੁਰੂ ਰਾਮ ਦਾਸ ਜੀ ਦੇ ਸਮੁੱਚੇ ਜੀਵਨ ਬਾਰੇ ਤਿੰਨ ਸ਼ਬਦ ਹੀ ਲਿਖਣੇ ਹੋਣ ਤਾਂ ਅਸਾਨੀ ਨਾਲ ਕਹਿ ਸਕਦੇ ਹਾਂ ਕਿ ਉਹਨਾਂ ਦਾ ਜੀਵਨ 'ਪੂਰੀ ਹੋਈ ਕਰਾਮਾਤਿ' ਦਾ ਅਕਸ ਸੀ ।

ਜੀਵਨੀ ਪੜ੍ਹ ਕੇ ਜ਼ਾਹਰ ਹੋ ਗਿਆ ਕਿ ਜਿਸ ਬਾਲਕ ਦੇ ਸਿਰ ਤੋਂ ਮਾਂ ਬਾਪ ਦਾ ਸਾਇਆ ਉੱਠ ਜਾਏ, ਲਾਹੌਰ ਵਰਗੇ ਵੱਡੇ ਸ਼ਹਿਰ ਵਿਚ ਕੋਈ ਹੁੰਗਾਰਾ ਭਰਨ ਵਾਲਾ ਵੀ ਨਾ ਰਹੇ, ਭੈਣ ਤੇ ਇਕ ਭਰਾ ਦੀ ਪਾਲਣਾ ਪੋਸਣਾ ਵੀ ਜ਼ਿੰਮੇ ਹੋਵੇ ਪਰ ਫਿਰ ਹੌਂਸਲਾ ਨਾ ਹਾਰਨਾ ਸਗੋਂ ਪਹਿਲੇ ਦਿਨ ਹੀ ਛਾਬੇ ਦਾ ਸਾਰਾ ਮਾਲ ਭੁੱਖਿਆਂ ਨੂੰ ਖਵਾਲ ਦੇਣਾ ਕਿਸੇ ਕਰਾਮਾਤੀ ਸ਼ਖ਼ਸੀਅਤ ਦਾ ਹੀ ਕਾਰਜ ਹੋ ਸਕਦਾ ਸੀ ।

ਬਾਸਰਕੇ ਆ ਕੇ ਕਿਸੇ ਅੱਗੇ ਰੋਣਾ ਨਹੀਂ ਰੋਇਆ, ਹੱਥ ਨਹੀਂ ਅੱਡਿਆ, ਸ਼ਰੀਕੇ ਤੇ ਗਵਾਂਢੀਆਂ ਦੀ ਬੇਰੁਖ਼ੀ ਤੋਂ ਨਹੀਂ ਘਬਰਾਏ, ਕਿਰਤ ਕਰਦੇ ਰਹੇ, ਕੀਰਤਨ ਵਿਚ ਜੁੜਦੇ ਰਹੇ ।

ਜਦ ਗੁਰੂ ਅਮਰ ਦਾਸ ਜੀ ਦੀ ਕਿਰਪਾ ਦ੍ਰਿਸ਼ਟੀ ਹੋਈ ਤਾਂ ਕਰਾਮਾਤਿ ਪੂਰਨ ਹੋ ਗਈ । ਸਹਿਨਸ਼ੀਲਤਾ ਦੇ ਐਸੇ ਪੂਰਨੇ ਪਾਏ ਕਿ ਗੁਰੂ ਅਮਰ ਦਾਸ ਜੀ ਰੀਝੇ । ਇਹ ਵੀ ਇਕ ਕਰਾਮਾਤਿ ਸੀ ਕਿ ਸਾਥ ਬੀਬੀ ਭਾਨੀ ਵਰਗੀ ਸੁਪਤਨੀ ਦਾ ਮਿਲਿਆ । ਜੇ ਗੁਰੂ ਜੀ ਲੋਕਾਂ ਦੀ ਸੇਵਾ, ਬਾਉਲੀ ਦੀ ਉਸਾਰੀ, ਲੰਗਰ ਦੇ ਕਾਰਜ ਅਤੇ ਸੰਗਤਿ ਵਿਚ 'ਪੱਖਾ ਫੇਰੀ, ਪਾਣੀ ਢੋਵਾ' ਵਿਚ ਜੁੱਟੇ ਰਹਿੰਦੇ ਸਨ ਤਾਂ ਬੀਬੀ ਭਾਨੀ ਜੀ ਅੰਮ੍ਰਿਤ ਵੇਲੇ ਤੋਂ ਰਾਤ ਸਮੇਂ ਤਕ ਗੁਰ-ਸੇਵਾ ਕਰ ਆਪਣਾ ਧਰਮ ਬਣਾ ਨਿਭਾ ਰਹੇ ਸਨ । ਸਤਿ-ਸਤੀ ਦੀ ਮੂਰਤ ਸੀ ਗੁਰ-ਸੁਤਾ ।[1]

---

1. ਜਗਤ-ਸਾਕ ਤਜ ਦੀਨ, ਪਿਤਾ ਸਤਿਗੁਰੂ ਨ ਠਹਿਰਾਇਓ ।
   ਹੋ ਸੇਵਾ ਮਨਿ ਬਚਿ ਕੀਨ, ਅਟਲ ਪਦ ਗੁਰ ਤੇ ਪਾਇਓ ।
   (ਗੁਰ ਪ੍ਰਣਾਲੀ, ਭਾਈ ਰਾਮ ਸਿੰਘ)

ਸਹੁਰਿਆਂ ਦੇ ਘਰ ਬਾਈ ਸਾਲ ਸੱਚਮੁੱਚ ਟੋਕਰੀ ਮਿੱਟੀ ਦੀ ਸਿਰ ਚਾਈਂ-ਚਾਈਂ ਰੱਖਣੀ ਅਤੇ ਕਿਸੇ ਦੇ ਤਾਅਨੇ ਤੇ ਮਿਹਣੇ ਦੀ ਪ੍ਰਵਾਹ ਨਾ ਕਰਨੀ ਇਕ ਵੱਡੀ ਕਰਾਮਾਤ ਸੀ । ਜਦ ਕਿਸੇ ਅਨਜਾਣ ਬਿਰਾਦਰੀ ਦੇ ਜੀਅ ਨੇ ਨਿਹੋਰਾ ਸੁੱਟਿਆ ਤਾਂ ਇਸ ਕਰਾਮਾਤੀ ਸ਼ਖ਼ਸੀਅਤ ਨੇ ਕਿਹਾ : "ਇਹ ਨਹੀਂ ਜਾਣਦੇ ਸੇਵਾ ਦਾ ਕੀ ਮਹਾਤਮ ਹੈ । ਇਹ ਸਰੀਰਾਂ ਦੇ ਰਿਸ਼ਤਿਆਂ ਤੋਂ ਉੱਚੇ ਉੱਠ ਹੀ ਨਹੀਂ ਸਕੇ ।" ਭਾਈ ਗੁਰਦਾਸ ਜੀ ਨੇ ਇਸੇ ਲਈ 'ਦੇਹ ਬਿਦੇਹੀ, ਲੋਗ ਅਲੋਗੀ' ਦੀ ਤੁਕ ਗੁਰੂ ਰਾਮ ਦਾਸ ਜੀ ਪ੍ਰਤੀ ਲਿਖੀ ਹੈ । ਫਿਰ ਜਦ ਗੁਰੂ ਅਮਰ ਦਾਸ ਜੀ ਨੇ ਆਪਣੀ ਹੱਥੀਂ ਤਖ਼ਤ 'ਤੇ ਬਿਠਾ ਕੇ, ਪਰਦਖਣਾ ਕਰ, ਮੱਥਾ ਟੇਕਿਆ, ਤਾਂ ਐਸੀ ਕਰਾਮਾਤਿ ਹੋ ਗਈ ਜੋ ਕਦੇ ਨਾ ਹੋਈ ਹੈ ਅਤੇ ਨਾ ਹੋਵੇਗੀ ।

ਜਿਤਨੀ ਉਪਮਾ ਸਮਕਾਲੀ ਭੱਟਾਂ, ਭਾਈ ਗੁਰਦਾਸ ਜੀ ਨੇ , ਰਬਾਬੀ ਸਤਾ ਤੇ ਬਲਵੰਡ ਜੀ, ਭਾਈ ਸੰਤੋਖ ਸਿੰਘ ਜੀ, ਗਿਆਨੀ ਗਿਆਨ ਸਿੰਘ ਜੀ ਤੇ ਹੋਰਨਾਂ ਗਾਈ ਹੈ, ਉਸ ਦਾ ਕੋਈ ਅੰਤ ਨਹੀਂ । ਭੱਟਾਂ ਨੇ ਪੰਜ ਗੁਰੂ ਸਾਹਿਬਾਨ ਦੀ ਉਪਮਾ ਵਿਚ ਕੇਵਲ ੧੨੩ ਸਵੱਈਏ ਉਚਾਰੇ ਹਨ । ਉਹਨਾਂ ਵਿਚੋਂ ੬੦ ਤਾਂ ਨਿਰੋਲ ਗੁਰੂ ਰਾਮ ਦਾਸ ਜੀ ਦੀ ਉਪਮਾ ਵਿਚ ਹਨ । ਹੋਰ ੩੩ ਸਵੱਈਆਂ ਵਿਚ ਵੀ ਗੁਰੂ ਰਾਮ ਦਾਸ ਜੀ ਦੀ ਸ਼ਕਤੀ, ਭਗਤੀ, ਗੌਰਵਤਾ, ਨਿੰਮ੍ਰਤਾ, ਸੇਵਾ ਅਤੇ ਵਰੋਸਾਏ ਦਾ ਜ਼ਿਕਰ ਹੈ । ਕਵੀ ਸੰਤੋਖ ਸਿੰਘ ਜੀ ਨੇ ਤਾਂ ਇਕ ਪੂਰਾ 'ਗੁਰੂ ਰਾਮ ਦਾਸ ਸਤੋਤ੍ਰ' ਵੀਹ ਦੋਹਰਿਆਂ ਦਾ ਲਿਖਿਆ ਹੈ ਅਤੇ ਇਹ ਨਾਲ ਵਿਸ਼ਵਾਸ਼ ਵੀ ਪ੍ਰਗਟਾਇਆ ਹੈ ਕਿ :

*ਪਠਹਿ ਜੁ ਬੀਸੀ ਦੁਹਿਰੇ ਨਿਤ ਪ੍ਰਤੀ ਕਰ ਨੇਮੁ ।*
*ਮਨ ਬਾਂਛਿਤ ਫਲ ਦੇਤਿ ਗੁਰ ਸੁਤ ਬਿਤ ਆਦਿਕ ਛੇਮ ।*

ਗੁਰ-ਪ੍ਰਣਾਲੀਆਂ ਦੇ ਲਿਖਾਰੀਆਂ ਨੇ ਆਪ ਜੀ ਨੂੰ 'ਭਗਤਿ ਗਿਆਨ ਕੇ ਧਾਮ' ਕਿਹਾ ਹੈ ਅਤੇ ਇਕ ਹੋਰ ਨੌ-ਨਿਧ ਨਾਮ ਦੇ ਕਵੀ ਨੇ ਗੁਰ ਉਪਮਾ ਵਿਚ ਸੋਹਣਾ ਕਿਹਾ ਹੈ :

*ਪ੍ਰੇਮ ਪ੍ਰਵਾਹ ਰੂਪ ਬਾਣੀ ਬਹਾਇ ਦਈ,*
*ਸੰਗਤਿ ਇਸ਼ਨਾਨ ਕਰੈ ਕਾਟੈ ਲਗ ਫਾਸ ਹੈ ।*
*ਨਉ ਨਿਧਿ ਨਿਰਵੈਰ ਰੂਪ ਪੂਰਨ ਅਪਾਰ ਅਨਿਕ,*
*ਭਗਤ ਤਾਰਨ ਕੋ ਆਏ ਰਾਮ ਦਾਸ ਹੈ ।*[1]

ਜੇ ਲਤੀਫ਼ ਨੇ ਲਿਖਿਆ ਹੈ ਕਿ ਗੁਰੂ ਰਾਮ ਦਾਸ ਜੀ ਦੇ ਸ੍ਰੀ ਅੰਮ੍ਰਿਤਸਰ ਬਣਾਉਣ ਨਾਲ ਕੌਮ ਦਾ ਭਵਿੱਸ਼ ਹੀ ਸਵਰ ਗਿਆ ਤਾਂ ਮੈਕਾਲਫ਼ ਦਾ ਕਹਿਣਾ ਸੀ ਗੁਰੂ ਰਾਮ ਦਾਸ ਜੀ ਵੇਲੇ ਸਿੱਖੀ ਚਹੁੰ ਚੱਕੀ ਫੈਲੀ । ਰਾਜੇ ਰੰਕ, ਸ਼ਾਹ-ਵਪਾਰੀ,

1. ਖਰੜਾ – ਸੈਂਟਰਲ ਪਬਲਿਕ ਲਾਇਬਰੇਰੀ, ਪਟਿਆਲਾ ।

ਬਾਣੀਏ-ਹਟਵਾਣੀਏ, ਵਣਜਾਰੇ ਤੇ ਫੇਰੀ ਲਗਾਉਣ ਵਾਲੇ, ਕਿਰਤੀ ਤੇ ਕਿਸਾਨ, ਦੂਰ ਤੇ ਨੇੜੇ ਸਿੱਖੀ ਦੇ ਦਾਇਰੇ ਵਿਚ ਆਏ । ਬੜੀ ਮਿਕਨਾਤੀਸੀ ਖਿੱਚ ਸੀ ਗੁਰੂ ਜੀ ਦੀ ਸ਼ਖ਼ਸੀਅਤ ਵਿਚ ।

ਹਲੀਮ ਇਤਨੇ ਕਿ ਦਰ ਆਏ ਬਾਬਾ ਸ੍ਰੀ ਚੰਦ ਦਾ ਸਤਿਕਾਰ ਹੱਦਾਂ ਟਪਾ ਕੇ ਕੀਤਾ । ਕਰੜੇ ਇਤਨੇ ਕਿ ਦੁਸ਼ਟਾਂ, ਨਿੰਦਕਾਂ, ਦੋਖੀਆਂ, ਸਾਜ਼ਸ਼ੀਆਂ, ਸੁਆਰਥੀਆਂ, ਖ਼ੁਦਗ਼ਰਜ਼ਾਂ, ਢੀਠਾਂ, ਪਾਜੀਆਂ, ਪਾਖੰਡੀਆਂ, ਭੇਖੀਆਂ, ਭਰਮੀਆਂ, ਮਨਮਾਨਿਆਂ, ਮਨ-ਮਸਤਿਆਂ ਨੂੰ ਖ਼ੂਬ ਸੁਣਾਈਆਂ ਅਤੇ ਰਤਾ ਵੀ ਪ੍ਰਵਾਹ ਨਾ ਕੀਤੀ ।

ਜਦ ਪੁੱਤਰ ਸਾਜ਼ਿਸ਼ੀ ਹੋ ਗਿਆ ਤਾਂ ਉਸ ਨੂੰ ਵੀ ਕਿਹਾ ਜਿਸ ਧਨ ਤੇ ਬਾਹ ਦਾ ਮਾਣ ਕਰਦਾ ਹੈਂ, ਇਹਨਾਂ ਨੇ ਕਦੇ ਕਿਸੇ ਦਾ ਅੱਗੇ ਵੀ ਸਾਥ ਨਹੀਂ ਦਿੱਤਾ, ਹੁਣ ਵੀ ਨਹੀਂ ਦੇਣ ਲੱਗੇ ।

ਗੁਰੂ ਗੱਦੀ ਦੀ ਪਵਿੱਤਰਤਾ ਸਿਰ 'ਤੇ ਜੋਖਮ ਸਹਾਰ ਕੇ ਵੀ ਕਾਇਮ ਰੱਖੀ, ਇਹ ਵੀ ਇਕ ਕਰਾਮਾਤਿ ਸੀ । 'ਪੀੜ੍ਹੀ' ਦਾ ਸ਼ਬਦ ਇਸ ਲਈ ਵਰਤਿਆ ਮਤ ਕਿਸੇ ਨੂੰ ਕੋਈ ਭੁਲੇਖਾ ਹੋ ਜਾਏ ਕਿ ਹੁਣ ਹੋਰ ਕੋਈ ਵਰਤਾਰਾ ਹੋਣਾ ਹੈ । ਅੱਗੇ ਹੀ ਸੇਵਕ ਨੂੰ ਹੁੰਡੀ ਤਰੀ ਤੇ ਹੁਣ ਵੀ ਸੇਵਕ ਨੂੰ ਹੀ ਪ੍ਰਾਪਤ ਹੋਵੇਗੀ । ਉਹਨਾਂ ਦੀ ਸ਼ਖ਼ਸੀਅਤ ਦੀ ਛਾਪ ਹਰ ਇਕ 'ਤੇ ਪੈਂਦੀ ਸੀ ।

ਬੂਟੇ ਸ਼ਾਹ ਲਿਖਦਾ ਹੈ ਕਿ ਜਦ ਅਕਬਰ ਨੇ ਆਪ ਦੇ ਦੀਦਾਰ ਪਾਏ ਤਾਂ ਉਸ ਨੇ ਮੁਸਾਹਿਬਾਂ ਨੂੰ ਕਿਹਾ :

ਇਹ ਨੇਕ ਦਿਲ ਫ਼ਕੀਰ ਬੇਮਿਸਾਲ ਅਤੇ ਅਦੁੱਤੀ ਇਨਸਾਨ ਹੈ । ਗੱਲਾਂ ਵਿਚੋਂ ਨੇਕੀ ਅਤੇ ਲੋਕਾਂ ਲਈ ਖ਼ੈਰਖ਼ਾਹੀ ਡਲਕਦੀ ਹੈ ।

ਜਦ ਪਹਿਲਾਂ ਦਰਬਾਰ ਵਿਚ ਚਰਚਾ ਹੋਈ ਸੀ ਕਿ ਕੋਈ ਅਜਿਹਾ ਖ਼ੁਦਾ ਦੋਸਤ ਹੈ ਜਿਸ ਵਿਚ ਪੂਰਨ ਭਰੋਸਾ ਪ੍ਰਭੂ 'ਤੇ ਹੋਵੇ ਤਾਂ ਦਰਬਾਰ ਵਿਚ ਹੀ ਇਕ ਬੰਦੇ ਨੇ ਕਿਹਾ ਸੀ ਹਾਂ ਗੁਰੂ ਰਾਮਦਾਸ ਐਸੇ ਹਨ ਜੋ ਪਾਸ ਕੁਝ ਨਹੀਂ ਰੱਖਦੇ ।

ਗੁਰੂ ਹਰਿਗੋਬਿੰਦ ਜੀ ਨੇ ਇਕ ਸਮੇਂ ਕਿਹਾ ਸੀ ਕਿ ਗੁਰੂ ਰਾਮਦਾਸ ਜੀ ਐਸਾ ਸਰ ਅੰਮ੍ਰਿਤ ਦਾ ਦੇ ਗਏ ਹਨ 'ਜਾ ਕਿ ਦੀਦਾਰ ਤੇ ਪਾਪ ਕਟੇ, ਕਰ ਮਜਨ ਤੇ ਬਹੁ ਜੂਨ ਕਟਾਯੋ ।'

ਗ੍ਰੀਨਲੀਜ਼ ਨੇ ਗੁਰੂ ਜੀ ਨੂੰ 'ਸੇਵਾ ਦਾ ਪੁੰਜ' ਕਿਹਾ । ਗਿਆਨੀ ਗਿਆਨ ਸਿੰਘ ਜੀ ਦੇ ਲਫ਼ਜ਼ਾਂ ਵਿਚ 'ਛੇ ਸਾਲ ਤਾਂ ਮੁੰਡਾਸਾ ਹੀ ਸਿਰ ਤੋਂ ਨਾ ਉਤਾਰਿਆ ।' ਬੜੀ ਘਾਲ ਘਾਲੀ । ਗ੍ਰੀਨਲੀਜ਼ ਨੇ ਇਹ ਵੀ ਲਿਖਿਆ ਹੈ ਕਿ ਉਹ 'ਪਿਆਰ ਦੇ ਪੈਅਮਰ'[1] ਸਨ । ਹਰ ਥਾਂ ਉਹਨਾਂ ਮਿੱਠੀ ਲੈਅ ਤੇ ਸੁੰਦਰ ਬੋਲ ਵਿਚ ਇਹ ਹੀ ਹੋਕਾ ਦਿੱਤਾ ਕਿ ਸਭ ਦਾ ਇਕੋ ਇਕ ਅਸਲ ਸਖਾਈ-ਮਿਤ੍ਰ ਨਿਰੰ

1. Apostle of love.

ਪ੍ਰਭੂ ਦੀ ਭਗਤੀ ਹੈ ।[1] ਬਾਣੀ ਨੂੰ ਸਮਝਣ ਤੇ ਜੀਵਨ ਵਿਚ ਢਾਲਣ ਲਈ ਉਹ ਸਦਾ ਪ੍ਰੇਰਣਾ ਕਰਦੇ ਸਨ । ਆਪਣੇ ਆਪ ਨੂੰ ਉਹ 'ਢਾਢੀ ਦਰ ਖਸਮ ਦਾ' ਕਹਿੰਦੇ ਸਨ । ਤਾਂ ਹੀ ਤਾਂ ਪ੍ਰੋਫ਼ੈਸਰ ਪੂਰਨ ਸਿੰਘ ਨੇ ਕਿਹਾ ਸੀ ਕਿ ਉਹਨਾਂ ਦੀ ਬਾਣੀ ਬ੍ਰਿਹੋਂ ਉਪਜਾਂਦੀ ਹੈ ਅਤੇ ਪਿਆਰੇ ਦੇ ਦੇਸ਼ ਨੂੰ ਹੀ ਲੈ ਜਾਂਦੀ ਹੈ । ਉਹ ਬਾਣੀ ਨੂੰ 'ਪ੍ਰੀਤਾਂ ਦੀ ਵਗਦੀ ਨੈਂ'[2] ਕਹਿੰਦੇ ਸਨ ।

ਗੁਰੂ ਰਾਮਦਾਸ ਜੀ ਦਾ ਜੀਵਨ ਬੇ-ਪ੍ਰਵਾਹੀਆਂ ਦੀਆਂ ਉਦਾਹਰਣਾਂ ਨਾਲ ਭਰਿਆ ਹੋਇਆ ਸੀ । ਸੇਠ ਜਗਤ ਰਾਮ ਨੇ ਕੈਂਠਾ ਦਿੱਤਾ, ਆਪ ਜੀ ਨੇ ਲੋੜਵੰਦ ਨੂੰ ਉਸੇ ਵੇਲੇ ਦੇ ਦਿੱਤਾ । ਇਕ ਮਾਈ ਨੇ ਚਾਅ ਨਾਲ ਮੋਤੀਆਂ ਦੀ ਮਾਲਾ ਦਿੱਤੀ । ਆਪ ਜੀ ਨੇ ਇਕ ਮੁਹਤਾਜ ਨੂੰ ਫੜਾ ਦਿੱਤੀ । ਗੁਰੂ ਅਮਰ ਦਾਸ ਜੀ ਨੇ ਇਕ ਕੀਮਤੀ ਮਾਲਾ ਦਿੱਤੀ । ਆਪ ਜੀ ਨੇ ਰਾਹ ਵਿਚ ਬੈਠੇ ਮਲੰਗ ਨੂੰ ਦੇ ਦਿੱਤੀ । ਬਾਦਸ਼ਾਹ ਨੇ ਪਿੰਡਾਂ ਦੇ ਪਟੇ ਦਿੱਤੇ, ਆਪ ਜੀ ਨੇ ਆਲੇ ਵਿਚ ਰੱਖ ਦਿੱਤੇ । ਮੁਹਰਾਂ ਭੇਂਟ ਕੀਤੀਆਂ ਅਕਬਰ ਨੇ, ਆਪਜੀ ਨੇ ਉਸੇ ਵੇਲੇ ਵੰਡਵਾ ਦਿੱਤੀਆਂ । ਧਨ ਆਇਆ ਖ਼ਰਚ ਕੀਤਾ । ਗੋਲਕ ਚੜ੍ਹੀ, ਉਸੇ ਵੇਲੇ ਲਗਾ ਦਿੱਤੀ । ਰਸਦਾਂ ਆਈਆਂ ਲੋਕਾਂ ਵਿਚ ਵਰਤਾ ਦਿੱਤੀਆਂ । ਸ਼ਹਿਰ ਵਾਸੀਆਂ ਨੂੰ ਕਿਹਾ ਕਿ ਸਭ ਕੁਝ ਹੀ ਉਹ ਸੰਭਾਲ ਲੈਣ । ਇਹ ਵੱਖਰੀ ਗੱਲ ਹੈ ਕਿ ਉਹਨਾਂ ਕਿਹਾ ਕਿ ਅਸਾਂ ਤਾਂ ਤੁਹਾਡੇ ਰਾਜ ਵਿਚ ਵੱਸਣਾ ਹੈ । ਸਾਨੂੰ ਬਰਕਤਾਂ ਦਿਓ । ਆਪ ਵੰਡਦੇ ਹੀ ਰਹੇ, ਲੋਕੀਂ ਅਨੰਦ ਮਾਣਦੇ ਰਹੇ । ਤਾਂ ਹੀ ਤਾਂ ਹਰ ਜ਼ਬਾਨ 'ਤੇ ਇਹ ਅਖਾਣ ਚੜ੍ਹ ਗਿਆ :

*ਰਾਜ ਕਰੈ ਜਹਿੰ ਆਪ ਗੁਰੂ ਤਹਿ,*
*ਕਿਉ ਨ ਅਨੰਦ ਸੋ ਲੋਕ ਬਸਾਂਹੀ ।*

ਸਭ ਡਰ ਹੀ 'ਕੱਢ ਸੁੱਟ' ਦਿੱਤੇ ਅਤੇ ਗੁਰੂ ਅਰਜਨ ਦੇਵ ਜੀ ਨੇ ਇਸੇ ਲਈ ਫ਼ਰਮਾਇਆ :

*ਸਾਚ ਧਰਮ ਕੀ ਕਰ ਦੀਨੀ ਵਾਰ ।*

ਇਤਨੇ ਪੱਕੇ ਦਰਵਾਜ਼ੇ ਗੁਰ ਗਿਆਨ ਤੇ ਵਿਚਾਰ ਦੇ ਲਗਾਏ ਕਿ ਭਰਮ, ਪਖੰਡ, ਭੇਖ ਤੇ ਰੀਤ ਹੁਣ ਅੰਦਰ ਕਿਵੇਂ ਵੜ ਸਕਦੇ ਸਨ :

*ਫਰਹੇ ਮੁਹਕਮ ਗੁਰ ਗਿਆਨ ਬੀਚਾਰਿ ।*

ਕੈਸਾ ਸੁਤੰਤਰ ਬਣਾ ਦਿੱਤਾ 'ਗੁਰ-ਖੇਤਰ' ਦੇ ਵਾਸੀਆਂ ਨੂੰ ਕਿ ਨਾ ਉਹਨਾਂ 'ਤੇ ਕੋਈ ਜਜ਼ੀਆ ਸੀ ਅਤੇ ਨਾ ਕੋਈ ਜੁਰਮਾਨਾ ਤੇ ਨਾ ਕਿਸੇ ਨੂੰ ਜ਼ੋਰੀਂ ਜ਼ਕਾਤ ਦੇਣੀ ਪੈਂਦੀ ਸੀ :

*ਜੇਜ਼ੀਆ ਡੰਨੁ ਕੋ ਲਏ ਨ ਜਗਾਤਿ ।*
*ਸਤਿਗੁਰ ਕਰਿ ਦੀਨੀ ਧੁਰ ਕੀ ਛਾਪ ।*

---

1. Everywhere the Guru with great eloquence and sweetness of diction preached pure devotion to God as the real friend of all.
2. Flows like a stream of love.

ਪਤਾ ਨਹੀਂ ਅਖੌਤੀ ਰਾਮ ਰਾਜ ਕਿਸੇ ਡਿੱਠਾ ਹੈ ਜਾਂ ਨਾ, ਹੋਇਆ ਹੈ ਜਾਂ ਨਾ ਪਰ ਰਾਮਦਾਸਪੁਰ ਵਿਚ ਜੋ 'ਰਾਮ ਦੇ ਦਾਸ' ਗੁਰੂ ਚੌਥੇ ਨੇ ਬਣਾਇਆ, ਉਸ ਦੀ ਉਪਮਾ ਕੌਣ ਗਾ ਸਕਦਾ ਹੈ। ਤਾਂ ਹੀ ਤਾਂ ਫ਼ਰਮਾਨ ਹੋਇਆ ਹੈ :

*ਰਾਮ ਰਾਜ ਰਾਮਦਾਸ ਪੁਰਿ,*
*ਕੀਨੇ ਗੁਰਦੇਵ ।*

ਗੁਰੂ ਦਰਦਵੰਦ ਇਤਨੇ ਸਨ ਕਿ ਹਰ ਉਪਦੇਸ਼ ਦਾ ਇਕ ਅੰਸ਼ ਇਹ ਹੁੰਦਾ ਸੀ :

"ਸਿੱਖ ਦਾ ਕਾਜ ਸਵਾਰੋ, ਇਕੱਠੇ ਹੋ ਕੇ ਉਸ ਦੀ ਲੋੜ ਪੂਰੀ ਕਰੋ, ਕੁਝ ਨਹੀਂ ਕਰ ਸਕਦੇ ਤਾਂ ਅਰਦਾਸ ਜ਼ਰੂਰ ਕਰੋ ਕਿ ਉਸ ਦੇ ਕਾਰਜਾਂ ਵਿਚ ਵਾਹਿਗੁਰੂ ਬਰਕਤ ਪਾਏ। ਸਾਰੇ ਪ੍ਰਵਾਰ ਨੂੰ ਸੇਵਾ ਵਿਚ ਲਗਾਓ। ਗੁਰਦੁਆਰੇ ਬਣਾਓ ਪਰ ਐਸਾ ਗ੍ਰੰਥੀ ਰੱਖੋ ਜੋ ਆਏ ਗਏ ਦੀ ਸੇਵਾ ਕਰੇ, ਪੰਥੀ ਨੂੰ ਸੁੱਖ ਦੇਵੇ ਅਤੇ ਆਈਆਂ ਸੰਗਤਾਂ ਨੂੰ ਸ਼ਬਦ ਦੇ ਅਰਥ ਭਾਵ ਸਮਝਾਏ।"

ਸਦਾ ਕਹਿੰਦੇ ਸਨ ਕਿ ਘਰਬਾਰੀ ਜੀਵਨ ਸਭ ਤੋਂ ਉੱਤਮ ਹੈ। ਜਨਮ, ਕੁੜਮਾਈ, ਵਿਆਹ, ਕਾਰਜ ਆਰੰਭ ਅਤੇ ਮੌਤ ਦੀਆਂ ਮਰਯਾਦਾਵਾਂ ਨੂੰ ਪੂਰਨ ਰੂਪ ਵੀ ਆਪ ਜੀ ਨੇ ਹੀ ਦਿੱਤਾ। ਪਾਰਬ੍ਰਹਮ ਦਾ ਪੰਥ ਪੂਰਨ ਕਰ ਦਿੱਤਾ ਅਤੇ ਜਦ ਗੁਰੂ ਅਰਜਨ ਦੇਵ ਜੀ ਨੇ ਡਿੱਠਾ ਕਿ ਪੰਥ ਜਗਤ ਵਿਚ ਪ੍ਰਗਟ ਹੋ ਗਿਆ ਹੈ ਤਾਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਬੰਨ੍ਹ ਕੇ ਸਦਾ ਲਈ ਅਗਵਾਈ ਬਖ਼ਸ਼ ਦਿੱਤੀ। ਬੜੇ ਭਾਵ ਪੂਰਤ ਸ਼ਬਦ ਮਹਿਮਾ ਪ੍ਰਕਾਸ਼ ਦੇ ਹਨ :

*ਇਕ ਦਿਵਸ ਪ੍ਰਭ ਪ੍ਰਾਤਹ ਕਾਲ ।*
*ਦਇਆ ਭਰੇ ਪ੍ਰਭ ਦੀਨ ਦਿਆਲ ।*
*ਯਹ ਮਨ ਉਪਜੀ ਪ੍ਰਗਟਯੋ ਜਗ ਪੰਥ ।*
*ਤਿਹ ਕਾਰਨ ਕੀਜੈ ਅਬ ਗ੍ਰੰਥ । ੧ ।*[1]

ਇਕ ਪ੍ਰਭੂ, ਇਕ ਗੁਰ, ਇਕ ਸ਼ਬਦ, ਇਕ ਵਿਚਾਰ, ਇਕ ਵਿਰਸਾ, ਇਕ ਕੇਂਦਰ ਮਿਲਣ ਨਾਲ ਕੌਮ ਇਕ ਦੂਜੇ ਨਾਲ ਜੁੜ ਗਈ। ਇਕ ਵਿਰਸਾ ਕਾਇਮ ਰੱਖਣ ਲਈ ਇਤਿਹਾਸ ਦੀ ਸੰਭਾਲ ਕੀਤੀ।

ਰਾਗਾਂ ਦੇ ਆਪ ਮਾਹਰ ਸਨ। ੩੦ ਰਾਗ ਗਾਏ। ਸੁਆਦ ਕੀਰਤਨ ਰਾਹੀਂ ਹੀ ਵੰਡਦੇ ਸਨ। ਰਾਗਾਂ ਵਿਚੋਂ ਅਗੋਂ ਸੁਧੰਗ, ਪੜਤਾਲ, ਕਾਫ਼ੀ, ਮੰਗਲ, ਜਤਿ ਤੇ ਮਿਸ੍ਰਤ ਰਾਗ ਗਾਉਣ ਦੀ ਪਰਪਾਟੀ ਵੀ ਆਪ ਜੀ ਨੇ ਹੀ ਚਲਾਈ। ਪ੍ਰਚੱਲਤ ਰੀਤੀਆਂ ਵਿਚ ਵੀ ਆਪ ਜੀ ਨੇ ਹੀ ਬਾਣੀਆਂ ਲਿਖੀਆਂ। ਵਣਜਾਰਾ, ਕਰਹਲੇ, ਘੋੜੀਆਂ, ਸੋਲਹੇ ਅਤੇ ਅਨੇਕਾਂ ਕਿਸਮ ਦੇ ਛੰਦ ਆਪ ਜੀ ਨੇ ਗਾਏ। ਮੂਲ ਵਿਚ ਉਹ ਢਾਢੀ ਸਨ। ਅੱਠ ਵਾਰਾਂ ਗਾਈਆਂ। ਵਾਰਾਂ ਵਿਚ ਯੁੱਧ ਵਰਣਨ ਹੁੰਦਾ

1. ਸਾਖੀ ਗਿਆਰਵੀਂ, ਪਾਤਸ਼ਾਹੀ ਪੰਜਵੀਂ ।

ਹੈ । ਸੂਰਮੇ ਦੀ ਜਿੱਤ ਵਿਖਾਈਦੀ ਹੈ ਅਤੇ ਕਾਇਰ ਦੀ ਹਾਰ । ਇਥੇ ਵਾਰਾਂ ਵਿਚ ਗੁਰੂ ਸੂਰਮੇ ਦੀ ਜਿੱਤ ਦੱਸੀ । ਨਿੰਦਕਾਂ, ਦੋਖੀਆਂ, ਦੁਸ਼ਟਾਂ ਤੇ ਚੁਗਲ-ਖੋਰਾਂ ਦੀ ਹਾਰ ਹੁੰਦੀ ਦਿਖਾਈ । ਗੁਰਮੁੱਖ ਜਿਤੇ ਮਨਮੁਖਿ ਹਾਰੇ ਹੋਏ ਦਿਖਾਏ । ਆਸਾ ਦੀ ਵਾਰ ਦਾ ਜੋ ਅੱਜ ਸਰੂਪ ਹੈ, ਉਹ ਵੀ ਆਪ ਜੀ ਨੇ ਹੀ ਦਿੱਤਾ । ਸਭ ਤੋਂ ਵੱਡੀ ਗੱਲ 'ਜਪ ਸੰਗ੍ਰਹਿ ਕਰ ੧ਓ ਦਾ ਜਪ ਕਰਨ ਦੀ ਜਾਚ ਸਿਖਲਾਈ ।

ਸ਼ਬਦਾਂ ਦੇ ਉਹ ਘਾੜੇ ਸਨ । ਐਸੇ ਸ਼ਿਲਪੀ ਕਿ ਜਿੱਥੇ ਚਾਹੁਣ ਸ਼ਬਦ ਨੂੰ ਘੜ ਕੇ ਲਗਾ ਲੈਣ । ਜੌਹਰੀ ਅਜਿਹੇ ਕਿ ਨਗ ਵਾਂਗੂੰ ਜੜ ਦੇਣ । ਜਿਵੇਂ ਗੱਲ ਤੋਂ ਗਲਾਟੇ, ਚੇਟਕ ਤੋਂ ਚੇਟਕਈਆਂ, ਬੇਗ ਤੋਂ ਬੇਗਾਲੀ, ਮਹਲ ਕੁਮਹਲ ਅਤੇ ਅਨੇਕਾਂ ਹੋਰ । ਕੁਝ ਕੁ ਤੇ ਸ਼ਬਦ ਹੀ ਅਜਿਹੇ ਹਨ ਜੋ ਕੇਵਲ ਉਹਨਾਂ ਹੀ ਵਰਤੇ ਹਨ । ਜਿਵੇਂ 'ਜਾਹਰਨਵੀ, ਕੁਵਲੀਅਪੀੜ, ਖੁਦਿਆਵੰਤ, ਉਮਰਥਲ, ਸੁਆਵਗੀਰ ਅਤੇ ਗਲ-ਫਰੋਸ਼ । ਸ਼ਬਦਾਂ ਅਤੇ ਸਲੋਕਾਂ ਦਾ ਵਹਾ ਐਸਾ ਰਖਿਆ ਕਿ ਮਨੁੱਖ ਪੜ੍ਹਦੇ-ਪੜ੍ਹਦੇ ਵਿਚੇ ਹੀ ਲੀਨ ਹੋ ਜਾਏ । ਗੱਲ ਥੋੜ੍ਹੀ ਕਹਿਣੀ ਹੋਵੇ ਜਾਂ ਵਿਆਖਿਆ ਸਹਿਤ ਕਰਨੀ ਹੋਵੇ, ਆਪ ਜੀ ਨੁਕਤੇ ਤੋਂ ਪਿਛਾਂਹ ਨਾ ਹੱਟਦੇ । ਉਹਨਾਂ ਦੀਆਂ ਅਨੇਕਾਂ ਤੁਕਾਂ ਆਪ ਹੀ ਮੂੰਹ 'ਤੇ ਚੜ੍ਹ ਜਾਂਦੀਆਂ ਹਨ ਅਤੇ ਅਨੇਕਾਂ ਬਾਰ-ਬਾਰ ਦੁਹਰਾਉਣ 'ਤੇ ਚਿੱਤ ਕਰਦਾ ਹੈ । ਅਨੇਕਾਂ ਵਿਚ ਅਟੱਲ ਸਚਾਈਆਂ ਹਨ ਜੋ ਸਾਡੇ ਜੀਵਾਂ ਦੀ ਅਗਵਾਈ ਕਰਦੀਆਂ ਹਨ । ਅਨੇਕਾਂ ਤੁਕਾਂ ਐਸੀਆਂ ਹਨ ਜੋ ਭੀੜ ਵੇਲੇ ਤਸੱਲੀ ਤੇ ਉਤਸ਼ਾਹ ਵੇਲੇ ਸੰਜਮ ਵਿਚ ਲੈ ਜਾਂਦੀਆਂ ਹਨ । ਕੁਝ ਕੁ ਤੁਕਾਂ ਦੇ ਇਥੇ ਦਰਜ ਕਰਨ ਨਾਲ ਗੁਰੂ ਰਾਮ ਦਾਸ ਜੀ ਦੀ ਸਮੁੱਚੀ ਸ਼ਖ਼ਸੀਅਤ ਤੇ ਆਭਾ 'ਤੇ ਵੀ ਨਵੀਂ ਝਾਤ ਪਵੇਗੀ :

*–ਮਨ ਹਠਿ ਕਿਨੈ ਨ ਪਾਇਆ*
*–ਮਨ ਕੋਰੈ ਰੰਗ ਨ ਹੋਇ*
*–ਉਹਨਾਂ ਪਾਸ ਦੁਆਸ ਨ ਭਿਟੀਐ*
*ਜਿਨ ਅੰਤਰਿ ਕ੍ਰੋਧ ਚੰਡਾਲ ।*
*–ਸਤਿਗੁਰੁ ਪੁਰਖ ਅੰਮ੍ਰਿਤਸਰੁ*
*–ਮਨਮੁਖ ਲੋਹੁ ਬੂਝਾ ਬੇੜੀ ਪਾਸ*[1]
*–ਓਹ ਬੇਪਰਵਾਹ ਨ ਬੋਲਣੀ*
*–ਲਾਵੈ ਮਾਤ ਪਿਤਾ ਸਦਾ ਗਲ ਸੇਤੀ*
*ਮਨਿ ਜਾਣੈ ਖਟਿ ਖਵਾਏ*[2]

---

1. ਲੋਹਾ ਆਪੂੰ ਨਹੀਂ ਤਰ ਸਕਦਾ, ਐਸਾ ਹੈ ਮਨਮੁਖ ਪਰ ਉਸ ਦੀ ਬਦ-ਕਿਸਮਤੀ ਦੇਖੋ ਕਿ ਬੇੜੀ ਪਾਸ ਹੈ, ਪਰ ਡੁੱਬ ਰਿਹਾ ਹੈ ।
2. ਇਸ ਲਈ ਪੁੱਤਰ ਨੂੰ ਮਾਪੇ ਲਾਡ ਲਡਾਂਦੇ ਹਨ ਕਿ ਉਹ ਖਟ ਖਲਾਵੇਗਾ ਪਰ ਕਿਤਨੀ ਭੁੱਲ ਵਿਚ ਹਨ ।

– ਬਲਿਆ ਗੁਰ ਗਿਆਨ
ਅੰਧੇਰਾ ਬਿਨਸਿਆ
– ਸਾਹੁਰੜੈ ਵਿਚਿ ਖਰੀ ਸੋਹੰਦੀ
ਜਿਨਿ ਪੇਵਕੜੈ ਨਾਮੁ ਸਮਾਲਿਆ ।
– ਚੰਦੁ ਸੂਰਜੁ ਦੁਇ ਦੀਵੈ
– ਸੋ ਡਰੈ ਜਿ ਪਾਪ ਕਮਾਵਦਾ
ਧਰਮੀ ਵਿਗਸੇਤ ।
– ਹਰਿ ਕੀ ਵਡਿਆਈ ਵਡੀ ਹੈ
ਜਾ ਨ ਸੁਣਈ ਕਹਿਆ ਚੁਗਲ ਕਾ
– ਸੈ ਹਥਾ ਵਿਚ ਗੁਲਾਲ ।[1]
– ਤੂੰ ਆਪੇ ਮੁਕਤਿ ਕਰਾਇਦਾ
ਇਕ ਨਿਮਖ ਘੜੀ ਕਰਿ ਖਿਆਲ ।
– ਜੇ ਧਨ ਖਸਮੈ ਚਲੈ ਰਜਾਈ ।
ਦਰਿ ਘਰਿ ਸੋਭਾ ਮਹਲਿ ਬੁਲਾਈ ।
– ਹਰਿ ਚੇਤ ਖਾਹਿ ਤਿਨਾ ਸਫਲ ਹੈ
ਅਚੇਤਾ ਹਥ ਤੜਾਇਆ ।
– ਅਦ੍ਰਿਸਟ, ਅਗੋਚਰ ਅਲਖ ਨਿਰੰਜਨੁ
ਸੋ ਦੇਖਿਆ ਗੁਰਮੁਖਿ ਆਖੀ ।
– ਜੈਕਾਰੁ ਕੀਓ ਧਰਮੀਆ ਕਾ
ਪਾਪੀ ਕੋ ਡੰਡ ਦੀਓਇ ।
– ਹਰਿ ਡਾਢੀ ਹੂੰ ਤੂ ਡਾਢਿਆ ।[2]
– ਹਰਿ ਅਹੰਕਾਰੀਆ ਮਾਰਿ ਨਿਵਾਏ
– ਕੀਤਾ ਲੋੜੀਐ ਕੰਮ
ਸੁ ਹਰਿ ਪਹਿ ਆਖੀਐ
– ਹਉ ਢਾਢੀ ਹਰਿ ਪ੍ਰਭ ਖਸਮ ਕਾ
– ਕੋ ਵਿਰਲਾ ਗੁਰਮਤਿ ਚਲੈ ਜੀਉ
– ਗੁਰਸਿਖ ਪ੍ਰੀਤਿ ਗੁਰੁ ਮਿਲੈ ਗਲਾਟੇ
– ਹਿਰਦੈ ਬਿਗਸੈ
ਦੇਖੋ ਮਾਇ ।
– ਅਨੰਤ ਤਰੰਗੀ
ਦੁਖੁ ਮਾਇਆ ।[3]

---

1. ਖਾਰੇ ਸਮੁੰਦਰਾਂ ਵਿਚ ਜਾ ਕੇ ਵੀ ਗੁਰਮੁਖ ਆਪਣਾ ਰੰਗ ਨਹੀਂ ਛੱਡਦੇ ।
2. ਵਾਹਿਗੁਰੂ ਡਾਢਾ ਵੀ ਬੜਾ ਹੈ ।
3. ਦੁਖ ਦੇਂਦੀ ਹੈ ਮਾਇਆ ।
ਕਿਉਂਕਿ ਅਨੇਕਾਂ ਲਹਿਰਾਂ ਵਾਲੀ ਹੈ ।

*– ਹਰਜਨੁ ਪਰਵਾਰ ਸਧਾਰੁ ਹੈ*
*– ਗੁਰਮਤੀ ਸੇ ਜਨ ਤਰੈ*
*ਜੋ ਦਾਸਨਿ ਦਾਸ ।*
*– ਹਮ ਜੈਸੇ ਅਪਰਾਧੀ ਅਵਰ ਕੋਈ ਰਾਖੈ*
*ਜੈਸੇ ਹਮ ਸਤਿਗੁਰ ਰਾਖ ਲੀਏ ਛਡਾਇ ।*
*– ਹਮ ਜੰਤ ਵਿਚਾਰੇ ਕਿਆ ਕਰਹ*
*ਸਭ ਖੇਲੁ ਤੁਮ ਸੁਆਮੀ ।*
*– ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ*
*ਗੁਰ ਸਤਿਗੁਰ ਸੰਗ ਕੀਰੇ ਹਮ ਥਾਪੇ ।*
*– ਸਤਿਗੁਰ ਪਾਧਾ ਜਿਨ ਹਰਿ ਉਪਦੇਸ ਕੀਏ ਸਿਆਣੇ*
*– ਜਿਸ ਕਉ ਰਿਦੈ ਵਿਗਾਸ ਹੈ*
*ਭਾਉ ਦੂਜਾ ਨਾਹੀ ।*
*– ਹਮਰੈ ਮਸਤਕਿ ਦਾਗ ਦਗਾਨਾ*
*ਹਮ ਕਰਜ ਗੁਰੂ ਬਹੁ ਸਾਢੇ ।*[1]
*– ਇਸ ਗੜ ਮਹਿ ਹਰਿ ਰਾਮ ਰਾਇ ਹੈ*
***– ਕਿਛ ਸਾਦ ਨ ਪਾਵੈ ਧੀਠਾ***[2]
*– ਜਿਨ ਗੁਰ ਬਚਨ ਸੁਖਾਨੇ ਹੀਅਰੈ*
*ਤਿਨ ਆਗੈ ਆਣਿ ਪਰੋਸਿਆ ।*[3]
*– ਉਨਿ ਸਤਿਗੁਰ ਆਗੈ ਸੀਸ ਨ ਬੇਚਿਆ*
*ਓਇ ਆਵਹਿ ਜਾਹਿ ਅਭਾਗੇ ।*[4]
*– ਘਰਿ ਵਸਤੁ ਲਹੀ ਮਨ ਜਾਗੈ ।*
*– ਮਨ ਕਰਹਲਾ ਮੇਰੇ ਪਿਆਰਿਆ*
*ਵਿਚਿ ਦੇਹੀ ਜੋਤਿ ਸਮਾਲਿ ।*
*– ਇਕ ਖਾਵਹਿ ਬਖਸ ਤੋਟਿ ਨ ਆਵੈ*
*ਇਕਨਾ ਫਕਾ ਪਾਇਆ ਜੀਉ ।*
*– ਏਕ ਦ੍ਰਿਸਟਿ ਕਰਿ ਦੇਖਦਾ*
*ਮਨ ਭਾਵਨੀ ਤੇ ਸਿਧਿ ਹੋਇ ।*

---

1. ਇਤਨਾ ਕਰਜ਼ਾ ਲਿਆ ਹੈ ਕਿ ਹੁਣ ਵੱਡਾ ਜੋੜ ਬਣ ਗਿਆ ਹੈ, ਉਸ ਬਦਲੇ ਗ਼ੁਲਾਮ ਬਣਿਆ ਹਾਂ ।
2. ਜ਼ਿੱਦੀ ਤੇ ਢੀਠ ਨੂੰ ਕਦੇ ਸਵਾਦ ਨਹੀਂ ਆਇਆ ।
3. ਤਿਸ ਨੂੰ ਪਰੋਸਿਆ ਹੋਇਆ ਥਾਲ ਮਿਲਦਾ ਹੈ ਜਿਸ ਨੂੰ ਗੁਰੂ ਕੇ ਬਚਨ ਹਿਰਦੇ ਵਿਚ ਪਿਆਰੇ ਲੱਗਦੇ ਹਨ ।
4. ਸੀਸ ਦੇਣ ਤੇ ਕੁਰਬਾਨ ਕਰਨ ਦੀਆਂ ਜਾਚਾਂ ਸਿਖਾ ਰਹੇ ਸਨ ।

– ਸਤਿਗੁਰ ਸਭਨਾ ਦਾ ਭਲਾ ਮਨਾਇਦਾ
ਤਿਸ ਦਾ ਬੁਰਾ ਕਿਉਂ ਹੋਇ ।
– ਜੇ ਕੋ ਓਸ ਦੀ ਰੀਸ ਕਰੇ
ਸੋ ਮੂੜ ਅਜਾਣੀ ।
– ਕੋਈ ਨਿੰਦਾ ਕਰੇ ਪੂਰੇ ਸਤਿਗੁਰ ਕੀ
ਤਿਸ ਨੋ ਫਿਟ ਫਿਟ ਕਹੈ ਸਭੁ ਸੰਸਾਰੁ ।
– ਸੁਆਵਗੀਰਾਂ ਸਭਿ ਉਘੜਿ ਆਏ ।
– ਇਕ ਮਨੁ ਇਕ ਵਰਤਦਾ
– ਕੂੜ ਠਗੀ ਗੁਝੀ ਨ ਰਹੈ
ਮੁਲੰਮਾ ਪਾਜੁ ਲਹਿ ਜਾਇ ।
– ਉਹੁ ਗਲ ਫਰੇਸੀ ਕਰ ਬਹੁਤੇਰੀ
ਓਸਦਾ ਬੋਲਿਆ ਕਿਸੈ ਨ ਭਾਇਆ ।
– ਸਭ ਕੋ ਬੀਜੇ ਆਪਣੈ ਭਲੇ ਨੋ
– ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ
– ਜਾ ਕਰਤਾ ਵਲਿ
ਤਾ ਸਭੁ ਕੋ ਵਲਿ
– ਕੋਈ ਨਿੰਦਕ ਵਡਿਆਈ ਦੇਖ ਨ ਸਕੈ
– ਪੇਡੁ ਮੁੰਢਾਹੂੰ ਕਟਿਆ
ਤਿਸ ਡਾਲ ਸੁਕੰਦੇ ।
– ਕਿਆ ਓਹੁ ਖਟੇ ਕਿਆ ਉਹੁ ਖਾਵੈ
ਜਿਸ ਅੰਦਰਿ ਸਹਸਾ ਦੁਖੁ ਪਇਆ ।
– ਕੋਈ ਪੁਤ ਸਿਖ ਸੇਵਾ ਕਰੇ ਸਤਿਗੁਰੂ ਕੀ
ਤਿਸ ਕਾਰਜ ਸਭਿ ਸਵਾਰੇ ।
– ਸਤਿਗੁਰ ਕੀ ਬਾਣੀ
ਸਤਿ ਸਤਿ ਕਰ ਜਾਣਹੁ ਗੁਰ ਸਿਖਹੁ
ਹਰਿ ਕਰਤਾ ਆਪਿ ਮੁਹਹੁ ਕਢਾਏ ।
– ਜਿਸ ਦੇ ਅੰਦਰਿ ਤਾਤਿ ਪਰਾਈ ਹੋਵੈ
ਤਿਸ ਦਾ ਕਦੇ ਨ ਹੋਵੀ ਭਲਾ
– ਹੋਦੈ ਪਰਤਖਿ ਗੁਰੂ ਜੋ ਵਿਛੜੇ
ਤਿਨ ਕਉ ਦਰਿ ਢੋਈ ਨਾਹੀ ।
– ਵਿਣ ਕਾਇਆ ਜਿ ਹੋਰਥੈ ਧਨ ਖੋਜਦੇ
ਸੇ ਮੂੜ ਬੇਤਾਲੇ ।
– ਇਹ ਸਰੀਰ ਸਭੁ ਧਰਮੁ ਹੈ
ਜਿਸ ਅੰਦਰਿ ਸਚੇ ਕੀ ਵਿਚਿ ਜੋਤਿ

---

1. ਖ਼ੁਦਗਰਜ਼

– ਜਿਨਾ ਅੰਦਰਿ ਉਮਰਥਲਾਂ
ਸੇਈ ਜਾਣਨ ਸੂਲੀਆ ।
– ਸਤਿਗੁਰ ਕਾ ਖੜਗ ਸੰਜਉ
ਹਰਿ ਭਗਤਿ ਹੈ ।
– ਅੰਦਰਿ ਕਮਾਣਾ ਸਰਪਰ ਉਘੜੈ
ਭਾਵੇ ਕੋਈ ਬਹਿ ਧਰਤੀ ਵਿਚ ਕਮਾਈ ।
– ਖੁਧਿਆਵੰਤ ਨ ਜਾਣਈ
ਲਾਜ ਕੁਲਾਜ ਕੁਬੋਲੁ ।
– ਵਿਝਣ ਕਲਹ ਨ ਦੇਵਦਾ
ਤਾ ਲਇਆ ਕਰਤੇ ।
ਜੋ ਜੋ ਕਰਤੇ ਅਹੰਮੇਉ
ਝੜ ਧਰਤੀ ਪੜਤੇ ।
– ਇਹ ਸਭਿ ਧੜੇ ਮਾਇਆ ਮੋਹ ਪਸਾਰੀ ।
– ਗੁਰੂ ਪੂਰੈ ਸਾਬਾਸਿ
ਚਲਣੁ ਜਾਣਿਆ ।[2]
– ਬਾਣੀ ਰਾਮ ਨਾਮ ਸੁਣੀ
ਸਿਧਿ ਕਾਰਜ ਸਭਿ ਸੁਹਾਏ ਰਾਮ ।
– ਜਿਨ ਹਰਿ ਮੀਠ ਲਗਾਨਾ
ਤੇ ਜਨ ਪਰਧਾਨ
– ਸਤਿਜੁਗ ਸਤ ਸੰਤੋਖ ਸਰੀਰਾ
– ਕੋਈ ਕਰਿ ਗਲ ਸੁਣਾਵੈ ਹਰਿਨਾਮ ਕੀ
ਸੋ ਲਗੈ ਗੁਰ ਸਿਖਾ ਮਨਿ ਮਿਠਾ ।
– ਮੇਰੇ ਮਨ ਪਰਦੇਸੀ ਵੇ ਪਿਆਰੇ
ਆਉ ਘਰੇ ।
– ਸੁਖ ਸਾਗਰ ਹਰਿ ਭਗਤ ਹੈ ।
– ਅੰਮ੍ਰਿਤਸਰ ਸਤਿਗੁਰੁ ਸਤਿਵਾਦੀ
ਜਿਤ ਨਾਤੈ ਕਉਆ ਹੰਸ ਹੋਹੈ ।
– ਧੀਰਜੁ ਧਰਮੁ ਗੁਰਮਤਿ ਹਰਿ ਪਾਇਆ ।
– ਪ੍ਰਿਅ ਕੇ ਬਚਨ ਸੁਖਾਨੇ ਹੀਅਰੈ
ਇਹ ਚਾਲ ਬਣੀ ਹੈ ਭਲੀ ।

---

1. ਕੈਂਸਰ, ਅੰਦਰ ਦਾ ਫੋੜਾ ।
2. ਜਿਨ੍ਹਾਂ ਇਹ ਜਾਣ ਲਿਆ ਕਿ ਚਲੇ ਜਾਣਾ ਹੈ, ਇਹ ਜਗਤ ਤਾਂ ਟਿਕਾਣਾ ਹੈ, ਉਹਨਾਂ ਨੂੰ ਸ਼ਾਬਾਸ਼ ਗੁਰੂ ਦੇਂਦਾ ਹੈ ।

– ਲੋਕਨ ਕੀ ਚਤੁਰਾਈ ਉਪਮਾ
ਤੇ ਬੈਸੰਤਰਿ ਜਾਰਿ
– ਗੁਰਮਤਿ ਮਨ ਠਹਰਾਈਐ ਮੇਰੀ ਜਿੰਦੁੜੀਏ
ਅਨਤ ਨਾ ਕਾਹੂ ਡੋਲੇ ਰਾਮ ।
– ਸਹਸ ਸਿਆਣਪ ਨਹ ਮਿਲੈ ਮੇਰੀ ਜਿੰਦੁੜੀਐ
– ਹਰਿ ਭਗਤ ਜਨਾ ਕੈ ਮੁਹਿ ਡਿਠੈ
ਜਗਤ ਤਰਿਆ ਸਭ ਲੋੜੀਐ ।
– ਨਾਨਕ ਸਰਣਿ ਕਰਤਾਰ ਕੀ
ਕਰਤਾ ਰਾਖੈ ਲਾਜ ।
– ਜੋ ਹਰਿ ਕਾ ਪਿਆਰਾ
ਸੋ ਸਭਨਾ ਕਾ ਪਿਆਰਾ ।
– ਮੈਂ ਵਿਚ ਦੋਸ
ਹਉ ਕਿਓ ਕਰਿ ਪਾਵਾ ।
– ਮਾਣਸਾ ਕਿਅਹੁ ਦੀਬਾਣਹੁ ਕੋਈ ਨਸਿ ਭਜਿ ਨਿਕਲੈ
ਹਰਿ ਦੀਬਾਣਹੁ ਕੋਈ ਕਿਥੈ ਜਾਇਆ ।
– ਹਰਿ ਨਾਮੈ ਕੀ ਹਮ ਕੰਉ ਸਤਿਗੁਰ ਕਾਰਕੁਨੀ ਦੀਈ
– ਸੂੜ ਖਿਚੇ ਢਹਿ ਢੇਰੀ ਹੋਇ ।
– ਹਰਿ ਆਪਣੀ ਵਡਿਆਈ ਭਾਵਦੀ
ਜਨ ਕਾ ਜੈਕਾਰ ਕਰਾਈ ।
– ਜਿਥੈ ਉਹੁ ਜਾਇ ਤਿਥੈ ਉਹੁ ਝੂਠਾ
ਕੂੜੁ ਬੋਲੈ ਕਿਸੈ ਨ ਭਾਵੈ
– ਜਨ ਨਾਨਕ ਹਰਿ ਹਿਰਦੈ ਧਿਆਵਹੁ
ਇਉ ਹਰਿ ਪ੍ਰਭ ਮੇਰਾ ਭੀਨੇ ।
– ਬਫਾਵੈ ਦੁਰਮਤੀਆ ।
– ਜੋ ਤਿਸ ਭਾਵੈ ਨਾਨਕਾ
ਸਾਈ ਗਲ ਚੰਗੀ ।
– ਜੋ ਬਿਨੁ ਪਰਤੀਤੀ ਕਪਟੀ ਕੂੜੀ ਅਖੀਂ ਮੀਟਦੇ
ਉਨ ਕਾ ਉਤਰਿ ਜਾਇਗਾ ਝੂਠ ਗੁਮਾਨੁ ।
– ਮੈਂ ਗੁਰਬਾਣੀ ਅਧਾਰੁ ਹੈ
ਗੁਰਬਾਣੀ ਲਾਗਿ ਰਹਾਉ ।
– ਮਨ ਕੀ ਮਤਿ ਤਿਆਗਹੁ ਹਰਿ ਜਨ
ਇਹਾ ਬਾਤ ਕਠੈਨੀ

– ਮਿਲਉ ਗੋਪਾਲ ਨੀਸਾਨੁ ਬਜਈਆ ।
– ਇਹ ਸ਼ਰੀਰ ਕਰਮ ਕੀ ਧਰਤੀ
ਗੁਰਮੁਖਿ ਮਥਿ ਮਥਿ ਤਤੁ ਕਢਈਆ ।
– ਆਸਨ ਸਿਧ ਸਿਖਹਿ ਬਹੁਤੇਰੇ
ਮਨਿ ਮਾਗਹਿ ਰਿਧਿ ਸਿਧਿ ਚੇਟਕ ਚੇਟਕਈਆ ।
– ਬੇਸੁਆ ਕੈ ਘਰਿ ਬੇਟਾ ਜਨਮਿਆ
ਪਿਤਾ ਤਾਹਿ ਕਿਆ ਨਾਮ ਸਦਈਆ ।
– ਨਿਤ ਨਿਤ ਚੜੇ ਸਵਾਈ
ਸਭ ਝਖਿ ਝਖਿ ਮਰੈ ਲੋਕਾਈ ।
– ਇਸ ਹਰਿ ਧਨ ਕਾ ਕੋਈ ਸਰੀਕ ਨਾਹੀ
ਕਿਸੈ ਕਾ ਖਤੁ ਨਾਹੀ
ਕਿਸੈ ਕੈ ਸੀਵ ਬੰਨੈ ਰੋਲੁ ਨਾਹੀ
ਜੇ ਕੋ ਹਰਿ ਧਨ ਕੀ ਬਖੀਲੀ ਕਰੇ
ਤਿਸ ਕਾ ਮੁਹੁ ਹਰਿ ਚਹੁ ਕੁੰਡਾ ਵਿਚਿ ਕਾਲਾ ਕਰਾਇਆ
– ਹਰਿ ਕੈ ਦਿਤੇ ਨਾਲਿ ਕਿਸੈ ਜੋਰੁ ਬਖੀਲੀ ਨ ਚਲਈ
ਦਿਹੁ ਦਿਹੁ ਨਿਤ ਨਿਤ ਚੜੈ ਸਵਾਇਆ ।
– ਜਿਤ ਦਿਨਿ ਉਨ੍ਹ ਕਾ ਸੁਆਉ ਹੋਇ ਨ ਆਵੈ
ਤਿਤੁ ਦਿਨਿ ਨੇੜੇ ਕੋ ਨ ਢੁਕਾਸਾ ।
– ਮਨਮੁਖ ਕਰਜੁ ਚੜਿਆ ਬਿਖ ਭਾਰੀ
ਉਤਰੇ ਸਬਦੁ ਵੀਚਾਰੇ ।
– ਸਤਿ ਸੰਗਤਿ ਮਿਲੈ ਤ ਦ੍ਰਿੜਤਾ ਆਵੈ
– ਬਾਣੀ ਗੁਰੂ ਗੁਰੂ ਹੈ ਬਾਣੀ
ਵਿਚਿ ਬਾਣੀ ਅੰਮ੍ਰਿਤ ਸਾਰੇ ।
– ਸਤਿਗੁਰੂ ਹੈ ਗਿਆਨੁ
ਸਤਿਗੁਰੂ ਹੈ ਪੂਜਾ ।
– ਨ ਕਰਿ ਚਿੰਤ ਚਿੰਤ ਹੈ ਕਰਤੇ
– ਨ ਕਰਿ ਆਸ ਮੀਤ ਸੁਤ ਭਾਈ ।
ਨ ਕਰਿ ਆਸ ਕਿਸੈ ਸਾਹ ਬਿਉਹਾਰ ਕੀ ਪਰਾਈ
– ਹਰਿ ਕਾ ਸੰਤ ਹਰਿ ਕੀ ਹਰਿ ਮੂਰਤਿ ।
– ਅੰਤਰ ਕਾ ਅਭਿਮਾਨ ਜੋਰੁ
ਤੂ ਕਿਛੁ ਕਿਛੁ ਕਿਛੁ ਜਾਨਤਾ
ਇਹ ਦੂਰ ਕਰਹੁ ਆਪਨ ਗਹੁ ਰੇ ।
– ਜੀਉ ਬਾਰਿਕੁ ਰਸਕਿ ਪਰਿਓ ਥਨਿ ਮਾਤਾ
ਥਨਿ ਕਾਢੇ ਬਿਲਲੁ ਬਿਲੀਪੇ ।

*– ਜਿਉ ਓਡਾ ਕੂਪੁ ਗਹੁਜ ਖਿਨ ਕਾਢੈ*
*ਤਿਉ ਸਤਿਗੁਰਿ ਵਸਤੁ ਲਹਾਈਐ ।*
*– ਆਤਮ ਜੋਤਿ ਭਈ ਪਰਫੂਲਤਿ*
*ਪੁਰਖੁ ਨਿਰੰਜਨ ਦੇਖਿਆ ਹਜੂਰਿ ।*
***– ਗੁਰਮੁਖਿ ਹਿਰਦੈ ਸ਼ਾਂਤਿ ਹੈ***
***ਨਾਉ ਉਗਵ ਆਇਆ ।***
***– ਗੁਰ ਡੀਠੈ ਗੁਰ ਕਾ ਸਿਖ ਬਿਗਸੈ ।***
*– ਹਰਿ ਕਾ ਚਿਹਨ ਸੋਈ ਹਰਿ ਜਨ ਕਾ ।*
*– ਜ਼ਾਹਰਨਵੀ ਤਪੈ ਭਗੀਰਥਿ ਆਣੀ ।*
*– ਜਿਤਨੀ ਸ੍ਰਿਸਟਿ ਤੁਮਰੀ ਮੇਰੇ ਸੁਆਮੀ*
*ਸਭ ਤਿਤਨੀ ਲੋਚੈ ਧੂਰਿ ਸਾਧੂ ਕੀ ਤਾਈ*
*– ਗੁਰ ਗਿਆਨ ਲਾਇ ਜਗਾਵੰਗੇ ।*
*– ਮੇਰਾ ਮਨ ਸਾਧ ਜਨਾ ਮਿਲਿ ਹਰਿਆ ।*
*– ਹਉ ਢੂੰਢੇਦੀ ਸਜਣਾ ਸਜਣੁ ਮੈਡੇ ਨਾਲਿ ।*
*– ਆਪਨ ਸੁਆਇ ਕਰਹਿ ਬਹੁ ਬਾਤਾ*
*ਤਿਨ ਕਾ ਵਿਸਹੁ ਕਿਆ ਕੀਜੈ ।*
*– ਹਰਿ ਜਨ ਗੁਨ ਗਾਵਤ ਹਸਿਆ ।*
*– ਹਰਿ ਜਨ ਸੋਭਾ ਸਭ ਜਗ ਉਪਰਿ*
*ਜਿਉ ਵਿਚ ਉਡਵਾ ਸਸਿ ਕੀਰ ।*[1]

ਗੁਰੂ ਰਾਮ ਦਾਸ ਜੀ ਬਾਰੇ ਭਾਈ ਨੰਦ ਲਾਲ ਜੀ ਨੇ ਗੰਜਨਾਮਾ ਵਿਚ ਖ਼ੂਬ ਲਿਖਿਆ ਹੈ ਕਿ ਉਹ ਰੱਬੀ ਫ਼ਰਿਸ਼ਤਿਆਂ ਦੀਆਂ ਚੌਹਾਂ ਹੀ ਸ਼ਰੇਣੀਆਂ ਦੇ ਰੁਤਬੇ ਤੋਂ ਉਚੇਰੇ ਸਨ ।[2] ਜਿਸ ਵੀ ਗੁਰੂ ਰਾਮ ਦਾਸ ਜੀ ਨੂੰ ਸਿਮਰਿਆ ਉਸ ਦੀ ਮੈਲ ਝੜ ਗਈ ।

ਫਿਰ ਨਾਮ ਦੇ ਹਿਜੇ رام داس ਲੈ ਕੇ ਹਰ ਅੱਖਰ ਦਾ ਭਾਵ ਲੈਂਦੇ ਹੋਏ ਕਿਹਾ ਹੈ । 'ਰੇ' ਐਸੀ ਹੈ ਜੋ ਹਰ ਇਕ ਨੂੰ ਜਿਸਮ ਵਿਚ ਆਤਮਾ ਦਿਖਲਾ ਦੇਂਦੀ ਹੈ । ਸਰੀਰ ਦਾ ਖ਼ਿਆਲ ਗੁਰੂ ਕੋਲ ਗਿਆ ਹਟ ਜਾਂਦਾ ਹੈ । ਜੋ ਉਹਨਾਂ ਦੇ ਨਾਮ ਵਿਚ 'ਅਲਫ਼' ਹੈ, ਉਹ ਪ੍ਰੇਰਦੀ ਰਹਿਦੀ ਹੈ ਕਿ ਉਚੇਰੇ ਪਾਸੇ ਜਾਓ । ਨੀਵੀਂ ਬਾਤ ਨਾ ਕਰੋ । 'ਮੀਮ' ਇਹ ਦਰਸਾਂਦੀ ਰਹਿੰਦੀ ਹੈ ਕਿ ਗੁਰੂ ਜੀ ਮਿਹਰਾਂ ਦੇ ਭੰਡਾਰ ਹਨ, ਮਿਹਰ ਦਾਤਾ ਹਨ । 'ਦਾਲ' ਤੇ ਫਿਰ 'ਅਲਫ਼' ਇਹ ਕਹਿ ਰਹੀ ਹੈ ਕਿ ਉਹ ਆਪੂੰ ਸਦਾ ਰੱਬ ਨਾਲ ਜੁੜੇ ਹੋਏ ਹਨ ਤੇ ਜੋ ਉਹਨਾਂ ਪਾਸ ਗਿਆ ਉਸ ਨੂੰ ਵੀ ਜੋੜ ਦੇਂਦੇ ਹਨ ਅਤੇ ਆਖ਼ਰੀ 'ਸੀਨ' ਪ੍ਰਗਟ ਕਰ ਰਹੀ ਹੈ ਕਿ

---

1. ਤਾਰਿਆਂ ਵਿਚ ਜਿਵੇਂ ਚੰਨ ।
2. ਚਹਾਰ ਰੁਤਬਾ ਕੁਦਸੀ ਬਾਲਾ ਤਰ ।

ਜੋ ਵੀ ਕੋਈ ਉਜੜਿਆ ਬੁੜ੍ਹਿਆ ਮੁਹਤਾਜ ਉਹਨਾਂ ਦੇ ਦਰ 'ਤੇ ਗਿਆ, ਵਿਸ਼ਵਾਸ਼ ਦਾ ਖ਼ਜ਼ਾਨਾ ਲੈ ਕੇ ਮੁੜਿਆ । ਉਹ ਹਲਤ ਪਲਤ ਸਵਾਰਨ ਵਾਲੇ ਹਨ । [1]

ਭਾਈ ਨੰਦ ਲਾਲ ਜੀ ਕਹਿੰਦੇ ਹਨ ਕਿ ਉਹ ਰਾਜ ਜੋਗ ਦੋਵਾਂ ਦੇ ਚਿੰਨ੍ਹ ਹਨ :

*ਹਮ ਅਜ਼ ਸਲਤਨਤ,*
*ਹਮ ਅਜ਼ ਫ਼ਕਰਸ਼ ਨਿਸ਼ਾਂ ।*

ਬਾਦਸ਼ਾਹਾਂ ਦੇ ਬਾਦਸ਼ਾਹ ਹਨ । ਉਹਨਾਂ ਦੇ ਬਚਨਾਂ ਤੋਂ ਗਿਆਨ ਦੇ ਮੋਤੀ ਕਿਰਦੇ ਹਨ । ਹਰ ਕੋਈ ਨਿੱਕਾ ਵੱਡਾ, ਅਮੀਰ-ਗ਼ਰੀਬ, ਰਾਜਾ-ਰੰਕ ਉਹਨਾਂ ਨੂੰ ਸਿਜਦਾ ਕਰਦਾ ਹੈ ।

ਸਮੁੱਚੇ ਜੀਵਨ ਅਤੇ ਸ਼ਖ਼ਸੀਅਤ 'ਤੇ ਝਾਤ ਮਾਰਿਆਂ ਇਹ ਪ੍ਰਗਟ ਹੋ ਜਾਂਦਾ ਹੈ ਕਿ ਉਹ ਸ੍ਰੇਸ਼ਟ-ਜਨ ਸਨ । ਪੂਰਨ ਪੁਰਖ ਸਨ । ਡੂੰਘੀ ਮਤਿ ਵਾਲੇ ਸਨ । ਪਾਸ ਬੈਠਿਆਂ ਇੰਜ ਲੱਗਦਾ ਸੀ ਜਿਵੇਂ ਇਸ਼ਨਾਨ ਹੋ ਰਿਹਾ ਹੈ । ਸਮਦ੍ਰਿਸ਼ਟੀ ਵਾਲੇ ਸਨ । ਸਦਾ ਨਿਰਵੈਰ ਪਰ ਨਿਰਭੈ ਸਨ । ਮਨ ਸਦਾ ਜਾਗਿਆ ਰਹਿੰਦਾ ਸੀ । ਹਿਰਦਾ ਖਿੜਿਆ । ਪੰਜੇ ਵੱਸ ਸਨ । ਬ੍ਰਿਤੀ ਇਕ ਰਸ ਸੀ । ਸੰਜਮੀ ਅਤਿ ਦੇ । ਵਰਤਾਰਾ ਸੰਤੋਖੀ । ਬਾਤ ਸਤਿ ਵਾਲੀ, ਸੁਭਾਅ ਅਤਿ ਮਿੱਠਾ । ਚਿੱਤ ਅਡੋਲ । ਧਰਮ-ਸਰੂਪ । ਹੰਕਾਰੀਆਂ ਦਾ ਮਾਨ ਤੋੜਨ ਵਾਲੇ । ਗਹਰ ਗੰਭੀਰ । ਸਹਜ ਸੁਭਾਇ ਅੰਦਰ ਦਾ ਚਾਨਣ ਦੇ ਕੇ ਮੋਹ ਨੂੰ ਮਲ ਦੇਂਦੇ । ਗੱਲ ਕੀ ਗੁਣਾਂ ਦਾ ਕੋਈ ਅਥਾਹ ਨਹੀਂ ਸੀ ।

ਅੰਤ ਵਿਚ ਇਹ ਹੀ ਕਹਿਣਾ ਹੈ ਜੋ ਭੱਟ ਨਲ੍ਹ ਨੇ ਕਿਹਾ ਕਿ ਜਿਸ ਨੂੰ ਗੁਰੂ ਰਾਮ ਦਾਸ ਜੀ ਸੋਝੀ ਦੇ ਦੇਣ, ਉਹ ਧਨੀ ਧੰਨ ਦਾ ਹੰਕਾਰ ਨਹੀਂ ਕਰਦਾ, ਜਿਸ ਵੱਲ ਦਇਆ ਦ੍ਰਿਸ਼ਟੀ ਗੁਰੂ ਰਾਮ ਦਾਸ ਜੀ ਦੀ ਹੋ ਜਾਵੇ, ਲੱਖਾਂ ਫ਼ੌਜਾਂ ਉਸ ਦਾ ਕੁਝ ਨਹੀਂ ਵਿਗਾੜ ਸਕਦੀਆਂ । ਜਿਸ ਨੂੰ ਗੁਰੂ ਰਾਮ ਦਾਸ ਜੀ ਲਾਗ ਲਗਾ ਦੇਣ, ਉਹ ਪ੍ਰਭੂ ਤੋਂ ਸਿਵਾਏ ਹੋਰ ਕਿਸੇ ਨਾਲ ਪਿਆਰ ਨਹੀਂ ਕਰਦਾ । ਜਿਸ ਨੂੰ ਗੁਰੂ ਜੀ ਸਮਝਾ ਦੇਣ ਉਸ ਦੇ ਹਿਰਦੇ ਸ਼ਬਦ ਸਾਖਿਆਤ ਹੋ ਜਾਂਦਾ ਹੈ ਤੇ ਉਹ ਹਰੀ ਦੇ ਘਰ ਟਿਕ ਜਾਂਦਾ ਹੈ :

*ਜਾਮਿ ਗੁਰੂ ਹੋਇ ਵਲਿ, ਧਨਹਿ ਕਿਆ ਗਾਰਵੁ ਦਿਜਇ ।*
*ਜਾਮਿ ਗੁਰੂ ਹੋਇ ਵਲਿ, ਲਖ ਬਾਹੇ ਕਿਆ ਕਿਜਇ ।*
*ਜਾਮਿ ਗੁਰੂ ਹੋਇ ਵਲਿ, ਗਿਆਨ ਅਰ ਧਿਆਨ ਅਨਨ ਪਰਿ ।*
*ਜਾਮਿ ਗੁਰੂ ਹੋਇ ਵਲਿ, ਸਬਦੁ ਸਾਖੀ ਸੁ ਸਚਹ ਘਰਿ ।*

---

1. ਸੀਨ ਆਖ਼ਰਨੇਸ਼
ਸਰ ਫ਼ਰਾਜ਼ਿ ਹਰ ਬੇਕਸ
ਵ ਬਦਸਤਗੀਰੀ ਹਰ ਦੋ ਆਲਮ ਰਾਬਸ ।